ਐਤਵਾਰ, 3 ਅਗਸਤ, 2025
19 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 63

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 3 AUGUST, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

## ਏ ਆਈ ਦੇ ਦੌਰ 'ਚ ਕੰਮ ਦਾ ਸਮਾਂ ਅੱਧਾ ਕਰ ਦਿੱਤਾ ਜਾਵੇ ਤਾਂ ਦੁੱਗਣੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ : ਪ੍ਰੋ. ਅਰੁਣ ਕੁਮਾਰ

### ਵਿੱਤੀ ਸਰਮਾਏ ਕਾਰਨ ਵਧ ਰਹੀ ਬੇਰੁਜ਼ਗਾਰੀ ਕਰਕੇ ਦੁਨੀਆ ਮਾਰਕਸਵਾਦ ਵੱਲ ਤੇਜ਼ੀ ਨਾਲ ਵਧ ਰਹੀ : ਜਗਰੂਪ

**ਮੋਗਾ (ਇਕਬਾਲ ਸਿੰਘ ਖਹਿਰਾ)**

ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਦੀ ਕਾਮਯਾਬੀ ਲਈ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਬੇਰੁਜ਼ਗਾਰੀ ; ਸਮੱਸਿਆ ਅਤੇ ਹੱਲ ਵਿਸ਼ੇ 'ਤੇ ਸਨਿੱਚਰਵਾਰ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿੱਚ ਹਾਜ਼ਰ ਸਾਥੀਆਂ ਦਾ ਸਵਾਗਤ ਸੀ ਪੀ ਆਈ ਜ਼ਿਲ੍ਹਾ ਮੋਗਾ ਦੇ ਸਕੱਤਰ ਕੁਲਦੀਪ ਭੋਲਾ ਵੱਲੋਂ ਕੀਤਾ ਗਿਆ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਜੇ ਐੱਨ ਯੂ ਦੇ ਸਾਬਕਾ ਪ੍ਰੋਫੈਸਰ ਅਤੇ ਪ੍ਰਸਿੱਧ ਅਰਥ ਸ਼ਾਸਤਰੀ ਅਰੁਣ ਕੁਮਾਰ ਨੇ ਕਿਹਾ ਕਿ ਉੱਚ ਤਕਨੀਕ ਨਾਲ ਉੜਕਾਂ ਦਾ ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ ਅਤੇ ਇਸ ਵਾਧੇ ਨੂੰ ਰੋਕਣ ਲਈ ਕਿਸੇ ਵੀ ਸਰਕਾਰ ਨੇ ਹੁਣ ਤੱਕ ਕੋਈ ਠੋਸ ਕਦਮ ਨਹੀਂ ਚੁੱਕਿਆ।ਉਹਨਾ ਮੌਜੂਦਾ ਦੌਰ ਵਿੱਚ ਛੜੱਪੇ ਮਾਰ ਕੇ ਅੱਗੇ ਵਧ ਰਹੀ ਬਣਾਉਟੀ ਬੁੱਧੀ ਭਾਵ ਆਰਟੀਫੀਸ਼ਿਅਲ ਇੰਟੈਲੀਜੈਂਸੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਾਲ ਸੰਸਾਰ ਪੱਧਰ 'ਤੇ ਹੋਰ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਵਧੇਗੀ। ਉਹਨਾ ਕਿਹਾ ਸਾਡੇ ਦੇਸ਼ ਵਿੱਚ 18 ਤੋਂ 25 ਸਾਲ ਦੇ ਨੌਜਵਾਨ ਵੱਧ ਬੇਰੁਜ਼ਗਾਰ ਹਨ। ਇਸ ਤੋਂ ਇਲਾਵਾ ਬਾਕੀ ਬੇਰੁਜ਼ਗਾਰਾ ਨੂੰ ਵੀ ਨਾਮਾਤਰ ਹੀ ਕੰਮ ਮਿਲਦਾ ਹੈ, ਜਿਸ ਨਾਲ ਉਨ੍ਹਾਂ ਦਾ ਜੀਵਨ ਨਿਰਬਾਹ ਨਹੀਂ ਹੋ ਸਕਦਾ। ਬੇਰੁਜ਼ਗਾਰੀ ਦੇ ਪ੍ਰਭਾਵ ਰਾਜਨੀਤਕ ਅਤੇ ਆਰਥਕ ਪੱਧਰ 'ਤੇ ਡੂੰਘੇ ਪੈਂਦੇ ਹਨ। ਉਹਨਾ ਕੇਂਦਰ ਸਰਕਾਰ ਵੱਲੋਂ ਵਿਕਾਸ ਦਰ ਲਗਾਤਰ ਵਧਣ ਦੇ ਦਾਅਵੇ ਨੂੰ ਝੂਠ ਦਾ ਪੁਲੰਦਾ ਕਰਾਰ ਦਿੰਦਿਆਂ ਕਿਹਾ ਕਿ ਦੇਸ਼ ਦੀ ਵਿਕਾਸ ਦਰ ਨਾਮਾਤਰ ਵਧ ਰਹੀ ਹੈ, ਜਦੋਂ ਕਿ ਇਸ ਦਾ ਪ੍ਰਚਾਰ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ। ਉਹਨਾ ਕਿਹਾ ਕਿ ਦੇਸ਼ ਦੀ ਵਿਕਾਸ ਦਰ ਸਿਰਫ ਦੋ ਫੀਸਦੀ ਹੀ ਵਧ ਰਹੀ ਹੈ। ਦੇਸ਼ ਅੰਦਰ ਭਾਜਪਾ ਦੀ ਸਰਕਾਰ ਵਿੱਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਤੀ ਨੋਟਬੰਦੀ, ਲਾਏ ਜੀ ਐੱਸ ਟੀ ਅਤੇ ਲਾਕਡਾਊਨ ਦੇ ਸਮੇਂ ਦੌਰਾਨ ਬੇਰੁਜ਼ਗਾਰੀ ਵਿੱਚ ਵੱਡੇ ਪੱਧਰ 'ਤੇ ਵਾਧਾ ਹੀ ਨਹੀਂ ਹੋਇਆ, ਸਗੋਂ ਦੇਸ਼ ਅੰਦਰ ਵੱਡੇ ਪੱਧਰ 'ਤੇ ਆਰਥਕ ਪਾੜਾ ਵਧ ਗਿਆ ਹੈ। ਲਗਾਤਾਰ ਪੈਦਾ ਹੋ ਰਹੀ ਬੇਰੁਜ਼ਗਾਰੀ 'ਤੇ ਚਿੰਤਾ ਜ਼ਾਹਰ ਕਰਦਿਆਂ ਪ੍ਰੋਫੈਸਰ ਅਰੁਣ ਕੁਮਾਰ ਨੇ ਕਿਹਾ ਕਿ ਬੇਰੁਜ਼ਗਾਰੀ ਮੌਜੂਦਾ ਅਤੇ ਇਸ ਤੋਂ ਪਹਿਲਾਂ ਲੰਮਾ ਸਮਾਂ ਰਾਜ ਕਰਨ ਵਾਲੇ ਰਾਜਸੀ ਸਿਸਟਮ ਦੀ ਦੇਣ ਹੈ ਅਤੇ ਉਹਨਾਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਹੀ ਲਗਾਤਾਰ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਨਹੀਂ ਦਿੱਤਾ ਜਾ ਰਿਹਾ।

ਉਨ੍ਹਾ ਕਿਹਾ ਕਿ ਉੱਚ ਤਕਨੀਕ ਤੋਂ ਵੀ ਅੱਗੇ ਵਧ ਕੇ ਆਰਟੀਫੀਸ਼ਿਅਲ ਇੰਟੈਲੀਜੈਂਸ ਦੇ ਦੌਰ ਵਿੱਚ ਜੇਕਰ ਕੰਮ ਕਰਨ ਦਾ ਸਮਾਂ ਅੱਧਾ ਕਰ ਦਿੱਤਾ ਜਾਵੇ, ਤਾਂ ਦੁਗਣਾ ਰੁਜ਼ਗਾਰ ਪੈਦਾ ਹੋਵੇਗਾ।

ਸੈਮੀਨਾਰ ਨੂੰ ਸੰਬੋਧਨ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਜਗਰੂਪ ਸਿੰਘ ਨੇ ਕਿਹਾ ਕਿ ਮੌਜੂਦਾ ਸਰਮਾਏਦਾਰੀ ਰਾਜਨੀਤਕ ਪ੍ਰਬੰਧ ਵਿੱਚ ਕਿਸੇ ਵੀ ਹਾਲਤ ਵਿੱਚ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਨਹੀਂ ਦਿੱਤਾ ਜਾ ਸਕਦਾ। ਸਭ ਲਈ ਰੁਜ਼ਗਾਰ ਦੀ ਗਾਰੰਟੀ ਸਮਾਜਵਾਦੀ ਪ੍ਰਬੰਧ ਭਾਵ ਕਮਿਊਨਿਸਟ ਪਾਰਟੀਆਂ ਦੇ ਰਾਜ ਵਿੱਚ ਹੀ ਦਿੱਤਾ ਜਾ ਸਕਦਾ ਹੈ। ਉਹਨਾ ਸੈਮੀਨਾਰ ਵਿੱਚ ਪਹੁੰਚੇ ਪਾਰਟੀ ਵਰਕਰਾਂ, ਹਮਦਰਦਾਂ 'ਚ ਉਤਸ਼ਾਹ ਭਰਦਿਆਂ ਕਿਹਾ ਜਿਸ ਤਰ੍ਹਾਂ ਇੱਕ ਪਾਸੇ ਦੁਨੀਆ ਭਰ ਵਿੱਚ ਵਿੱਤੀ ਸਰਮਾਏ ਕਾਰਨ ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ, ਉਸੇ ਤਰ੍ਹਾਂ ਦੂਜੇ ਪਾਸੇ ਦੁਨੀਆ ਮਾਰਕਸਵਾਦ ਵੱਲ ਤੇਜ਼ੀ ਨਾਲ ਵਧ ਰਹੀ ਹੈ। ਉਹਨਾ ਕਿਹਾ ਕਿ ਦੁਨੀਆ 'ਚ ਸਰਮਾਇਆ ਆਪਣੀ ਸਿਖਰ 'ਤੇ ਪਹੁੰਚ ਗਿਆ ਹੈ ਅਤੇ ਹੁਣ ਅੱਗੇ ਨਹੀਂ ਵਧ ਸਕਦਾ, ਕਿਉਂਕਿ ਮਨੁੱਖੀ ਕਿਰਤ ਤੋਂ ਕੰਮ ਲੈਣਾ ਉਸ ਨੇ ਛੱਡ ਦੇਣਾ ਹੈ। ਆਰਟੀਫੀਸ਼ਿਅਲ ਇੰਟੈਲੀਜੈਂਸੀ ਬਾਰੇ ਅਗਾਊਂ ਚੇਤੰਨ ਕਰਦਿਆਂ ਜਗਰੂਪ ਨੇ ਕਿਆ ਕਿ ਇਸ ਨਾਲ ਵੱਡੇ ਪੱਧਰ 'ਤੇ ਸੰਸਾਰ ਭਰ ਵਿੱਚ ਬੇਰੁਜ਼ਗਾਰੀ ਵਧੇਗੀ। ਉਹਨਾ ਵਿਸ਼ਵ ਬੈਂਕ, ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਡਬਲਯੂ ਟੀ ਓ ਦਾ ਹਵਾਲਾ ਦਿੰਦਿਆਂ ਕਿਹਾ ਕਿ ਬਣਾਉਟੀ ਬੁੱਧੀ ਦੇ ਆਉਣ ਨਾਲ ਦੁਨੀਆ ਭਰ ਵਿੱਚ ਵਿਕਸਤ ਦੇਸ਼ਾਂ ਵਿੱਚ 60 ਫੀਸਦੀ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ 40 ਫੀਸਦੀ ਰੁਜ਼ਗਾਰ 'ਤੇ ਲੱਗੇ ਕਾਮੇ ਕੰਮ ਤੋਂ ਵਿਹਲੇ ਕਰ ਦਿੱਤੇ ਜਾਣਗੇ। ਏ ਆਈ ਦੇ ਦੌਰ ਵਿੱਚ ਕੰਮ ਦਿਹਾੜੀ ਦੀ ਕਾਨੂੰਨੀ ਸੀਮਾ ਘੱਟ ਕਰਨ ਨਾਲ ਹੀ ਬੇਰੁਜ਼ਗਾਰੀ ਦਾ ਅਸਲ ਹੱਲ ਕੀਤਾ ਜਾ ਸਕਦਾ ਹੈ।

ਨਰਿੰਦਰ ਕੌਰ ਸੋਹਲ ਕੌਮੀ ਕੌਂਸਲ ਮੈਂਬਰ ਸੀ ਪੀ ਆਈ ਨੇ ਕਿਹਾ ਕਿ ਸਰਕਾਰਾਂ ਹਰ ਮਹਿਕਮੇ ਵਿੱਚ ਅਸਾਮੀਆਂ ਖਤਮ ਕਰ ਰਹੀਆਂ ਹਨ। ਰੁਜ਼ਗਾਰ ਨਾ ਮਿਲਣ ਕਰਕੇ ਬੇਇਨਸਾਫੀ ਦਾ ਸ਼ਿਕਾਰ ਜਵਾਨੀ ਨਿਰਾਸ਼ਾ ਵਿੱਚ ਹੈ। ਸਭ ਲਈ ਰੁਜ਼ਗਾਰ ਦੀ ਗਾਰੰਟੀ ਕੀਤੇ ਬਿਨਾਂ ਜਵਾਨੀ ਨੂੰ ਨਿਰਾਸ਼ਾ ਤੋਂ ਨਹੀਂ ਕੱਢਿਆ ਜਾ ਸਕਦਾ।

ਇਸ ਮੌਕੇ ਹੰਸ ਰਾਜ ਗੋਲਡਨ, ਕੰਟਰੋਲ ਕਮਿਸ਼ਨ ਦੇ ਮੈਂਬਰ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਸੁਖਜਿੰਦਰ ਮਹੇਸਰੀ, ਕਸ਼ਮੀਰ ਸਿੰਘ ਅਤੇ ਹਰਲਾਭ ਸਿੰਘ ਮੁਕਤਸਰ ਨੇ ਵੀ ਸੰਬੋਧਨ ਕੀਤਾ। ਸੈਮੀਨਾਰ ਵਿੱਚ ਹੋਰਨਾਂ ਤੋਂ ਇਲਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਜਗਸੀਰ ਖੋਸਾ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਕਰਮਵੀਰ ਕੌਰ ਬੱਧਨੀ, ਸਾਬਕਾ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਮਲੋਟ ਅਤੇ ਸੀ ਪੀ ਆਈ ਦੇ ਸਟੇਟ ਕੌਂਸਲ ਮੈਂਬਰ ਸੁਰਿੰਦਰ ਢੰਡੀਆਂ ਤੇ ਸ਼ੇਰ ਸਿੰਘ ਵੀ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਡਾਕਟਰ ਇੰਦਰਵੀਰ ਮੋਗਾ ਵੱਲੋਂ ਨਿਭਾਈ ਗਈ।

**ਬੇਰੁਜ਼ਗਾਰੀ : ਸਮੱਸਿਆ ਤੇ ਹੱਲ ਵਿਸ਼ੇ 'ਤੇ ਸੈਮੀਨਾਰ**



## ਅਮਰਨਾਥ ਯਾਤਰਾ ਬੰਦ

**ਸ੍ਰੀਨਗਰ** : ਮੀਂਹ ਤੇ ਸੜਕਾਂ ਦੀ ਮਾੜੀ ਹਾਲਤ ਹੋ ਜਾਣ ਕਾਰਨ ਰੱਖੜੀ 'ਤੇ 9 ਅਗਸਤ ਤੱਕ ਚੱਲਣ ਵਾਲੀ ਅਮਰਨਾਥ ਯਾਤਰਾ ਸਨਿੱਚਰਵਾਰ ਹੀ ਬੰਦ ਕਰ ਦਿੱਤੀ ਗਈ। ਕਸ਼ਮੀਰ ਦੇ ਡਵੀਜ਼ਨਲ ਕਮਿਸ਼ਨਰ ਵਿਜੇ ਕੁਮਾਰ ਬਿਧੂੜੀ ਨੇ ਦੱਸਿਆ ਕਿ ਬਾਲਟਾਲ ਤੇ ਪਹਿਲਗਾਮ ਦੋਹਾਂ ਰੂਟਾਂ 'ਤੇ ਚੱਲਣਾ ਮੁਸ਼ਕਲ ਹੈ।

## ਹੇਮਕੁੰਟ ਯਾਤਰਾ 10 ਅਕਤੂਬਰ ਤੱਕ ਚੱਲੇਗੀ

**ਦੇਹਰਾਦੂਨ** : ਸ੍ਰੀ ਹੇਮਕੁੰਟ ਸਾਹਿਬ ਦੀ ਚੱਲ ਰਹੀ ਸਾਲਾਨਾ ਯਾਤਰਾ ਦੌਰਾਨ ਹੁਣ ਤੱਕ ਲਗਪਗ 2.28 ਲੱਖ ਸ਼ਰਧਾਲੂਆਂ ਨੇ ਦਰਸ਼ਨ ਕੀਤੇ ਹਨ ਅਤੇ ਇਹ ਯਾਤਰਾ 10 ਅਕਤੂਬਰ ਤੱਕ ਜਾਰੀ ਰਹੇਗੀ। ਇਸ ਮਗਰੋਂ ਗੁਰੂ ਘਰ ਦੇ ਕਿਵਾੜ ਅਗਲੀ ਯਾਤਰਾ ਤੱਕ ਸੰਗਤ ਵਾਸਤੇ ਬੰਦ ਕਰ ਦਿੱਤੇ ਜਾਣਗੇ। ਇਹ ਗੱਲ ਸ੍ਰੀ ਹੇਮਕੁੰਟ ਸਾਹਿਬ ਪ੍ਰਬੰਧਕੀ ਟਰੱਸਟ ਦੇ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸੀ ਹੈ।

## ਰਣਜੀਤ ਗਿੱਲ ਦੇ ਘਰ ਵਿਜੀਲੈਂਸ ਦਾ ਛਾਪਾ

**ਮੁਹਾਲੀ** : ਰੀਅਲ ਅਸਟੇਟ ਕਾਰੋਬਾਰੀ ਤੋਂ ਸਿਆਸਤਦਾਨ ਬਣੇ ਰਣਜੀਤ ਸਿੰਘ ਗਿੱਲ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਕੁਝ ਘੰਟਿਆਂ ਬਾਅਦ ਪੰਜਾਬ ਵਿਜੀਲੈਂਸ ਬਿਊਰੋ ਦੀ ਟੀਮ ਨੇ ਸ਼ਨਿੱਚਰਵਾਰ ਸਵੇਰੇ ਮੁਹਾਲੀ ਅਤੇ ਖਰੜ ਵਿੱਚ ਉਨ੍ਹਾ ਦੇ ਘਰ ਅਤੇ ਦਫਤਰਾਂ 'ਤੇ ਛਾਪਾ ਮਾਰਿਆ। ਗਿੱਲ ਨੇ ਪਿਛਲੇ ਦਿਨੀਂ ਅਕਾਲੀ ਦਲ ਛੱਡਿਆ ਸੀ। ਗਿੱਲ ਦੇ ਨਜ਼ਦੀਕੀ ਸਾਥੀਆਂ ਨੇ ਇਸ ਨੂੰ ਸਿਆਸੀ ਬਦਲਾਖੋਰੀ ਕਰਾਰ ਦਿੱਤਾ ਹੈ। ਭਾਜਪਾ ਦੇ ਇੱਕ ਆਗੂ ਅਨੁਸਾਰ ਗਿੱਲ 'ਤੇ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋਣ ਲਈ ਲਗਾਤਾਰ ਦਬਾਅ ਸੀ, ਜਿਸ ਕਾਰਨ ਉਨ੍ਹਾ ਸ਼ੁੱਕਰਵਾਰ ਦੇਰ ਰਾਤ ਭਾਜਪਾ ਵਿੱਚ ਸ਼ਮੂਲੀਅਤ ਕੀਤੀ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਚੰਡੀਗੜ੍ਹ ਸਥਿਤ ਸਰਕਾਰੀ ਨਿਵਾਸ 'ਤੇ ਗਿੱਲ ਦੇ ਸ਼ਾਮਲ ਹੋਣ ਸਮੇਂ ਮੌਜੂਦ ਨੇਤਾ ਨੇ ਦਾਅਵਾ ਕੀਤਾ, 'ਇਸੇ ਕਰਕੇ ਉਹ ਅਚਾਨਕ ਭਾਜਪਾ ਵਿੱਚ ਸ਼ਾਮਲ ਹੋਏ ਅਤੇ ਸਵੇਰ ਤੱਕ ਵਿਜੀਲੈਂਸ ਬਿਊਰੋ ਉਨ੍ਹਾ ਦੇ ਦਰਵਾਜ਼ੇ 'ਤੇ ਸੀ।'

## ਟਰੰਪ ਦੇ ਦਬਕਿਆਂ ਦਰਮਿਆਨ ਮੋਦੀ ਦਾ ਸਵਦੇਸ਼ੀ ਪੈਂਤੜਾ

**ਵਾਰਾਨਸੀ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਬਕਿਆਂ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਨਿੱਚਰਵਾਰ ਇੱਥੇ ਸਵਦੇਸ਼ੀ ਅਪਨਾਉਣ 'ਤੇ ਜ਼ੋਰ ਦਿੱਤਾ। ਟਰੰਪ ਵੱਲੋਂ ਭਾਰਤੀ ਅਰਥਚਾਰੇ ਨੂੰ ਮਰਨਾਊ ਦੱਸਣ ਦਾ ਅਸਿੱਧਾ ਜਵਾਬ ਦਿੰਦਿਆਂ ਮੋਦੀ ਨੇ ਕਿਹਾ, 'ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣਨ ਜਾ ਰਿਹਾ ਹੈ, ਇਸ ਕਰਕੇ ਸਾਨੂੰ ਆਪਣੇ ਆਰਥਕ ਹਿੱਤਾਂ ਦੀ ਰਾਖੀ ਲਈ ਚੌਕਸ ਰਹਿਣਾ ਪੈਣਾ ਹੈ। ਨਾਗਰਿਕਾਂ ਤੇ ਬਿਜ਼ਨੈੱਸ ਭਾਈਚਾਰੇ ਨੂੰ ਸਵਦੇਸ਼ੀ 'ਤੇ ਜ਼ੋਰ ਦੇਣਾ ਚਾਹੀਦਾ ਹੈ।'

ਮੋਦੀ ਨੇ ਕਿਹਾ ਕਿ ਪਹਿਲਗਾਮ ਦਹਿਸ਼ਤੀ ਹਮਲੇ ਦਾ ਬਦਲਾ ਲੈਣ ਦਾ ਉਨ੍ਹਾ ਦਾ ਵਾਅਦਾ ਭਗਵਾਨ ਸ਼ਿਵ ਦੇ ਆਸ਼ੀਰਵਾਦ ਨਾਲ 'ਅਪ੍ਰੇਸ਼ਨ ਸਿੰਧੂਰ' ਰਾਹੀਂ ਪੂਰਾ ਹੋ ਗਿਆ ਹੈ। ਉਨ੍ਹਾ ਕਿਹਾ, "ਪਹਿਲਗਾਮ 'ਚ ਦਹਿਸ਼ਤੀ ਹਮਲੇ 'ਚ 26 ਲੋਕਾਂ ਦੀ ਮੌਤ ਮਗਰੋਂ ਮੈਂ ਬਹੁਤ ਦੁਖੀ ਸੀ। ਸਾਡੀਆਂ ਬੇਟੀਆਂ ਦੇ ਸਿੰਧੂਰ ਦਾ ਬਦਲਾ ਲੈਣ ਦਾ ਮੇਰਾ ਵਾਅਦਾ ਮਹਾਂਦੇਵ ਦੀ ਕਿਰਪਾ ਨਾਲ ਪੂਰਾ ਹੋ ਗਿਆ ਹੈ। ਮੈਂ 'ਅਪ੍ਰੇਸ਼ਨ ਸਿੰਧੂਰ' ਦੀ ਸਫਲਤਾ ਮਹਾਂਦੇਵ ਦੇ ਚਰਨਾਂ 'ਚ ਸਮਰਪਤ ਕਰਦਾ ਹਾਂ।" ਵਿਰੋਧੀ ਧਿਰ 'ਤੇ ਵਰ੍ਹਦਿਆਂ ਮੋਦੀ ਨੇ ਦੋਸ਼ ਲਾਇਆ ਕਿ ਜਦੋਂ ਪੂਰਾ ਦੇਸ਼ ਅਪ੍ਰੇਸ਼ਨ ਸਿੰਧੂਰ ਦੀ ਸਫਲਤਾ 'ਤੇ ਖ਼ੁਸ਼ੀ ਮਨਾ ਰਿਹਾ ਸੀ ਤਾਂ 'ਸਾਡੇ ਆਪਣੇ ਹੀ ਮੁਲਕ 'ਚ ਕੁਝ ਲੋਕਾਂ ਨੂੰ ਇਸ ਤੋਂ ਪ੍ਰੇਸ਼ਾਨੀ ਹੋ ਰਹੀ ਸੀ।' ਉਨ੍ਹਾ ਕਿਹਾ, 'ਕਾਂਗਰਸ ਤੇ ਉਸ ਦੇ ਸਹਿਯੋਗੀਆਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਭਾਰਤ ਨੇ ਪਾਕਿਸਤਾਨ 'ਚ ਵੜ ਕੇ ਦਹਿਸ਼ਤਗਰਦਾਂ ਦੇ ਟਿਕਾਣਿਆਂ ਨੂੰ ਤਬਾਹ ਕੀਤਾ ਹੈ।' ਉਨ੍ਹਾ ਕਿਹਾ ਕਿ ਪਾਕਿਸਤਾਨ 'ਚ ਕਈ ਏਅਰਬੇਸ ਹਾਲੇ ਵੀ ਆਈ ਸੀ ਯੂ 'ਚ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਰਾਨਸੀ ਹਲਕੇ 'ਚ 2200 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਕਈ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ ਅਤੇ ਉਦਘਾਟਨ ਕੀਤੇ। ਉਨ੍ਹਾ ਦੇਸ਼ ਭਰ ਦੇ 9.70 ਯੋਗ ਕਿਸਾਨਾਂ ਨੂੰ 20,500 ਕਰੋੜ ਦੀ 20ਵੀਂ ਕਿਸ਼ਤ ਦੀ ਵੰਡ ਵੀ ਕੀਤੀ।

## ਟਰੰਪ ਨੇ ਰੂਸ ਲਾਗੇ ਪ੍ਰਮਾਣੂ ਪਣਡੁੱਬੀਆਂ ਭੇਜੀਆਂ

**ਵਾਸ਼ਿੰਗਟਨ** : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਦੇ ਸਾਬਕਾ ਰਾਸ਼ਟਰਪਤੀ ਦਮਿਤਰੀ ਮੈਦਵੇਦੇਵ ਦੇ 'ਬੇਹੱਦ ਭੜਕਾਊ ਬਿਆਨਾਂ' ਦੇ ਆਧਾਰ 'ਤੇ ਦੋ ਅਮਰੀਕੀ ਪ੍ਰਮਾਣੂ ਪਣਡੁੱਬੀਆਂ ਨੂੰ ਰੂਸ ਕੋਲ ਤਾਇਨਾਤ ਕਰਨ ਦਾ ਹੁਕਮ ਦਿੱਤਾ ਹੈ। ਟਰੰਪ ਨੇ ਕਿਹਾ, 'ਬਿਆਨ ਅਹਿਮ ਹੁੰਦੇ ਹਨ ਅਤੇ ਕਦੇ-ਕਦੇ ਇਹ ਅਣਚਾਹੇ ਮਾੜੇ ਨਤੀਜਿਆਂ ਵੱਲ ਲੈ ਜਾਂਦੇ ਹਨ। ਮੈਂ ਉਮੀਦ ਕਰਦਾ ਹਾਂ ਕਿ ਮੈਦਵੇਦੇਵ ਦੇ ਬਿਆਨਾਂ ਨਾਲ ਅਜਿਹਾ ਨਾ ਹੋਵੇ।'

ਦਰਅਸਲ ਟਰੰਪ ਨੇ ਵੀਰਵਾਰ ਤੜਕੇ ਇੱਕ ਪੋਸਟ 'ਚ ਮੈਦਵੇਦੇਵ ਨੂੰ 'ਰੂਸ ਦਾ ਨਾਕਾਮ ਰਾਸ਼ਟਰਪਤੀ' ਦੱਸਿਆ ਸੀ। ਇਸ ਦੇ ਕੁਝ ਘੰਟਿਆਂ ਮਗਰੋਂ ਮੈਦਵੇਦੇਵ ਨੇ ਜਵਾਬ ਦਿੰਦਿਆਂ ਕਿਹਾ ਸੀ, 'ਰੂਸ ਹਰ ਮਾਮਲੇ 'ਚ ਸਹੀ ਹੈ ਅਤੇ ਆਪਣੇ ਰਸਤੇ 'ਤੇ ਚਲਦਾ ਰਹੇਗਾ।'

ਦੋਵਾਂ ਮੁਲਕਾਂ ਵਿਚਾਲੇ ਜ਼ੁਬਾਨੀ ਜੰਗ ਦੀ ਸ਼ੁਰੂਆਤ ਇਸੇ ਹਫਤੇ ਹੋਈ ਸੀ, ਜਦੋਂ ਮੈਦਵੇਦੇਵ ਨੇ ਲਿਖਿਆ, 'ਟਰੰਪ ਰੂਸ ਨਾਲ ਅਲਟੀਮੇਟਮ ਗੇਮ ਖੇਡ ਰਹੇ ਹਨ। ਉਨ੍ਹਾ ਨੂੰ ਦੋ ਗੱਲਾਂ ਯਾਦ ਰੱਖਣੀਆਂ ਚਾਹੀਦੀਆਂ ਹਨ। ਪਹਿਲੀ ਇਹ ਕਿ ਰੂਸ, ਇਜ਼ਰਾਈਲ ਜਾਂ ਈਰਾਨ ਨਹੀਂ। ਦੂਜੀ ਇਹ ਕਿ ਹਰ ਨਵਾਂ ਅਲਟੀਮੇਟਮ ਇਕ ਖਤਰਾ ਹੈ ਅਤੇ ਜੰਗ ਵੱਲ ਲਿਜਾਣ ਵਾਲਾ ਕਦਮ ਹੈ। ਰੂਸ ਤੇ ਯੂਕਰੇਨ ਦਰਮਿਆਨ ਨਹੀਂ, ਬਲਕਿ ਉਨ੍ਹਾ ਦੇ ਆਪਣੇ ਮੁਲਕ (ਅਮਰੀਕਾ) ਨਾਲ।'

ਸ਼ੁੱਕਰਵਾਰ ਜਦੋਂ ਟਰੰਪ ਵ੍ਹਾਈਟ ਹਾਊਸ ਤੋਂ ਰਵਾਨਾ ਹੋਣ ਲੱਗੇ ਤਾਂ ਉਨ੍ਹਾ ਨੂੰ ਪੁੱਛਿਆ ਗਿਆ ਕਿ ਪਣਡੁੱਬੀਆਂ ਦੀ ਜਗ੍ਹਾ ਕਿੱਥੇ ਬਦਲੀ ਗਈ ਹੈ ਤਾਂ ਉਨ੍ਹਾ ਕੋਈ ਜਾਣਕਾਰੀ ਨਹੀਂ ਦਿੱਤੀ। ਟਰੰਪ ਨੇ ਕਿਹਾ, 'ਅਸੀਂ ਅਜਿਹਾ ਕਰਨਾ ਹੀ ਸੀ। ਸਾਨੂੰ ਬੱਸ ਚੌਕੰਨੇ ਰਹਿਣਾ ਪਵੇਗਾ। ਧਮਕੀ ਦਿੱਤੀ ਗਈ ਹੈ। ਸਾਨੂੰ ਲੱਗਦਾ ਹੈ ਕਿ ਇਹ ਵਾਜਬ ਨਹੀਂ, ਇਸ ਲਈ ਮੈਨੂੰ ਬਹੁਤ ਸਾਵਧਾਨ ਰਹਿਣਾ ਪਵੇਗਾ।'

ਰਾਸ਼ਟਰਪਤੀ ਟਰੰਪ ਨੇ ਇਹ ਵੀ ਕਿਹਾ, 'ਮੈਂ ਆਪਣੇ ਲੋਕਾਂ ਦੀ ਸੁਰੱਖਿਆ ਲਈ ਅਜਿਹਾ ਕਰ ਰਿਹਾ ਹਾਂ। ਜਦੋਂ ਤੁਸੀਂ ਪ੍ਰਮਾਣੂ ਤਾਕਤ ਦੀ ਗੱਲ ਕਰਦੇ ਹੋ ਤਾਂ ਸਾਨੂੰ ਤਿਆਰ ਰਹਿਣਾ ਹੋਵੇਗਾ। ਅਸੀਂ ਪੂਰੀ ਤਰ੍ਹਾਂ ਤਿਆਰ ਹਾਂ।' ਦੱਸਣਯੋਗ ਹੈ ਕਿ ਵਲਾਦੀਮੀਰ ਪੁਤਿਨ 'ਤੇ ਤੀਜੀ ਵਾਰ ਚੋਣ ਲੜਨ 'ਤੇ ਰੋਕ ਲੱਗਣ ਮਗਰੋਂ ਮੈਦਵੇਦੇਵ 2008 ਤੋਂ 2012 ਤੱਕ ਰੂਸ ਦੇ ਰਾਸ਼ਟਰਪਤੀ ਰਹੇ ਸਨ। ਬਾਅਦ 'ਚ ਪੁਤਿਨ ਨੂੰ ਮੁੜ ਚੋਣਾਂ ਲੜਨ ਦੀ ਆਗਿਆ ਮਿਲਣ ਮਗਰੋਂ ਮੈਦਵੇਦੇਵ ਨੇ ਅਹੁਦਾ ਛੱਡ ਦਿੱਤਾ ਸੀ।

ਇਸੇ ਦੌਰਾਨ ਰੂਸ ਨੇ ਕਿਹਾ ਹੈ ਕਿ ਉਹ ਪ੍ਰਮਾਣੂ ਪਣਡੁੱਬੀਆਂ ਤੋਂ ਡਰਨ ਵਾਲਾ ਨਹੀਂ। ਉਸ ਕੋਲ ਵੀ ਪ੍ਰਮਾਣੂ ਪਣਡੁੱਬੀਆਂ ਬਹੁਤ ਹਨ।

## ਸੁਣਿਐ ਭਾਰਤ ਨੇ ਹੁਣ ਰੂਸ ਤੋਂ ਤੇਲ ਨਹੀਂ ਖਰੀਦਣਾ : ਟਰੰਪ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾ ਸੁਣਿਆ ਹੈ ਕਿ ਭਾਰਤ ਹੁਣ ਰੂਸ ਤੋਂ ਤੇਲ ਨਹੀਂ ਖਰੀਦੇਗਾ, ਜਿਸ ਦੀ ਉਨ੍ਹਾ ਇੱਕ ਚੰਗੇ ਕਦਮ ਵਜੋਂ ਸ਼ਲਾਘਾ ਕੀਤੀ, ਪਰ ਨਾਲ ਹੀ ਕਿਹਾ ਕਿ ਉਹ ਇਸ ਘਟਨਾਕ੍ਰਮ ਬਾਰੇ ਪੱਕਾ ਯਕੀਨ ਨਹੀਂ ਰੱਖਦੇ। ਟਰੰਪ ਨੇ ਸ਼ੁੱਕਰਵਾਰ ਪੱਤਰਕਾਰਾਂ ਨੂੰ ਕਿਹਾ, 'ਖੈਰ, ਮੈਂ ਸਮਝਦਾ ਹਾਂ ਕਿ ਭਾਰਤ ਹੁਣ ਰੂਸ ਤੋਂ ਤੇਲ ਨਹੀਂ ਖਰੀਦੇਗਾ। ਮੈਂ ਇਹੀ ਸੁਣਿਆ ਹੈ। ਮੈਨੂੰ ਨਹੀਂ ਪਤਾ ਕਿ ਇਹ ਸਹੀ ਹੈ ਜਾਂ ਨਹੀਂ, ਪਰ ਇਹ ਇੱਕ ਚੰਗਾ ਕਦਮ ਹੈ। ਅਸੀਂ ਦੇਖਾਂਗੇ ਕਿ ਕੀ ਹੁੰਦਾ ਹੈ।'

## ਜਬਰ-ਜ਼ਨਾਹ ਤੋਂ ਬਚਣ ਲਈ ਘਰ 'ਚ ਹੀ ਰਹਿਣ ਦਾ ਮਸ਼ਵਰਾ

**ਅਹਿਮਦਾਬਾਦ** : ਸਥਾਨਕ ਟਰੈਫਿਕ ਪੁਲਸ ਵੱਲੋਂ ਇੱਕ ਸੁਰੱਖਿਆ ਮੁਹਿੰਮ ਲਈ ਸਪਾਂਸਰ ਕੀਤੇ ਗਏ ਪੋਸਟਰਾਂ ਨੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਨ੍ਹਾਂ ਵਿੱਚੋਂ ਕੁਝ ਪੋਸਟਰਾਂ ਵਿੱਚ ਔਰਤਾਂ ਨੂੰ ਜਬਰ-ਜ਼ਨਾਹ ਤੋਂ ਬਚਣ ਲਈ ਘਰ 'ਚ ਹੀ ਰਹਿਣ ਦੀ ਅਪੀਲ ਕੀਤੀ ਗਈ ਸੀ। ਸ਼ਹਿਰ ਦੇ ਕੁਝ ਇਲਾਕਿਆਂ ਵਿੱਚ ਚਿਪਕਾਏ ਗਏ ਇਨ੍ਹਾਂ ਪੋਸਟਰਾਂ ਦੀ ਵਿਰੋਧੀ ਧਿਰ ਨੇ ਆਲੋਚਨਾ ਕੀਤੀ ਹੈ ਅਤੇ ਗੁਜਰਾਤ ਵਿੱਚ ਔਰਤਾਂ ਦੀ ਸੁਰੱਖਿਆ 'ਤੇ ਸਵਾਲ ਚੁੱਕੇ ਹਨ।

'ਦੇਰ ਰਾਤ ਦੀਆਂ ਪਾਰਟੀਆਂ ਵਿੱਚ ਸ਼ਾਮਲ ਨਾ ਹੋਵੋ, ਤੁਹਾਡੇ ਨਾਲ ਜਬਰ-ਜ਼ਨਾਹ ਜਾਂ ਸਮੂਹਕ ਜਬਰ-ਜ਼ਨਾਹ ਹੋ ਸਕਦਾ ਹੈ' ਅਤੇ 'ਆਪਣੀ ਸਹੇਲੀ ਨਾਲ ਹਨੇਰੇ, ਸੁੰਨਸਾਨ ਇਲਾਕਿਆਂ ਵਿੱਚ ਨਾ ਜਾਓ, ਕੀ ਪਤਾ ਉਸ ਨਾਲ ਜਬਰ-ਜ਼ਨਾਹ ਜਾਂ ਸਮੂਹਕ ਜਬਰ-ਜ਼ਨਾਹ ਹੋ ਜਾਵੇ? ' ਗੁਜਰਾਤੀ ਭਾਸ਼ਾ ਵਿੱਚ ਲਿਖੇ ਅਜਿਹੇ ਬਿਆਨਾਂ ਵਾਲੇ ਪੋਸਟਰ ਸੋਲਾ ਅਤੇ ਚਾਂਦਲੋਡੀਆ ਇਲਾਕਿਆਂ ਵਿੱਚ ਸੜਕ ਦੇ ਡਿਵਾਈਡਰਾਂ 'ਤੇ ਚਿਪਕਾਏ ਗਏ ਸਨ ਅਤੇ ਹੁਣ ਉਨ੍ਹਾਂ ਨੂੰ ਹਟਾ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਆਫ ਪੁਲਸ (ਟਰੈਫਿਕ ਵੈਸਟ) ਨੀਤਾ ਦੇਸਾਈ ਨੇ ਸਪੱਸ਼ਟ ਕੀਤਾ ਕਿ ਸ਼ਹਿਰ ਦੀ ਟਰੈਫਿਕ ਪੁਲਸ ਨੇ ਸੜਕ ਸੁਰੱਖਿਆ ਸੰਬੰਧੀ ਪੋਸਟਰਾਂ ਨੂੰ ਸਪਾਂਸਰ ਕੀਤਾ ਸੀ, ਨਾ ਕਿ ਔਰਤਾਂ ਦੀ ਸੁਰੱਖਿਆ ਨਾਲ ਸੰਬੰਧਤ ਪੋਸਟਰਾਂ ਨੂੰ। ਉਨ੍ਹਾ ਦਾਅਵਾ ਕੀਤਾ ਕਿ ਇੱਕ ਗੈਰ-ਸਰਕਾਰੀ ਸੰਗਠਨ (ਐੱਨ ਜੀ ਓ) 'ਸਤਰਕਤਾ ਗਰੁੱਪ' ਨੇ ਟਰੈਫਿਕ ਪੁਲਸ ਦੀ ਸਹਿਮਤੀ ਤੋਂ ਬਿਨਾਂ ਇਹ ਵਿਵਾਦਪੂਰਨ ਪੋਸਟਰ ਬਣਾਏ ਸਨ। ਦੇਸਾਈ ਨੇ ਕਿਹਾ, 'ਐੱਨ ਜੀ ਓ ਨੇ ਸਾਡੇ ਨਾਲ ਸੰਪਰਕ ਕੀਤਾ ਸੀ ਅਤੇ ਕਿਹਾ ਸੀ ਕਿ ਉਹ ਸਕੂਲਾਂ ਅਤੇ ਕਾਲਜਾਂ ਵਿੱਚ ਟਰੈਫਿਕ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕਰਨਾ ਚਾਹੁੰਦੇ ਹਨ ਅਤੇ ਉਹ ਚਾਹੁੰਦੇ ਸਨ ਕਿ ਸਾਡਾ ਸਟਾਫ ਉਨ੍ਹਾਂ ਦੇ ਨਾਲ ਜਾਵੇ। ਸਾਨੂੰ ਟਰੈਫਿਕ ਜਾਗਰੂਕਤਾ ਨਾਲ ਸੰਬੰਧਤ ਪੋਸਟਰ ਦਿਖਾਏ ਗਏ ਸਨ, ਪਰ ਅਜਿਹੇ ਵਿਵਾਦਪੂਰਨ ਪੋਸਟਰ ਸਾਨੂੰ ਨਹੀਂ ਦਿਖਾਏ ਗਏ ਅਤੇ ਸਾਡੀ ਸਹਿਮਤੀ ਤੋਂ ਬਿਨਾਂ ਚਿਪਕਾਏ ਗਏ।' ਉਨ੍ਹਾ ਕਿਹਾ ਕਿ ਜਦੋਂ ਇਹ ਮਾਮਲਾ ਉਨ੍ਹਾ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਪੋਸਟਰਾਂ ਨੂੰ ਤੁਰੰਤ ਹਟਾ ਦਿੱਤਾ ਗਿਆ। ਗੁਜਰਾਤ ਆਮ ਆਦਮੀ ਪਾਰਟੀ (ਆਪ) ਨੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ 'ਤੇ ਤਨਜ਼ ਕੱਸਦਿਆਂ ਕਿਹਾ ਕਿ ਇਨ੍ਹਾਂ ਪੋਸਟਰਾਂ ਨੇ ਔਰਤਾਂ ਦੀ ਸੁਰੱਖਿਆ ਦੀ ਸਥਿਤੀ ਦਾ ਪਰਦਾ ਫਾਸ਼ ਕਰ ਦਿੱਤਾ ਹੈ। ਗੁਜਰਾਤ ਵਿੱਚ ਭਾਜਪਾ ਸਰਕਾਰ ਮਹਿਲਾ ਸਸ਼ਕਤੀਕਰਨ ਦੀ ਗੱਲ ਕਰਦੀ ਹੈ, ਪਰ ਜ਼ਮੀਨੀ ਹਕੀਕਤ ਬਿਲਕੁਲ ਵੱਖਰੀ ਹੈ।

## ਦੇਵਗੌੜਾ ਦੇ ਪੋਤੇ ਨੂੰ ਜਬਰ-ਜ਼ਨਾਹ ਦੇ ਮਾਮਲੇ 'ਚ ਉਮਰ ਕੈਦ



**ਬੇਂਗਲੁਰੂ** : ਇੱਥੋਂ ਦੀ ਵਿਸ਼ੇਸ਼ ਅਦਾਲਤ ਨੇ ਸਾਬਕਾ ਸੰਸਦ ਮੈਂਬਰ ਅਤੇ ਜਨਤਾ ਦਲ (ਸੈਕੂਲਰ) ਦੇ ਮੁਅੱਤਲ ਆਗੂ ਪ੍ਰਜਵਲ ਰੇਵੰਨਾ ਨੂੰ ਜਬਰ-ਜ਼ਨਾਹ ਮਾਮਲੇ ਵਿੱਚ ਸਨਿੱਚਰਵਾਰ ਉਮਰ ਕੈਦ ਦੀ ਸਜ਼ਾ ਸੁਣਾਈ। ਅਦਾਲਤ ਨੇ ਇਸ ਦੇ ਨਾਲ ਹੀ ਦਸ ਲੱਖ ਰੁਪਏ ਦਾ ਜੁਰਮਾਨਾ ਵੀ ਕੀਤਾ। ਵਿਧਾਇਕਾਂ ਤੇ ਸੰਸਦ ਮੈਂਬਰਾਂ ਦੀ ਵਿਸ਼ੇਸ਼ ਅਦਾਲਤ ਦੇ ਜੱਜ ਸੰਤੋਸ਼ ਗਜਾਨਨ ਨੇ 34 ਸਾਲਾ ਪ੍ਰਜਵਲ ਰੇਵੰਨਾ ਨੂੰ ਉਸ ਖਿਲਾਫ ਦਰਜ ਜਿਨਸੀ ਸ਼ੋਸ਼ਣ ਅਤੇ ਜਬਰ-ਜ਼ਨਾਹ ਦੇ ਚਾਰ ਮਾਮਲਿਆਂ ਵਿੱਚੋਂ ਇੱਕ ਵਿੱਚ ਸ਼ੁੱਕਰਵਾਰ ਦੋਸ਼ੀ ਕਰਾਰ ਦਿੱਤਾ ਸੀ। ਇਹ ਮਾਮਲਾ ਹਾਸਨ ਜ਼ਿਲ੍ਹੇ ਦੇ ਹੋਲੇਨਰਸੀਪੁਰਾ ਵਿੱਚ ਪਰਵਾਰ ਦੇ ਗੰਨੀਕਾਡਾ ਫਾਰਮ ਹਾਊਸ ਵਿੱਚ ਕੰਮ ਕਰਨ ਵਾਲੀ 48 ਸਾਲਾ ਔਰਤ ਨਾਲ ਸੰਬੰਧਤ ਹੈ। ਦੋਸ਼ ਹੈ ਕਿ ਉਸ ਨਾਲ 2021 ਵਿੱਚ ਦੋ ਵਾਰ ਜਬਰ-ਜ਼ਨਾਹ ਕੀਤਾ ਗਿਆ ਅਤੇ ਮੁਲਜ਼ਮ ਨੇ ਇਸ ਘਟਨਾ ਨੂੰ ਆਪਣੇ ਮੋਬਾਇਲ ਫੋਨ 'ਤੇ ਰਿਕਾਰਡ ਕਰ ਲਿਆ ਸੀ। ਪ੍ਰਜਵਲ ਰੇਵੰਨਾ ਸਾਬਕਾ ਪ੍ਰਧਾਨ ਮੰਤਰੀ ਅਤੇ ਪਾਰਟੀ ਦੇ ਮੁਖੀ ਐੱਚ ਡੀ ਦੇਵਗੌੜਾ ਦਾ ਪੋਤਰਾ ਹੈ। ਇਹ ਮਾਮਲੇ 26 ਅਪ੍ਰੈਲ 2024 ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਹਾਸਨ ਵਿੱਚ ਕਥਿਤ ਤੌਰ 'ਤੇ ਪ੍ਰਜਵਲ ਰੇਵੰਨਾ ਨਾਲ ਸੰਬੰਧਤ ਅਸ਼ਲੀਲ ਵੀਡੀਓਜ਼ ਵਾਲੀਆਂ ਪੈਨ ਡਰਾਈਵਾਂ ਦੇ ਵਾਇਰਲ ਹੋਣ ਤੋਂ ਬਾਅਦ ਸਾਹਮਣੇ ਆਏ ਸਨ।

## ਉੱਤਰਾਖੰਡ ਪੰਚਾਇਤ ਚੋਣਾਂ 'ਚ ਕਾਂਗਰਸ ਦਾ ਸ਼ਾਨਦਾਰ ਪ੍ਰਦਰਸ਼ਨ

**ਦੇਹਰਾਦੂਨ** : ਉੱਤਰਾਖੰਡ ਵਿੱਚ ਪੰਚਾਇਤ ਚੋਣਾਂ ਦੇ ਸ਼ੁੱਕਰਵਾਰ ਸ਼ਾਮ ਐਲਾਨੇ ਗਏ ਨਤੀਜਿਆਂ ਤੋਂ ਬਾਅਦ ਹੁਕਮਰਾਨ ਭਾਜਪਾ ਤੇ ਵਿਰੋਧੀ ਧਿਰ ਕਾਂਗਰਸ ਨੇ ਜਿੱਤ ਦੇ ਦਾਅਵੇ ਕੀਤੇ ਹਨ। ਭਾਜਪਾ ਨੇ ਕਿਹਾ ਹੈ ਕਿ ਉਸ ਦੇ 315 ਵਿੱਚੋਂ 127 ਉਮੀਦਵਾਰ ਸਫਲ ਰਹੇ, ਜਦਕਿ ਕਾਂਗਰਸ ਦਾ ਕਹਿਣਾ ਹੈ ਕਿ ਉਸ ਨੇ 198 ਵਿੱਚੋਂ 138 ਉਮੀਦਵਾਰ ਸਫਲ ਰਹੇ। ਹਰਿਦੁਆਰ ਨੂੰ ਛੱਡ ਕੇ 12 ਜ਼ਿਲ੍ਹਿਆਂ ਵਿੱਚ 358 ਜ਼ਿਲ੍ਹਾ ਪੰਚਾਇਤ ਮੈਂਬਰਾਂ, 2974 ਬਲਾਕ ਵਿਕਾਸ ਪ੍ਰੀਸ਼ਦ ਮੈਂਬਰਾਂ ਅਤੇ 7499 ਪੰਚਾਇਤ ਮੁਖੀਆਂ ਦੀ ਚੋਣ ਹੋਈ ਸੀ। ਭਾਜਪਾ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਸ ਦੇ 58 ਬਾਗੀ ਉਮੀਦਵਾਰ ਵੀ ਜਿੱਤੇ ਹਨ, ਜਿਹੜੇ ਪਾਰਟੀ ਟਿਕਟ ਨਾ ਮਿਲਣ ਕਰਕੇ ਆਜ਼ਾਦ ਲੜੇ ਸਨ। ਪਰ ਸੂਬਾਈ ਭਾਜਪਾ ਪ੍ਰਧਾਨ ਮਹਿੰਦਰ ਭੱਟ ਦੇ ਜ਼ਿਲ੍ਹੇ ਚਮੋਲੀ ਵਿੱਚ ਪਾਰਟੀ ਦੇ ਪ੍ਰਦਰਸ਼ਨ ਨੇ ਹੈਰਾਨ ਕੀਤਾ ਹੈ, ਜਿੱਥੇ ਉਸ ਦੇ 26 ਵਿੱਚੋਂ ਚਾਰ ਉਮੀਦਵਾਰ ਹੀ ਜਿੱਤ ਸਕੇ। ਚਮੋਲੀ ਦਾ ਭਾਜਪਾ ਪ੍ਰਧਾਨ ਗਜਪਾਲ ਬਰਥਵਾਲ ਵੀ ਹਾਰਨ ਵਾਲਿਆਂ ਵਿੱਚ ਸ਼ਾਮਲ ਹੈ। ਨੈਨੀਤਾਲ ਦੀ ਵਿਧਾਇਕ ਸਰਿਤਾ ਆਰੀਆ ਦਾ ਬੇਟਾ ਰੋਹਿਤ ਆਰੀਆ ਭੋਵਾਲੀ ਗਾਓਂ ਜ਼ਿਲ੍ਹਾ ਪੰਚਾਇਤ ਸੀਟ ਤੋਂ ਆਜ਼ਾਦ ਉਮੀਦਵਾਰ ਹੱਥੋਂ ਹਾਰ ਗਿਆ। ਲਾਂਸਡੋਵਨੇ ਦੇ ਵਿਧਾਇਕ ਦਲੀਪ ਰਾਵਤ ਦੀ ਪਤਨੀ ਨੀਤੂ ਰਾਵਤ ਵੀ ਜ਼ਿਲ੍ਹਾ ਪੰਚਾਇਤ ਚੋਣ ਹਾਰ ਗਈ। ਭਾਜਪਾ ਵਿਧਾਇਕ ਮਹੇਸ਼ ਜੀਨਾ ਦਾ ਬੇਟਾ ਕਰਨ

• ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਆਪਣਾ ਦੇਸ਼ ਪਰ ਆਪਣਾ ਕਿੰਜ ਕਹੀਏ,
ਕਰਦੇ ਲੋਕ ਆ ਕਹਿੰਦਿਆਂ ਸ਼ਰਮ ਬੇਲੀ।
ਦੇਸ਼ ਭਗਤੀ ਤਾਂ ਦਿਲਾਂ ਤੋਂ ਗਈ ਕੋਈ ਨਾ,
ਉੱਡਦੇ ਜਾਂਦੇ ਨੇ ਉਂਜ ਕਈ ਭਰਮ ਬੇਲੀ।
ਰਾਸ਼ਟਰ ਭਗਤੀ ਦੇ ਚੱਲਦੇ ਦੌਰ ਬਾਹਲੇ,
ਅਮਲ ਤੋਂ ਡੋਬਦੇ ਆ ਪੁੱਠੇ ਕਰਮ ਬੇਲੀ।
ਗੁੰਡਾਗਰਦੀ ਚੁਫੇਰੇ ਜਿਹੜੀ ਹੋਈ ਜਾਂਦੀ,
ਕਿਹਾ ਇਹਨੂੰ ਵੀ ਜਾਂਦਾ ਹੈ ਧਰਮ ਬੇਲੀ।
ਖੂੰਜਾ ਕੋਈ ਵੀ ਰਹਿੰਦੜਾ ਜਾਪਦਾ ਨਹੀਂ,
ਲਸ਼ਕਰ ਗਲਤ ਨਾ ਜਿੱਥੇ ਨੇ ਖੜੇ ਬੇਲੀ।
ਲੱਜ-ਰਖੰਦੇ ਹਨ ਘਰਾਂ ਵਿੱਚ ਵੜੇ ਹੋਏ,
ਵਿਗੜੇ ਅਨਸਰ ਨੇ ਆਂਵਦੇ ਚੜ੍ਹੇ ਬੇਲੀ।

-ਤੀਸ ਮਾਰ ਖਾਂ

## ਚੋਣ ਪ੍ਰਣਾਲੀ ਮਰ ਚੁੱਕੀ : ਰਾਹੁਲ

**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਚੋਣ ਕਮਿਸ਼ਨ 'ਤੇ ਇੱਕ ਹੋਰ ਵੱਡਾ ਹਮਲਾ ਕਰਦਿਆਂ ਕਿਹਾ ਕਿ ਦੇਸ਼ ਦੀ ਚੋਣ ਪ੍ਰਣਾਲੀ ਪਹਿਲਾਂ ਹੀ ਮਰ ਚੁੱਕੀ ਹੈ ਅਤੇ ਸਾਲ 2024 ਦੀਆਂ ਲੋਕ ਸਭ ਚੋਣਾਂ 'ਚ ਧਾਂਦਲੀ ਹੋਈ ਸੀ। ਉਨ੍ਹਾ ਇਹ ਟਿੱਪਣੀ 'ਸੰਵਿਧਾਨਕ ਚੁਣੌਤੀਆਂ' ਵਿਸ਼ੇ 'ਤੇ ਇੱਥੇ ਇੱਕ ਰੋਜ਼ਾ ਕਾਨੂੰਨੀ ਸੰਮੇਲਨ ਦੇ ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਕੀਤੀ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ 'ਘੱਟ ਬਹੁਮਤ' ਨਾਲ ਆਪਣੀ ਕੁਰਸੀ 'ਤੇ ਬੈਠੇ ਹਨ ਅਤੇ ਜੇ ਕੁਝ ਕੁ ਸੀਟਾਂ ਦਾ ਅੰਤਰ ਹੁੰਦਾ ਤਾਂ ਉਹ ਉੱਥੇ ਨਾ ਹੁੰਦੇ। ਉਨ੍ਹਾ ਕਰਨਾਟਕ ਦੇ ਇੱਕ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਵੱਲੋਂ ਇਕੱਠੇ ਕੀਤੇ ਅੰਕੜਿਆਂ ਦਾ ਹਵਾਲਾ ਦਿੱਤਾ, ਜਿੱਥੇ ਪਾਰਟੀ ਨੇ ਵੋਟਰਾਂ ਦੀਆਂ ਫੋਟੋਆਂ ਅਤੇ ਨਾਵਾਂ ਦੀ ਜਾਂਚ ਕੀਤੀ ਅਤੇ ਪਤਾ ਲੱਗਾ ਕਿ ਕੁੱਲ 6.5 ਲੱਖ ਵੋਟਰਾਂ ਵਿੱਚੋਂ 1.5 ਲੱਖ ਵੋਟਾਂ ਜਾਲ੍ਹੀ ਸਨ। ਉਨ੍ਹਾ ਕਿਹਾ, "ਜਦੋਂ ਅਸੀਂ ਇਹ ਅੰਕੜਾ ਜਾਰੀ ਕਰਾਂਗੇ ਤਾਂ ਤੁਸੀਂ ਚੋਣ ਪ੍ਰਣਾਲੀ ਵਿੱਚ ਇੱਕ ਹੋਰ ਝਟਕਾ ਦੇਖੋਗੇ। ਇਹ ਇੱਕ 'ਐਟਮ ਬੰਬ' ਵਾਂਗ ਹੈ। ਸੱਚਾਈ ਇਹ ਹੈ ਕਿ ਭਾਰਤ ਵਿੱਚ ਚੋਣ ਪ੍ਰਣਾਲੀ ਪਹਿਲਾਂ ਹੀ ਮਰ ਚੁੱਕੀ ਹੈ। ਕਿਰਪਾ ਕਰਕੇ ਇੱਕ ਗੱਲ ਯਾਦ ਰੱਖੋ ਕਿ ਭਾਰਤ ਦੇ ਪ੍ਰਧਾਨ ਮੰਤਰੀ ਕੋਲ ਬਹੁਤ ਘੱਟ ਬਹੁਮਤ ਹੈ। ਜੇ 10-15 ਸੀਟਾਂ 'ਤੇ ਧਾਂਦਲੀ ਨਾ ਹੁੰਦੀ ਤਾਂ ਉਹ ਦੇਸ਼ ਦੇ ਪ੍ਰਧਾਨ ਮੰਤਰੀ ਨਾ ਹੁੰਦੇ।" ਚੋਣ ਕਮਿਸ਼ਨ ਬਾਰੇ ਬੋਲਦਿਆਂ ਰਾਹੁਲ ਨੇ ਕਿਹਾ, 'ਇਹ ਬਹੁਤ ਸਪੱਸ਼ਟ ਹੈ ਕਿ ਸੰਵਿਧਾਨ ਦੀ ਰੱਖਿਆ ਕਰਨ ਵਾਲੀ ਇਸ ਸੰਸਥਾ ਨੂੰ ਮਿਟਾ ਦਿੱਤਾ ਗਿਆ ਹੈ ਅਤੇ ਆਪਣੇ ਕਬਜ਼ੇ ਵਿੱਚ ਲੈ ਲਿਆ ਗਿਆ ਹੈ। ਮੇਰੇ ਕੋਲ ਪਹਿਲਾਂ ਸਬੂਤ ਨਹੀਂ ਸਨ ਅਤੇ ਇਸੇ ਲਈ ਮੈਂ ਪਹਿਲਾਂ ਅਜਿਹੇ ਬਿਆਨ ਨਹੀਂ ਦੇ ਸਕਦਾ ਸੀ, ਪਰ ਮੈਂ ਹੁਣ ਇਹ ਬਿਆਨ ਵਿਸ਼ਵਾਸ ਨਾਲ ਦੇ ਰਿਹਾ ਹਾਂ, ਕਿਉਂਕਿ ਮੇਰੇ ਕੋਲ 100 ਪ੍ਰਤੀਸ਼ਤ ਸਬੂਤ ਹਨ।'

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ
ਸਚੀ ਦਰਗਹ ਜਾਇ ਸਚਾ ਪਿੜੁ ਮਲਿਆ

ਪੂਜਨੀਯ ਸਵ: ਬੀਬੀ ਜਸਪਾਲ ਕੌਰ ਜੀ (ਸੁਪਤਨੀ ਸ. ਜਗਦੇਵ ਸਿੰਘ ਜੀ) ਨੂੰ ਉਨ੍ਹਾਂ ਦੀ ਅੰਤਿਮ ਅਰਦਾਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਕੋਟਿ ਕੋਟਿ ਪ੍ਰਣਾਮ ਕਰਦੇ ਹਾਂ।



ਪ੍ਰੋਗਰਾਮ
ਸ੍ਰੀ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ
ਅੱਜ ਮਿਤੀ 3 ਅਗਸਤ 2025, ਦਿਨ ਐਤਵਾਰ ਨੂੰ
ਦੁਪਹਿਰ 12:00 ਵਜੇ ਤੋਂ 01:00 ਵਜੇ ਤੱਕ ਹੋਵੇਗੀ।
ਸਥਾਨ: ਅਨਾਜ ਮੰਡੀ, ਦੁੱਧਨ ਸਾਧਾਂ, ਜ਼ਿਲ੍ਹਾ ਪਟਿਆਲਾ
ਆਪ ਜੀ ਨੂੰ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ

ਭਾਣੇ ਵਿਚ:
ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ. ਹਲਕਾ ਸਨੌਰ
+91 98762-61110, 95010-73110
ਗੁਰਪ੍ਰੀਤ ਸਿੰਘ 'ਗੁਰੀ' (ਦੋਹਤਾ) +91 96402-00013
P.A. to ਸ. ਹਰਮੀਤ ਸਿੰਘ ਪਠਾਣਮਾਜਰਾ

ਵੱਲੋਂ: ਸਮੂਹ ਸਟਾਫ, ਬੀ.ਡੀ.ਪੀ.ਓ, ਭੁਨਰਹੇੜੀ

## ਜਨਹਿੱਤ ਸੰਮਤੀ ਨੇ ਫ਼ਲਦਾਰ ਬਗੀਚੀ ਲਾਈ



ਪਟਿਆਲਾ (ਰਾਜਿੰਦਰ ਥਿੰਦ)-ਜਨ ਹਿੱਤ ਸੰਮਤੀ ਵੱਲੋਂ ਪ੍ਰਧਾਨ ਐਸ ਕੇ ਗੋਤਮ ਤੇ ਜਨਰਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਸਰਕਾਰੀ ਆਈ ਟੀ ਆਈ ਲੜਕੇ ਨਾਭਾ ਰੋਡ ਪਟਿਆਲਾ ਵਿਖੇ ਪ੍ਰਿੰਸੀਪਲ ਹਰਦੀਪ ਕੁਮਾਰ ਟੰਡਨ ਤੇ ਵਾਇਸ ਪ੍ਰਿੰਸੀਪਲ ਦਵਿੰਦਰਪਾਲ ਸਿੰਘ ਦੀ ਸਰਪ੍ਰਸਤੀ ਤੇ ਐਨ ਸੀ ਸੀ ਦੇ ਲੈਫਟੀਨੈਂਟ ਅਤੇ ਟ੍ਰੇਨਿੰਗ ਅਫਸਰ ਜਗਦੀਪ ਸਿੰਘ ਜੋਸ਼ੀ, ਹੋਸਟਲ ਸੁਪਰਡੈਂਟ ਅਨਿਲ ਖੰਨਾ ਦੀ ਦੇਖ-ਰੇਖ ਹੇਠ ਫ਼ਲਦਾਰ ਬਗੀਚੀ ਲਾਈ ਗਈ, ਜਿਸ ਵਿੱਚ ਮੁੱਖ ਮਹਿਮਾਨ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1 ਤੇ ਸੀਨੀਅਰ ਐਡਵੋਕੇਟ ਐਚ ਐਨ ਮੈਹਮਪੁਰੀ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰੋਜੈਕਟ ਅਭੈ ਵਰਮਾ ਤੇ ਵਰਿੰਦਰ ਆਹਲੂਵਾਲੀਆ ਨੇ ਕੀਤੀ।ਵਿਸ਼ੇਸ਼ ਤੌਰ ਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਤੇ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪ੍ਰੈਸ ਸਕੱਤਰ, ਸਤੀਸ਼ ਜੋਸ਼ੀ, ਐਡਵੋਕੇਟ ਹਰਜਿੰਦਰ ਸਿੰਘ ਜਰਮਨੀ, ਮਨਮੋਹਨ ਕ੍ਰਿਸ਼ਨ ਬਾਂਸਲ, ਸੁਨੀਲ ਵਧਵਾ, ਸੁਰਿੰਦਰ ਸਿੰਘ, ਅਰਜੁਨ ਜੀ, ਭਿੰਦਰ ਜਲਵੇੜਾ, ਐਨ ਸੀ ਸੀ ਕੈਡਿਟਸ ਪ੍ਰੀਤੀ, ਐਮਤਿਆਜ ਕੌਰ, ਸੁਨੀਲ, ਕੁਲਬੀਰ ਸਿੰਘ, ਸੌਰਵ, ਵਿਸ਼ਾਲ ਗੁਪਤਾ ਨੇ ਸ਼ਿਰਕਤ ਕੀਤੀ।

## ਸਮਰਾਲਾ ਹਾਕੀ ਕਲੱਬ ਨੇ ਲੋੜਵੰਦ ਵਿਦਿਆਰਥਣਾਂ ਦੀ ਫ਼ੀਸ ਲਈ ਰਾਸ਼ੀ ਦਿੱਤੀ



ਸਮਰਾਲਾ (ਸੁਰਜੀਤ ਸਿੰਘ)-ਵਾਤਾਵਰਣ ਨੂੰ ਸਮਰਪਤ ਸੰਸਥਾ ਸਮਰਾਲਾ ਹਾਕੀ ਕਲੱਬ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ ਦੀਆਂ ਲੋੜਵੰਦ ਵਿਦਿਆਰਥਣਾਂ ਦੀਆਂ ਫ਼ੀਸਾਂ ਲਈ 21 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਦਾ ਚੈੱਕ ਸਕੂਲ ਦੇ ਪ੍ਰਿੰਸੀਪਲ ਗੁਰਜੰਟ ਸਿੰਘ ਅਤੇ ਸਮੂਹ ਸਟਾਫ ਨੂੰ ਦਿੱਤਾ ਗਿਆ।ਕਲੱਬ ਪ੍ਰਧਾਨ ਗੁਰਪ੍ਰੀਤ ਸਿੰਘ ਬੇਦੀ ਤੇ ਸਮਿੰਦਰ ਸਿੰਘ ਵੱਲ ਦੇਰ ਅਫ਼ਸਰ ਸਮਰਾਲਾ ਨੇ ਕਿਹਾ ਇਲਾਕੇ ਵਿੱਚ ਲੋੜਵੰਦ ਵਿਦਿਆਰਥਣਾਂ ਜੋ ਉੱਚ ਸਿੱਖਿਆ ਹਾਸਲ ਕਰਨ ਦੀਆਂ ਚਾਹਵਾਨ ਹਨ, ਪੈਸੇ ਦੀ ਕਮੀ ਕਾਰਨ ਪੜ੍ਹਾਈ ਜਾਰੀ ਰੱਖਣ ਵਿਚ ਦਿੱਕਤ ਆ ਰਹੀ ਹੈ, ਇਸ ਸੰਦਰਭ 'ਚ ਸਮਰਾਲਾ ਹਾਕੀ ਕਲੱਬ ਵੱਲੋਂ ਪੜ੍ਹਾਈ ਵਿੱਚ ਹੁਸ਼ਿਆਰ ਤੇ ਲੋੜਵੰਦ ਵਿਦਿਆਰਥਣਾਂ ਦੀ ਪੜ੍ਹਾਈ ਜਾਰੀ ਰੱਖਣ ਹਿੱਤ ਫੀਸ ਦੇਣ ਦਾ ਨਿਰਣਾ ਕੀਤਾ ਗਿਆ।ਸਕੂਲ ਪ੍ਰਿੰਸੀਪਲ ਨੇ ਸਮਰਾਲਾ ਹਾਕੀ ਕਲੱਬ ਦਾ ਇਸ ਸਹਾਇਤਾ ਲਈ ਧੰਨਵਾਦ ਕੀਤਾ ਗਿਆ।ਉਨ੍ਹਾਂ ਨੇ ਹਾਕੀ ਕਲੱਬ ਦੇ ਸਮੂਹ ਅਹੁਦੇਦਾਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਜਿਹੀ ਸਮਾਜ ਸੇਵਾ ਨਾਲ ਭਵਿੱਖ ਵਿੱਚ ਵੀ ਸਕੂਲ ਨੂੰ ਪੜ੍ਹਿਆ-ਲਿਖਿਆ ਵਰਗ ਮਿਲੇਗਾ, ਜੋ ਵਿੱਤੀ ਸਾਧਨਾਂ ਤੋਂ ਬੇਸ਼ੱਕ ਕਮਜ਼ੋਰ ਹੈ, ਪ੍ਰੰਤੂ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਹਨ।ਅਜਿਹੀਆਂ ਸੰਸਥਾਵਾਂ ਸਮਾਜ ਵਿੱਚ ਅਜਿਹੇ ਕਾਰਜ ਕਰਕੇ ਪੁੰਨ ਦਾ ਕੰਮ ਕਰ ਰਹੀਆਂ ਹਨ।

## ਸਰਕਾਰ ਪੁਰਾਣੀ ਪੈਨਸ਼ਨ ਤੁਰੰਤ ਬਹਾਲ ਕਰੇ : ਡੀ ਟੀ ਐੱਫ਼




ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਤੋਂ ਕੀਤੀ ਜਾ ਰਹੀ ਟਾਲ ਮਟੋਲ ਕਾਰਨ ਸਮੁੱਚੇ ਮੁਲਾਜ਼ਮ ਵਰਗ 'ਚ ਤਿੱਖਾ ਰੋਸ ਪਾਇਆ ਜਾ ਰਿਹਾ ਹੈ।ਅਧਿਆਪਕਾਂ ਦੀ ਪ੍ਰਤੀਨਿਧ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਦੀ ਅਗਵਾਈ ਹੇਠ ਜਥੇਬੰਦੀ ਦੀ ਜ਼ਿਲ੍ਹਾ ਪੱਧਰ ਮੀਟਿੰਗ ਦੌਰਾਨ ਲਏ ਗਏ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰ ਹਰਜਿੰਦਰ ਅਨੂਪਗੜ੍ਹ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਉਨ੍ਹਾਂ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਵਾਅਦਾ ਕਰਕੇ ਸੱਤਾ ਹਥਿਆਉਣ ਵਾਲੀ ਆਪ ਸਰਕਾਰ ਵੱਲੋਂ ਆਪਣੇ ਸੱਤਾ ਕਾਲ ਦੇ ਸਾਢੇ ਤਿੰਨ ਸਾਲ ਬੀਤ ਜਾਣ 'ਤੇ ਵੀ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ। ਜਨਵਰੀ 2004 ਤੋਂ ਬਾਅਦ ਭਰਤੀ ਹੋਏ ਪੰਜਾਬ ਦੇ ਲਗਭਗ ਸਾਢੇ ਤਿੰਨ ਲੱਖ ਮੁਲਾਜ਼ਮ ਨਵੀਂ ਪੈਨਸ਼ਨ ਸਕੀਮ ਤਹਿਤ ਨਿਗੂਣੀ ਪੈਨਸ਼ਨ ਲੈਣ ਲਈ ਮਜਬੂਰ ਹਨ।ਆਗੂਆਂ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਮੰਗ ਨੂੰ ਲੈ ਕੇ 12 ਅਗਸਤ ਨੂੰ ਐੱਮ ਐੱਲ ਏ ਸਰਦੂਲਗੜ੍ਹ ਗੁਰਪ੍ਰੀਤ ਸਿੰਘ ਬਣਾਂਵਾਲੀ ਦੀ ਰਿਹਾਇਸ਼ ਅੱਗੇ 2022 ਦੀਆਂ ਗੁਜਰਾਤ ਚੋਣਾਂ ਤੋਂ ਪਹਿਲਾਂ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਕੀਤਾ ਗਿਆ ਅਧੂਰਾ ਨੋਟੀਫਿਕੇਸ਼ਨ ਵਾਪਸ ਕਰਕੇ ਪੰਜਾਬ ਸਰਕਾਰ ਦੀ ਅਰਥੀ ਸਾੜੀ ਜਾਵੇਗੀ। ਆਗੂਆਂ ਰਾਜਵਿੰਦਰ ਸਿੰਘ ਬੈਹਣੀਵਾਲ ਤੇ ਗੁਰਪ੍ਰੀਤ ਭੀਖੀ ਨੇ ਸਰਕਾਰ ਦੀ ਕਰੜੀ ਅਲੋਚਨਾ ਕਰਦਿਆਂ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਥਾਂ ਕੇਂਦਰ ਸਰਕਾਰ ਦੀ ਤਰਜ਼ 'ਤੇ ਯੂਨੀਫਾਈਡ ਪੈਨਸ਼ਨ ਸਕੀਮ ਲਾਗੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ।ਮੀਟਿੰਗ ਦੌਰਾਨ ਕੁਲਦੀਪ ਅੱਕਾਂਵਾਲੀ, ਜਸਵਿੰਦਰ ਕਾਮਰੇਡ, ਦਮਨਜੀਤ ਸਿੰਘ, ਸੁਖਚੈਨ ਸੇਖੋਂ, ਗੁਰਦੀਪ ਬਰਨਾਲਾ ਵੀ ਹਾਜ਼ਰ ਸਨ।

## ਸ਼ਤਰੰਜ 'ਚ ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਦੀਆਂ ਧੁੰਮਾਂ




ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)-69ਵੀਆਂ ਜ਼ੋਨਲ ਪੱਧਰ ਸ਼ਤਰੰਜ ਸਕੂਲ ਖੇਡਾਂ (2025-26) ਵਿੱਚ ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਧੁੰਮਾਂ ਪਾਈਆਂ ਸਕੂਲ ਦੇ ਪ੍ਰਿੰਸੀਪਲ ਡਾ. ਵੇਦ ਵਰਤ ਪਲਾਹ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਨੇ ਸਰਕਾਰੀ ਹਾਈ ਸਕੂਲ ਰਾਮਗੜ੍ਹ ਭੁੱਲਰ ਵਿਖੇ 69ਵੀਆਂ ਜ਼ੋਨਲ ਪੱਧਰ ਸਕੂਲ ਖੇਡਾਂ ਚੈੱਸ ਮੁਕਾਬਲੇ ਵਿੱਚ ਬੜੇ ਜੋਸ਼ ਨਾਲ ਹਿੱਸਾ ਲਿਆ।ਵਿਦਿਆਰਥੀਆਂ ਨੇ ਆਪਣੀ ਅਣਥੱਕ ਮਿਹਨਤ ਨਾਲ ਇਨ੍ਹਾਂ ਖੇਡਾਂ ਵਿੱਚ ਬੜਾ ਵਧੀਆ ਪ੍ਰਦਰਸ਼ਨ ਕੀਤਾ।ਅੰਡਰ-17 ਲੜਕੀਆਂ ਮੁਕਾਬਲੇ ਵਿੱਚ ਏਂਜਲ ਗੋਇਲ, ਆਯਰਾ ਬਾਂਸਲ, ਪਰੁਲ ਚੋਪੜਾ, ਦੀਵਾਸ਼ੀ ਵਰਮਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਅੰਡਰ-17 ਲੜਕੇ ਮੁਕਾਬਲੇ ਵਿੱਚ ਅਗਮਪ੍ਰੀਤ ਸਿੰਘ, ਤਨਮਯ ਪੱਬੀ, ਆਸ਼ਮਨ ਸਿੰਘ ਲਾਂਬਾ, ਭਵਿਆ ਬਾਂਸਲ, ਸਪਰਸ਼ ਸਿੰਗਲਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਅੰਡਰ-19 ਲੜਕੇ ਮੁਕਾਬਲੇ ਵਿੱਚ ਭਵਿਅਮ, ਅੰਕਿਤ ਖੁੱਲਰ, ਕਰਨਵੀਰ ਸਿੰਘ ਜੋਹਲ, ਹਰਜਾਪ ਸਿੰਘ ਜੋਹਲ, ਨਿਸ਼ਾਂਤ ਸ਼ਰਮਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਪ੍ਰਿੰਸੀਪਲ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਚੈੱਸ ਦਾ ਅਭਿਆਸ ਕਈ ਦਿਨਾਂ ਤੋਂ ਕਰਾਇਆ ਜਾ ਰਿਹਾ ਸੀ ਅਤੇ ਵਿਦਿਆਰਥੀ ਵੀ ਬੜੇ ਧਿਆਨ ਨਾਲ ਸਾਰੇ ਨੁਕਤਿਆਂ ਨੂੰ ਸਮਝ ਕੇ ਉਸਦਾ ਅਭਿਆਸ ਕਰ ਰਹੇ ਸਨ। ਵਿਦਿਆਰਥੀਆਂ ਦੀ ਅਣਥੱਕ ਮਿਹਨਤ, ਉਨ੍ਹਾਂ ਦੇ ਮਾਪਿਆਂ ਦੇ ਸਹਿਯੋਗ ਅਤੇ ਅਧਿਆਪਕਾਂ ਦੇ ਅਸ਼ੀਰਵਾਦ ਸਦਕਾ ਵਿਦਿਆਰਥੀਆਂ ਨੇ ਬਹੁਤ ਵਧੀਆ ਖੇਡ ਪ੍ਰਦਰਸ਼ਨ ਕੀਤਾ ਹੈ।

## ਪੁਲਸ ਨੇ ਬਾਹਮਣੀਵਾਲਾ 'ਚ ਲੋਕਾਂ ਨੂੰ ਨਸ਼ਿਆਂ ਪ੍ਰਤੀ ਕੀਤਾ ਜਾਗਰੂਕ



ਜਲਾਲਾਬਾਦ (ਜੀਤ ਕੁਮਾਰ)-ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਪੰਜਾਬ ਸਰਕਾਰ ਦੀ ਚੱਲ ਰਹੀ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਥਾਣਾ ਵੈਰੋਕੇ ਦੇ ਐੱਸ.ਐੱਚ.ਓ. ਪਰਮਜੀਤ ਸਿੰਘ ਦੀ ਦੇਖ ਰੇਖ ਹੇਠ ਏ.ਐੱਸ.ਆਈ. ਸਵਾਰ ਸਿੰਘ ਵੱਲੋਂ ਪਿੰਡ ਬਾਹਮਣੀਵਾਲਾ ਵਿਖੇ ਮੀਟਿੰਗ ਕਰਕੇ ਨਸ਼ਿਆਂ ਪ੍ਰਤੀ ਲੋਕਾਂ ਜਾਗਰੂਕ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਲੋਕਾਂ ਦੇ ਆਪਸੀ ਰਾਜ਼ੀਨਾਮੇ ਵੀ ਕਰਵਾਏ ਗਏ। ਇਸ ਮੌਕੇ ਏ.ਐੱਸ.ਆਈ. ਸਵਾਰ ਸਿੰਘ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਤੇ ਜੇਕਰ ਕੋਈ ਵਿਅਕਤੀ ਨਸ਼ਾ ਕਰਨ ਦਾ ਆਦੀ ਹੈ ਤਾਂ ਉਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਨਸ਼ਿਆਂ ਦੀ ਦਲਦਲ ਵਿੱਚ ਫਸੇ ਨੌਜਵਾਨ, ਜੋ ਨਸ਼ਾ ਛੱਡਣ ਦੇ ਚਾਹਵਾਨ ਹਨ, ਉਹ ਇਲਾਜ ਕਰਵਾਉਣ, ਜਿਨ੍ਹਾਂ ਦਾ ਇਲਾਜ ਸਰਕਾਰ ਵੱਲੋਂ ਮੁਫਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਨਸ਼ਾ ਵੇਚਣ ਦਾ ਕੰਮ ਕਰਦਾ ਹੈ ਤਾਂ ਉਸ ਦੀ ਜਾਣਕਾਰੀ ਪੁਲਸ ਨੂੰ ਦਿੱਤੀ ਜਾਵੇ, ਜਾਣਕਾਰੀ ਦੇਣ ਵਾਲੇ ਵਿਅਕਤੀ ਦਾ ਨਾਮ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਆਦੇਸ਼ਾਂ ਤਹਿਤ ਪੁਲਸ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਬਖਸ਼ਿਆਂ ਨਹੀਂ ਜਾਵੇਗਾ ਤੇ ਪੁਲਸ ਵੱਲੋਂ ਸਖਤੀ ਨਾਲ ਨਿਪਟਿਆ ਜਾਵੇਗਾ। ਇਸ ਮੌਕੇ ਸਰਪੰਚ ਬਲਵੀਰ ਸਿੰਘ ਤੇ ਹੋਰ ਮੋਹਤਬਰ ਲੋਕਾਂ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਚੱਲ ਰਹੀ ਮੁਹਿੰਮ ਨੂੰ ਪੰਚਾਇਤ ਵੱਲੋਂ ਪੂਰਨ ਸਹਿਯੋਗ ਦਿੱਤਾ ਜਾਵੇਗਾ, ਕਿਉਂਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣਾ ਹਰੇਕ ਨਾਗਰਿਕ ਦਾ ਫਰਜ਼ ਬਣਦਾ ਹੈ। ਇਸ ਮੌਕੇ ਗ੍ਰਾਮ ਪੰਚਾਇਤ ਬਾਹਮਣੀਵਾਲਾ ਦੀ ਗ੍ਰਾਮ ਪੰਚਾਇਤ ਦੇ ਮੋਹਤਬਰ ਲੋਕਾਂ ਦੀ ਹਾਜ਼ਰੀ ਵਿੱਚ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਗਈਆਂ ਹਨ। ਇਸ ਮੌਕੇ ਥਾਣਾ ਵੈਰੋਕੇ ਦੇ ਏ.ਐੱਸ.ਆਈ. ਸਵਾਰ ਸਿੰਘ, ਕਾਲਾ ਸਿੰਘ, ਕੁਲਵੰਤ ਸਿੰਘ, ਪਿੰਡ ਬਾਹਮਣੀਵਾਲਾ ਦੇ ਸਰਪੰਚ ਬਲਵੀਰ ਸਿੰਘ, ਸਾਬਕਾ ਸਰਪੰਚ ਕ੍ਰਿਸ਼ਨ ਸਿੰਘ, ਬਲਕਾਰ ਸਿੰਘ, ਭਜਨ ਸਿੰਘ ਪੰਚ, ਪੰਚ ਪ੍ਰੇਮ ਸਿੰਘ, ਸੁਰਜੀਤ ਸਿੰਘ, ਜੀਤ ਸਿੰਘ ਸਮੇਤ ਵੱਡੀ ਵਿੱਚ ਪੱਤਵੰਤੇ ਮੌਜੂਦ ਸਨ।

# ਤਨਖਾਹ ਤੇ ਪੈਨਸ਼ਨ ਵੇਲੇ ਸਿਰ ਲੈਣ ਲਈ 6 ਨੂੰ ਪੀ ਆਰ ਟੀ ਸੀ ਕਾਮਿਆਂ ਦੀ ਵੱਡੀ ਰੈਲੀ

ਪਟਿਆਲਾ : ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਨ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਰਾਕੇਸ਼ ਕੁਮਾਰ ਦਾਤਾਰਪੁਰੀ ਅਤੇ ਮੁਹੰਮਦ ਖਲੀਲ ਨੇ ਕਿਹਾ ਕਿ ਪਿਛਲੇ ਮਹੀਨੇ ਦੀ ਤਨਖਾਹ ਅਤੇ ਪੈਨਸ਼ਨ ਦੀ ਅਦਾਇਗੀ ਟੁਕੜਾਂ-ਟੁਕੜਾਂ ਕਰਕੇ ਪੂਰੇ ਮਹੀਨੇ ਦੇ ਅੰਤ ਤੱਕ ਕੀਤੀ ਗਈ ਸੀ। ਇਸ ਤਰ੍ਹਾਂ ਦਾ ਆਰਥਕ ਜ਼ੁਲਮ ਕਰਨਾ ਕਾਨੂੰਨ ਦੀ ਨਜ਼ਰ ਵਿੱਚ ਸਰਾਸਰ ਅਤੇ ਇਖ਼ਲਾਕ ਦੇ ਪੱਖ ਤੋਂ ਗੈਰ-ਜ਼ਿੰਮੇਵਾਰਾਨਾ ਵੀ ਹੈ ਅਤੇ ਕਿਰਤੀਆਂ ਦੀ ਮਹੀਨਾ ਭਰ ਕੀਤੀ ਮਿਹਨਤ ਬਦਲੇ ਉਜਰਤ ਨਾ ਦੇਣਾ ਫਰਜ਼ਾਂ ਦੀ ਉਲੰਘਣਾ ਵੀ ਹੈ। ਹੁਣ ਫਿਰ ਮਹੀਨਾ ਅਗਸਤ ਚੜ੍ਹ ਚੁੱਕਾ ਹੈ, ਪਰ ਤਨਖਾਹ/ ਪੈਨਸ਼ਨ ਦੀ ਅਦਾਇਗੀ ਲਈ ਪ੍ਰਬੰਧ ਚੁੱਪ ਹਨ, ਜਿਸ ਤੋਂ ਸਪੱਸ਼ਟ ਹੈ ਕਿ ਪਿਛਲੇ ਮਹੀਨੇ ਵਾਂਗ ਫਿਰ ਖੱਜਲ-ਖੁਆਰ ਕੀਤਾ ਜਾਵੇਗਾ। ਇਹ ਮਹੀਨਾ ਤਿਉਹਾਰਾਂ ਦਾ ਮਹੀਨਾ ਹੈ, ਜਿਸ ਵਿੱਚ ਬਹੁਤ ਹੀ ਮਹੱਤਵਪੂਰਨ ਤਿਉਹਾਰ 9 ਅਗਸਤ ਨੂੰ ਰੱਖੜੀ ਦਾ ਤਿਉਹਾਰ ਹੈ, ਜਿਹੜਾ ਕਿ ਸਮਾਜਿਕ ਪਰੰਪਰਾ ਅਨੁਸਾਰ ਕਾਫੀ ਖਰਚੇ ਵਾਲਾ ਤਿਉਹਾਰ ਹੈ, ਤਾਂ ਫਿਰ ਜੇਕਰ ਵੇਤਨ ਭੋਗੀ ਕਰਮਚਾਰੀ ਦੀ ਜੇਬ ਵਿੱਚ ਪੈਸੇ ਨਹੀਂ ਹੋਣਗੇ ਤਾਂ ਲਾਜ਼ਮੀ ਹੈ ਕਿ ਉਸ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪਵੇਗਾ ਅਤੇ ਮਾਨਸਿਕ ਤਣਾਅ ਵਿੱਚੋਂ ਵੀ ਗੁਜ਼ਰਨਾ ਪਵੇਗਾ।ਐਕਸ਼ਨ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਜ਼ਿੰਮੇਵਾਰ ਨੇਤਾ ਮੁੱਖ ਮੰਤਰੀ, ਖਜ਼ਾਨਾ ਮੰਤਰੀ, ਟਰਾਂਸਪੋਰਟ ਮੰਤਰੀ, ਚੇਅਰਮੈਨ ਆਦਿ ਸਭ ਆਪਣੇ ਫਰਜ਼ ਪਛਾਣਨ, ਫੋਕੀਆਂ ਫੜ੍ਹਾਂ ਵਾਲੇ ਬਿਆਨਾਂ ਨਾਲ ਕਿਸੇ ਦਾ ਢਿੱਡ ਨਹੀਂ ਭਰਦਾ, ਨਵੀਆਂ ਬੱਸਾਂ ਚਾਰ ਸਾਲਾਂ ਵਿੱਚ ਤੁਸੀਂ ਨਹੀਂ ਪੈਣ ਦਿੱਤੀਆਂ, ਮੁਫ਼ਤ ਸਫ਼ਰ ਦੇ 700 ਕਰੋੜ ਰੁਪਏ ਤੁਸੀਂ ਨਹੀਂ ਦੇ ਰਹੇ, ਸਰਕਾਰੀ ਬੱਸਾਂ ਤੁਸੀਂ ਰੈਲੀਆਂ ਵਿੱਚ ਵਰਤ ਕੇ ਜਿੱਥੇ ਪਬਲਿਕ ਨੂੰ ਪਰੇਸ਼ਾਨ ਕਰਦੇ ਹੋ, ਉੱਥੇ ਅਦਾਰੇ ਦਾ ਵਿੱਤੀ ਨੁਕਸਾਨ ਵੀ ਕਰਦੇ ਹੋ। ਘਾਟੇ ਵਾਲੇ ਰੂਟਾਂ 'ਤੇ ਬੱਸਾਂ ਚਲਾਉਣ ਲਈ ਵੀ ਮਹਿਕਮੇ ਨੂੰ ਮਜਬੂਰ ਕਰਦੇ ਹੋ, ਕੀ ਸਰਕਾਰ ਦਾ ਸਿਰਫ ਇਹੀ ਕੰਮ ਰਹਿ ਗਿਆ ਹੈ? ਕੀ ਮੁਲਾਜ਼ਮਾਂ ਨੂੰ ਆਪਣਾ ਘਰ ਦਾ ਸੀਮਤ ਸਾਧਨਾਂ ਨਾਲ ਗੁਜ਼ਾਰਾ ਚਲਾਉਣ ਲਈ ਤਨਖਾਹ/ ਪੈਨਸ਼ਨ ਨਹੀਂ ਚਾਹੀਦੀ? ਇਸ ਤਰ੍ਹਾਂ ਦੇ ਵਰਤਾਰੇ ਨੂੰ ਕਰਮਚਾਰੀ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ। ਐਕਸ਼ਨ ਕਮੇਟੀ ਨੇ ਵਰਕਰਾਂ ਨੂੰ ਸੱਦਾ ਦਿੱਤਾ ਕਿ ਇਸ ਅਨਿਆਂ ਦੇ ਵਿਰੁੱਧ ਵਿੱਚ 6 ਅਗਸਤ ਨੂੰ ਪਟਿਆਲਾ ਬੱਸ ਸਟੈਂਡ 'ਤੇ ਵੱਡੀ ਗਿਣਤੀ ਵਿੱਚ ਪੁੱਜੋ, ਜਿੱਥੇ ਅਣਦੇਖੀ ਕਰਨ ਵਾਲੇ ਸਰਕਾਰੀ ਤਾਕਤ ਦਾ ਆਨੰਦ ਲੈਣ ਵਾਲੇ ਵਰਕਰਾਂ ਤੇ ਆਰਥਿਕ ਤੰਗੀਆਂ ਵਿੱਚ ਸੁੱਟਣ ਵਾਲੇ ਨੇਤਾਵਾਂ ਦੇ ਪੁਤਲੇ ਵੀ ਸਾੜੇ ਜਾਣਗੇ, ਰੈਲੀ ਵੀ ਕੀਤੀ ਜਾਵੇਗੀ ਅਤੇ ਬੱਸ ਅੱਡੇ ਵਿੱਚ ਕਾਫਲੇ ਬੰਨ੍ਹ ਕੇ ਸਰਕਾਰ ਦਾ ਕਿਰਦਾਰ ਵੀ ਨੰਗਾ ਕਰਾਂਗੇ। ਅਗਲਾ ਐਕਸ਼ਨ 12 ਅਗਸਤ ਦਾ ਹੋਵੇਗਾ, ਉਸ ਦੀ ਰੂਪਰੇਖਾ ਦਾ ਵੀ ਐਲਾਨ ਕੀਤਾ ਜਾਵੇਗਾ।ਇਹਨਾਂ ਐਕਸ਼ਨਾਂ ਨੂੰ ਪੀ ਆਰ ਟੀ ਸੀ ਮੋਟਰ ਮਜ਼ਦੂਰ ਯੂਨੀਅਨ ਸੀਟੂ ਵੱਲੋਂ ਵੀ ਭਰਪੂਰ ਸਮਰਥਨ ਦਿੱਤਾ ਜਾ ਰਿਹਾ ਹੈ।

## ਸੁਭਾਸ਼ ਚੰਦਰ ਬੋਸ ਆਪਦਾ ਪ੍ਰਬੰਧਨ ਪੁਰਸਕਾਰ ਲਈ ਅਰਜ਼ੀਆਂ ਦੀ ਮੰਗ

ਪਟਿਆਲਾ (ਥਿੰਦ)-ਭਾਰਤ ਸਰਕਾਰ ਵੱਲੋਂ 'ਸੁਭਾਸ਼ ਚੰਦਰ ਬੋਸ ਆਪਦਾ ਪ੍ਰਬੰਧਨ ਪੁਰਸਕਾਰ' ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ, ਜਿਸ ਵਿੱਚ ਆਪਦਾ ਪ੍ਰਬੰਧਨ ਦੇ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਦੇਣ ਵਾਲੇ ਵਿਅਕਤੀਆਂ ਤੇ ਸੰਸਥਾਵਾਂ ਨੂੰ ਇਸ ਪੁਰਸਕਾਰ ਨਾਲ ਨਿਵਾਜਿਆ ਜਾਵੇਗਾ।ਭਾਰਤ ਸਰਕਾਰ ਦੀ ਨੈਸ਼ਨਲ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਵੱਲੋਂ ਇਸ ਪੁਰਸਕਾਰ ਲਈ 30 ਸਤੰਬਰ 2025 ਤੱਕ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ ਨੇ ਦੱਸਿਆ ਕਿ ਪੁਰਸਕਾਰ ਲਈ ਯੋਗ ਵਿਅਕਤੀ ਜਾਂ ਸੰਸਥਾਵਾਂ ਵੱਲੋਂ ਆਨਲਾਈਨ ਪੋਰਟਲ https://awards.gov.in 'ਤੇ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਚਾਹਵਾਨ ਵਿਅਕਤੀ ਜਾਂ ਸੰਸਥਾਵਾਂ, ਜਿਨ੍ਹਾਂ ਵੱਲੋਂ ਆਪਦਾ ਪ੍ਰਬੰਧਨ ਦੇ ਖੇਤਰ ਵਿੱਚ ਵਧੀਆ ਸੇਵਾਵਾਂ ਦਿੱਤੀਆਂ ਹਨ, ਉਹ ਉਕਤ ਵੈੱਬਸਾਈਟ 'ਤੇ 30 ਸਤੰਬਰ ਤੱਕ ਆਨਲਾਈਨ ਅਪਲਾਈ ਕਰ ਸਕਦੇ ਹਨ।ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਆਪਦਾ ਪ੍ਰਬੰਧਨ 'ਚ ਵਡਮੁੱਲੇ ਯੋਗਦਾਨ ਤੇ ਨਿਸਵਾਰਥ ਸੇਵਾ ਨੂੰ ਮਾਨਤਾ ਦੇਣ ਲਈ 'ਸੁਭਾਸ਼ ਚੰਦਰ ਬੋਸ ਆਪਦਾ ਪ੍ਰਬੰਧਨ ਪੁਰਸਕਾਰ' ਦੀ ਸ਼ੁਰੂਆਤ ਕੀਤੀ ਗਈ ਹੈ, ਜੋ ਹਰੇਕ ਸਾਲ 23 ਜਨਵਰੀ ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਵਸ ਮੌਕੇ ਤਿੰਨ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ।ਉਨ੍ਹਾਂ ਪਟਿਆਲਾ ਜ਼ਿਲ੍ਹੇ ਦੇ ਵਸਨੀਕਾਂ ਨੂੰ ਜੋ ਇਸ ਪੁਰਸਕਾਰ ਲਈ ਯੋਗ ਹਨ, ਨੂੰ ਇਸ ਪੁਰਸਕਾਰ ਲਈ ਆਨਲਾਈਨ ਅਪਲਾਈ ਕਰਨ ਦੀ ਅਪੀਲ ਕੀਤੀ ਹੈ।

## ਮੇਅਰ ਇੰਦਰਜੀਤ ਕੌਰ ਵੱਲੋਂ ਕੇਜਰੀਵਾਲ ਨਾਲ ਮੁਲਾਕਾਤ, ਲੁਧਿਆਣਾ ਲਈ ਵਿਕਾਸ ਪ੍ਰੋਜੈਕਟਾਂ 'ਤੇ ਕੀਤੀ ਚਰਚਾ



ਲੁਧਿਆਣਾ (ਰਾਜ ਸਿੰਗਲਾ)-ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਬੀਤੇ ਦਿਨ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ।ਇਸ ਮੌਕੇ ਦਾ ਫਾਇਦਾ ਉਠਾਉਂਦਿਆਂ ਮੇਅਰ ਇੰਦਰਜੀਤ ਕੌਰ ਨੇ ਸੂਬੇ ਦੇ ਉਦਯੋਗਿਕ ਹੱਬ ਵਜੋਂ ਜਾਣੇ ਜਾਂਦੇ ਸ਼ਹਿਰ ਦੇ ਵਿਕਾਸ ਸੰਬੰਧੀ ਰਾਸ਼ਟਰੀ ਕਨਵੀਨਰ ਕੇਜਰੀਵਾਲ ਨਾਲ ਵਿਸਥਾਰ ਨਾਲ ਗੱਲਬਾਤ ਕੀਤੀ।ਮੇਅਰ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਤੇ ਪੂਰਾ ਵਿਸ਼ਵਾਸ ਹੈ।ਉਹ ਨਿਯਮਤ ਤੌਰ 'ਤੇ ਸੂਬੇ ਦੀ ਬਿਹਤਰੀ ਲਈ ਕੰਮ ਕਰ ਰਹੇ ਹਨ।ਮੇਅਰ ਪ੍ਰਿੰ. ਇੰਦਰਜੀਤ ਕੌਰ ਨੇ ਕਿਹਾ ਕਿ ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ 'ਰੰਗਲਾ ਪੰਜਾਬ' ਬਣਾਉਣ ਲਈ ਕੰਮ ਕਰ ਰਹੀ ਹੈ, ਉੱਥੇ ਹੀ ਉਹ ਲੁਧਿਆਣਾ ਨੂੰ ਨੰਬਰ 1 ਸ਼ਹਿਰ ਬਣਾਉਣ ਲਈ ਨਿਯਮਤ ਤੌਰ 'ਤੇ ਯਤਨ ਕਰ ਰਹੇ ਹਨ।ਜਲਦੀ ਹੀ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਕਰੋੜਾਂ ਰੁਪਏ ਦੇ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ।

# 24 ਨੂੰ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਐੱਸ ਕੇ ਐੱਮ ਵੱਲੋਂ ਮੁੱਲਾਂਪੁਰ 'ਚ ਮਹਾਂ ਰੈਲੀ




ਬੱਧਨੀ ਕਲਾਂ (ਲਵਲੀ ਕੁਮਾਰ)

ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੀ ਸੂਬਾਈ ਮੀਟਿੰਗ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਹੇਠ ਹਿੰਮਤਪੁਰਾ ਦੇ ਗੁਰਦੁਆਰਾ ਮੱਲੋ ਸ਼ਹੀਦ ਵਿਖੇ ਹੋਈ, ਜਿਸ ਵਿੱਚ ਸੂਬਾ ਕਮੇਟੀ ਤੋਂ ਇਲਾਵਾ 14 ਜ਼ਿਲ੍ਹਿਆਂ ਦੇ ਆਗੂਆਂ ਨੇ ਭਾਗ ਲਿਆ।

ਮੀਟਿੰਗ ਨੇ ਪਿਛਲੇ ਪ੍ਰੋਗਰਾਮਾਂ ਦਾ ਰਿਵਿਊ ਕਰਦਿਆਂ 30 ਜੁਲਾਈ ਨੂੰ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਲੈਂਡ ਪੂਲਿੰਗ ਨੀਤੀ ਦੇ ਖ਼ਿਲਾਫ਼ ਕੀਤੇ ਗਏ ਟਰੈਕਟਰ ਮਾਰਚ ਵਿੱਚ ਜਥੇਬੰਦੀ ਵੱਲੋਂ 14 ਜ਼ਿਲ੍ਹਿਆਂ ਵਿੱਚ ਕੀਤੀ ਗਈ ਵੱਡੀ ਸ਼ਮੂਲੀਅਤ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਇਕੱਲੇ ਲੁਧਿਆਣਾ ਜ਼ਿਲ੍ਹੇ ਵਿੱਚ ਹੀ ਜਥੇਬੰਦੀ ਦੇ ਹਜ਼ਾਰਾਂ ਵਰਕਰਾਂ ਤੇ ਆਗੂਆਂ ਨੇ ਆਪਣੇ ਟਰੈਕਟਰਾਂ ਤੇ ਗੱਡੀਆਂ ਸਮੇਤ ਦਾਖਾ, ਜੋਧਾਂ ਅਤੇ ਜਗਰਾਉਂ ਵਿਖੇ ਤਿੰਨ ਥਾਂਵਾਂ 'ਤੇ ਕੀਤੇ ਗਏ ਟਰੈਕਟਰ ਮਾਰਚਾਂ ਵਿੱਚ ਸ਼ਮੂਲੀਅਤ ਕੀਤੀ। ਮੀਟਿੰਗ ਦੇ ਫ਼ੈਸਲਿਆਂ ਦੀ ਜਾਣਕਾਰੀ ਦਿੰਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਦੱਸਿਆ ਕਿ 8 ਅਗਸਤ ਨੂੰ ਜਨਤਕ ਜਥੇਬੰਦੀਆਂ ਵੱਲੋਂ ਮੋਗਾ ਵਿਖੇ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਲੋਕਾਂ ਤੇ ਕੀਤੇ ਜਾ ਰਹੇ ਜਬਰ ਦੇ ਖ਼ਿਲਾਫ਼ ਰੈਲੀ ਕੀਤੀ ਜਾ ਰਹੀ ਹੈ।ਸਾਡੀ ਜਥੇਬੰਦੀ ਉਸ ਰੈਲੀ ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਵੇਗੀ। ਔਰਤ ਮੁਕਤੀ ਦਾ ਚਿੰਨ੍ਹ ਬਣੀ ਸ਼ਹੀਦ ਬੀਬੀ ਕਿਰਨਜੀਤ ਕੌਰ ਮਹਿਲ ਕਲਾਂ ਦਾ 28ਵਾਂ ਯਾਦਗਾਰੀ ਸਮਾਗਮ 12 ਅਗਸਤ ਨੂੰ ਦਾਣਾ ਮੰਡੀ ਮਨਾਇਆ ਜਾ ਰਿਹਾ ਹੈ।ਮੀਟਿੰਗ ਵਿੱਚ ਇਸ ਪ੍ਰੋਗਰਾਮ ਦਾ ਪੋਸਟਰ ਜਾਰੀ ਕੀਤਾ ਗਿਆ।ਜਥੇਬੰਦੀ ਵੱਲੋਂ ਕਿਸਾਨਾਂ ਤੇ ਔਰਤਾਂ ਦੇ ਵੱਡੇ ਕਾਫ਼ਲੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣਗੇ। ਮੀਟਿੰਗ ਨੇ ਲੈਂਡ ਪੂਲਿੰਗ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਨੂੰ ਜ਼ਮੀਨਾਂ ਉੱਪਰ ਨੰਗਾ ਚਿੱਟਾ ਡਾਕਾ ਕਰਾਰ ਦਿੱਤਾ।ਸੂਬਾ ਆਗੂਆਂ ਨੇ ਕਿਹਾ ਕਿ ਇਹ ਨੀਤੀ, ਕਿਸਾਨਾਂ ਤੋਂ ਜ਼ਮੀਨ ਖੋਹ ਕੇ ਉਨ੍ਹਾਂ ਨੂੰ ਖੇਤੀ ਖੇਤਰ ਵਿੱਚੋਂ ਬਾਹਰ ਕਰਨ ਤੇ ਜ਼ਮੀਨਾਂ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਸਾਜ਼ਿਸ਼ ਹੈ।ਇਸ ਨੀਤੀ ਨੂੰ ਰੱਦ ਕਰਾਉਣ ਲਈ ਜਿੱਤ ਤੱਕ ਸੰਘਰਸ਼ ਜਾਰੀ ਰੱਖਣ ਦਾ ਅਹਿਦ ਕਰਦਿਆਂ 24 ਅਗਸਤ ਨੂੰ ਮੁੱਲਾਂਪੁਰ ਦਾਖਾ ਵਿਖੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਕੀਤੀ ਜਾ ਰਹੀ 'ਜ਼ਮੀਨ ਬਚਾਉ, ਪਾਣੀ ਬਚਾਉ, ਪੰਜਾਬ ਬਚਾਉ ਮਹਾਂਰੈਲੀ' ਵਿੱਚ ਵੱਡੀ ਸ਼ਮੂਲੀਅਤ ਕਰਨ ਦਾ ਫ਼ੈਸਲਾ ਕੀਤਾ ਗਿਆ।4 ਅਗਸਤ ਨੂੰ ਕੌਮੀ ਇਨਸਾਫ਼ ਮੋਰਚੇ ਵੱਲੋਂ ਜ਼ਿਲ੍ਹਾ ਪੱਧਰਾਂ ਤੇ ਕੀਤੇ ਜਾ ਰਹੇ ਪ੍ਰੋਗਰਾਮ ਦੀ ਜਥੇਬੰਦੀ ਹਮਾਇਤ ਕਰੇਗੀ।ਜਥੇਬੰਦੀ ਨੇ ਮੰਗ ਕੀਤੀ ਕਿ ਸਿਆਸੀ ਆਧਾਰ ਤੇ ਜੇਲ੍ਹਾਂ ਵਿੱਚ ਬੰਦ ਕੀਤੇ ਸਾਰੇ ਬੁੱਧੀਜੀਵੀਆਂ ਤੇ ਸਿਆਸੀ ਵਿਰੋਧੀਆਂ ਨੂੰ ਰਿਹਾਅ ਕੀਤਾ ਜਾਵੇ।

# ਪਾਰਟੀ ਬਿਕਰਮ ਸਿੰਘ ਮਜੀਠੀਆ ਨਾਲ ਚੱਟਾਨ ਵਾਂਗੂ ਖੜੀ : ਅਕਾਲੀ ਦਲ



ਲੁਧਿਆਣਾ (ਰੈਕਟਰ ਕਥੂਰੀਆ)

ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਸਮੁੱਚੀ ਪਾਰਟੀ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਚੱਟਾਨ ਵਾਂਗੂ ਖੜੀ ਹੈ, ਜਿਨ੍ਹਾਂ ਖਿਲਾਫ 'ਆਪ' ਸਰਕਾਰ ਵੱਲੋਂ ਸਿਆਸੀ ਬਦਲਾਖੋਰੀ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਦੇ ਨਾਗਰਿਕ ਅਧਿਕਾਰਾਂ ਦੀ ਵੀ ਉਲੰਘਣਾ ਕੀਤੀ ਜਾ ਰਹੀ ਹੈ ਤੇ ਹੁਣ ਸਰਕਾਰ ਨੇ ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਦੇ ਯਤਨਾਂ ਵਿਚ ਉਹਨਾਂ ਖਿਲਾਫ਼ ਇਕ ਹੋਰ ਕੇਸ ਦਰਜ ਕਰ ਦਿੱਤਾ ਹੈ।ਸੀਨੀਅਰ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਬਿਕਰਮ ਮਜੀਠੀਆ ਖਿਲਾਫ਼ ਹੁਣ 25 ਜੂਨ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਵਿਚਲੀ ਰਿਹਾਇਸ਼ 'ਤੇ ਛਾਪੇ ਦੌਰਾਨ ਵਿਜੀਲੈਂਸ ਬਿਊਰੋ ਦੀ ਟੀਮ ਦੇ ਕੰਮ ਵਿਚ ਰੁਕਾਵਟ ਪਾਉਣ ਦਾ ਇੱਕ ਹੋਰ ਝੂਠਾ ਕੇਸ ਦਰਜ ਕੀਤਾ ਗਿਆ ਹੈ।ਇਨ੍ਹਾਂ ਆਗੂਆਂ ਨੇ ਕਿਹਾ ਕਿ ਛਾਪੇ ਦੀ ਸਾਰੀ ਕਾਰਵਾਈ ਲਾਈਵ ਚੱਲੀ ਸੀ ਤੇ ਸਪੱਸ਼ਟ ਹੈ ਕਿ ਇਹ ਵਿਜੀਲੈਂਸ ਬਿਊਰੋ ਦੀ ਟੀਮ ਸੀ, ਜਿਸ ਨੇ ਮਜੀਠੀਆ ਨਾਲ ਵਧੀਕੀ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਟੀਮ ਨੂੰ ਕਿਸੇ ਵੀ ਤਰੀਕੇ ਆਪਣਾ ਕੰਮ ਕਰਨ ਤੋਂ ਨਹੀਂ ਰੋਕਿਆ ਗਿਆ।ਉਨ੍ਹਾਂ ਕਿਹਾ ਕਿ ਅਸੀਂ ਵੇਖਿਆ ਹੈ ਕਿ ਕਿਵੇਂ ਹੁਣ ਦੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਾਂਗਰਸ ਆਗੂ ਭਾਰਤ ਭੂਸ਼ਣ ਆਸ਼ੂ ਖਿਲਾਫ ਭ੍ਰਿਸ਼ਟਾਚਾਰ ਕੇਸ ਵਿੱਚ ਇੱਕ ਐਸ ਪੀ ਨੂੰ ਆਸ਼ੂ ਨੂੰ ਗ੍ਰਿਫ਼ਤਾਰ ਕਰਨ ਤੋਂ ਰੋਕਿਆ ਸੀ।ਉਨ੍ਹਾਂ ਕਿਹਾ ਕਿ ਉਸ ਵੇਲੇ ਨਿਆਂ ਦੇ ਰਾਹ ਵਿੱਚ ਰੁਕਾਵਟ ਪਾਉਣ ਦਾ ਕੋਈ ਕੇਸ ਦਰਜ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਮਜੀਠੀਆ ਨੂੰ ਝੂਠੇ ਕੇਸ ਦਾ ਨਿਸ਼ਾਨਾ ਇਸ ਕਰ ਕੇ ਬਣਾਇਆ ਜਾ ਰਿਹਾ ਹੈ, ਕਿਉਂਕਿ ਆਮ ਆਦਮੀ ਪਾਰਟੀ ਮਹਿਸੂਸ ਕਰ ਰਹੀ ਹੈ ਕਿ ਜਿੰਨਾ ਚਿਰ ਮਜੀਠੀਆ ਇੱਕ ਆਮ ਨਾਗਰਿਕ ਵਾਂਗੂ ਘੁੰਮਦੇ ਹਨ ਤਾਂ ਓਨਾ ਚਿਰ ਆਪ ਵਾਲਿਆਂ ਨੂੰ ਲੋਕ ਪਿੰਡਾਂ ਤੇ ਸ਼ਹਿਰਾਂ 'ਚ ਨਹੀਂ ਵੜਨ ਦੇਣਗੇ।ਮਹੇਸ਼ਇੰਦਰ ਸਿੰਘ ਗਰੇਵਾਲ ਤੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਨਵਾਂ ਕੇਸ ਵੀ ਮਜੀਠੀਆ ਪਰਿਵਾਰ 'ਤੇ ਦਬਾਅ ਬਣਾਉਣ ਲਈ ਦਰਜ ਕੀਤਾ ਗਿਆ ਹੈ, ਕਿਉਂਕਿ ਅਕਾਲੀ ਦਲ ਦੇ ਵਿਧਾਇਕ ਗਨੀਵ ਕੌਰ ਮਜੀਠੀਆ ਨੇ ਚੰਡੀਗੜ੍ਹ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਕੇ ਕਿਹਾ ਹੈ ਕਿ ਵਿਜੀਲੈਂਸ ਬਿਊਰੋ ਦੀ ਟੀਮ ਬਿਨਾਂ ਕਿਸੇ ਸਰਚ ਵਾਰੰਟ ਦੇ ਉਨ੍ਹਾਂ ਦੀ ਚੰਡੀਗੜ੍ਹ ਵਿਚਲੀ ਸਰਕਾਰੀ ਰਿਹਾਇਸ਼ ਵਿਚ ਦਾਖਲ ਹੋਈ, ਜਦੋਂਕਿ ਉਹ ਆਪ ਅੰਮ੍ਰਿਤਸਰ ਵਿੱਚ ਸਨ।ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੂੰ ਡਰ ਹੈ ਕਿ ਹੁਣ ਇਸਦੀ ਵਿਜੀਲੈਂਸ ਟੀਮ ਦੇ ਖਿਲਾਫ਼ ਕੇਸ ਦਰਜ ਹੋਵੇਗਾ ਤੇ ਇਸੇ ਲਈ ਉਨ੍ਹਾਂ ਨੇ ਮਜੀਠੀਆ ਖਿਲਾਫ ਦੂਜਾ ਝੂਠਾ ਕੇਸ ਦਰਜ ਕਰ ਦਿੱਤਾ ਹੈ।ਦਾਖਾ ਦੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਬਣਾਈ ਆਨੰਤ ਐਨਕਲੇਵ ਕਲੋਨੀ ਦੇ ਵਿਵਾਦ ਬਾਰੇ ਸਵਾਲ ਦੇ ਜਵਾਬ ਵਿੱਚ ਗਰੇਵਾਲ ਨੇ ਕਿਹਾ ਕਿ ਇਹ ਸਪੱਸ਼ਟ ਹੈ ਕਿ ਇਯਾਲੀ ਦਾ 'ਆਪ' ਸਰਕਾਰ ਨਾਲ ਸਮਝੌਤਾ ਹੋਇਆ ਹੈ, ਕਿਉਂਕਿ ਉਨ੍ਹਾਂ ਨੂੰ ਉਨ੍ਹਾਂ ਦੀ ਕਲੋਨੀ ਤੱਕ ਪਹੁੰਚ ਵਾਸਤੇ ਸਰਕਾਰੀ ਜਾਇਦਾਦ 'ਤੇ ਸੜਕ ਬਣਾਉਣ ਦੀ ਆਗਿਆ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਇਸੇ ਤਰੀਕੇ ਇਯਾਲੀ ਨੇ ਆਪਣੇ ਪੁੱਤਰ ਦੇ ਸਹੁਰੇ ਸਾਬਕਾ ਡੀ ਆਈ ਜੀ ਗੁਰਪ੍ਰੀਤ ਸਿੰਘ ਗਿੱਲ ਨੂੰ ਲੁਧਿਆਣਾ ਪੱਛਮੀ ਦੀ ਚੋਣ ਵਿਚ ਆਪ ਵਿੱਚ ਸ਼ਾਮਲ ਕਰਵਾਇਆ ਤਾਂ ਜੁ ਉਹ ਆਨੰਤ ਐਨਕਲੇਵ ਦੇ ਮਾਮਲੇ ਵਿਚ ਹੋਈਆਂ ਬੇਨਿਯਮੀਆਂ ਦੇ ਮਾਮਲੇ ਵਿੱਚ ਕਿਸੇ ਵੀ ਕਾਰਵਾਈ ਤੋਂ ਬਚ ਸਕਣ।

# ਐੱਸ ਬੀ ਐੱਸ ਸਟੇਟ ਯੂਨੀਵਰਸਿਟੀ 'ਚ ਇੰਡਕਸ਼ਨ ਪ੍ਰੋਗਰਾਮ ਦੀ ਸ਼ੁਰੂਆਤ




ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਰਹੱਦੀ ਜ਼ਿਲ੍ਹੇ ਫਿਰੋਜ਼ਪੁਰ ਦੀ ਮੰਨੀ ਪ੍ਰਮੰਨੀ ਸੰਸਥਾ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫ਼ਿਰੋਜ਼ਪੁਰ ਵਿੱਚ ਦਾਖਲਾ ਲੈਣ ਵਾਲੇ ਨਵੇਂ ਸੈਸ਼ਨ ਦੇ ਵਿਦਿਆਰਥੀਆਂ ਲਈ ਸੰਸਥਾ ਦੇ ਉੱਪ-ਕੁਲਪਤੀ ਡਾ. ਸੁਸ਼ੀਲ ਮਿੱਤਲ ਦੇ ਦਿਸ਼ਾ ਨਿਰਦੇਸ਼ਾਂ, ਕੈਂਪਸ ਰਜਿਸਟਰਾਰ ਪ੍ਰੋ. ਡਾ. ਗਜ਼ਲਪ੍ਰੀਤ ਸਿੰਘ ਦੀ ਅਗਵਾਈ ਤੇ ਪ੍ਰੋ. ਡਾ. ਕਿਰਨਜੀਤ ਕੌਰ ਪ੍ਰੋਗਰਾਮ ਕੋਆਰਡੀਨੇਟਰ ਵੱਲੋਂ ਦੋ ਹਫ਼ਤੇ ਦੇ ਇੰਡਕਸ਼ਨ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਕੈਂਪਸ ਰਜਿਸਟਰਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਣ ਤੋਂ ਬਾਅਦ ਮੁੱਖ ਮਹਿਮਾਨ ਵੱਲੋਂ ਸ਼ਮ੍ਹਾ ਰੋਸ਼ਨ ਕਰਕੇ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਨੇ ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਉੱਪ ਕੁਲਪਤੀ ਵੱਲੋਂ ਨਵੇਂ ਵਿਦਿਆਰਥੀਆਂ ਲਈ ਭੇਜੀਆਂ ਸ਼ੁੱਭ ਇੱਛਾਵਾਂ ਦਿੱਤੀਆਂ ਤੇ ਕਿਹਾ ਕਿ ਤੁਸੀਂ ਆਪਣੇ ਜੀਵਨ ਦੇ ਇਕ ਅਹਿਮ ਪੜਾਅ 'ਚ ਦਾਖਲ ਹੋਏ ਹੋ, ਜਿੱਥੋਂ ਤੁਸੀਂ ਜ਼ਿੰਦਗੀ ਦੇ ਵਿਲੱਖਣ ਤਜਰਬੇ, ਨਵੇਂ ਸਪਨੇ ਸਿਜੋਂਦਿਆਂ ਤੇ ਜ਼ਿੰਦਗੀ ਨੂੰ ਸਹੀ ਦਿਸ਼ਾ ਦਿੰਦੇ ਹੋਏ ਤਰੱਕੀ ਦੀਆਂ ਉਚਾਈਆਂ ਨੂੰ ਛੂਹੋਗੇ। ਉਨ੍ਹਾਂ ਦੁਨੀਆ ਦੇ ਮਹਾਨ ਵਿਅਕਤੀਆਂ ਦੇ ਸੰਘਰਸ਼ਾਂ ਤੇ ਉਨ੍ਹਾਂ ਦੀਆਂ ਮਹਾਨ ਦੀਆਂ ਪ੍ਰਾਪਤੀਆਂ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਅਗਰ ਤੁਸੀਂ ਮੰਨ ਵਿੱਚ ਠਾਣ ਲਵੋ ਤਾਂ ਦੁਨੀਆ 'ਚ ਕੁਝ ਵੀ ਅਸੰਭਵ ਨਹੀਂ। ਉਨ੍ਹਾਂ ਕਿਹਾ ਇਸ ਸੰਸਥਾ ਤੋਂ ਪੜ੍ਹਾਈ ਕਰ ਚੁੱਕੇ ਬਹੁਤ ਸਾਰੇ ਵਿਦਿਆਰਥੀ ਦੇਸ਼ ਦੇ ਵੱਕਾਰੀ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਰਹੇ ਹਨ ਤੇ ਆਪਣਾ, ਆਪਣੀ ਸੰਸਥਾ ਤੇ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਤਾਕੀਦ ਕਰਦਿਆਂ ਆਸ ਪ੍ਰਗਟਾਈ ਕਿ ਉਹ ਇਸ ਯੂਨੀਵਰਸਿਟੀ ਦੇ ਅਨੁਸ਼ਾਸਨ ਦੀ ਪਾਲਣਾ ਕਰਨਗੇ ਤੇ ਆਪਣੀ ਪੜ੍ਹਾਈ ਰਾਹੀਂ ਬੁਲੰਦੀਆਂ 'ਤੇ ਪਹੁੰਚ ਕੇ ਆਪਣੀ ਸੰਸਥਾ ਤੇ ਆਪਣੇ ਮਾਂ-ਬਾਪ ਦਾ ਨਾਮ ਰੋਸ਼ਨ ਕਰਨਗੇ। ਪ੍ਰੋਗਰਾਮ ਦੇ ਕੋਆਰਡੀਨੇਟਰ ਪ੍ਰੋ. ਡਾ. ਕਿਰਨਜੀਤ ਕੌਰ ਨੇ ਦੱਸਿਆ ਕਿ ਇਸ ਦੋ ਹਫ਼ਤੇ ਦੇ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੂੰ ਵੱਖ ਵੱਖ ਉੱਘੇ ਵਿਸ਼ਾ ਮਾਹਰਾਂ ਦੇ ਭਾਸ਼ਣ ਜਿਨ੍ਹਾਂ ਵਿੱਚ ਇੰਡੀਅਨ ਇਸਟੀਚਿਊਟ ਆਫ ਮੈਨੇਜਮੈਂਟ ਅਹਿਮਦਾਬਾਦ ਦੇ ਐਲੂਮਨੀ ਸੋਨੀ ਗੋਇਲ ਕੈਰੀਅਰ ਸਲਾਹਕਾਰ, ਕੌਂਸਲਰ, ਪ੍ਰੇਰਨਾਦਾਇਕ ਸਪੀਕਰ, ਰਮਨਪ੍ਰੀਤ ਕੌਰ ਸਟੇਟ ਐਵਾਰਡੀ ਤੇ ਸੰਸਥਾਪਕ ਗ੍ਰੀਨ ਸਪੈਰੋ ਪ੍ਰੋਜੈਕਟ, ਵੋਮੈਨ ਇੰਪਾਵਰਮੈਂਟ ਜਲੰਧਰ, ਦੀਪਕ ਸ਼ਰਮਾ ਸੰਸਥਾਪਕ ਮਯੰਕ ਫਾਊਂਡੇਸ਼ਨ ਫਿਰੋਜ਼ਪੁਰ ਤੇ ਮੈਂਬਰ ਪੰਜਾਬ ਰੋਡ ਸੇਫਟੀ ਐਡਵਾਈਜ਼ਰੀ ਕਮੇਟੀ ਡਾ. ਰਾਜੀਵ ਮਨਹਾਸ ਬਾਬਾ ਫਰੀਦ ਯੂਨੀਵਰਸਿਟੀ ਫ਼ਰੀਦਕੋਟ, ਰਿਟਾਇਰਡ ਡਾ. ਜੀ ਐੱਸ ਢਿੱਲੋਂ ਵਿਸ਼ਾ (ਹੈਲਥ ਤੇ ਸਪੋਰਟਸ) ਆਦਿ ਸ਼ਾਮਲ ਹਨ। ਇਸ ਮੌਕੇ ਡੀਨ ਸਟੂਡੈਂਟ ਵੈੱਲਫੇਅਰ ਡਾ. ਤੇਜੀਤ ਸਿੰਘ, ਅਕੈਡਮਿਕ ਇੰਚਾਰਜ ਡਾ. ਰਾਜੀਵ ਗਰਗ, ਪ੍ਰੋ. ਨਵਤੇਜ ਸਿੰਘ ਘੁੰਮਣ, ਡਾ. ਸੁਨੀਲ ਬਹਿਲ, ਡਾ. ਪੰਕਜ ਕਾਲੜਾ, ਡਾ. ਰਜਨੀ, ਪ੍ਰੋ. ਇੰਦਰਜੀਤ ਗਿੱਲ, ਪੀ ਆਰ ਓ ਯਸ਼ਪਾਲ, ਲੈਬ ਸੁਪਰਡੈਂਟ ਗੁਰਪ੍ਰੀਤ ਸਿੰਘ ਤੋਂ ਇਲਾਵਾ ਭਾਰੀ ਗਿਣਤੀ 'ਚ ਫੈਕਲਟੀ, ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### ਉੱਤਰਾਖੰਡ ਪੰਚਾਇਤ...

ਜੀਨਾ ਬੁਬਲਿਆ ਏਰੀਆ ਪੰਚਾਇਤ ਸੀਟ ਹਾਰ ਗਿਆ। ਮਹੇਸ਼ ਅਲਮੋੜਾ ਦੇ ਸਾਲਟ ਤੋਂ ਵਿਧਾਇਕ ਹੈ।

ਮਹਿੰਦਰ ਭੱਟ ਦਾ ਦਾਅਵਾ ਹੈ ਕਿ ਪਾਰਟੀ ਨੇ 216 ਸੀਟਾਂ ਜਿੱਤੀਆਂ ਹਨ ਤੇ ਬਹੁਮਤ ਬੋਰਡਾਂ 'ਤੇ ਕਾਬਜ਼ ਹੋਵੇਗੀ। ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਸੂਰੀਆਕਾਂਤ ਧਸਮਾਨਾ ਨੇ ਕਿਹਾ ਕਿ ਪਾਰਟੀ ਨੇ ਨਾ ਸਿਰਫ ਪਿੰਡਾਂ ਵਿੱਚ ਹੀ, ਸ਼ਹਿਰਾਂ ਵਿੱਚ ਵੀ ਕਾਫੀ ਖੱਟਿਆ ਹੈ। ਦੇਹਰਾਦੂਨ ਦੀਆਂ 30 ਵਿੱਚੋਂ 12 ਸੀਟਾਂ ਕਾਂਗਰਸ ਨੇ ਜਿੱਤੀਆਂ ਤੇ ਚਾਰ ਹੋਰ ਜੇਤੂ ਕਾਂਗਰਸੀ ਪਿਛੋਕੜ ਵਾਲੇ ਹਨ। ਭਾਜਪਾ ਨੇ 7 ਸੀਟਾਂ ਜਿੱਤੀਆਂ ਹਨ। ਧਸਮਾਨਾ ਨੇ ਕਿਹਾ ਕਿ ਕਾਂਗਰਸ ਨੇ ਗੜ੍ਹਵਾਲ ਤੇ ਕੁਮਾਊਂ ਦੋਹਾਂ ਖੇਤਰਾਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਹੈ। ਕਾਂਗਰਸ 12 ਜ਼ਿਲ੍ਹਿਆਂ ਵਿੱਚੋਂ 8 ਤੋਂ 10 ਜ਼ਿਲ੍ਹਾ ਪੰਚਾਇਤ ਬੋਰਡਾਂ 'ਤੇ ਕਾਬਜ਼ ਹੋਵੇਗੀ।


ਕਾਂਗਰਸ ਦੇ ਤਰਜਮਾਨ ਸ਼ੀਸ਼ਪਾਲ ਬਿਸ਼ਟ ਨੇ ਕਿਹਾ ਕਿ ਪਾਰਟੀ 2027 ਦੀਆਂ ਅਸੈਂਬਲੀ ਚੋਣਾਂ ਵਿੱਚ ਜਿੱਤ ਬਾਰੇ ਆਸਵੰਦ ਹੈ। 2019 ਵਿੱਚ ਜਿਹੜੀ ਹਾਲਤ ਕਾਂਗਰਸ ਦੀ ਹੋਈ ਸੀ, ਉਹੀ ਹੁਣ ਭਾਜਪਾ ਦੀ ਹੈ।

# ਸੁਨਿਆਰੇ ਦੀ ਦੁਕਾਨ 'ਤੇ ਗੋਲੀ ਚਲਾਉਣ ਵਾਲੇ ਅਸਲੇ ਸਮੇਤ ਕਾਬੂ



ਜਗਰਾਉਂ (ਸੰਜੀਵ ਅਰੋੜਾ)-ਬੀਤੇ ਦਿਨੀਂ ਕਮਲ ਚੌਕ ਵਿਖੇ ਸੁਨਿਆਰੇ ਦੀ ਦੁਕਾਨ 'ਤੇ ਗੋਲੀਆਂ ਚਲਾਉਣ ਵਾਲੇ ਗੈਂਗਸਟਰਾਂ ਨੂੰ ਪੁਲਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਸਬੰਧੀ ਅੱਜ ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐੱਸ ਐੱਸ ਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਪ੍ਰੈੱਸ ਕਾਨਫਰੰਸ ਕੀਤੀ ਗਈ, ਜਿਸ 'ਚ ਡੀ ਐੱਸ ਪੀ (ਡੀ) ਇੰਦਰਜੀਤ ਸਿੰਘ ਬੋਪਾਰਾਏ, ਡੀ ਐੱਸ ਪੀ ਜਸਯੋਤ ਸਿੰਘ, ਸੀਆਈਏ ਸਟਾਫ ਦੇ ਮੁੱਖ ਅਫਸਰ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਤੇ ਥਾਣਾ ਸਿਟੀ ਦੇ ਮੁੱਖ ਅਫਸਰ ਵਰਿੰਦਰਪਾਲ ਸਿੰਘ ਮੌਜੂਦ ਸਨ। ਜਾਣਕਾਰੀ ਦਿੰਦੇ ਹੋਏ ਐੱਸ ਐੱਸ ਪੀ ਡਾਕਟਰ ਅੰਕੁਰ ਗੁਪਤਾ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਕਮਲ ਚੌਕ ਵਿਖੇ ਸਥਿਤ ਇੱਕ ਕੰਡਾ ਜਵੈਲਰ ਦੀ ਦੁਕਾਨ 'ਤੇ ਗੋਲੀ ਚੱਲਣ ਦਾ ਮਾਮਲਾ ਸਾਹਮਣੇ ਆਇਆ ਸੀ। ਮੌਕੇ 'ਤੇ ਮੌਜੂਦ ਪਰਮਿੰਦਰ ਸਿੰਘ ਨੇ ਆਪਣੇ ਬਿਆਨਾਂ ਵਿੱਚ ਲਿਖਾਇਆ ਕਿ ਦੁਪਹਿਰ ਦੇ ਸਮੇਂ ਕਮਲ ਚੌਕ ਵਾਲੀ ਸਾਈਡ ਤੋਂ ਮੋਟਰਸਾਈਕਲ 'ਤੇ ਸਵਾਰ ਦੋ ਮੋਨੇ ਨੌਜਵਾਨ ਆਏ, ਜਿਨ੍ਹਾਂ ਨੇ ਆਪਣੇ ਮੂੰਹ 'ਤੇ ਕੱਪੜਾ ਬੰਨ੍ਹਿਆ ਹੋਇਆ ਸੀ, ਉਹ ਦੁਕਾਨ 'ਤੇ ਅੱਗੇ ਆ ਕੇ ਰੁਕ ਗਏ ਤੇ ਮੋਟਰਸਾਈਕਲ ਦੇ ਪਿੱਛੇ ਬੈਠੇ ਨੌਜਵਾਨ ਨੇ ਪਿਸਤੌਲ ਕੱਢ ਕੇ ਦੁਕਾਨ ਵੱਲ ਫਾਇਰ ਕੀਤਾ। ਇਹ ਫਾਇਰ ਦੁਕਾਨ ਦੇ ਸ਼ੀਸ਼ੇ 'ਤੇ ਲੱਗਾ ਤੇ ਬਾਅਦ ਵਿੱਚ ਉਹ ਦੋਨੋ ਨੌਜਵਾਨ ਮੌਕੇ ਤੋਂ ਭੱਜ ਗਏ। ਪੁਲਸ ਵੱਲੋਂ ਕਾਰਵਾਈ ਕਰਦੇ ਤਕਨੀਕੀ ਸਾਧਨਾਂ ਤੇ ਸੀਸੀਟੀਵੀ ਕੈਮਰਿਆਂ ਦੀ ਚੈਕਿੰਗ ਕੀਤੀ ਗਈ। ਤਫਤੀਸ਼ ਦੇ ਦੌਰਾਨ ਗਗਨਦੀਪ ਸਿੰਘ ਤੇ ਲਿਆਕਤ ਅਲੀ ਨੂੰ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀ ਦੌਰਾਨ ਇਨ੍ਹਾਂ ਪਾਸੋਂ ਵਾਰਦਾਤ ਸਮੇਂ ਵਰਤਿਆ 32 ਬੋਰ ਦਾ ਰਿਵਾਲਵਰ ਤੇ ਦੋ ਮੈਗਜ਼ੀਨ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਹੋਏ। ਜਾਣਕਾਰੀ ਦਿੰਦੇ ਹੋਏ ਐੱਸ ਐੱਸ ਪੀ ਡਾਕਟਰ ਅੰਕੁਰ ਗੁਪਤਾ ਨੇ ਕਿਹਾ ਕਿ ਦੋਵਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ। ਗੱਲਬਾਤ ਦੌਰਾਨ ਐੱਸ ਐੱਸ ਪੀ ਨੇ ਕਿਹਾ ਕਿ ਇਹ ਲੋਕਲ ਟਾਈਪ ਦੇ ਗੁੰਡੇ ਹਨ, ਛੋਟੀਆਂ ਮੋਟੀਆਂ ਫਿਰੌਤੀਆਂ ਦੀ ਮੰਗ ਕਰਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਉੱਪਰ ਪਹਿਲਾਂ ਵੀ ਵੱਖ-ਵੱਖ ਧਾਰਾਵਾਂ ਦੇ ਹੇਠ ਮੁਕੱਦਮੇ ਦਰਜ ਹਨ। ਇਸ ਤਰ੍ਹਾਂ ਦੇ ਕ੍ਰਾਈਮ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਲੋਕਾਂ ਦੇ ਅਮਨ ਚੈਨ ਲਈ ਵਚਨਬੱਧ ਹੈ।

## ਐੱਨ ਐੱਸ ਐੱਸ ਵਲੰਟੀਅਰਾਂ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਦਾ ਸਫ਼ਲ ਆਯੋਜਨ





ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਦੇ 100 ਤੋਂ ਵੱਧ ਐੱਨ ਐੱਸ ਐੱਸ ਵਲੰਟੀਅਰਾਂ ਵੱਲੋਂ ਜ਼ਿਲ੍ਹਾ ਕੋਰਟ ਕੰਪਲੈਕਸ ਸਾਹਮਣੇ ਪੌਦੇ ਲਗਾਉਣ ਦੀ ਮੁਹਿੰਮ ਦਾ ਸਫ਼ਲ ਆਯੋਜਨ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਵਾਤਾਵਰਣ ਦੀ ਸਾਂਭ-ਸੰਭਾਲ ਕਰਨਾ, ਆਲੇ ਦੁਆਲੇ ਨੂੰ ਸਾਫ਼ ਸੁਥਰਾ ਰੱਖਣਾ ਤੇ ਹਰੇ-ਭਰੇ ਵਾਤਾਵਰਣ ਸਬੰਧੀ ਜਾਗਰੂਕਤਾ ਫੈਲਾਉਣਾ ਸੀ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਾਤਾਵਰਣ ਸੁਰੱਖਿਆ ਹਰ ਨਾਗਰਿਕ ਦਾ ਨੈਤਿਕ ਫਰਜ਼ ਹੈ, ਇਸ ਲਈ ਵਾਤਾਵਰਣ ਨੂੰ ਬਚਾਉਣ ਲਈ ਹਰ ਕਿਸੇ ਨੂੰ ਆਪਣਾ ਬਣਦਾ ਯੋਗਦਾਨ ਦੇਣਾ ਚਾਹੀਦਾ ਹੈ।ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਤੇ ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਸੁਰੱਖਿਆ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ।ਇਸ ਸਮਾਗਮ ਵਿੱਚ ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ ਚੇਅਰਪਰਸਨ ਡੀ.ਐੱਲ.ਐੱਸ.ਏ. ਅਰੁਣ ਗੁਪਤਾ, ਸੀ.ਜੇ.ਐੱਮ. ਸਕੱਤਰ ਡੀ ਐੱਲ ਐੱਸ ਏ ਅਸ਼ੋਕ ਕੁਮਾਰ ਚੌਹਾਨ, ਐੱਸ.ਐੱਸ.ਪੀ. ਫ਼ਤਹਿਗੜ੍ਹ ਸਾਹਿਬ ਸ਼ੁਭਮ ਅਗਰਵਾਲ ਤੇ ਡਿਫੈਂਸ ਕੌਂਸਲ ਸਰਤਾਜ ਸਿੰਘ ਸੋਢੀ ਸਮੇਤ ਪਤਵੰਤੇ ਸੱਜਣ ਸ਼ਾਮਲ ਹੋਏ।ਇਸ ਮੌਕੇ ਐੱਨ ਐੱਸ ਐੱਸ ਪ੍ਰੋਗਰਾਮ ਅਫ਼ਸਰਾਂ ਪ੍ਰੋ. ਬੀਰਿੰਦਰ ਸਿੰਘ ਸਰਾਓ, ਪ੍ਰੋ. ਰਵਿੰਦਰ ਕੌਰ, ਪ੍ਰੋ. ਹਰਬਿੰਦਰ ਸਿੰਘ, ਡਾ. ਨੈਨਾ ਖੁੱਲਰ ਤੇ ਪ੍ਰੋ. ਹਰਮਨਜੋਤ ਕੌਰ ਦੀ ਅਗਵਾਈ ਵਿੱਚ ਐੱਨ.ਐੱਸ.ਐੱਸ. ਵਲੰਟੀਅਰਾਂ ਵੱਲੋਂ ਵਿਦਿਆਰਥੀਆਂ ਵਿੱਚ ਵਾਤਾਵਰਣ ਜਾਗਰੂਕਤਾ ਸਬੰਧੀ ਜ਼ਿੰਮੇਵਾਰੀ ਨੂੰ ਉਤਸ਼ਾਹਤ ਕੀਤਾ ਗਿਆ।

## ਊਧਮ ਸਿੰਘ ਦੇ ਸ਼ਹੀਦੀ ਦਿਵਸ 'ਤੇ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ




ਦੋਰਾਹਾ (ਹਰਮਿੰਦਰ ਸੇਠ)-ਦੋਰਾਹਾ ਸ਼ਹਿਰ ਦੀ ਨਾਮਵਰ ਸੰਸਥਾ ਯੂਰੋ ਕਿਡਜ਼ ਤੇ ਡ੍ਰੀਮ ਬੇਰੀ ਕਾਨਵੈਂਟ ਸਕੂਲ ਦੋਰਾਹਾ ਵਿਖੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਮੈਨੇਜਿੰਗ ਡਾਇਰੈਕਟਰ ਰਜਤ ਸ਼ਰਮਾ ਦੀ ਅਗਵਾਈ ਹੇਠ ਤੇ ਪ੍ਰਿੰਸੀਪਲ ਸੁਰਿੰਦਰ ਕੌਰ ਦੀ ਦੇਖ-ਰੇਖ ਬੱਚਿਆਂ ਲਈ ਮੁਫਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ ਛੋਟੇ ਬੱਚਿਆਂ ਦਾ ਜਨਰਲ ਚੈੱਕਅਪ ਜਿਵੇਂ ਕੱਦ, ਭਾਰ ਤੇ ਸਿਹਤ ਸੰਬੰਧੀ ਵਿਸ਼ੇਸ਼ ਚੈੱਕਅਪ ਕੀਤਾ ਗਿਆ।ਡਾਇਰੈਕਟਰ ਰਜਤ ਸ਼ਰਮਾ ਨੇ ਦੱਸਿਆ ਕਿ ਕੈਂਪ ਵਿੱਚ ਬੱਚਿਆਂ ਦੇ ਮਾਹਰ ਡਾ. ਮਨੂੰ ਬੱਤਾ ਤੇ ਉਨ੍ਹਾਂ ਦੀ ਸਾਰੀ ਟੀਮ ਡਾਕਟਰੀ ਸੇਵਾਵਾਂ ਦੇਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ।ਕੈਂਪ ਵਿੱਚ 100 ਦੇ ਕਰੀਬ ਬੱਚਿਆਂ ਦਾ ਚੈੱਕਅਪ ਕੀਤਾ।ਡਾਕਟਰਾਂ ਨੇ ਬੱਚਿਆਂ ਨੂੰ ਸਿਹਤ ਨੂੰ ਤੰਦਰੁਸਤ ਰੱਖਣ ਲਈ ਸਿਹਤਮੰਦ ਭੋਜਨ ਖਾਣ ਪੀਣ ਲਈ ਪ੍ਰੇਰਿਤ ਕੀਤਾ।ਇਸ ਸਮੇਂ ਡਾਇਰੈਕਟਰ ਰਜਤ ਸ਼ਰਮਾ ਤੇ ਪ੍ਰਿੰਸੀਪਲ ਸੁਰਿੰਦਰ ਕੌਰ ਵੱਲੋਂ ਡਾ. ਮਨੂੰ ਬੱਤਾ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੂਲ ਦੇ ਚੇਅਰਮੈਂਨ ਪ੍ਰਿੰਸੀਪਲ ਜਤਿੰਦਰ ਸ਼ਰਮਾ, ਡਾਇਰੈਕਟਰ ਨੀਰਜ ਸ਼ਰਮਾ, ਸੋਨੀਆ ਗੋਇਲ, ਸੁਮਨ ਸ਼ਰਮਾ ਤੇ ਸ਼ੁਭਮ ਸ਼ਰਮਾ ਸਮੇਤ ਪ੍ਰਿੰਸੀਪਲ ਸੁਰਿੰਦਰ ਕੌਰ ਤੋਂ ਇਲਾਵਾ ਅਮਨਦੀਪ ਕੌਰ, ਜਸਵਿੰਦਰ ਕੌਰ, ਕੋਮਲ ਸ਼ਰਮਾ, ਲਵਪ੍ਰੀਤ ਕੌਰ, ਮੁਸਕਾਨ ਭਾਟੀਆ, ਸੀਮਾ ਵਰਮਾ ਤੇ ਜਸਪ੍ਰੀਤ ਕੌਰ, ਬਲਜੀਤ ਕੌਰ, ਸਰਬਜੀਤ, ਮੀਨਾਕਸ਼ੀ ਮੀਨੂੰ, ਇੰਦਰਜੀਤ ਸਿੰਘ, ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।

## ਕੈਂਬ੍ਰਿਜ ਦੀ ਨਿਧੀ ਟੱਕਰ ਨੇ ਕਰਾਟੇ 'ਚ ਪਹਿਲਾ ਸਥਾਨ ਜਿੱਤਿਆ




ਕੋਟ ਈਸੇ ਖਾਂ (ਅਰੋੜਾ)-ਕੈਂਬ੍ਰਿਜ ਕਾਨਵੈਂਟ ਸਕੂਲ, ਜੋ ਕਿ ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿੱਚ ਆਪਣੇ ਸਰਵ ਉੱਤਮ ਯੋਗਦਾਨ ਲਈ ਜਾਣਿਆ ਜਾਂਦਾ ਹੈ, ਦੀ ਨੌਵੀਂ ਕਲਾਸ ਦੀ ਵਿਦਿਆਰਥਣ ਨਿਧੀ ਟੱਕਰ ਨੇ ਜ਼ਿਲ੍ਹਾ ਪੱਧਰੀ ਕਰਾਟੇ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਤੇ ਆਪਣੇ ਮਾਪਿਆਂ ਦਾ ਸਿਰ ਫ਼ਖਰ ਨਾਲ ਉੱਚਾ ਕੀਤਾ ਹੈ।ਨਿਧੀ ਟੱਕਰ ਹੁਣ ਅਗਸਤ-ਸਤੰਬਰ ਵਿੱਚ ਹੋਣ ਵਾਲੀ ਰਾਜ ਪੱਧਰੀ ਕਰਾਟੇ ਚੈਂਪੀਅਨਸ਼ਿਪ ਵਿੱਚ ਵੀ ਹਿੱਸਾ ਲਵੇਗੀ।ਇਸ ਮੌਕੇ ਸਕੂਲ ਪ੍ਰਿੰਸੀਪਲ ਨੇ ਕਿਹਾ ਕਿ ਸਾਨੂੰ ਨਿਧੀ ਦੀ ਕਾਮਯਾਬੀ 'ਤੇ ਮਾਣ ਹੈ।ਸਾਡਾ ਸਕੂਲ ਹਮੇਸ਼ਾ ਹੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵੱਲ ਧਿਆਨ ਦਿੰਦਾ ਹੈ।ਸਕੂਲ ਦੇ ਚੇਅਰਮੈਨ ਨੇ ਵੀ ਵਿਦਿਆਰਥਣ ਦੀ ਸਿਫ਼ਤ ਕਰਦਿਆਂ ਕਿਹਾ ਕਿ ਇਹ ਨਾ ਸਿਰਫ਼ ਨਿਧੀ ਦੀ ਸਖ਼ਤ ਮਿਹਨਤ ਦਾ ਨਤੀਜਾ, ਸਗੋਂ ਸਾਡੇ ਸਕੂਲ ਵੱਲੋਂ ਦਿੱਤੇ ਜਾ ਰਹੇ ਖੇਡਾਂ ਤੇ ਨੈਤਿਕ ਸਿੱਖਿਆ ਵਾਲੇ ਮਾਹੌਲ ਦਾ ਪ੍ਰਣਾਮ ਵੀ ਹੈ।ਅਸੀਂ ਨਿਧੀ ਨੂੰ ਰਾਜ ਪੱਧਰ 'ਤੇ ਵਧੀਆ ਪ੍ਰਦਰਸ਼ਨ ਲਈ ਢੇਰ ਸਾਰੀਆਂ ਸ਼ੁੱਭ-ਕਾਮਨਾਵਾਂ ਦਿੰਦੇ ਹਾਂ।ਇਸ ਮੌਕੇ ਸਕੂਲ ਪ੍ਰਬੰਧਨ, ਅਧਿਆਪਕਾਂ ਤੇ ਵਿਦਿਆਰਥੀਆਂ ਨੇ ਨਿਧੀ ਅਤੇ ਉਸ ਦੇ ਮਾਤਾ-ਪਿਤਾ ਨੂੰ ਵਧਾਈ ਅਤੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਮਾਊਂਟ ਲਿਟਰਾ ਜ਼ੀ ਦੇ ਬੱਚਿਆਂ ਦਾ ਵਾਟਰ ਪਾਰਕ ਟੂਰ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਮਾਊਂਟ ਲਿਟਰਾ ਜ਼ੀ ਸਕੂਲ ਵਿਖੇ ਜੂਨੀਅਰ ਕੇ.ਜੀ. ਤੋਂ ਲੈ ਕੇ ਤੀਜੀ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਪਨਫਨ ਵਾਟਰ ਪਾਰਕ ਲਹਿਰਾ ਬੇਗਾ ਵਿਖੇ ਟੂਰ ਲਈ ਲਿਜਾਇਆ ਗਿਆ।ਪਾਰਕ ਵਿੱਚ ਪਹੁੰਚ ਕੇ ਬੱਚਿਆਂ ਨੇ ਸਭ ਤੋਂ ਪਹਿਲਾ ਨਾਸ਼ਤਾ ਕੀਤਾ ਤੇ ਫਿਰ ਉਤਸ਼ਾਹ ਨਾਲ ਗੇਮਿੰਗ ਜ਼ੋਨ ਵਿਚ ਅਲੱਗ-ਅਲੱਗ ਪ੍ਰਕਾਰ ਦੀਆਂ ਖੇਡਾਂ ਦਾ ਅਨੰਦ ਮਾਣਿਆ।ਸਾਰੇ ਬੱਚਿਆਂ ਨੇ ਬੜੇ ਹੀ ਸੁਚੱਜੇ ਢੰਗ ਨਾਲ ਉੱਥੇ ਜਾ ਕੇ ਆਪਣੇ ਅਧਿਆਪਕਾਂ ਨਾਲ ਵਾਟਰ ਪਾਰਕ ਵਿਚ ਪਾਣੀ ਵਿਚ ਖੇਡਣ ਦਾ ਆਨੰਦ ਮਾਣਿਆ।ਪਾਣੀ ਵਿੱਚ ਬੱਚਿਆਂ ਨੇ ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਨਾਲ ਆਪਣਾ ਮਨੋਰੰਜਨ ਕੀਤਾ ਤੇ ਆਪਣੀ ਸਰੀਰਕ ਊਰਜਾ ਨੂੰ ਪ੍ਰਕਾਸ਼ਮਾਨ ਕੀਤਾ।ਫਿਰ ਉਨ੍ਹਾਂ ਸਾਰਿਆਂ ਨੇ ਇਕੱਠੇ ਖਾਣਾ ਖਾਧਾ। ਇਸ ਦੌਰਾਨ ਬੱਚਿਆਂ ਨੇ ਬਹੁਤ ਚੰਗੀ ਤਰ੍ਹਾਂ ਸਿੱਖਿਆ ਕਿ ਕਿਵੇਂ ਇਕੱਠੇ ਰਹਿਣਾ ਹੈ ਤੇ ਅੱਗੇ ਵਧਣਾ ਹੈ।ਉਨ੍ਹਾਂ ਇਹ ਵੀ ਸਿੱਖਿਆ ਕਿ ਕਿਵੇਂ ਇੱਕ ਦੂਜੇ ਨਾਲ ਰਹਿਣਾ ਹੈ ਤੇ ਸਮਾਜ ਵਿੱਚ ਦੂਜਿਆਂ ਦਾ ਧਿਆਨ ਕਿਵੇਂ ਰੱਖਣਾ ਹੈ। ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਗੀਤਾ ਪਿੱਲੇ ਨੇ ਕਿਹਾ ਕਿ ਭਵਿੱਖ ਵਿੱਚ ਵੀ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਜਾਣਕਾਰੀ ਦੇਣ ਲਈ ਇਸ ਤਰ੍ਹਾਂ ਦੇ ਵਿਦਿਅਕ ਟੂਰ ਆਯੋਜਤ ਕੀਤੇ ਜਾਣਗੇ ਅਤੇ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

## ਅਜ਼ਾਦੀ ਦਿਹਾੜੇ ਦੀ ਰਿਹਰਸਲ 'ਚ 15 ਸਕੂਲਾਂ ਦੇ ਵਿਦਿਆਰਥੀਆਂ ਨੇ ਲਿਆ ਭਾਗ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-15 ਅਗਸਤ ਅਜ਼ਾਦੀ ਦਿਵਸ ਨੂੰ ਲੈ ਕੇ ਸਬ ਡਵੀਜ਼ਨ ਮਹਿਲ ਕਲਾਂ ਵੱਲੋਂ ਪਹਿਲੀ ਰਿਹਰਸਲ ਜੀ ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਵਿਖੇ ਕਰਵਾਈ ਗਈ।ਇਹ ਰਿਹਰਸਲ ਤਹਿਸੀਲਦਾਰ ਪਵਨ ਕੁਮਾਰ ਦੀ ਹਾਜ਼ਰੀ 'ਚ ਹੋਈ।ਇਸ ਮੌਕੇ ਸਕੂਲਾਂ ਦੇ ਕੋਆਰਡੀਨੇਟਰ ਹੈੱਡ ਮਾਸਟਰ ਕੁਲਦੀਪ ਸਿੰਘ ਕਮਲ ਨੇ ਦੱਸਿਆ ਕਿ ਸਬ ਡਵੀਜ਼ਨ ਮਹਿਲ ਕਲਾਂ ਦੇ ਕਰੀਬ 15 ਸਕੂਲਾਂ ਨੇ ਵੱਖ-ਵੱਖ ਵੰਨਗੀਆਂ ਨਾਲ ਰਿਹਰਸਲ 'ਚ ਭਾਗ ਲਿਆ।ਉਨ੍ਹਾਂ ਦੱਸਿਆ ਕਿ 15 ਅਗਸਤ ਨੂੰ ਆਜ਼ਾਦੀ ਦਿਹਾੜਾ ਸਿੱਖਿਆ ਤੇ ਸੱਭਿਆਚਾਰਿਕ ਪੱਧਰ 'ਤੇ ਸ਼ਾਨਦਾਰ ਢੰਗ ਨਾਲ ਮਨਾਇਆ ਜਾਵੇਗਾ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਗੀਤਿਕਾ ਸ਼ਰਮਾ ਨੇ ਸਮੂਹ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਅਸੀਂ ਆਜ਼ਾਦੀ ਦਿਹਾੜੇ ਨੂੰ ਸਿਰਫ ਤਿਉਹਾਰ ਨਹੀਂ, ਸਨਮਾਨ ਸਮਾਰੋਹ ਵਜੋਂ ਮਨਾਉਣ ਲਈ ਤਿਆਰ ਹਾਂ।ਇਸ ਮੌਕੇ ਸੱਭਿਆਚਾਰਕ ਕਮੇਟੀ ਵੱਲੋਂ ਬਲਜਿੰਦਰ ਪ੍ਰਭੂ, ਗੌਰਵ ਕੁਮਾਰ, ਲਖਬੀਰ ਸਿੰਘ, ਕਰਮਜੀਤ ਕੌਰ ਤੇ ਗੁਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਉਤਸ਼ਾਹਤ ਕੀਤਾ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸ੍ਰੀਮਤੀ ਪਰਮਮੀਤ ਕੌਰ ਨੇ ਬਾਖੂਬੀ ਨਿਭਾਈ।

## ਵਾਲਮੀਕੀ ਧਰਮ ਸਮਾਜ ਵੱਲੋਂ ਲੈਂਡ ਪੂਲਿੰਗ ਨੀਤੀ ਦੀ ਨਿੰਦਾ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਗੁਰੂ ਗਿਆਨ ਨਾਥ ਵਾਲਮੀਕੀ ਧਰਮ ਸਮਾਜ, ਭਾਰਤ ਪਾਵਨ ਵਾਲਮੀਕੀ ਤੀਰਥ ਅੰਮ੍ਰਿਤਸਰ ਦੇ ਸੂਬਾ ਪ੍ਰਧਾਨ ਡਾ. ਦਲਜੀਤ ਸਿੰਘ ਚੌਹਾਨ ਨੇ ਕਿਹਾ ਕਿ ਗੁਰੂ ਗਿਆਨ ਨਾਥ ਵਾਲਮੀਕੀ ਧਰਮ ਸਮਾਜ (ਰਜਿ.) ਭਾਰਤ ਵੱਲੋਂ ਲੈਂਡ ਪੂਲਿੰਗ ਨੀਤੀ ਦੀ ਭਰਪੂਰ ਨਿੰਦਾ ਕਰਦੀ ਹੈ। ਇਹ ਨੀਤੀ ਪਿਛੜੀਆਂ, ਗਰੀਬਾਂ ਤੇ ਵਲਨਰੇਬਲ ਜਨਤਾ ਦੇ ਹੱਕਾਂ ਉੱਤੇ ਸਿੱਧਾ ਹਮਲਾ ਹੈ।ਸਰਕਾਰ ਲੋਕਾਂ ਦੀ ਜਾਇਦਾਦ ਤੇ ਆਬਾਦੀ ਵਾਲੀਆਂ ਜ਼ਮੀਨਾਂ ਨੂੰ ਬਿਨਾਂ ਉਨ੍ਹਾਂ ਦੀ ਪੂਰੀ ਸਹਿਮਤੀ ਦੇ ਜਬਰੀ ਤਰੀਕੇ ਨਾਲ ਹੜੱਪਣਾ ਚਾਹੁੰਦੀ ਹੈ, ਜੋ ਕਿ ਅਤਿ ਨਿੰਦਣਯੋਗ ਹੈ।ਡਾ. ਦਲਜੀਤ ਸਿੰਘ ਚੌਹਾਨ ਨੇ ਕਿਹਾ ਕਿ ਇਹ ਨੀਤੀ ਸਮਾਜਕ ਤੌਰ 'ਤੇ ਅਣਨਿਆਈ ਤੇ ਆਰਥਿਕ ਤੌਰ 'ਤੇ ਨੁਕਸਾਨਦੇਹ ਹੈ।ਅਸੀਂ ਸਰਕਾਰ ਨੂੰ ਚਿਤਾਵਨੀ ਦਿੰਦੇ ਹਾਂ ਕਿ ਜੇਕਰ ਇਹ ਨੀਤੀ ਵਾਪਸ ਨਾ ਲਈ ਗਈ ਤਾਂ ਸਮੂਹ ਧਾਰਮਿਕ ਤੇ ਸਮਾਜਿਕ ਸੰਗਠਨ ਰੋਸ ਮੁਜ਼ਾਹਰੇ ਕਰਨਗੇ ਅਤੇ ਕਾਨੂੰਨੀ ਰਾਹਾਂ 'ਤੇ ਵੀ ਜਾਣ ਤੋਂ ਗੁਰੇਜ਼ ਨਹੀਂ ਕਰਨਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## 76ਵੀਆਂ ਜ਼ੋਨਲ ਖੇਡਾਂ ਦੇ ਪੰਜਵੇਂ ਸਰਕਲ ਕਬੱਡੀ ਮੁਕਾਬਲੇ ਕਰਵਾਏ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਨਜ਼ਦੀਕੀ ਪਿੰਡ ਕਾਹਲਵਾਂ ਦੇ ਸਰਕਾਰੀ ਹਾਈ ਸਕੂਲ ਵਿਖੇ 76ਵੀਆਂ ਜ਼ੋਨਲ ਖੇਡਾਂ ਦੇ ਪੰਜਵੇਂ ਦਿਨ ਸਰਕਲ ਕਬੱਡੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਜ਼ੋਨਲ ਪ੍ਰਧਾਨ ਪ੍ਰਿੰਸੀਪਲ ਲਖਵਿੰਦਰ ਸਿੰਘ, ਬੀਐੱਨਓ ਵਿਜੈ ਕੁਮਾਰ ਜ਼ੋਨਲ ਖੇਡਾਂ ਦੇ ਸਕੱਤਰ ਅਮਰਜੀਤ ਸਿੰਘ, ਵਿੱਤ ਸਕੱਤਰ ਅੰਮ੍ਰਿਤਪਾਲ ਸਿੰਘ, ਲੈਕਚਰਰ ਰਾਜਵਿੰਦਰ ਕੌਰ, ਮੁੱਖ ਅਧਿਆਪਕ ਜਸਪਾਲ ਸਿੰਘ, ਕਾਹਲਵਾਂ ਦੇ ਸਰਪੰਚ ਦੇ ਪਤੀ ਸੁਖਦੇਵ ਸਿੰਘ, ਐੱਸਐੱਮਸੀ ਕਮੇਟੀ ਦੇ ਚੇਅਰਮੈਨ ਸਰਵਣ ਸਿੰਘ ਆਦਿ ਹਾਜ਼ਰ ਸਨ।ਬੀਐੱਨਓ ਵਿਜੈ ਕੁਮਾਰ ਅਤੇ ਸਕੱਤਰ ਅਮਰਜੀਤ ਸਿੰਘ ਵਲੋਂ ਕਬੱਡੀ ਦੇ ਖਿਡਾਰੀਆਂ ਨਾਲ ਮਿਲ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।ਅੰਡਰ -14 ਵਿੱਚ ਸਰਕਾਰੀ ਹਾਈ ਸਕੂਲ ਕਾਹਲਵਾਂ ਪਹਿਲੇ ਸਥਾਨ, ਸਰਕਾਰੀ ਸਰਕਾਰੀ ਹਾਈ ਸਕੂਲ ਕੋਟ ਟੋਡਰ ਮੱਲ ਦੂਸਰੇ ਸਥਾਨ, ਸਰਕਾਰੀ ਮਿਡਲ ਸਕੂਲ ਮਨੋਹਰਪੁਰ ਤੀਸਰੇ ਸਥਾਨ 'ਤੇ ਰਹੇ।ਅੰਡਰ -17 ਸੀਨੀਅਰ ਸੈਕੰਡਰੀ ਸਕੂਲ ਸੇਖਵਾਂ ਪਹਿਲੇ, ਹਾਈ ਸਕੂਲ ਕਾਹਲਵਾਂ ਦੂਸਰੇ ਸਥਾਨ 'ਤੇ ਰਹੇ।ਅੰਡਰ-19 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਪਹਿਲੇ ਸਥਾਨ ਅਤੇ ਸ੍ਰੀ ਦਸਮੇਸ਼ ਸਕੂਲ ਕਾਦੀਆਂ ਦੂਸਰੇ ਸਥਾਨ 'ਤੇ ਰਿਹਾ।ਜੇਤੂ ਖਿਡਾਰੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਮੁੱਖ ਅਧਿਆਪਕ ਜਸਪਾਲ ਸਿੰਘ, ਸਕੱਤਰ ਅਮਰਜੀਤ ਸਿੰਘ, ਡਾ. ਰਾਕੇਸ਼ ਕਾਲੀਆ ਅਤੇ ਰਾਜਵਿੰਦਰ ਕੌਰ ਹਾਜ਼ਰ ਸਨ।

## ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ 'ਚ ਲੱਗੀਆਂ ਤੀਆਂ ਦੀਆਂ ਰੌਣਕਾਂ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ ।ਜਿਵੇਂ ਕਿ ਸਭ ਨੂੰ ਪਤਾ ਹੈ ਕਿ ਪੰਜਾਬ ਮੇਲਿਆਂ ਤੇ ਤਿਉਹਾਰਾਂ ਦੀ ਧਰਤੀ ਹੈ ।ਇੱਥੇ ਹਰ ਤਿਉਹਾਰ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।ਤੀਆਂ ਦਾ ਤਿਉਹਾਰ ਵੀ ਮੁਟਿਆਰਾਂ ਦਾ ਇੱਕ ਬਹੁਤ ਹੀ ਲੋਕਪ੍ਰਿਯ ਤਿਉਹਾਰ ਹੈ।ਇਸ ਤਿਉਹਾਰ ਵਿੱਚ ਮੁਟਿਆਰਾਂ



ਬੋਲੀਆਂ ਪਾ ਕੇ ਗਿੱਧਾ ਪਾਉਂਦੀਆਂ ਹਨ। ਇਸੇ ਤਰ੍ਹਾਂ ਹੀ ਲੜਕੀਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਰੰਗ ਬਿਰੰਗੇ ਪੰਜਾਬੀ ਸੂਟਾਂ ਵਿੱਚ ਪੰਜਾਬ ਦੇ ਸੱਭਿਆਚਾਰ ਨੂੰ ਦਰਸਾਉਂਦਾ ਲੋਕ ਨਾਚ ਗਿੱਧਾ ਪਾਇਆ ਗਿਆ।ਮੁਟਿਆਰਾਂ ਨੇ ਬੋਲੀਆਂ ਪਾ ਕੇ ਖੂਬ ਰੰਗ ਬੰਨ੍ਹਿਆ।ਲੜਕੀਆਂ ਨੇ ਪੀਂਘਾਂ ਤੇ ਝੂਟੇ ਲਏ ਤੇ ਲੋਕ ਗੀਤਾਂ ਤੇ ਭੰਗੜਾ ਵੀ ਪਾਇਆ ਗਿਆ।ਪੰਜਾਬੀ ਵਿਰਸੇ ਨਾਲ ਸੰਬੰਧਿਤ ਚਰਖੇ, ਘੜੇ, ਪੱਖੀਆਂ, ਫੁੱਲਕਾਰੀਆਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ ਅਤੇ ਬੱਚਿਆਂ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਗਈ।ਮਹਿੰਦੀ ਲਗਾਉਣ ਦੇ ਮੁਕਾਬਲੇ ਵੀ ਕਰਵਾਏ ਗਏ ।ਸਕੂਲ ਦੇ ਪ੍ਰਿੰ. ਸੁਰਜੀਤ ਸਿੰਘ ਭਰੋਵਾਲ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਦੱਸਿਆ ਕਿ ਜ਼ਿੰਦਗੀ ਵਿੱਚ ਮਨੋਰੰਜਨ ਬਹੁਤ ਜ਼ਰੂਰੀ ਹੈ ਅਤੇ ਸਾਨੂੰ ਆਪਣੇ ਵਿਰਸੇ ਨੂੰ ਜੀਵਤ ਰੱਖਣ ਲਈ ਇਹੋ ਜਿਹੇ ਤਿਉਹਾਰ ਮਨਾਉਣੇ ਚਾਹੀਦੇ ਹਨ ਕਿਉਂਕਿ ਅੱਜ ਦੀ ਪੀੜ੍ਹੀ ਆਪਣੇ ਵਿਰਸੇ ਨੂੰ ਭੁੱਲਦੀ ਜਾ ਰਹੀ ਹੈ।

## ਸੰਘੇੜਾ, ਮਿਰਜ਼ਾਜਾਨ ਤੇ ਨਵਾਂ ਪਿੰਡ ਬਰਕੀਵਾਲ 'ਚ ਨਸ਼ਿਆਂ ਖਿਲਾਫ ਇਕੱਤਰਤਾ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ 'ਤੇ ਅਭਿਆਨ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਪਿੰਡ ਸੰਘੇੜਾ, ਮਿਰਜ਼ਾਜਾਨ ਅਤੇ ਨਵਾਂ ਪਿੰਡ ਬਰਕੀਵਾਲ ਵਿਖੇ 'ਨਸ਼ਾ ਮੁਕਤੀ ਯਾਤਰਾ' ਤਹਿਤ ਹੋਈ ਇਕੱਤਰਤਾ ਦੌਰਾਨ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਪਿੰਡ ਵਾਸੀਆਂ



ਨੂੰ ਸੰਬੋਧਨ ਕਰਦਿਆਂ ਬਲਬੀਰ ਸਿੰਘ ਪੰਨੂੰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸੂਬੇ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਵਿਆਪਕ ਮੁਹਿੰਮ ਵਿੱਢੀ ਹੈ, ਜਿਸ ਤਹਿਤ ਪਿੰਡਾਂ, ਕਸਬਿਆਂ ਤੇ ਸ਼ਹਿਰੀ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਨਸ਼ਿਆਂ ਖਿਲਾਫ ਲਾਮਬੰਦ ਕੀਤਾ ਜਾ ਰਿਹਾ ਹੈ।ਇਸ ਮੌਕੇ ਸੁਖਦੇਵ ਸਿੰਘ ਸੰਘੇੜਾ, ਸ਼ਗਨਦੀਪ ਸਿੰਘ, ਸਰਪੰਚ ਰਣਜੀਤ ਸਿੰਘ, ਬਲਜਿੰਦਰ ਸਿੰਘ, ਬੂਟਾ ਸਿੰਘ, ਅਜੀਤ ਸਿੰਘ, ਸ਼ਮਸ਼ੇਰ ਸਿੰਘ ਸੈਕਰਟਰੀ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ, ਸਰਪੰਚ ਹਰਦੀਪ ਸਿੰਘ, ਸਰਪੰਚ ਕਰਮਜੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਰਘਬੀਰ ਸਿੰਘ ਅਠਵਾਲ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਸਰਪੰਚ ਕਰਨ ਬਾਠ ਅਤੇ ਵਾਈਸ ਕੁਆਰਡੀਨੇਟਰ ਗੁਰਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

## ਤਰਸੇਮ ਸਿੰਘ ਮੱਲ੍ਹੀ ਨਮਿਤ ਅੰਤਿਮ ਅਰਦਾਸ ਅੱਜ

**ਅੰਮ੍ਰਿਤਸਰ (ਰਾਣਾ)**- ਉੱਘੇ ਸਮਾਜ ਸੇਵਕ ਅਤੇ ਅਕਾਲੀ ਆਗੂ ਤਰਸੇਮ ਸਿੰਘ ਮੱਲ੍ਹੀ (76) ਜੋ, ਬੀਤੇ ਦਿਨ ਸੰਖੇਪ ਜਿਹੀ ਬਿਮਾਰੀ ਕਾਰਨ ਅਚਨਚੇਤ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ।ਉਨ੍ਹਾਂ ਦੀ ਆਤਮਿਕ ਸ਼ਾਤੀ ਲਈ ਮੱਲ੍ਹੀ ਪਰਿਵਾਰ ਵੱਲੋਂ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਜੱਦੀ ਪਿੰਡ ਕੋਟਲਾ ਖੁਰਦ (ਖੁਸ਼ੀਪੁਰ) ਨੇੜੇ ਕਸਬਾ ਕੱਥੂਨੰਗਲ ਅੰਮ੍ਰਿਤਸਰ ਵਿਖੇ ਪਿੰਡ ਦੇ ਹੀ ਗੁਰਦੁਆਰਾ ਸਾਹਿਬ 'ਚ ਪਾਏ ਜਾਣਗੇ।ਇਸ ਮੌਕੇ ਰਾਗੀ ਸਿੰਘਾਂ ਵੱਲੋਂ ਰਸਭਿੰਨਾ ਵੈਰਾਗਮਈ ਕੀਰਤਨ ਵੀ ਕੀਤਾ ਜਾਵੇਗਾ ਅਤੇ ਤਰਸੇਮ ਸਿੰਘ ਨਮਿਤ ਅੰਤਿਮ ਅਰਦਾਸ ਦੁਪਹਿਰ 12:00 ਤੋਂ 1:00 ਵਜੇ ਤੱਕ ਹੋਵੇਗੀ।ਉਪਰੰਤ ਵੱਖ-ਵੱਖ ਸਮਾਜਿਕ, ਰਾਜਨੀਤਕ, ਮੁਲਾਜ਼ਮ ਵਰਗ, ਧਾਰਮਿਕ ਅਤੇ ਸਮਾਜ ਸੇਵੀ ਸੰਗਠਨਾਂ ਦੇ ਆਗੂਆਂ ਵੱਲੋਂ ਸ਼ਰਧਾ ਦੇ ਸੁਮਨ ਭੇਟ ਕੀਤੇ ਜਾਣਗੇ।

## ਬਲਾਕ ਨੋਡਲ ਅਫਸਰ ਵਿਜੇ ਕੁਮਾਰ ਦੀ ਅਗਵਾਈ 'ਚ ਬੂਟੇ ਲਗਾਏ ਗਏ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਰਕਾਰੀ ਹਾਈ ਸਕੂਲ ਬਸਰਾਏ ਵਿਖੇ ਮੁੱਖ ਅਧਿਆਪਕ ਅਤੇ ਬਲਾਕ ਨੋਡਲ ਅਫਸਰ ਵਿਜੇ ਕੁਮਾਰ ਦੀ ਅਗਵਾਈ ਵਿੱਚ ਯੁਵਕ ਸੇਵਾਵਾਂ ਕਲੱਬ ਬਸਰਾਏ ਦੇ ਅਹੁਦੇਦਾਰਾਂ ਨੇ ਵਾਤਾਵਰਨ ਦੀ ਸ਼ੁੱਧਤਾ ਲਈ ਵਿਦਿਆਰਥੀਆਂ ਨੂੰ ਬੂਟੇ ਵੰਡੇ ਅਤੇ ਕੁਝ ਬੂਟੇ ਸਕੂਲ ਵਿੱਚ ਲਗਾਏ।ਕਲੱਬ ਦੇ ਸਰਪ੍ਰਸਤ ਦਿਲਬਾਗ ਸਿੰਘ ਬਸਰਾਵਾਂ ਨੇ ਵਿਦਿਆਰਥੀਆਂ ਨੂੰ ਵਾਤਾਵਰਨ ਦੀ ਸ਼ੁੱਧਤਾ ਵਿੱਚ ਪੌਦਿਆਂ ਦੀ ਮਹੱਤਤਾ ਤੋਂ ਜਾਣੂ ਕਰਵਾ ਕੇ ਪੌਦੇ ਲਗਾਉਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੈਡਮ ਸ਼ਰਨਜੀਤ ਕੌਰ ਅਤੇ ਕਲੱਬ ਦੇ ਪ੍ਰਧਾਨ ਸੰਦੀਪ ਸਿੰਘ ਬਾਜਵਾ ਨੇ ਵੀ ਵਿਦਿਆਰਥੀਆਂ ਨੂੰ ਪੌਦਿਆਂ ਦੇ ਲਾਭਾਂ ਤੋਂ ਜਾਣੂ ਕਰਵਾਇਆ। ਕੁਝ ਵਿਦਿਆਰਥੀਆਂ ਨੇ ਰੁੱਖਾਂ ਸਬੰਧੀ ਕਵਿਤਾਵਾਂ ਅਤੇ ਗੀਤ ਵੀ ਪੇਸ਼ ਕੀਤੇ। ਇਸ ਸਮੇਂ ਵਿਦਿਆਰਥੀਆਂ



ਨੇ ਵਚਨ ਦਿੱਤਾ ਕਿ ਉਹ ਹਰ ਸਾਲ ਇੱਕ ਪੌਦਾ ਲਗਾ ਕੇ ਉਸ ਦੀ ਸਾਂਭ ਸੰਭਾਲ ਕਰਨਗੇ। ਅਖੀਰ ਵਿੱਚ ਮੁੱਖ ਅਧਿਆਪਕ ਵਿਜੇ ਕੁਮਾਰ ਨੇ ਬੱਚਿਆਂ ਨੂੰ ਵਾਤਾਵਰਨ ਦੀ ਸੰਭਾਲ ਕਰਨ ਲਈ ਚਾਨਣਾ ਪਾਇਆ ਅਤੇ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ।ਇਸ ਸਮੇਂ ਕਲੱਬ ਮੈਂਬਰ ਹਰਸਿਮਰਨ ਸਿੰਘ, ਗੁਰਸੇਵਕ ਸਿੰਘ, ਅਧਿਆਪਕ ਜਰਨੈਲ ਸਿੰਘ, ਸਿਕੰਦਰ ਸਿੰਘ, ਜਸਵਿੰਦਰ ਸਿੰਘ ਜੂਨੀਅਰ ਸਹਾਇਕ ਮੈਡਮ ਨੇਹਾ ਠਾਕਰ, ਮਨਦੀਪ ਕੌਰ, ਨਵਪ੍ਰੀਤ ਕੌਰ, ਮੰਗਲ ਸਿੰਘ ਸਮੇਤ ਸਮੁੱਚੇ ਸਕੂਲ ਦਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਦੋ ਰੋਜ਼ਾ 'ਉਮੀਦ ਬਾਜ਼ਾਰ' ਦਾ ਆਗਾਜ਼; ਚੇਅਰਮੈਨ ਰਮਨ ਬਹਿਲ ਨੇ ਕੀਤਾ ਉਦਘਾਟਨ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਨਿਵੇਕਲੀ ਪਹਿਲ ਕਰਦਿਆਂ ਗੁਰਦਾਸਪੁਰ ਸ਼ਹਿਰ ਦੇ ਪੁਰਾਣੇ ਬੱਸ ਅੱਡੇ ਵਿੱਚ ਦੋ ਰੋਜ਼ਾ 'ਉਮੀਦ ਬਾਜ਼ਾਰ' ਦਾ ਸ਼ਾਨਦਾਰ ਅਗਾਜ਼ ਹੋ ਗਿਆ। ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਇਸ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਐਸਐੱਸਪੀ ਆਦਿੱਤਯ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਐੱਸਡੀਐੱਮ ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਐੱਸਡੀਐੱਮ ਡੇਰਾ ਬਾਬਾ ਨਾਨਕ ਆਦਿੱਤਯ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ। ਚੇਅਰਮੈਨ ਰਮਨ ਬਹਿਲ ਅਤੇ ਐਸਐੱਸਪੀ ਆਦਿੱਤਯ ਵਲੋਂ ਸਵੈ-ਸਹਾਇਤਾ



ਸਮੂਹਾਂ ਵੱਲੋਂ ਲਗਾਏ ਗਏ ਸਟਾਲਾਂ ਦਾ ਦੌਰਾ ਕੀਤਾ ਗਿਆ ਤੇ ਵੇਚੇ ਜਾ ਰਹੇ ਸਾਮਾਨ ਬਾਰੇ ਜਾਣਕਾਰੀ ਹਾਸਲ ਕੀਤੀ। ਉਮੀਦ ਬਾਜ਼ਾਰ ਵਿੱਚ ਸਵੈ ਸਹਾਇਤਾ ਸਮੂਹਾਂ ਨਾਲ ਜੁੜੀਆਂ ਸਵਾਣੀਆਂ ਵੱਲੋਂ ਹੱਥੀਂ ਤਿਆਰ ਕੀਤਾ ਵੱਖ-ਵੱਖ ਕਿਸਮ ਦਾ ਸਾਮਾਨ ਜੋ ਕਿ ਕੁਆਲਿਟੀ ਦੇ ਪੱਖ ਤੋਂ ਬਹੁਤ ਵਧੀਆ ਹੈ, ਵੇਚਿਆ ਜਾ ਰਿਹਾ ਹੈ। ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ 60 ਤੋਂ ਵੱਧ ਸਵੈ ਸਹਾਇਤਾ ਸਮੂਹਾਂ ਅਤੇ ਕਿਸਾਨ ਸਮੂਹਾਂ ਵੱਲੋਂ ਸਟਾਲ ਲਗਾਏ ਗਏ ਹਨ। ਖਾਣ-ਪੀਣ ਦੇ ਸਮਾਨ ਤੋਂ ਇਲਾਵਾ ਡੈਕੋਰੇਸ਼ਨ ਦਾ ਸਾਮਾਨ, ਸੂਟ ਤੇ ਫੁੱਲਕਾਰੀਆਂ, ਔਰਤਾਂ ਲਈ ਸ਼ਿੰਗਾਰ ਦਾ ਸਾਮਾਨ ਅਤੇ ਹੋਰ ਰੋਜ਼ਾਨਾ ਜ਼ਰੂਰਤ ਦਾ ਸਾਮਾਨ ਵੇਚਿਆ ਜਾ ਰਿਹਾ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਪੁਰਾਣੇ ਬੱਸ ਸਟੈਂਡ ਗੁਰਦਾਸਪੁਰ ਵਿਖੇ 2 ਤੇ 3 ਅਗਸਤ ਦੌਰਾਨ ਲੱਗੇ ਉਮੀਦ ਬਾਜ਼ਾਰ ਵਿੱਚ ਪਹੁੰਚ ਕੇ ਖ਼ਰੀਦਦਾਰੀ ਕਰਨ ਤਾਂ ਜੋ ਆਪਣੇ ਜ਼ਿਲ੍ਹੇ ਦੀਆਂ ਮਿਹਨਤੀ ਔਰਤਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਮੁੱਲ ਮਿਲ ਸਕੇ। ਇਸ ਮੌਕੇ ਮਿਸ਼ਨ ਆਜੀਵਕਾ ਦੇ ਜ਼ਿਲ੍ਹਾ ਮੈਨੇਜਰ ਅਮਰਪਾਲ ਸਿੰਘ, ਜਗਜੀਤ ਸਿੰਘ ਪਿੰਟਾ, ਹਿਤੇਸ਼ ਮਹਾਜਨ, ਐਸਡੀਓ ਲੋਕ ਨਿਰਮਾਣ ਵਿਭਾਗ ਦਵਿੰਦਰ ਸਿੰਘ, ਪ੍ਰੋ. ਰਾਜ ਕੁਮਾਰ ਸ਼ਰਮਾ, ਅਗਾਂਹਵਧੂ ਕਿਸਾਨ ਦਿਲਬਾਗ ਸਿੰਘ ਚੀਮਾ ਤੋਂ ਇਲਾਵਾ ਇਲਾਕੇ ਦੇ ਹੋਰ ਮੁਹਤਬਰ ਹਾਜ਼ਰ ਸਨ।

## ਸਰਕਾਰੀਆ ਤੇ ਅਜਨਾਲਾ ਵੱਲੋਂ ਸੱਚਰ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਮਜੀਠਾ ਹਲਕੇ ਦੇ ਕਾਂਗਰਸ ਦੇ ਇੰਚਾਰਜ ਤੇ ਮੈਂਬਰ ਚੀਫ ਖਾਲਸਾ ਦੀਵਾਨ ਭਗਵੰਤ ਪਾਲ ਸਿੰਘ ਸੱਚਰ ਦੇ ਸੱਸ ਮਾਤਾ ਸੁਰਿੰਦਰ ਪਾਲ ਕੌਰ ਸਦੀਵੀ ਵਿਛੋੜਾ ਦੇ ਗਏ, ਸੱਚਰ ਪਰਿਵਾਰ ਨਾਲ ਵੱਖ-ਵੱਖ ਰਾਜਨੀਤਿਕ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਵੱਲੋਂ ਅਫਸੋਸ ਪ੍ਰਗਟ ਕੀਤਾ ਜਾ ਰਿਹਾ ਹੈ। ਸਾਬਕਾ ਮੰਤਰੀ ਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ, ਜ਼ਿਲਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਤੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਵੀ ਉਚੇਚੇ ਤੌਰ 'ਤੇ ਸੱਚਰ ਦੇ ਗ੍ਰਹਿ ਪਹੁੰਚੇ ਤੇ ਅਫ਼ਸੋਸ ਪ੍ਰਗਟ ਕੀਤਾ। ਸ੍



ਅਜਨਾਲਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਮੇਰੀ ਇਸ ਪਰਿਵਾਰ ਵਾਲ਼ ਲਗਭਗ ਤਿੰਨ ਦਹਾਕਿਆਂ ਦੀ ਸਾਂਝ ਹੈ ਤੇ ਮੈਂ ਸਮਝਦਾ ਕਿ ਮਾਤਾ ਜੀ ਦੇ ਚੰਗੇ ਸੰਸਕਾਰਾਂ ਕਰਕੇ ਇਹ ਪਰਿਵਾਰ ਗੁਰੂ ਘਰ ਨਾਲ ਜੁੜਿਆ ਹੈ। ਭਗਵੰਤ ਪਾਲ ਸੱਚਰ ਸਾਡਾ ਛੋਟਾ ਵੀਰ ਰਾਜਨੀਤਿਕ ਆਗੂ ਹੋਣ ਦੇ ਨਾਲ ਨਾਲ ਬਹੁਤ ਸਾਰੀਆਂ ਨਾਮਵਰ ਸਿੱਖ ਸੰਸਥਾਵਾਂ ਤੇ ਵਿੱਦਿਅਕ ਸੰਸਥਾਵਾਂ ਨਾਲ ਵੀ ਜੁੜ ਕੇ ਅਹਿਮ ਸੇਵਾਵਾਂ ਨਿਭਾ ਰਿਹਾ ਹੈ। ਸੱਚਰ ਨੇ ਦੱਸਿਆ ਕਿ ਮਾਤਾ ਨਮਿਤ ਭੋਗ ਸ੍ਰੀ ਅਖੰਡ ਪਾਠ ਸਾਹਿਬ 7 ਅਗਸਤ ਵੀਰਵਾਰ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਪੈਣ ਉਪਰੰਤ ਕੀਰਤਨ ਤੇ ਅੰਤਿਮ ਅਰਦਾਸ ਗੁਰਦੁਆਰਾ ਛੇਵੀਂ ਪਾਤਸ਼ਾਹੀ ਰਣਜੀਤ ਐਵਿਨਿਊ ਵਿਖੇ 12.30 ਤੋਂ 1.30 ਵਜੇ ਤੱਕ ਹੋਵੇਗੀ।

# ਪੰਜਾਬ ਨੂੰ ਨਸ਼ਿਆਂ 'ਚ ਡੋਬ ਕੇ ਸ਼ਹੀਦਾਂ ਦੇ ਸੁਪਨਿਆਂ ਨੂੰ ਚਕਨਾਚੂਰ ਕਰਨ ਲਈ ਰਵਾਇਤੀ ਪਾਰਟੀਆਂ ਜ਼ਿੰਮੇਵਾਰ : ਧਾਲੀਵਾਲ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅਜਨਾਲਾ ਹਲਕੇ ਦੇ ਪਿੰਡਾਂ ਨਵਾਂ ਪਿੰਡ, ਗੋਲਡਨ ਕਾਲੋਨੀ, ਤਲਵੰਡੀ ਨਾਹਰ, ਬੱਲ ਬਾਵਾ, ਭੁਰੇਗਿਲ ਤੇ ਹਰੜ ਭੂਰੇਗਿਲ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਖ਼ਰਾਬ ਮੌਸਮ ਦੇ ਬਾਵਜੂਦ ਕਰਵਾਈਆਂ ਗਈਆਂ ਪ੍ਰਭਾਵਸ਼ਾਲੀ ਨਸ਼ਾ ਮੁਕਤ ਯਾਤਰਾਵਾਂ 'ਚ ਸ਼ਮੂਲੀਅਤ ਕੀਤੀ ਅਤੇ ਯਾਤਰਾਵਾਂ ਦੌਰਾਨ ਹੋਈਆਂ ਰੈਲੀਆਂ ਦੇ ਆਗਾਜ਼ 'ਚ ਵਿਧਾਇਕ ਸ: ਧਾਲੀਵਾਲ ਵਲੋਂ ਸੈਲਫ ਡਿਫੈਂਸ ਕਮੇਟੀਆਂ, ਪੰਚਾਂ ਸਰਪੰਚਾਂ, ਨੰਬਰਦਾਰਾਂ, ਯੂਥ ਕਲੱਬਾਂ, ਮਹਿਲਾ ਮੰਡਲਾਂ, ਸਮਾਜ ਸੇਵੀਆਂ ਸਮੇਤ ਵੱਡੀ ਗਿਣਤੀ 'ਚ ਮੌਜੂਦ ਪੇਂਡੂ ਲੋਕਾਂ ਕੋਲੋਂ ਨਸ਼ਿਆਂ ਵਿਰੁੱਧ ਇਕਜੁੱਟਤਾ ਦਾ ਭਰੋਸਾ ਲੈਂਦਿਆਂ ਨਸ਼ਾ ਮੁਕਤੀ ਦਾ ਸਮੂਹਿਕ ਹਲਫ ਦਿਵਾਇਆ ਗਿਆ।ਸ. ਧਾਲੀਵਾਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਬ੍ਰਿਟਿਸ਼



ਹਾਕਮਾਂ ਹੱਥੋਂ ਸ਼ਹਾਦਤ ਦਾ ਜਾਮ ਪੀਣ ਵਾਲੇ ਕਾਲਿਆਂ ਵਾਲੇ ਖੂਹ ਦੇ 282 ਦੇਸ਼ ਭਗਤਾਂ/ਭਾਰਤੀ ਸੈਨਿਕਾਂ ਅਤੇ ਕੌਮੀ ਸ਼ਹੀਦ ਊਧਮ ਸਿੰਘ ਸੁਨਾਮ ਦੀ 86ਵੀਂ ਸ਼ਹਾਦਤ ਵਰ੍ਹੇਗੰਢ ਨੂੰ ਯਾਦ ਕਰਦਿਆਂ ਇਹੋ ਸੱਚੀ ਸੁੱਚੀ ਸ਼ਰਧਾਂਜਲੀ ਹੋਵੇਗੀ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਦੀ ਜੜ੍ਹ ਪੁੱਟਣ ਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਵਿੱਢੇ ਯੁੱਧ ਨਸ਼ਿਆਂ ਵਿਰੁੱਧ ਦਾ ਸਰਗਰਮ ਹਿੱਸਾ ਬਣ ਕੇ ਪੰਜਾਬ ਤੇ ਖਾਸ ਕਰਕੇ ਆਪਣੇ ਪਿੰਡਾਂ, ਘਰਾਂ ਤੇ ਆਲੇ ਦੁਆਲੇ ਨੂੰ ਨਸ਼ਾ ਮੁਕਤ ਬਣਾਉਣ ਲਈ ਧੜੇਬੰਦੀ ਤੋਂ ਉੱਪਰ ਉਠ ਕੇ ਪ੍ਰਚੰਡ ਯੋਗਦਾਨ ਪਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੂੰ ਨਸ਼ਿਆਂ 'ਚ ਡੋਬ ਕੇ ਸ਼ਹੀਦਾਂ ਦੇ ਸੁਪਨਿਆਂ ਨੂੰ ਚਕਨਾਚੂਰ ਕਰਨ ਲਈ ਰਵਾਇਤੀ ਪਾਰਟੀਆਂ ਜ਼ਿੰਮੇਵਾਰ ਹਨ। ਇਨ੍ਹਾਂ ਪਾਰਟੀਆਂ ਨੇ ਆਜ਼ਾਦੀ ਪਰਵਾਨਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਬਜਾਏ ਉਲਟਾ ਪੰਜਾਬ ਨੂੰ ਲੁੱਟਣ ਤੇ ਕੁੱਟਣ ਸਣੇ ਬਰਬਾਦ ਕਰਨ ਲਈ ਨਸ਼ਿਆਂ ਤੇ ਭ੍ਰਿਸ਼ਟਾਚਾਰ ਦੀ ਦਲਦਲ 'ਚ ਧਕੇਲਣ ਲਈ ਜ਼ੋਰ ਲਾਇਆ।ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਡੀਐੱਸਪੀ ਗੁਰਵਿੰਦਰ ਸਿੰਘ ਔਲਖ, ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ ਆਦਿ ਮੌਜੂਦ ਸਨ।

## 'ਨਸ਼ਾ ਮੁਕਤੀ ਯਾਤਰਾ' ਤਹਿਤ ਵਾਰਡ ਨੰਬਰ 48 'ਚ ਨਸ਼ਿਆਂ ਖ਼ਿਲਾਫ਼ ਲਾਮਬੰਦੀ

**ਬਟਾਲਾ (ਡਾ. ਮਲਵਿੰਦਰ ਸਿੰਘ)**- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ ਤੇ ਜਾਗਰੂਕਤਾ ਗਤੀਵਿਧੀਆਂ ਜਾਰੀ ਹਨ।ਬਟਾਲਾ ਦੀ ਵਾਰਡ ਨੰਬਰ 48 ਵਿੱਚ 'ਨਸ਼ਾ ਮੁਕਤੀ ਯਾਤਰਾ' ਤਹਿਤ ਹੋਈ ਇਕੱਤਰਤਾ ਵਿੱਚ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਵਾਰਡ ਵਾਸੀਆਂ ਨੂੰ ਨਸ਼ਿਆਂ ਖ਼ਿਲਾਫ਼ ਇੱਕਜੁਟ ਹੋ ਕੇ ਲੜਨ ਦੀ ਸਹੁੰ ਵੀ ਚੁਕਾਈ ਗਈ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ



ਨਸ਼ਾ ਪੀੜਤਾਂ ਨੂੰ ਮੁੜ ਨਵਾਂ ਜੀਵਨ ਦੇਣ ਦੇ ਮੰਤਵ ਨਾਲ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੁਫਤ ਇਲਾਜ ਕਰਵਾਇਆ ਜਾ ਰਿਹਾ ਹੈ। ਇਸ ਲਈ ਸਾਰੇ ਲੋਕ ਇਸ ਨਾਮੁਰਾਦ ਬਿਮਾਰੀ ਨਸ਼ਿਆਂ ਨੂੰ ਖਤਮ ਕਰਨ ਲਈ ਅੱਗੇ ਆਉਣ।ਉਨ੍ਹਾਂ ਕਿਹਾ ਕਿ ਇਹ ਮਿਸ਼ਨ ਸਿਰਫ ਸਰਕਾਰ ਅਤੇ ਪੁਲਸ ਵਿਭਾਗ ਵੱਲੋਂ ਸਫ਼ਲ ਨਹੀਂ ਬਣਾਇਆ ਜਾ ਸਕਦਾ।ਇਸ ਵਿੱਚ ਹਰ ਨਾਗਰਿਕ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਇਸ ਮੌਕੇ ਅੰਮ੍ਰਿਤ ਕਲਸੀ, ਸੀਨੀਅਰ ਆਗੂ ਮਾਸਟਰ ਤਿਲਕ ਰਾਜ, ਅਵਤਾਰ ਸਿੰਘ ਕਲਸੀ, ਮਨਜੀਤ ਸਿੰਘ ਬੁਮਰਾਹ ਵਾਇਸ ਕੁਆਰਡੀਨੇਟਰ ਨਸ਼ਾ ਮੁਕਤੀ ਯਾਤਰਾ, ਭੁਪਿੰਦਰ ਸਿੰਘ, ਵੀਨੂੰ ਕਾਹਲੋਂ, ਪਤਵੰਤੇ ਅਤੇ ਵਾਰਡ ਵਾਸੀ ਹਾਜ਼ਰ ਸਨ।

## ਡਾਇਸਨ ਵੱਲੋਂ 'ਦਿ ਡਿਫਰੈਂਸ ਇਜ਼ ਡਾਇਸਨ' ਕੈਂਪੇਨ ਦੀ ਸ਼ੁਰੂਆਤ

**ਅੰਮ੍ਰਿਤਸਰ** : ਗਲੋਬਲ ਟੈਕਨਾਲੋਜੀ ਕੰਪਨੀ ਡਾਇਸਨ ਨੇ ਆਪਣੀ ਨਵੀਂ ਮੁਹਿੰਮ ਦਿ ਡਿਫਰੈਂਸ ਇਜ਼ ਡਾਇਸਨ ਸ਼ੁਰੂਆਤ ਕੀਤੀ ਹੈ।ਇਸ ਮੁਹਿੰਮ ਵਿੱਚ ਡਾਇਸਨ ਬਿਊਟੀ ਦੀ ਬ੍ਰਾਂਡ ਅੰਬੈਸਡਰ ਦੀਪਿਕਾ ਪਾਦੁਕੋਣ ਹੈ। ਇਸ ਪਹਿਲਕਦਮੀ ਦੇ ਤਹਿਤ ਡਾਇਸਨ ਵੱਖ-ਵੱਖ ਵਾਲਾਂ ਦੀਆਂ ਕਿਸਮਾਂ ਲਈ ਆਪਣੇ ਵਿਲੱਖਣ ਉਤਪਾਦਾਂ ਦਾ ਪ੍ਰਦਰਸ਼ਨ ਕਰ ਰਿਹਾ ਹੈ ਜੋ ਹੀਟ ਦੇ ਨੁਕਸਾਨ ਤੋਂ ਬਿਨਾਂ ਸਭ ਤੋਂ ਵਧੀਆ ਸਟਾਈਲਿੰਗ ਅਨੁਭਵ ਪ੍ਰਦਾਨ ਕਰਦੇ ਹਨ। ਡਾਇਸਨ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਅੰਕਿਤ ਜੈਨ ਨੇ ਦੱਸਿਆ ਕਿ ਇਸ ਮੁਹਿੰਮ ਦਾ ਉਦੇਸ਼ ਵੱਖ-ਵੱਖ ਸ਼ਖ਼ਸੀਅਤਾਂ ਨੂੰ ਇਕ ਮੰਚ ਤੇ ਲਿਆਉਣਾ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਹੈ ਜੋ ਨਵੀਨਤਾ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।



## ਨਿਊ ਲਾਈਫ ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਮਨਾਈਆਂ ਤੀਆਂ

**ਚੋਹਲਾ ਸਾਹਿਬ (ਰਮਨ ਚੱਢਾ)**- ਇਲਾਕੇ ਦੀ ਨਾਮਵਰ ਸੰਸਥਾ ਨਿਊ ਲਾਈਫ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਮੁੱਖ ਅਧਿਆਪਕ ਸਰੋਜ ਬਾਲਾ ਸਟਾਫ਼ ਮੈਂਬਰ ਅਤੇ ਵਿਦਿਆਰਨਾਂ ਨੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਤੀਜ ਦਾ ਤਿਉਹਾਰ ਮਨਾਇਆ।ਇਸ ਮੌਕੇ ਗਿੱਧਾ, ਲੋਕ ਗੀਤ ਅਤੇ ਗੀਤਾਂ ਰਾਹੀ ਪੁਰਾਣੇ ਵਿਰਸੇ ਨੂੰ ਯਾਦ ਕਰਦਿਆ ਇਸਨੂੰ ਸਭਾਲਣ ਤੇ ਜ਼ੋਰ ਦਿੱਤਾ।ਪ੍ਰਿੰਸੀਪਲ ਮੈਡਮ ਨੇ ਬੱਚਿਆ ਨੂੰ ਇਸ ਦਿਨ ਨੂੰ ਪੁਰਾਣੇ ਸਮੇਂ ਵਿੱਚ ਕਿਵੇਂ ਅਤੇ ਕਿਉਂ ਮਨਾਇਆ ਜਾਂਦਾ ਸੀ।ਇਸ ਤੇ ਚਾਨਣਾ ਪਾਇਆ ਅਤੇ ਨਾਲ ਹੀ ਇਸ ਦਿਨ ਨੂੰ ਅੱਜ ਦੇ ਸਮੇਂ ਵਿਚ ਮਨਾਉਣ ਦੇ ਢੰਗ ਤਰੀਕਿਆਂ ਬਾਰੇ ਦੱਸਿਆ ।ਸਟਾਫ਼ ਮੈਂਬਰ ਦੀਆਂ ਖੇਡਾਂ ਕਰਵਾ ਕੇ ਇਸ ਪ੍ਰੋਗਰਾਮ ਨੂੰ ਹੋਰ ਮਨੋਰੰਜਕ ਬਣਾਇਆ।ਅੰਤ ਵਿੱਚ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਗਿੱਧਾ, ਭੰਗੜਾ ਪਾਇਆ ਅਤੇ ਖ਼ੂਬ ਅਨੰਦ ਮਨਾਉਂਦੇ ਪ੍ਰੋਗਰਾਮ ਖਤਮ ਕੀਤਾ।

## 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਸਕੂਲ 'ਚ ਜਾਗਰੂਕਤਾ ਸਮਾਗਮ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**- ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਵੱਲੋਂ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਜ਼ਿਲਾ ਅੰਮ੍ਰਿਤਸਰ ਵਿਖੇ ਜਾਗਰੂਕਤਾ ਅਭਿਆਨ ਚਲਾਇਆ ਗਿਆ ਜਿਸ ਦੌਰਾਨ ਉਨ੍ਹਾਂ ਵੱਲੋਂ ਕਰਮਪੁਰਾ, ਰਣਜੀਤ ਐਵੀਨਿਊ



ਸਥਿਤ ਸੀਨੀਅਰ ਸੈਕੰਡਰੀ ਸਕੂਲ ਵਿਖੇ ਇੱਕ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਸਕੂਲ ਦੇ ਬੱਚਿਆਂ ਤੋਂ ਇਲਾਵਾ ਆਸ਼ਾ ਵਰਕਰਾਂ ਅਤੇ ਨਰਸਿੰਗ ਸਟੂਡੈਂਟ ਨੇ ਹਿੱਸਾ ਲਿਆ। ਇਸ ਮੌਕੇ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਕੂਲ ਸਕੂਲ ਅਤੇ ਸਕੂਲ ਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਡੇਂਗੂ ਦੇ ਲਾਰਵੇ ਦੀ ਭਾਲ ਕੀਤੀ ਗਈ ਜਿਸ ਦੌਰਾਨ ਉਹਨਾਂ ਨੂੰ ਲਗਭਗ ਚਾਰ ਥਾਵਾਂ ਤੋਂ ਡੇਂਗੂ ਦਾ ਲਾਰਵਾ ਮਿਲਿਆ। ਇਸ ਉਪਰੰਤ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸਾਰੇ ਵਿਦਿਆਰਥੀਆਂ, ਆਸ਼ਾ ਵਰਕਰਾਂ ਅਤੇ ਨਰਸਿੰਗ ਸਟੂਡੈਂਟਸ ਨੂੰ ਡੇਂਗੂ ਦਾ ਲਾਰਵਾ ਦਿਖਾ ਕੇ ਇਸ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਜ਼ਿਲਾ ਐਪੀਡੀਮੋਲੋਜਿਸਟ ਡਾ ਹਰਜੋਤ ਕੌਰ ਜਿਲਾ ਐਮਈਆਈਓ ਅਮਰਦੀਪ ਸਿੰਘ, ਡਾ ਕੁਲਦੀਪ ਕੌਰ, ਪ੍ਰਿੰਸੀਪਲ ਸ੍ਰੀਮਤੀ ਅਨੂ ਅਨੰਦ, ਤਜਿੰਦਰ ਕੌਰ, ਸੀਮਾ ਗੁਪਤਾ, ਜਸਬੀਰ ਕੌਰ, ਏਐਮਓ ਗੁਰਦੇਵ ਸਿੰਘ, ਬਲਜੀਤ ਸਿੰਘ, ਐਸਆਈ ਸੁਖਦੇਵ ਸਿੰਘ, ਬਲਵਿੰਦਰ ਸਿੰਘ, ਹਰਵਿੰਦਰ ਸਿੰਘ, ਹਰਮੀਤ ਸਿੰਘ, ਹਰਕਮਲ ਸਿੰਘ, ਕੁਲਦੀਪ ਸਿੰਘ, ਗੁਰਪਾਲ ਸਿੰਘ, ਬਿਕਰਮਜੀਤ ਸਿੰਘ, ਮਨਦੀਪ ਕੌਰ, ਰਸਪਾਲ ਸਿੰਘ ਸਮੇਤ ਸਮੂਹ ਆਸਾ ਵਰਕਰਾਂ ਅਤੇ ਸਰਕਾਰੀ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਸ਼ਾਮਲ ਹੋਏ।

## ਨਸ਼ਿਆਂ ਦੇ ਖਾਤਮੇ ਲਈ ਸਭ ਨੂੰ ਇੱਕਮੁੱਠ ਹੋ ਕੇ ਹੰਭਲਾ ਮਾਰਨ ਦੀ ਲੋੜ : ਕਟਾਰੂਚੱਕ

**ਪਠਾਨਕੋਟ (ਦਵਿੰਦਰ ਸਿੰਘ)**- ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਭਾਰੀ ਮੀਂਹ ਦੇ ਬਾਵਜੂਦ ਪਿੰਡ ਜੈਨਪੁਰ, ਦਤਿਆਲ, ਮਜੀਰੀ ਰਾਜਪੂਤਾਂ, ਮਜੀਰੀ ਜੱਟਾਂ ਅਤੇ ਸ਼ੇਖੂਪੁਰ ਮਜੀਰੀ 'ਚ ਨਸ਼ਾ ਮੁਕਤੀ ਯਾਤਰਾ ਪ੍ਰੋਗਰਾਮ ਦੌਰਾਨ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸਾਰਿਆਂ ਨੂੰ ਇੱਕਮੁੱਠ ਹੋ ਕੇ ਹੰਭਲਾ ਮਾਰਨਾ ਸਮੇਂ ਦੀ ਮੁੱਖ ਮੰਗ ਹੈ।ਜਾਗਰੂਕਤਾ ਪ੍ਰੋਗਰਾਮ ਮੌਕੇ ਕੈਬਨਿਟ ਮੰਤਰੀ



ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਲਗਾਤਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਦੇ ਸਾਰਥਿਕ ਨਤੀਜੇ ਸਾਹਮਣੇ ਆਏ ਹਨ । ਉਨ੍ਹਾਂ ਨੇ ਅਪੀਲ ਕੀਤੀ ਕਿ ਨਸ਼ਿਆਂ ਦੇ ਖਾਤਮੇ ਲਈ ਵੱਖ-ਵੱਖ ਉਪਰਾਲਿਆਂ ਦੇ ਨਾਲ-ਨਾਲ ਸਿਹਤ 'ਤੇ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਜਾਗਰੂਕ ਹੋਣਾ ਵੀ ਬਹੁਤ ਜ਼ਰੂਰੀ ਹੈ ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਅਤੇ ਹੋਰ ਉਸਾਰੂ ਸਰਗਰਮੀਆਂ ਨਾਲ ਜੋੜਿਆ ਜਾ ਸਕੇ।ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ, ਸਮਾਜਿਕ ਸੰਸਥਾਵਾਂ ਅਤੇ ਕਲੱਬਾਂ ਦੇ ਸਹਿਯੋਗ ਨਾਲ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਲਈ ਅਹਿਮ ਭੂਮਿਕਾ ਨਿਭਾਈ ਜਾਣੀ ਚਾਹੀਦੀ ਹੈ ਜਿਸ ਲਈ ਪੰਜਾਬ ਸਰਕਾਰ, ਜ਼ਿਲਾ ਤੇ ਪੁਲਸ ਪ੍ਰਸ਼ਾਸਨ ਵਲੋਂ ਵੀ ਹਰ ਸੰਭਵ ਸਹਿਯੋਗ ਯਕੀਨੀ ਬਣਾਇਆ ਜਾਵੇਗਾ।ਨਸ਼ਾ ਵੇਚਣ ਵਾਲੇ ਅਨਸਰਾਂ ਖ਼ਿਲਾਫ਼ ਪੰਜਾਬ ਸਰਕਾਰ ਦੇ ਰੁਖ ਬਾਰੇ ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਸੂਬੇ ਅੰਦਰ ਨਸ਼ਿਆਂ ਦੇ ਖਾਤਮੇ ਲਈ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਨਸ਼ਾ ਵੇਚਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।ਇਸ ਮੌਕੇ ਸਰਪੰਚ ਦਤਿਆਲ, ਅਜੀਤ ਸਿੰਘ, ਖੁਸ਼ਬੀਰ ਕਾਟਲ, ਕੁਲਵੰਤ ਸਿੰਘ ਵੀ ਹਾਜ਼ਰ ਸਨ।

## 266 ਗਰਾਮ ਹੈਰੋਇਨ, 1 ਪਿਸਟਲ, 8 ਜ਼ਿੰਦਾ ਰੌਂਦ ਸਮੇਤ 2 ਵਿਅਕਤੀ ਕਾਬੂ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਬਹਿਰਾਮਪੁਰ ਪੁਲਿਸ ਦੇ ਐੱਸ.ਆਈ. ਗੁਰਮੁੱਖ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਸਪੈਸ਼ਲ ਨਾਕਾਬੰਦੀ ਦੌਰਾਨ ਵਹੀਕਲਾਂ ਦੀ ਚੈਕਿੰਗ ਕਰ ਰਹੇ ਸਨ ਕਿ ਪਿੰਡ ਡਾਲਾ ਭੋਲਾ ਤੋਂ ਰਜਿੰਦਰ ਸਿੰਘ ਜਿੰਦਰ ਪੁੱਤਰ ਲਖਬੀਰ ਸਿੰਘ ਵਾਸੀ ਅਬਲਖੈਰ, ਸ਼ਰਨਜੀਤ ਸਿੰਘ ਸ਼ਰਨ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਖਰਲਾ ਨੂੰ ਸ਼ੱਕ ਦੇ ਆਧਾਰ 'ਤੇ ਕਾਰ ਨੰਬਰੀ ਪੀਬੀ 07.ਏ.ਆਰ..3236 ਮਾਰਕਾ ਹੋਂਡਾ ਸਿਟੀ ਸਮੇਤ ਕਾਬੂ ਕਰਕੇ ਸ਼ਰਨਜੀਤ ਸਿੰਘ ਸ਼ਰਨ ਦੀ ਤਲਾਸ਼ੀ ਕੀਤੀ ਤਾਂ ਉਸ ਦੀ ਪਹਿਨੀ ਹੋਈ ਪੈਂਟ ਦੀ ਖੱਬੀ ਜੇਬ ਵਿਚੋਂ 266 ਗ੍ਰਾਮ ਹੈਰੋਇਨ, ਅਤੇ ਸੱਜੀ ਜੇਬ ਵਿਚੋਂ 2100 ਰੁਪਏ ਡਰੱਗ ਮਨੀ ਬਰਾਮਦ ਹੋਈ ਹੈ। ਇਸੇ ਤਰ੍ਹਾਂ ਰਜਿੰਦਰ ਸਿੰਘ ਜਿੰਦਰ ਦੀ ਅਤੇ ਗੱਡੀ ਦੀ ਤਲਾਸ਼ੀ ਕਰਨ 'ਤੇ ਡੈਸ਼ ਬੋਰਡ ਵਿੱਚੋਂ ਇਕ ਪਿਸਟਲ, 2 ਖਾਲੀ ਮੈਗਜ਼ੀਨ ਅਤੇ 8 ਰੌਂਦ ਜ਼ਿੰਦਾ ਬਰਾਮਦ ਹੋਏ ਹਨ। ਥਾਣਾ ਬਹਿਰਾਮਪੁਰ ਪੁਲਸ ਨੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖ਼ਿਲਾਫ਼ ਮੁਕੱਦਮਾ ਨੰਬਰ 66, ਜੁਰਮ 21(ਸੀ), 27(ਏ)-61-85 ਐਨ.ਡੀ.ਪੀ.ਐੱਸ. 25-54-59 ਆਰਮਜ਼ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਅਧਿਆਪਕਾਂ ਨੂੰ ਸਟੇਸ਼ਨ ਦੀ ਚੋਣ ਕਰਵਾਉਣਾ ਭੁੱਲਿਆ ਸਿੱਖਿਆ ਵਿਭਾਗ : ਜੀਐੱਸਟੀਯੂ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸਰਪ੍ਰਸਤ ਚਰਨ ਸਿੰਘ ਸਰਾਭਾ, ਸਲਾਹਕਾਰ ਬਲਕਾਰ ਸਿੰਘ ਵਲਟੋਹਾ, ਪ੍ਰੇਮ ਚਾਵਲਾ, ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਕਾਰਜਕਾਰੀ ਜਨਰਲ ਸਕੱਤਰ ਪ੍ਰਵੀਨ ਕੁਮਾਰ ਲੁਧਿਆਣਾ, ਜਿੰਦਰ ਪਾਇਲਟ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਅਡੀਸ਼ਨਲ ਜਨਰਲ ਸਕੱਤਰ ਬਾਜ ਸਿੰਘ ਭੁੱਲਰ, ਵਿੱਤ ਸਕੱਤਰ ਨਵੀਨ ਸਚਦੇਵਾ, ਮੀਡੀਆ ਸਕੱਤਰ ਗੁਰਪ੍ਰੀਤ ਮਾੜੀ ਮੇਘਾ ਅਤੇ ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਵੱਲੋਂ ਸਕੂਲ ਸਿੱਖਿਆ ਵਿਭਾਗ ਵੱਲੋਂ ਬੀਤੇ ਇੱਕ ਸਾਲ ਤੋਂ ਅਧਿਆਪਕਾਂ ਦੀਆਂ ਬਦਲੀਆਂ ਨਾ ਕਰਨ ਦੀ ਦਿਖਾਈ ਜਾ ਰਹੀ ਨਲਾਇਕੀ ਦੀ ਨਿਖੇਧੀ ਕਰਦਿਆਂ ਬਦਲੀ ਪੋਰਟਲ 'ਤੇ ਸਟੇਸ਼ਨ ਚੋਣ ਤੁਰੰਤ ਦੇਣ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਪੰਜਾਬ ਪੋਰਟਲ ਉਪਰ ਬਦਲੀ ਪ੍ਰਕਿਰਿਆ 6 ਜੂਨ ਤੋਂ ਸ਼ੁਰੂ ਕਰ ਕੇ ਅਗਸਤ ਮਹੀਨੇ ਤੱਕ ਅਧਿਆਪਕਾਂ ਲਈ ਸਟੇਸ਼ਨ ਚੋਣ ਕਰਨ ਲਈ ਨਹੀਂ ਖੋਲ੍ਹਿਆ ਗਿਆ, ਜਿਸ ਕਾਰਨ ਲੰਬੇ ਸਮੇ ਤੋਂ ਬਦਲੀਆਂ ਉਡੀਕ ਰਹੇ ਅਧਿਆਪਕ ਮਾਨਸਿਕ ਤੌਰ 'ਤੇ ਪਰੇਸ਼ਾਨ ਹੋ ਰਹੇ ਹਨ।ਅਧਿਆਪਕ ਸਿੱਖਿਆ ਵਿਭਾਗ ਦੀ ਇਸ ਕਾਰਜਸ਼ੈਲੀ ਤੋਂ ਨਿਰਾਸ਼ ਹਨ।ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਆਨਲਾਈਨ ਬਦਲੀਆਂ ਦੇ ਪੋਰਟਲ ਤੇ ਅਣ-ਐਲਾਨੀ ਬੰਦਿਸ਼ ਨੂੰ ਤੁਰੰਤ ਹਟਾ ਕੇ ਪੋਰਟਲ 'ਤੇ ਸਟੇਸ਼ਨ ਚੋਣ ਦਾ ਮੌਕਾ ਦਿੱਤਾ ਜਾਵੇ।

## ਸਿਹਤ ਮੰਤਰੀ ਵੱਲੋਂ ਸਿਵਲ ਹਸਪਤਾਲ ਤਰਨ ਤਾਰਨ ਦਾ ਵਿਸ਼ੇਸ਼ ਦੌਰਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਸੂਬੇ ਦੇ ਵਿੱਚ ਮਿਆਰੀ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਉਣ ਦੇ ਮੰਤਵ ਨਾਲ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸ਼ੁੱਕਰਵਾਰ ਨੂੰ ਸਿਵਲ ਹਸਪਤਾਲ ਤਰਨ ਤਾਰਨ ਦਾ ਵਿਸ਼ੇਸ਼ ਦੌਰਾ ਕੀਤਾ।ਇਸ ਮੌਕੇ ਉਹਨਾਂ ਦੇ ਨਾਲ ਐੱਮਐੱਲਏ ਖਡੂਰ ਸਾਹਿਬ ਮਨਜਿੰਦਰ ਸਿੰਘ ਲਾਲਪੁਰਾ, ਜ਼ਿਲਾ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ, ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਤਰਨ ਤਾਰਨ ਦੇ ਨਵ-ਨਿਯੁਕਤ ਹਲਕਾ ਇੰਚਾਰਜ ਸ੍ਰੀ ਹਰਮੀਤ ਸਿੰਘ ਸੰਧੂ ਮੌਜੂਦ ਰਹੇ।ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਕਿਹਾ ਗਿਆ ਕਿ ਪੰਜਾਬ ਸਰਕਾਰ ਵੱਲੋਂ



ਸੂਬੇ ਦੇ ਸਾਰੇ ਹੀ ਜਿਲਾ ਹਸਪਤਾਲਾਂ, ਸਬ ਡਵੀਜ਼ਨ ਹਸਪਤਾਲਾਂ ਅਤੇ ਸਾਰੇ ਸਰਕਾਰੀ ਹਸਪਤਾਲਾਂ ਵਿਖੇ ਨਿਰਵਿਘਨ ਬਿਜਲੀ ਪਹੁੰਚਾਉਣ ਲਈ ਹਾਟਲਾਈਨ ਸਰਵਿਸ ਨਾਲ ਜੋੜਿਆ ਜਾਵੇਗਾ ਤਾਂ ਜੋ ਹਸਪਤਾਲਾਂ 'ਚ ਇਲਾਜ ਅਧੀਨ ਨਾਗਰਿਕਾਂ, ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਨੂੰ ਕਿਸੇ ਕਿਸਮ ਦੀ ਸਮੱਸਿਆ ਨਾ ਪੇਸ਼ ਆਵੇ।ਉਨ੍ਹਾਂ ਸਿਹਤ ਸੰਸਥਾਵਾਂ ਦੇ ਮੁਖੀ ਆਪਣੇ ਆਪਣੇ ਕੇਂਦਰਾਂ ਉੱਤੇ ਸਾਰੀਆਂ ਹੀ ਸਿਹਤ ਸਹੂਲਤਾਂ ਦਾ ਮੁਆਇਨਾ ਨਿਰੰਤਰ ਕਰਨ ਤਾਂ ਜੋ ਨਾਗਰਿਕਾਂ ਨੂੰ ਇਲਾਜ ਦੌਰਾਨ ਕੋਈ ਵੀ ਸਮੱਸਿਆ ਨਾ ਪੇਸ਼ ਆਵੇ।ਇਸ ਮੌਕੇ ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ, ਜ਼ਿਲਾ ਸਿਹਤ ਅਫਸਰ ਡਾਕਟਰ ਸੁਖਬੀਰ ਕੌਰ, ਸਰਕਾਰੀ ਹਸਪਤਾਲ ਦੇ ਐੱਸਐੱਮਓ ਡਾਕਟਰ ਸਰਬਜੀਤ ਸਿੰਘ ਆਦਿ ਮੌਜੂਦ ਰਹੇ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ ਛੋਹ ਪ੍ਰਾਪਤ ਹਰ ਪਿੰਡ ਤੇ ਸ਼ਹਿਰ ਦਾ ਵਿਕਾਸ ਕੀਤਾ ਜਾਵੇਗਾ : ਈਟੀਓ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**- ਨੌਵੇਂ ਪਾਤਸ਼ਾਹ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਪੰਜਾਬ ਸਰਕਾਰ ਵੱਲੋਂ ਯਾਦਗਾਰੀ ਸਮਾਗਮ ਕਰਕੇ ਮਨਾਉਣ ਦਾ ਫੈਸਲਾ ਲਿਆ ਗਿਆ ਹੈ। ਇਨ੍ਹਾਂ ਸਮਾਗਮਾਂ ਦੀਆਂ ਤਿਆਰੀਆਂ ਲਈ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਤੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਕਰਵਾਏ ਜਾਣ ਵਾਲੇ ਧਾਰਮਿਕ ਸਮਾਗਮਾਂ ਦੀ ਰੂਪ-ਰੇਖਾ ਬਾਰੇ ਵਿਧਾਇਕਾਂ ਅਤੇ ਜਿਲਾ ਅਧਿਕਾਰੀਆਂ ਨਾਲ ਮੀਟਿੰਗ ਕੀਤੀ।ਮੰਤਰੀ ਸਾਹਿਬਾਨ ਨੇ ਦੱਸਿਆ ਕਿ ਜਿੱਥੇ ਜਿੱਥੇ ਵੀ ਗੁਰੂ ਸਾਹਿਬ ਨੇ ਚਰਨ ਪਾਏ ਹਨ ਉੱਥੇ ਵਿਸ਼ੇਸ਼ ਸਮਾਗਮ ਸਰਕਾਰ ਵੱਲੋਂ ਕਰਵਾਏ ਜਾਣਗੇ ਅਤੇ ਇਨ੍ਹਾਂ ਪਿੰਡਾਂ ਤੇ ਸ਼ਹਿਰਾਂ ਦਾ ਵਿਕਾਸ ਵੱਡੇ ਪੱਧਰ ਤੇ ਕੀਤਾ ਜਾਵੇਗਾ। ਉਨ੍ਹਾਂ ਦੱਸਿਆ



ਕਿ ਅੰਮ੍ਰਿਤਸਰ ਸਮੇਤ ਚਾਰ ਵੱਡੇ ਸ਼ਹਿਰ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਸ਼ਹਿਰ ਬਾਬਾ ਬਕਾਲਾ ਸਾਹਿਬ, ਜਲੰਧਰ ਅਤੇ ਅਨੰਦਪੁਰ ਸਾਹਿਬ ਵਿਖੇ ਕੀਰਤਨ ਦਰਬਾਰ ਵੀ ਕਰਵਾਏ ਜਾਣਗੇ।ਉਨ੍ਹਾਂ ਦੇ ਨਾਲ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਵਿਧਾਇਕਾ ਜੀਵਨਜੋਤ ਕੌਰ, ਵਿਧਾਇਕ ਸ ਦਲਬੀਰ ਸਿੰਘ ਟੌਂਗ, ਵਿਧਾਇਕ ਜਸਬੀਰ ਸਿੰਘ ਸੰਧੂ, ਸੈਰ ਸਪਾਂਟਾ ਵਿਭਾਗ ਦੇ ਐਡਵਾਈਜ਼ਰ ਦੀਪਕ ਬਾਲੀ ਅਤੇ ਸੈਰ ਸਪਾਟਾ ਵਿਭਾਗ ਦੇ ਡਾਇਰੈਕਟਰ ਸੰਜੀਵ ਤਿਵਾੜੀ ਵੀ ਮੌਜੂਦ ਸਨ।ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਮੁੱਚੇ ਪ੍ਰੋਗਰਾਮ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਸੰਗਤਾਂ ਦੀ ਸਹੂਲਤ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਬਾਰੇ ਹਦਾਇਤਾਂ ਜਾਰੀ ਕੀਤੀਆਂ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ. ਸੌਂਦ ਨੇ ਦੱਸਿਆ ਕਿ ਇਸ ਮੌਕੇ ਚਾਰ ਸਥਾਨਾਂ ਤੋਂ ਯਾਤਰਾਵਾਂ ਸ੍ਰੀ ਆਨੰਦਪੁਰ ਸਾਹਿਬ ਪੁੱਜਣਗੀਆਂ, ਜਿਨ੍ਹਾਂ ਵਿੱਚ ਗੁਰਦਾਸਪੁਰ ਤੋਂ ਮਾਝਾ, ਦੁਆਬਾ ਯਾਤਰਾ, ਮਾਲਵਾ ਤੋਂ ਦੋ ਯਾਤਰਾਵਾਂ ਬਠਿੰਡਾ ਅਤੇ ਫਰੀਦਕੋਟ ਤੋਂ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਣਗੀਆਂ ਜੋ ਸੂਬੇ ਦੇ ਲਗਭਗ ਸਾਰੇ ਜਿਲ੍ਹਿਆਂ ਅਤੇ ਪ੍ਰਮੁੱਖ ਸ਼ਹਿਰਾਂ ਤੋਂ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਗੀਆਂ। ਗੁਰਦਾਸਪੁਰ ਤੋਂ ਚੱਲੀ ਯਾਤਰਾ ਅੰਮ੍ਰਿਤਸਰ ਵਿੱਚ ਵਿਸ਼ਰਾਮ ਕਰੇਗੀ।

## ਅਯੁਸ਼ਮਾਨ ਅਰੋਗਿਆ ਕੇਂਦਰ ਵਿਖੇ ਹੈਪੇਟਾਈਟਸ ਦਿਵਸ ਮਨਾਇਆ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਅਤੇ ਐੱਸਐੱਮਓ ਡਾ. ਲਖਵਿੰਦਰ ਸਿੰਘ ਫਤਿਹਗੜ੍ਹ ਚੂੜੀਆਂ ਦੀ ਅਗਵਾਈ ਹੇਠ ਪਿੰਡ ਰਿਆਲੀ ਕਲਾਂ ਅਯੂਸ਼ਮਾਨ ਅਰੋਗਿਆ ਕੇਂਦਰ ਵਿਖੇ ਹੈਪੇਟਾਈਟਸ ਦਿਵਸ ਮਨਾਇਆ ਗਿਆ। ਇਸ ਮੌਕੇ ਸੀਐੱਚਓ ਕੋਮਲਪ੍ਰੀਤ ਨੇ ਦੱਸਿਆ ਕਿ ਹਰ ਸਾਲ 28 ਜੁਲਾਈ ਨੂੰ ਵਿਸ਼ਵ ਹੈਪੇਟਾਈਟਸ ਦਿਵਸ ਮਨਾਇਆ ਜਾਂਦਾ ਹੈ ।ਉਨ੍ਹਾਂ ਦੱਸਿਆ ਕਿ ਹਰ ਸਾਲ 13 ਲੱਖ ਤੋਂ ਵੱਧ ਲੋਕ ਹੈਪੇਟਾਈਟਸ ਨਾਲ ਮਰ ਜਾਂਦੇ



ਹਨ, ਵਿਸ਼ਵ ਸਿਹਤ ਸੰਗਠਨ ਦਾ ਟੀਚਾ ਹੈ ਕਿ 2030 ਤੱਕ ਹੈਪੇਟਾਈਟਸ ਨੂੰ ਜਨਤਕ ਸਿਹਤ ਦੀ ਸੂਚੀ ਵਿੱਚੋਂ ਹਟਾ ਦਿੱਤਾ ਜਾਵੇਗਾ। ਭਾਰਤ ਵਰਗੇ ਦੇਸ਼ ਵਿੱਚ ਸੀਮਤ ਸਿਹਤ ਸਹੂਲਤਾਂ ਅਤੇ ਜਾਗਰੂਕਤਾ ਦੀ ਘਾਟ ਕਾਰਨ ਹੈਪੇਟਾਈਟਸ ਨੂੰ ਰੋਕਣ ਵਿੱਚ ਬਹੁਤ ਚਣੌਤੀਆਂ ਹਨ ।ਇਸ ਮੌਕੇ ਕਮਲਜੀਤ ਸਿੰਘ ਐਮਪੀਐੱਚ ਡਬਲਿਊ ਮੇਲ ਅਤੇ ਗੁਰਵਿੰਦਰ ਕੌਰ ਏਐੱਨਐੱਮ, ਰਵਦੀਪ ਕੌਰ ਆਂਗਨਵਾੜੀ ਵਰਕਰ, ਹਰਜਿੰਦਰ ਕੌਰ ਆਂਗਨਵਾੜੀ ਵਰਕਰ ਅਤੇ ਆਸ਼ਾ ਵਰਕਰ ਸਮੇਤ ਹੋਰ ਮੌਜੂਦ ਸਨ।

## ਬਜ਼ੁਰਗਾਂ ਦੇ ਵਿਹੜੇ 'ਚ ਵਿਦਿਆਰਥੀਆਂ ਦੀ ਆਮਦ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਸ੍ਰੀ ਸਾਈ ਗਰੁੱਪ ਆਫ ਇੰਸਟੀਟਿਊਟ ਕਾਲਜ ਪਠਾਨਕੋਟ ਦੇ ਵਿਦਿਆਰਥੀਆਂ ਨੇ ਬਜ਼ੁਰਗਾਂ ਦੇ ਵਿਹੜੇ ਵਿੱਚ ਦੌਰਾ ਕੀਤਾ।ਉਨ੍ਹਾਂ ਨੇ ਬਜ਼ੁਰਗਾਂ ਨਾਲ ਦੁੱਖ-ਸੁਖ ਸਾਂਝੇ ਕੀਤੇ ਅਤੇ ਹਾਲ ਚਾਲ ਜਾਣਿਆ।ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਆਏ ਹੋਏ ਸਾਰੇ ਹੀ ਵਿਦਿਆਰਥੀਆਂ ਨੂੰ ਕਿਹਾ ਕਿ ਸਾਨੂੰ ਹਮੇਸ਼ਾ ਹੀ ਆਪਣੇ ਮਾਂ ਬਾਪ ਦਾ ਸਤਿਕਾਰ ਕਰਨਾ ਚਾਹੀਦਾ ਹੈ।ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਪ੍ਰਧਾਨ ਸਤਨਾਮ ਸਿੰਘ, ਸੁਪਰਡੈਂਟ



ਅੰਜਲੀ ਸ਼ਰਮਾ, ਆਸ਼ਰਮ ਸਮੂਹ ਸਟਾਫ ਸਵਿਤਾ, ਕਮਲੇਸ਼ ਕੁਮਾਰੀ, ਵਿਜੈ ਕੁਮਾਰੀ, ਰਾਜ ਰਾਣੀ, ਜਸਵੀਰ ਕੌਰ, ਰੂਪ ਰਾਣੀ, ਰਮੇਸ਼ ਚੰਦਰ, ਵਿਪਨ ਕੁਮਾਰ , ਅਧਿਆਪਕ ਮੈਡਮ ਹਰਪ੍ਰੀਤ ਕੌਰ, ਰਜਨੀ ਸ਼ਰਮਾ, ਰਜਨੀ ਬਾਲਾ, ਸੁਖਵਿੰਦਰ ਕੌਰ, ਸੋਹਣ ਲਾਲ, ਰਾਜੇਸ਼ ਕੁਮਾਰ ਆਦਿ ਮੌਜੂਦ ਸਨ।

## ਸਕੂਲ ਦੇ ਈਕੋ ਕਲੱਬ ਨੇ ਮਨਾਇਆ ਵਿਸ਼ਵ ਵਾਤਾਵਰਣ ਦਿਹਾੜਾ

**ਝਬਾਲ (ਹਰਜਿੰਦਰ ਸਿੰਘ ਸੋਨੀ)**— ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਸੀਬੀਐੱਸਈ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਦੇ ਈਕੋ ਕਲੱਬ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਵਿੱਚ ਵਾਤਾਵਰਣ ਦੀ ਸਾਂਭ- ਸੰਭਾਲ ਵਿਸ਼ੇ 'ਤੇ ਭਾਸ਼ਣ ਗਤੀਵਿਧੀ ਕਰਵਾਈ ਗਈ। ਸਕੂਲ ਦੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਕਿਹਾ ਕਿ ਸਾਨੂੰ ਸਕੂਲ ਵਿੱਚ ਸਮੇਂ-ਸਮੇਂ ਤੇ ਹੋ ਰਹੀਆਂ



ਅਜਿਹੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸਾਂਭ-ਸੰਭਾਲ ਕਰਨ ਅਤੇ ਆਪਣੇ ਘਰਾਂ ਦੇ ਆਲੇ-ਦੁਆਲੇ ਨਵੇਂ ਬੂਟੇ ਲਗਾਉਣ ਲਈ ਉਤਸ਼ਾਹਿਤ ਕੀਤਾ ਤਾਂ ਜੋ ਵਾਤਾਵਰਣ ਵਿੱਚ ਪ੍ਰਦੂਸ਼ਣ ਨੂੰ ਘਟਾ ਕੇ ਹਰਿਆਲੀ ਲਿਆਂਦੀ ਜਾ ਸਕੇ। ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

## ਗਰੇਡਿੰਗ ਸੁਪਰਵਾਈਜ਼ਰ ਹਰਮਨਪਾਲ ਸਿੰਘ ਚੀਮਾ ਨੂੰ ਨਿੱਘੀ ਵਿਦਾਇਗੀ ਪਾਰਟੀ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਮਾਰਕੀਟ ਕਮੇਟੀ ਝਬਾਲ ਦੇ ਗਰੇਡਿੰਗ ਸੁਪਰਵਾਈਜ਼ਰ ਹਰਮਨ ਪਾਲ ਸਿੰਘ ਚੀਮਾ ਦੀ ਰਿਟਾਇਰਮੈਂਟ ਮੌਕੇ ਦਫਤਰੀ ਸਟਾਫ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਮਾਰਕੀਟ ਕਮੇਟੀ ਝਬਾਲ ਦੇ ਚੇਅਰਮੈਨ ਬਲਵਿੰਦਰ ਸਿੰਘ ਦਿਓਲ ਕੋਟ ਸਵਿਆ, ਮਾਰਕੀਟ ਕਮੇਟੀ ਝਬਾਲ ਸਕੱਤਰ ਸਤਿੰਦਰ ਰੂਪ ਸਿੰਘ ਵੱਲੋਂ ਸ੍: ਹਰਮਨ ਪਾਲ ਸਿੰਘ ਚੀਮਾ ਵੱਲੋਂ ਆਪਣੀ ਡਿਊਟੀ ਦੌਰਾਨ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਈਆਂ ਵੱਡਮੁੱਲੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।ਰਿਸ਼ਤੇਦਾਰਾਂ





ਵੱਲੋਂ ਹਰਮਨਪਾਲ ਸਿੰਘ ਚੀਮਾ ਤੇ ਉਨਾਂ ਦੀ ਜੀਵਨ ਸਾਥੀ ਬੀਬੀ ਕੁਲਬੀਰ ਕੌਰ ਚੀਮਾ ਨੂੰ ਤੋਹਫੇ, ਫੁੱਲਾਂ ਦੇ ਗੁਲਦਸਤੇ ਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

## ਖੋਖਰਵਾਲ 'ਚ ਵਿਧਾਇਕ ਅਮਰਪਾਲ ਸਿੰਘ ਨੇ ਲੋਕਾਂ ਨੂੰ ਨਸ਼ਿਆਂ ਖਿਲਾਫ ਸਹੁੰ ਚੁਕਾਈ

**ਬਟਾਲਾ (ਡਾ. ਮਲਵਿੰਦਰ ਸਿੰਘ)**- ਪਿੰਡ ਖੋਖਰਵਾਲ ਵਿਖੇ ਨਸ਼ਾ ਮੁਕਤੀ ਯਾਤਰਾ ਕੱਢ ਗਈ। ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਨਸ਼ਿਆਂ ਵਿਰੁੱਧ ਹੋਕਾ ਦਿੰਦਿਆਂ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਇਸ ਜੰਗ ਵਿੱਚ ਪੰਜਾਬ ਸਰਕਾਰ ਦਾ ਸਾਥ ਦੇਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਜੇਕਰ ਤੁਹਾਡੇ ਆਸ ਪਾਸ, ਗੁਆਂਢ ਜਾਂ



ਰਿਸ਼ਤੇਦਾਰੀ ਵਿੱਚ ਕੋਈ ਵੀ ਨੌਜਵਾਨ ਜਾਂ ਵਿਅਕਤੀ ਨਸ਼ਾ ਕਰਦਾ ਹੈ ਤਾਂ ਉਸ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਭਰਤੀ ਕਰਵਾਇਆ ਜਾਵੇ ਤਾਂ ਜੋ ਉਹ ਨਸ਼ਾ ਛੱਡ ਕੇ ਆਪਣੀ ਬਾਕੀ ਦੀ ਜ਼ਿੰਦਗੀ ਤੰਦਰੁਸਤੀ ਅਤੇ ਮਾਣ ਸਨਮਾਨ ਵਾਲੀ ਬਤੀਤ ਕਰ ਸਕੇ।ਇਸ ਮੌਕੇ ਨਸ਼ਿਆਂ ਦੇ ਖਾਤਮੇ ਵਿੱਚ ਆਪਣਾ ਪੂਰਨ ਸਹਿਯੋਗ ਦੇਣ ਲਈ ਪਿੰਡ ਵਾਸੀਆਂ ਨੂੰ ਸਹੁੰ ਵੀ ਚੁਕਾਈ।

## ਡਾ. ਕਰਮਜੀਤ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇ. ਦੇ ਸੇਵਾ ਨਿਯਮਾਂ ਸੰਬਧੀ ਬਣਾਈ ਕਮੇਟੀ 'ਚੋਂ ਬਾਹਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਆਰਐੱਸਐੱਸ ਮੁਖੀ ਸਾਹਮਣੇ ਵਿਚਾਰ ਚਰਚਾ ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਵੱਲੋਂ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਕਰਕੇ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਸੇਵਾ ਨਿਯਮਾਂ ਸਬੰਧੀ ਬਣਾਈ ਕਮੇਟੀ 'ਚੋਂ ਹਟਾ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇਕ ਵੀਡੀਓ ਵਿਚ ਡਾ.



ਕਰਮਜੀਤ ਸਿੰਘ ਆਰਐੱਸਐੱਸ ਮੁਖੀ ਨਾਲ ਕੀਤੀ ਵਾਰਤਾ ਦੌਰਾਨ ਸਿੱਖ ਵਿਰੋਧੀ ਵਿਚਾਰਧਾਰਾ ਦਾ ਪ੍ਰਗਟਾਵਾ ਕਰਦੇ ਨਜ਼ਰ ਆ ਰਹੇ ਹਨ।ਇਸ 'ਤੇ ਸੰਗਤਾਂ ਵੱਲੋਂ ਪੁੱਜ ਰਹੇ ਇਤਰਾਜ਼ਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਡਾ. ਕਰਮਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਬੰਧੀ ਸੇਵਾ ਨਿਯਮਾਂ ਬਾਰੇ ਬਣਾਈ ਕਮੇਟੀ ਤੋਂ ਹਟਾ ਦਿੱਤਾ ਹੈ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ ਸ਼ਰਧਾ ਪੂਰਵਕ ਮਨਾਇਆ ਗਿਆ।ਇਸ ਦੌਰਾਨ ਸੱਤਵੀਂ ਜਮਾਤ ਦੀ ਵਿਦਿਆਰਥਣ ਰਾਜਦੀਪ ਕੌਰ ਵੱਲੋਂ ਆਪਣੇ ਭਾਸ਼ਣ ਰਾਹੀਂ ਸ਼ਹੀਦ ਊਧਮ ਸਿੰਘ ਦੇ ਜੀਵਨ 'ਤੇ ਚਾਨਣਾ



ਪਾਇਆ ਗਿਆ ਅਤੇ ਉਨ੍ਹਾਂ ਦੀ ਸ਼ਹਾਦਤ ਨੂੰ ਬਹੁਤ ਹੀ ਸੁੰਦਰ ਲਫਜ਼ਾਂ ਵਿੱਚ ਬਿਆਨ ਕੀਤਾ ਗਿਆ।ਪ੍ਰਿੰ. ਕਿਰਨ ਕੇਸਰ ਵੱਲੋਂ ਵਿਦਿਆਰਥੀਆਂ ਨੂੰ ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਬਾਰੇ ਦੱਸਦੇ ਹੋਏ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਣ ਲਈ ਅਤੇ ਆਪਣੇ ਦਿਲਾਂ ਵਿੱਚ ਆਪਣੇ ਦੇਸ਼ ਪ੍ਰਤੀ ਪਿਆਰ ਤੇ ਸਤਿਕਾਰ ਦੀ ਭਾਵਨਾ ਨੂੰ ਜਾਗ੍ਰਿਤ ਕਰਨ ਲਈ ਪ੍ਰੇਰਿਤ ਕੀਤਾ।

## ਜੱਜਾਂ ਨੇ ਜ਼ਿਲ੍ਹਾ ਕਚਹਿਰੀਆਂ 'ਚ ਬੂਟੇ ਲਗਾਏ



**ਪੱਟੀ (ਬਲਦੇਵ ਸਿੰਘ ਸੰਧੂ)**- ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸਏਐੱਸ ਨਗਰ ਵੱਲੋਂ ਚੱਲ ਰਹੀ ਕੰਪੇਨ ਗ੍ਰੀਨ ਓਥ ਡੇ ਮਿਸ਼ਨ ਵਨ ਜੱਜ ਵਨ ਟ੍ਰੀ ਤਹਿਤ ਮਾਨਯੋਗ ਸ਼੍ਰੀ ਕੰਵਲਜੀਤ ਸਿੰਘ ਬਾਜਵਾ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਤਰਨ ਤਾਰਨ ਵਿੱਚ ਕੰਮ ਕਰ ਰਹੇ ਸਾਰੇ ਜੁਡੀਸ਼ੀਅਲ ਅਫ਼ਸਰਾਂ ਵੱਲੋਂ ਕੌਰਟ ਕੰਪਲੈਕਸ ਤਰਨ ਤਾਰਨ, ਕੌਰਟ ਕੰਪਲੈਕਸ ਪੱਟੀ ਅਤੇ ਕੌਰਟ ਕੰਪਲੈਕਸ ਖਡੂਰ ਸਾਹਿਬ ਵਿਖੇ ਪੌਦੇ ਲਗਾਏ ਗਏ।ਇਸ ਮੌਕੇ ਮਾਨਯੋਗ ਜੱਜ ਸਾਹਿਬ ਵੱਲੋਂ ਗੱਲਬਾਤ ਕਰਦਿਆਂ ਕਿਹਾ ਕਿ ਵਾਤਾਵਰਨ ਨੂੰ ਹਰਾ ਭਰਾ ਰੱਖਣ, ਪ੍ਰਦੂਸ਼ਣ ਤੋਂ ਬਚਾਉਣ ਅਤੇ ਲੋਕਾਂ ਨੂੰ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਉਣ ਦੇ ਨਾਲ ਨਾਲ ਉਹਨਾਂ ਨੂੰ ਸ਼ੁੱਧ ਹਵਾ ਅਤੇ ਆਕਸੀਜਨ ਪ੍ਰਦਾਨ ਕਰਨ ਲਈ ਪੌਦੇ ਲਗਾਉਣੇ ਬਹੁਤ ਜਰੂਰੀ ਹਨ।ਅਖਿਰ ਵਿੱਚ ਮਾਨਯੋਗ ਜੱਜ ਸਾਹਿਬ ਨੇ ਦੱਸਿਆ ਕਿ ਮਨੁੱਖਤਾ ਦੀ ਹੋਂਦ ਕੁਦਰਤ ਤੇ ਹੀ ਨਿਰਭਰ ਕਰਦੀ ਹੈ।ਕੁਦਰਤ ਨੂੰ ਬਚਾਉਣ ਲਈ ਕੇਵਲ ਇਕ ਵਿਅਕਤੀ ਕਾਫ਼ੀ ਨਹੀਂ ਹੈ, ਇਸ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋਣਾ ਚਾਹੀਦਾ ਹੈ ਅਤੇ ਸਮੇਂ ਸਿਰ ਇਕ ਸਿਹਤਮੰਦ ਅਤੇ ਸੁਰੱਖਿਅਤ ਵਾਤਾਵਰਣ ਲਈ ਕੰਮ ਕਰਨਾ ਚਾਹੀਦਾ ਹੈ।

## ਲੋਕ 'ਆਪ' ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਨਾਖ਼ੁਸ਼ : ਕਲੇਰ/ਡੱਲਾ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਅਕਾਲੀ ਦਲ 'ਚ ਨਵੀਂ ਰੂਹ ਫੂਕਣ ਲਈ ਪਾਰਟੀ ਦੇ ਵਰਕਰਾਂ ਨਾਲ ਮੀਟਿੰਗ ਦਾ ਸਿਲਸਿਲਾ ਤੇਜ਼ ਕਰਦਿਆਂ ਹਲਕਾ ਇੰਚਾਰਜ ਤੇ ਕੋਰ ਕਮੇਟੀ ਮੈਂਬਰ ਐੱਸ ਆਰ ਕਲੇਰ ਨੇ ਸਰਕਲ ਗਿੱਦੜਵਿੰਡੀ ਦੇ ਪਿੰਡਾਂ ਦੇ ਵਰਕਰਾਂ ਨਾਲ ਮੀਟਿੰਗ ਕੀਤੀ।ਗੁਰਦੁਆਰਾ ਬਾਉਲੀ ਸਾਹਿਬ ਸੰਧੀਵਾਲ ਵਿਖੇ ਹੋਈ। ਇਸ ਪ੍ਰਭਾਵਸ਼ਾਲੀ ਮੀਟਿੰਗ ਵਿੱਚ ਪਾਰਟੀ ਦੀ ਮਜ਼ਬੂਤੀ ਤੇ ਲੋਕ ਮਸਲਿਆਂ ਦੇ ਹੱਲ ਲਈ ਬਣਾਈਆਂ ਗਈਆਂ ਟੀਮਾਂ ਨੂੰ ਸਰਗਰਮ ਭੂਮਿਕਾ ਨਿਭਾਉਣ ਦੀ ਲੋੜ 'ਤੇ ਜ਼ੋਰ ਦਿੱਤਾ।ਐੱਸ.ਆਰ ਕਲੇਰ ਤੇ ਚੰਦ ਸਿੰਘ ਡੱਲਾ ਨੇ ਆਖਿਆ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਨਾਖ਼ੁਸ਼ ਹਨ ਤੇ ਲੋਕਾਂ ਦੀਆਂ ਅੱਖਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੇਖਣ ਦਾ ਸੁਪਨਾ ਹੈ।ਉਨ੍ਹਾਂ ਆਖਿਆ ਕਿ ਆਮ ਲੋਕਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਹੈ ਤੇ ਗਰੀਬ ਮਜ਼ਦੂਰ ਤੇ ਕਿਸਾਨ ਆਰਥਿਕ ਮੰਦਹਾਲੀ ਨਾਲ ਜੂਝ ਰਹੇ ਹਨ।ਉਨ੍ਹਾਂ ਆਖਿਆ ਕਿ ਲੈਂਡ ਪੂਲਿੰਗ ਸਕੀਮ ਦੇ ਰੌਲੇ ਨਾਲ ਲੋਕ ਮਾਰੂ ਨੀਤੀਆਂ ਦਾ ਸਰਕਾਰ ਤੋਂ ਮੋਹ ਭੰਗ ਕਰ ਦਿੱਤਾ ਹੈ।ਇਸ ਮੌਕੇ ਸ੍ਰੀ ਐੱਸ ਆਰ ਕਲੇਰ ਸਾਬਕਾ ਵਿਧਾਇਕ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਸਾਬਕਾ ਚੇਅਰਮੈਨ ਚੰਦ ਸਿੰਘ ਡੱਲਾ ਨੂੰ ਲੁਧਿਆਣਾ ਦਿਹਾਤੀ ਦਾ ਜ਼ਿਲ੍ਹਾ ਪ੍ਰਧਾਨ ਬਣਾਏ ਜਾਣ 'ਤੇ ਸਨਮਾਨਤ ਕੀਤਾ।

## ਜ਼ੋਨਲ ਪੱਧਰੀ ਖੇਡਾਂ 'ਚ ਸੈਕੰਡਰੀ ਸਕੂਲ ਅਖਾੜਾ ਨੇ ਮਾਰੀਆਂ ਮੱਲਾਂ




**ਜਗਰਾਉਂ (ਸੰਜੀਵ ਅਰੋੜਾ)**-ਜ਼ੋਨਲ ਪੱਧਰੀ ਹਾਕੀ ਟੂਰਨਾਮੈਂਟ 'ਚ ਸੈਕੰਡਰੀ ਸਕੂਲ ਅਖਾੜਾ ਦੇ ਵਿਦਿਆਰਥੀ ਖਿਡਾਰੀਆਂ ਦੀਆਂ ਤਿੰਨ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਜਿੱਤ ਦਰਜ ਕਰਵਾਉਣ ਉਪਰੰਤ ਸਮੂਹ ਵਿਦਿਆਰਥੀਆਂ ਦਾ ਸਕੂਲ ਪੁੱਜਣ 'ਤੇ ਸ਼ਾਨਦਾਰ ਸਵਾਗਤ ਕੀਤਾ ਤੇ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ। ਸਰਕਾਰੀ ਹਾਈ ਸਕੂਲ ਮਲਕ ਵਿਖੇ ਹੋਏ ਇਸ ਖੇਡ ਟੂਰਨਾਮੈਂਟ ਵਿੱਚ ਸੈਕੰਡਰੀ ਸਕੂਲ ਅਖਾੜਾ ਦੀਆਂ ਤਿੰਨ ਟੀਮਾਂ, ਜਿਨ੍ਹਾਂ ਵਿੱਚ ਅੰਡਰ 14 ਤੇ ਅੰਡਰ 17 ਕੁੜੀਆਂ ਅਤੇ ਅੰਡਰ 14 ਮੁੰਡਿਆਂ ਨੇ ਭਾਗ ਲਿਆ ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਉਨ੍ਹਾਂ ਦੀਆਂ ਦੋਵੇਂ ਟੀਮਾਂ ਅੰਡਰ 14 ਤੇ ਅੰਡਰ 17 ਨੇ ਚੈਂਪੀਅਨਸ਼ਿਪ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਅੰਡਰ 17 ਮੁੰਡਿਆਂ ਨੇ ਫੁੱਟਬਾਲ ਟੂਰਨਾਮੈਂਟ ਵਿੱਚ ਸੈਕੰਡਰੀ ਸਕੂਲ ਜਗਰਾਉਂ ਨੂੰ ਪਛਾੜ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਸਰਬਜੀਤ ਕੌਰ ਚੌਕੀਮਾਨ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਖਿਡਾਰੀਆਂ ਦੀ ਮਾਣਮੱਤੀ ਪ੍ਰਾਪਤੀ ਹੈ, ਜਿਸ ਦਾ ਸਿਹਰਾ ਹਾਕੀ ਕੋਚ ਕੁਲਵਿੰਦਰ ਸਿੰਘ ਸਮਰਾ ਤੇ ਫੁੱਟਬਾਲ ਕੋਚ ਚਰਿੰਜੀ ਲਾਲ ਸਿਰ ਬੱਝਦਾ ਹੈ। ਪ੍ਰਿੰਸੀਪਲ ਸਰਬਜੀਤ ਕੌਰ ਨੇ ਵਿਸ਼ਵਾਸ ਨਾਲ ਕਿਹਾ ਕਿ ਇਹ ਖਿਡਾਰੀ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਤਿਆਰ ਹਨ ਤੇ ਉਨ੍ਹਾਂ ਨੂੰ ਪੂਰਨ ਭਰੋਸਾ ਹੈ ਕਿ ਇਹ ਵਿਦਿਆਰਥੀ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਅਵੱਸ਼ ਜਿੱਤ ਦਰਜ ਕਰਨਗੇ।

## ਸੈਰਾਫਿਕਸ ਸੈਲੂਨ ਬਣਿਆ ਪਟਿਆਲਵੀਆਂ ਦੀ ਪਹਿਲੀ ਪਸੰਦ





**ਪਟਿਆਲਾ (ਰਾਜਿੰਦਰ ਥਿੰਦ)**-ਸ਼ਾਹੀ ਸ਼ਹਿਰ ਪਟਿਆਲਾ ਦੇ ਆਰਕਨ ਅਸਟੇਟ ਫੇਜ਼-3 ਰਿਡੋਰਾ ਹੋਟਲ ਨੇੜੇ ਪ੍ਰਮੀ ਸੈਕਸ ਸੈਲੂਨ ਪਟਿਆਲਵੀਆਂ ਦੀ ਪਹਿਲੀ ਪਸੰਦ ਬਣ ਚੁੱਕਿਆ ਹੈ।ਇਸ ਵਿੱਚ ਮਾਡਰਨ ਤੇ ਨਵੀਂ ਤਕਨੀਕ ਦੀਆਂ ਮਸ਼ੀਨਾਂ ਨਾਲ ਤਜਰਬੇ ਕਾਰ ਕਾਰੀਗਰਾਂ ਰਾਹੀਂ ਜਿੱਥੇ ਆਪਣੇ ਗਾਹਕਾਂ ਨੂੰ ਵਧੀਆ ਸਰਵਿਸ ਦਿੱਤੀ ਜਾ ਰਹੀ ਹੈ, ਉੱਥੇ ਕਾਰੀਗਰੀ ਰਾਹੀਂ ਨੌਜਵਾਨਾਂ ਨੂੰ ਆਪਣਾ ਸੈਲੂਨ ਖੋਲ੍ਹਣ ਤੇ ਆਪਣਾ ਰੁਜ਼ਗਾਰ ਕਰਨ ਲਈ ਸਿੱਖਿਆ ਵੀ ਦਿੱਤੀ ਜਾ ਰਹੀ ਹੈ।ਇਸ ਸੈਲੂਨ 'ਤੇ ਮਹਿਲ ਲਈ ਦੁਲਹਨ ਦੇ ਦੁਲਹੇ ਨੂੰ ਤਿਆਰ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਮਾਰਕੀਟ ਨਾਲੋਂ ਘੱਟ ਰੇਟ 'ਤੇ ਬਿਊਟੀ ਮੇਕਅਪ ਤੇ ਵਾਲਾਂ ਨੂੰ ਆਧੁਨਿਕ ਮਸ਼ੀਨਾਂ ਨਾਲ ਤਿਆਰ ਕੀਤਾ ਜਾਂਦਾ ਹੈ।ਇਸ ਦੇ ਮੈਨੇਜਿੰਗ ਮੈਂਬਰ ਨੇ ਦੱਸਿਆ ਕਿ 200 ਰੁਪਏ ਤੋਂ ਵੱਧ ਦੀ ਸਰਵਿਸ ਉੱਤੇ 30 ਪ੍ਰਤੀਸ਼ਤ ਵਿਸ਼ੇਸ਼ ਡਿਸਕਾਊਂਟ ਵੀ ਦਿੱਤਾ ਜਾ ਰਿਹਾ ਹੈ।ਨੌਜਵਾਨ ਲੜਕੇ-ਲੜਕੀਆਂ ਦੂਜੇ ਸੈਲੂਨਾਂ ਨਾਲੋਂ ਵਧੀਆ ਸਰਵਿਸ ਕਾਰਨ ਇਸ ਸੈਲੂਨ ਵੱਲ ਖਿੱਚੇ ਜਾ ਰਹੇ ਹਨ ਤੇ ਅੱਜ ਇਹ ਪਟਿਆਲਵੀਆਂ ਦੀ ਪਹਿਲੀ ਪਸੰਦ ਬਣ ਗਿਆ ਹੈ।

## ਮਾਨ ਤੇ ਕੇਜਰੀਵਾਲ ਨੇ ਸੰਜੇ ਵਰਮਾ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ



**ਅਬੋਹਰ (ਪੱਤਰ ਪ੍ਰੇਰਕ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ਼ੁੱਕਰਵਾਰ ਸ਼ਹਿਰ ਦੇ ਪ੍ਰਸਿੱਧ ਕਾਰੋਬਾਰੀ ਸਵਰਗੀ ਸੰਜੇ ਵਰਮਾ ਦੇ ਘਰ ਜਾ ਕੇ ਦੁਖੀ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ।ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ ਨੇ ਸੰਜੇ ਵਰਮਾ ਦੇ ਭਰਾ ਜਗਤ ਵਰਮਾ ਨਾਲ ਮੁਲਾਕਾਤ ਕਰਕੇ ਦੁੱਖ ਵੰਡਾਇਆ।ਉਨ੍ਹਾਂ ਕਿਹਾ ਕਿ ਜਿੱਥੇ ਇਹ ਪਰਵਾਰ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ, ਉੱਥੇ ਇਹ ਸਮਾਜ ਲਈ ਵੀ ਵੱਡਾ ਘਾਟਾ ਹੈ, ਜਿਸ ਨੇ ਦ੍ਰਿੜ੍ਹ ਇਰਾਦੇ ਵਾਲੀ ਉੱਦਮੀ ਹਸਤੀ ਨੂੰ ਗੁਆ ਲਿਆ।ਦੋਵਾਂ ਆਗੂਆਂ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਸ਼ਾਂਤੀ ਦੇਣ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।ਦੋਵਾਂ ਆਗੂਆਂ ਨੇ ਕਿਹਾ ਕਿ ਵਰਮਾ ਪਰਵਾਰ ਨੇ ਸਖ਼ਤ ਮਿਹਨਤ, ਸਮਰਪਣ ਭਾਵਨਾ ਤੇ ਦ੍ਰਿੜ੍ਹ ਵਚਨਬੱਧਤਾ ਰਾਹੀਂ ਵੱਡਾ ਮੁਕਾਮ ਹਾਸਲ ਕੀਤਾ ਹੈ, ਜਿਸ ਸਦਕਾ ਅਬੋਹਰ ਸ਼ਹਿਰ ਨੂੰ ਵਿਸ਼ਵ ਪੱਧਰ 'ਤੇ ਪਛਾਣ ਮਿਲੀ।ਉਨ੍ਹਾਂ ਪਰਵਾਰ ਨੂੰ ਭਰੋਸਾ ਦਿੱਤਾ ਕਿ ਦੁੱਖ ਤੇ ਸੰਕਟ ਦੀ ਇਸ ਘੜੀ ਵਿੱਚ ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਚਟਾਨ ਵਾਂਗ ਖੜ੍ਹੀ ਹੈ ਤੇ ਅਜਿਹੀਆਂ ਕਾਰਵਾਈਆਂ ਲਈ ਜ਼ਿੰਮੇਵਾਰ ਲੋਕਾਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਈ ਜਾਵੇਗੀ।ਇਸ ਦੌਰਾਨ ਸੰਜੇ ਵਰਮਾ ਦੇ ਭਰਾ ਜਗਤ ਵਰਮਾ ਨੇ ਇਸ ਮਾਮਲੇ ਵਿੱਚ ਪੰਜਾਬ ਪੁਲਸ ਵੱਲੋਂ ਕੀਤੀ ਗਈ ਤੇਜ਼ ਤੇ ਫੈਸਲਾਕੁੰਨ ਕਾਰਵਾਈ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ।ਉਨ੍ਹਾਂ ਦੁੱਖ ਦੀ ਇਸ ਘੜੀ ਵਿੱਚ ਪਰਵਾਰ ਨਾਲ ਖੜ੍ਹਨ ਤੇ ਅਪਰਾਧੀਆਂ ਵਿਰੁੱਧ ਮਿਸਾਲੀ ਕਾਰਵਾਈ ਕਰਕੇ ਇਨਸਾਫ ਦੇਣ ਲਈ ਦੋਵੇਂ ਨੇਤਾਵਾਂ ਦਾ ਧੰਨਵਾਦ ਕੀਤਾ।ਇਸ ਮੌਕੇ ਆਪ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਵੀ ਹਾਜ਼ਰ ਸਨ।

## ਸ/ਡ ਸਿਟੀ/ਦਿਹਾਤੀ ਲਹਿਰਾਗਾਗਾ ਟੀ ਐੱਸ ਯੂ ਦੀ ਚੋਣ



**ਮੂਣਕ (ਰਾਜਪਾਲ ਸਿੰਗਲਾ)**-ਬੀਤੇ ਦਿਨੀਂ ਸ/ਡ ਸਿਟੀ/ਦਿਹਾਤੀ ਲਹਿਰਾਗਾਗਾ ਟੀ ਐੱਸ ਯੂ ਦੀ ਚੋਣ ਸਬੰਧੀ ਮੀਟਿੰਗ ਰੱਖੀ ਗਈ, ਜਿਸ ਵਿੱਚ ਸਾਰੇ ਸਾਥੀਆਂ ਦੀ ਸਰਬਸੰਮਤੀ ਨਾਲ ਸ/ਡ ਸਿਟੀ ਲਹਿਰਾਗਾਗਾ, ਦਿਹਾਤੀ ਲਹਿਰਾਗਾਗਾ ਦੀ ਚੋਣ ਹੋਈ, ਜਿਸ 'ਚ ਸਿਟੀ ਲਹਿਰਾਗਾਗਾ ਸ/ਡ ਪ੍ਰਧਾਨ ਗੁਰਮੀਤ ਸਿੰਘ ਜੇਈ, ਮੀਤ ਪ੍ਰਧਾਨ ਮਲਕੀਤ ਸਿੰਘ, ਸਕੱਤਰ ਕੁਲਦੀਪ ਸਿੰਘ, ਸਹਾਇਕ ਸਕੱਤਰ ਪਵਿੱਤਰ ਸਿੰਘ, ਖਜ਼ਾਨਚੀ ਅਮਨਦੀਪ ਸਿੰਘ, ਦਿਹਾਤੀ ਲਹਿਰਾਗਾਗਾ ਪ੍ਰਧਾਨ ਭੂਰਾ ਸਿੰਘ, ਮੀਤ ਪ੍ਰਧਾਨ ਦਰਸ਼ਨ ਸਿੰਘ, ਸਕੱਤਰ ਹਰਦੀਪ ਸਿੰਘ, ਸਹਾਇਕ ਸਕੱਤਰ ਗੁਰਪ੍ਰੀਤ ਸਿੰਘ, ਖਜ਼ਾਨਚੀ ਹਰਪ੍ਰੀਤ ਸਿੰਘ ਚੁਣੇ ਗਏ। ਨਵੀਂ ਚੁਣੀ ਗਈ ਕਮੇਟੀ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਅਸੀਂ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨੂੰ ਨਿਭਾਵਾਂਗੇ।ਸਾਰੇ ਸਾਥੀ ਜੋ ਵੀ ਸੰਘਰਸ਼ ਪ੍ਰੋਗਰਾਮ ਆਵੇਗਾ, ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗੇ। ਚੋਣ ਕਰਾਉਣ ਸਮੇਂ ਪਹੁੰਚੀ ਸਮੂਹ ਲੀਡਰਸ਼ਿਪ 'ਚ ਭੀਮ ਸਿੰਘ ਡਵੀਜ਼ਨ ਪ੍ਰਧਾਨ, ਸੁਰੇਸ਼ ਕੁਮਾਰ ਪ੍ਰਧਾਨ ਸ/ਡ ਮੂਨਕ, ਸੁਖਵਿੰਦਰ ਸ਼ਰਮਾ (ਜੋਨੀ) ਪ੍ਰਧਾਨ ਸ/ਡ ਬੰਗਾਂ, ਮਨਦੀਪ ਸਿੰਘ, ਨਰੇਸ਼ ਕੁਮਾਰ, ਸੁੱਖਵੀਰ ਸਿੰਘ ਤੇ ਹੋਰ ਸਾਥੀ ਸ਼ਾਮਲ ਸਨ।

## ਭਗਤਾ ਬਲਾਕ ਨੂੰ ਤੋੜਨਾ ਭਾਈਕਾ ਦੇ ਨੇੜਲੇ ਪਿੰਡਾਂ ਨਾਲ ਵੱਡਾ ਧੱਕਾ : ਐਡਵੋਕੇਟ ਜੱਸ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਸਰਕਾਰ ਵੱਲੋਂ ਜੋ ਬਲਾਕਾਂ ਦੀ ਵੰਡ ਕੀਤੀ ਗਈ ਹੈ, ਉਸ ਵਿੱਚ ਹਲਕਾ ਰਾਮਪੁਰਾ ਫੂਲ ਦੇ ਬਲਾਕ ਭਗਤਾ ਭਾਈ ਜੋ ਕਿ ਪਿਛਲੇ ਕੁਝ ਸਾਲਾਂ ਵਿੱਚ ਬਣਿਆ ਸੀ ਅਤੇ ਪਿਛਲੇ 10 ਸਾਲ ਤੋਂ ਉੱਪਰ ਲੋਕਾਂ ਨੂੰ ਸਹੂਲਤਾਂ ਦੇ ਰਿਹਾ ਸੀ, ਪਰ ਪੰਜਾਬ ਸਰਕਾਰ ਨੇ ਹੁਣ ਭਗਤਾ ਬਲਾਕ ਨੂੰ ਤੋੜ ਕੇ ਫੂਲ ਬਲਾਕ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ, ਜੋ ਕਿ ਭਗਤਾ ਭਾਈਕਾ ਦੇ ਨੇੜਲੇ ਪਿੰਡਾਂ ਨਾਲ ਬਹੁਤ ਵੱਡਾ ਧੱਕਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਰਾਮਪੁਰਾ ਫੂਲ ਦੇ ਸੀਨੀਅਰ ਕਾਂਗਰਸੀ ਆਗੂ ਤੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਜਸਵਿੰਦਰ ਸਿੰਘ ਜੱਸ ਨੇ ਕੀਤਾ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਬਲਕਾਰ ਸਿੱਧੂ ਦੀ ਇਸ ਮਸਲੇ 'ਤੇ ਚੁੱਪ ਆਪ ਆਗੂਆਂ ਦੀ ਮਿਲੀਭੁਗਤ ਦਰਸਾ ਰਹੀ ਹੈ। ਉਨ੍ਹਾਂ ਕਿਹਾ ਕਿ ਭਗਤਾ ਭਾਈ ਦੇ ਕਈ ਪਿੰਡਾਂ ਦੀ ਫੂਲ ਬਲਾਕ ਤੋਂ 50 ਕਿਲੋਮੀਟਰ ਦੀ ਦੂਰੀ ਹੈ ਤੇ ਪਿੰਡਾਂ ਦੇ ਸਰਪੰਚਾਂ ਪੰਚਾਂ ਤੇ ਆਮ ਲੋਕਾਂ ਤੇ ਨਰੇਗਾ ਮਜ਼ਦੂਰਾਂ ਨੂੰ ਏਨੀ ਦੂਰ ਆਪਣੇ ਕੰਮ ਕਰਵਾਉਣ ਲਈ ਮੁਸ਼ਕਲਾਂ ਨਾਲ ਜੂਝ ਕੇ ਜਾਣਾ ਪਵੇਗਾ। ਜੱਸ ਬੱਜੋਆਣਾ ਨੇ ਹਲਕੇ ਦੇ ਵਿਧਾਇਕ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਤੋਂ ਭਗਤਾ ਬਲਾਕ ਖਤਮ ਹੋਣ ਦਾ ਨੋਟੀਫਿਕੇਸ਼ਨ ਰੱਦ ਨਾ ਕਰਵਾਇਆ ਤਾਂ ਕਾਂਗਰਸ ਪਾਰਟੀ ਭਗਤਾ ਬਲਾਕ ਦੀਆਂ ਪੰਚਾਇਤਾਂ ਤੇ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਵੱਡਾ ਇਕੱਠ ਕਰਕੇ ਪੰਜਾਬ ਸਰਕਾਰ ਖਿਲਾਫ਼ ਸੰਘਰਸ਼ ਵਿੱਢਿਆ ਜਾਵੇਗਾ। ਜੱਸ ਬੱਜੋਆਣਾ ਨੇ ਕਿਹਾ ਸਰਕਾਰਾਂ ਹਲਕੇ ਵਿੱਚ ਨਵੇਂ ਪ੍ਰਾਜੈਕਟ ਲੈ ਕੇ ਆਉਂਦੀਆਂ ਹਨ, ਪਰ ਇਹ ਸਰਕਾਰ ਪਹਿਲਾਂ ਤੋਂ ਬਣੇ ਪ੍ਰੋਜੈਕਟ ਖੋਹ ਕੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ।

# ਸਰਕਾਰੀ ਸੁਰੱਖਿਆ ਲੈਣ ਦੇ ਮੰਤਵ ਨਾਲ ਆਪਣੇ 'ਤੇ ਕਰਵਾਈ ਫਾਇਰਿੰਗ, 4 ਗ੍ਰਿਫ਼ਤਾਰ

### ਪਿਸਟਲ ਸਮੇਤ 2 ਕਾਰਤੂਸ, ਵਾਰਦਾਤ ਸਮੇਂ ਵਰਤੀ ਗੱਡੀ ਤੇ 50,000 ਨਗਦੀ ਬਰਾਮਦ



**ਸੰਗਰੂਰ (ਪ੍ਰਵੀਨ ਸਿੰਘ)**-ਸ੍ਰੀ ਸਰਤਾਜ ਸਿੰਘ ਚਾਹਲ ਐੱਸ.ਐੱਸ.ਪੀ. ਸੰਗਰੂਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਕਾਰੀ ਸੁਰੱਖਿਆ ਲੈਣ ਦੇ ਮੰਤਵ ਨਾਲ ਆਪਣੇ ਆਪ 'ਤੇ ਹਮਲਾ ਕਰਵਾਉਣ ਦੀ ਕੀਤੀ ਗਈ ਸਾਜ਼ਿਸ਼ ਦਾ ਪਰਦਾਫਾਸ਼ ਕਰਦੇ ਹੋਏ 4 ਕਥਿਤ ਦੋਸ਼ੀ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1 ਪਿਸਟਲ 32 ਬੋਰ ਸਮੇਤ 2 ਕਾਰਤੂਸ, 1 ਖੋਲ, ਵਾਰਦਾਤ ਸਮੇਂ ਵਰਤੀ ਗੱਡੀ ਤੇ 50,000/-ਰੁਪਏ ਨਗਦ ਬ੍ਰਾਮਦ ਕਰਵਾਏ ਗਏ ਹਨ।ਸ੍ਰੀ ਚਾਹਲ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ 29 ਜੁਲਾਈ 2025 ਨੂੰ ਮਿਲਨਜੋਤ ਸਿੰਘ ਪੁੱਤਰ ਵਾਸੀ ਥਿੰਦ ਪੱਤੀ ਸ਼ੇਰਪੁਰ ਨੇ ਇਤਲਾਹ ਦਿੱਤੀ ਸੀ ਕਿ ਉਹ ਕਥਾਵਾਚਕ ਹੈ, ਜੋ 28 ਜੁਲਾਈ 2025 ਨੂੰ ਕਰੀਬ ਰਾਤ 9:00 ਵਜੇ ਮੋਹਾਲੀ ਤੋਂ ਸਕਾਰਪੀਓ ਗੱਡੀ ਵਿੱਚ ਅਤੇ ਉਸ ਦਾ ਰਿਸ਼ਤੇਦਾਰ ਜਸਵਿੰਦਰ ਸਿੰਘ ਸਵਿਫਟ ਡਿਜ਼ਾਇਰ ਨੰਬਰੀ ਪੀ ਬੀ 13 ਬੀ ਐੱਸ 5597 ਵਿੱਚ ਉਸ ਦੇ ਘਰ ਸ਼ੇਰਪੁਰ ਨੂੰ ਵਾਪਸ ਆ ਰਹੇ ਸੀ ਤਾਂ ਅਣਪਛਾਤੇ ਵਿਅਕਤੀਆਂ ਨੇ ਸਿਆਜ ਗੱਡੀ ਰਾਹੀਂ ਉਨ੍ਹਾਂ ਦਾ ਪਿੱਛਾ ਕੀਤਾ।ਮਿਲਨਜੋਤ ਸਿੰਘ ਆਪਣੇ ਘਰ ਪੁੱਜਾ ਤੇ ਉਸ ਦਾ ਰਿਸ਼ਤੇਦਾਰ ਵੀ ਆਪਣੀ ਸਵਿਫਟ ਡਿਜ਼ਾਇਰ ਗੱਡੀ ਉਸ ਦੇ ਘਰ ਦੇ ਬਾਹਰ ਖੜ੍ਹੀ ਕਰ ਕੇ ਘਰ ਅੰਦਰ ਚਲਾ ਗਿਆ ਤਾਂ ਇੰਨੇ ਵਿੱਚ ਉਨ੍ਹਾਂ ਦਾ ਪਿੱਛਾ ਕਰਨ ਵਾਲੀ ਸਿਆਜ ਗੱਡੀ ਵਿੱਚ ਸਵਾਰ ਤਿੰਨ ਨਾਮਲੂਮ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਨੇ ਜਸਵਿੰਦਰ ਸਿੰਘ ਦੀ ਸਵਿਫਟ ਗੱਡੀ ਦੇ ਫਰੰਟ ਸ਼ੀਸ਼ੇ 'ਤੇ ਫਾਇਰ ਮਾਰਿਆ ਤੇ ਉਹ ਮੌਕੇ 'ਤੇ ਫਰਾਰ ਹੋ ਗਏ।ਇਸ ਸੰਬੰਧੀ ਮਿਲਨਜੋਤ ਸਿੰਘ ਦੇ ਬਿਆਨ 'ਤੇ ਨਾਮਲੂਮ ਵਿਅਕਤੀਆਂ ਖਿਲਾਫ ਮੁਕੱਦਮਾ ਨੰਬਰ 77 ਮਿਤੀ 29-07-2025 ਅ/ਧ 25,27/54/59 ਅਸਲਾ ਐਕਟ, 324 (4) ਬੀ.ਐੱਨ.ਐੱਸ. ਥਾਣਾ ਸ਼ੇਰਪੁਰ ਵਿਖੇ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।ਮੁਕੱਦਮਾ ਉਕਤ ਦੀ ਤਫਤੀਸ਼ ਕਰਨ ਉਪਰੰਤ ਇਹ ਗੱਲ ਸਾਹਮਣੇ ਆਈ ਕਿ ਮਿਲਨਜੋਤ ਸਿੰਘ ਨੇ ਸਰਕਾਰੀ ਸੁਰੱਖਿਆ ਲੈਣ ਲਈ ਆਪਣੇ ਸਾਂਢੂ ਜਸਵਿੰਦਰ ਸਿੰਘ ਨਾਲ ਸਾਜ਼ਬਾਜ਼ ਹੋ ਕੇ ਕਥਿਤ ਦੋਸ਼ੀਆਨ ਅਚਲ ਸਿੰਗਲਾ ਵਾਸੀ ਮਕਾਨ ਨੰਬਰ 2641, ਸੈਕਟਰ 22 ਚੰਡੀਗੜ੍ਹ, ਪਿਊਸ਼ ਗੁਪਤਾ ਉਰਫ ਛੋਟੂ ਵਾਸੀ ਗਿੱਦੜਬਾਹਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਮਨੀਸ਼ ਕੁਮਾਰ ਉਰਫ ਟੀਟੂ ਵਾਸੀ ਰਾਏਕੇ ਖ਼ੁਰਦ ਜ਼ਿਲ੍ਹਾ ਬਠਿੰਡਾ ਨੂੰ 1,20,000/- ਰੁਪਏ ਦੇ ਕੇ ਇਹ ਵਾਰਦਾਤ ਆਪ ਖ਼ੁਦ ਕਰਵਾਈ ਹੈ, ਜਿਸ 'ਤੇ ਕਥਿਤ ਦੋਸ਼ੀਆਨ ਉਕਤਾਨ ਨੂੰ ਮਿਤੀ 30.7.2025 ਨੂੰ ਮੁਕੱਦਮਾ ਉਕਤ ਵਿੱਚ ਕਥਿਤ ਦੋਸ਼ੀ ਨਾਮਜ਼ਦ ਕਰਕੇ ਜੁਰਮ 217, 125, 25, 26, 61 (2) 2 ਐੱਨ ਐੱਸ ਦਾ ਵਾਧਾ ਕਰਕੇ ਕਥਿਤ ਦੋਸ਼ੀ ਅਚਲ ਸਿੰਗਲਾ ਉਰਫ ਲੱਕੀ, ਪਿਊਸ ਗੁਪਤਾ, ਮੁਨੀਸ਼ ਕੁਮਾਰ ਉਰਫ ਟੀਟੂ ਤੇ ਜਸਵਿੰਦਰ ਸਿੰਘ ਉਰਫ ਜੋਬਨ ਨੂੰ 30 ਜੁਲਾਈ 2025 ਨੂੰ ਹੀ ਗ੍ਰਿਫ਼ਤਾਰ ਕੀਤਾ ਗਿਆ।ਕਥਿਤ ਦੋਸ਼ੀਆਨ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਇਸ ਵਾਰਦਾਤ ਨੂੰ ਅੰਜਾਮ ਦੇਣ ਲਈ ਉਨ੍ਹਾਂ ਨੂੰ 1,50,000/- ਦੇਣ ਦਾ ਇਕਰਾਰ ਕਰਕੇ 1 ਲੱਖ 20 ਹਜ਼ਾਰ ਰੁਪਏ ਦੇ ਦਿੱਤੇ ਸਨ।ਮਿਤੀ 31.07.2025 ਨੂੰ ਵਾਰਦਾਤ ਸਮੇਂ ਵਰਤੀ ਗਈ ਗੱਡੀ ਸਿਆਜ ਨੰਬਰੀ ਪੀ ਬੀ-03ਏ ਕਿਊ-0339 ਤੇ ਕਥਿਤ ਦੋਸ਼ੀ ਮੁਨੀਸ਼ ਕੁਮਾਰ ਦੇ ਇੰਕਸ਼ਾਫ 'ਤੇ ਅਚਲ ਸਿੰਗਲਾ ਉਰਫ ਲੱਕੀ ਪਾਸੋਂ 1 ਪਿਸਟਲ 32 ਬੋਰ ਸਮੇਤ 2 ਕਾਰਤੂਸ ਜ਼ਿੰਦਾ ਤੇ 1 ਖੋਲ ਅਤੇ ਇਸ ਵਾਰਦਾਤ ਨੂੰ ਅੰਜਾਮ ਦੇਣ ਲਈ ਹਾਸਲ ਕੀਤੀ ਰਕਮ ਵਿੱਚੋਂ 50,000/- ਰੁਪਏ ਬ੍ਰਾਮਦ ਕਰਵਾਏ ਗਏ ਹਨ।

**ਮਸਲਾ ਭਗਤਾ ਬਲਾਕ ਤੋੜਨ ਦਾ**

## ਪਹਿਲੀ ਸਰਕਾਰ ਹੈ, ਜੋ ਬਣੀਆਂ ਚੀਜ਼ਾਂ ਢਾਹ ਰਹੀ : ਮਲੂਕਾ

**ਬਠਿੰਡਾ (ਰਾਜੀਵ ਗੋਇਲ)**-ਜਿਉਂ ਹੀ ਹਲਕਾ ਰਾਮਪੁਰਾ ਫੂਲ ਦਾ ਭਗਤਾ ਭਾਈ ਕਾ ਬਲਾਕ ਸਰਕਾਰ ਵੱਲੋਂ ਤੋੜੇ ਜਾਣ ਦੀ ਖਬਰ ਲੋਕਾਂ ਦੇ ਕੰਨਾਂ ਤੱਕ ਪਈ ਤਾਂ ਜਿੱਥੇ ਆਮ ਲੋਕਾਂ ਵਿੱਚ ਰੋਸ ਦੀ ਲਹਿਰ ਪੈਦਾ ਹੋ ਗਈ, ਉੱਥੇ ਹੀ ਸਿਆਸੀ ਆਗੂਆਂ ਵੱਲੋਂ ਸੂਬਾ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਗਿਆ।ਭਾਵੇਂ ਅਜੇ ਤੱਕ ਇਸ ਮਸਲੇ ਨੂੰ ਲੈ ਕੇ ਸਰਕਾਰ ਦਾ ਕੋਈ ਆਰਡਰ ਸਾਹਮਣੇ ਨਹੀਂ ਆਇਆ, ਪਰ ਭਰੋਸੇਯੋਗ ਸੂਤਰਾਂ ਮੁਤਾਬਕ ਭਗਤਾ ਬਲਾਕ ਨੂੰ ਖਤਮ ਕਰਕੇ ਫੂਲ ਨਾਲ ਜੋੜ ਦਿੱਤੇ ਜਾਣ ਦੀ ਚਰਚਾ ਜ਼ੋਰਾਂ 'ਤੇ ਹੈ।ਇਸ ਮਸਲੇ ਨੂੰ ਲੈ ਕੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਕਹਿਣਾ ਸੀ ਕਿ ਇਹ ਪਹਿਲੀ ਸਰਕਾਰ ਹੈ, ਜਿਹੜੀ ਬਣੀਆਂ ਚੀਜ਼ਾਂ ਨੂੰ ਢਾਹ ਰਹੀ ਹੈ।ਉਨ੍ਹਾਂ ਕਿਹਾ ਕਿ ਸੂਬੇ ਅੰਦਰ ਹੁਣ ਤੱਕ 23 ਜ਼ਿਲ੍ਹੇ, ਕਿੰਨੇ ਬਲਾਕ ਤੇ ਕਿੰਨੇ ਥਾਣੇ ਬਣ ਚੁੱਕੇ ਹਨ, ਪਰ ਇਹ ਸਰਕਾਰ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਉਨ੍ਹਾਂ ਤੋਂ ਦਿੱਤੇ ਹੱਕ ਹੀ ਖੋਹ ਰਹੀ ਹੈ।ਇਸ ਨਾਲ ਜਿੱਥੇ ਪਿੰਡਾਂ ਦੇ ਪੰਚਾਂ, ਸਰਪੰਚਾਂ ਦੀ ਖੱਜਲ ਖੁਆਰੀ ਵਧੇਗੀ, ਉੱਥੇ ਬੀ.ਡੀ.ਪੀ.ਓ ਦਫਤਰ ਨਾਲ ਸੰਬੰਧਤ ਕੰਮ ਕਰਾਉਣ ਵਾਲੇ ਲੋਕਾਂ ਨੂੰ ਵੀ ਵੱਡੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ।ਉਨ੍ਹਾਂ ਆਖਿਆ ਕਿ ਸਰਕਾਰ ਕਹਿੰਦੀ ਹੈ ਕਿ ਹਲਕੇ ਵਿੱਚ ਇੱਕ ਹੀ ਬਲਾਕ ਹੋਵੇਗਾ ਤਾਂ ਫਿਰ ਸਿਰਫ ਭਗਤਾ ਭਾਈ ਕਾ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ ਗਿਆ, ਜਦਕਿ ਕਈ ਹਲਕਿਆਂ ਵਿੱਚ ਦੋ-ਦੋ ਬਲਾਕ ਹਨ।ਉਨ੍ਹਾਂ ਵੱਲੋਂ ਇਸ ਮਸਲੇ ਨੂੰ ਲੈ ਕੇ ਸਿਆਸੀ ਤੇ ਕਾਨੂੰਨੀ ਲੜਾਈ ਲੜਨ ਬਾਰੇ ਆਖਦੇ ਹੋਏ ਕਿਹਾ ਗਿਆ ਹੈ ਕਿ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਇਸ ਨੂੰ ਬਹਾਲ ਕੀਤਾ ਜਾਵੇਗਾ।

## ਸ਼ਹੀਦ ਕਿਰਨਜੀਤ ਕੌਰ ਦੇ ਬਰਸੀ ਸਮਾਗਮ ਸੰਬੰਧੀ ਪ੍ਰਚਾਰ ਮੁਹਿੰਮ ਵਿੱਢੀ




**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ਼ਹੀਦ ਕਿਰਨਜੀਤ ਕੌਰ ਮਹਿਲ ਕਲਾਂ ਦੇ 28ਵੇਂ ਬਰਸੀ ਸਮਾਗਮ 12 ਅਗਸਤ ਦੀਆਂ ਤਿਆਰੀਆਂ ਸੰਬੰਧੀ ਪ੍ਰਚਾਰ ਮੁਹਿੰਮ ਪਿੰਡ ਨਿਹਾਲੂਵਾਲ ਤੇ ਹਰਦਾਸਪੁਰਾ ਵਿਖੇ ਪਹੁੰਚੀ।ਯਾਦਗਾਰ ਕਮੇਟੀ ਦੇ ਆਗੂ ਜਗਰਾਜ ਸਿੰਘ ਹਰਦਾਸਪੁਰਾ ਦੀ ਅਗਵਾਈ ਹੇਠ ਘਰ-ਘਰ ਲੀਫਲੈਟ ਵੰਡਣ ਤੋਂ ਬਾਅਦ ਕੀਤੀ ਗਈ ਇਕੱਤਰਤਾ ਨੂੰ ਡਾ: ਰਜਿੰਦਰ ਪਾਲ, ਸੁਖਵਿੰਦਰ ਠੀਕਰੀਵਾਲਾ, ਹਰਪ੍ਰੀਤ ਸਿੰਘ, ਅਜਮੇਰ ਕਾਲਸਾਂ, ਸਹਿਜਪ੍ਰੀਤ ਕੌਰ, ਡਾ: ਨਿਰਭੈ ਸਿੰਘ, ਬਾਰੂ ਮੁਹੰਮਦ, ਰਜਿੰਦਰ ਖਿਆਲੀ ਆਦਿ ਆਗੂਆਂ ਨੇ ਕਿਹਾ ਕਿ ਔਰਤਾਂ ਸਮੇਤ ਸਮਾਜ ਦਾ ਸੰਕਟ ਹੋਰ ਵਧੇਰੇ ਤਿੱਖਾ ਹੋ ਰਿਹਾ ਹੈ।ਔਰਤਾਂ ਉੱਤੇ ਜਬਰ, ਆਰਥਿਕ ਨਾ ਬਰਾਬਰੀ, ਬੇਰੁਜ਼ਗਾਰੀ, ਮਹਿੰਗਾਈ, ਵਾਤਾਵਰਣ ਵਿਗਾੜ, ਨਸ਼ੇ, ਹਕੂਮਤੀ ਜ਼ਬਰ, ਕੁਦਰਤੀ ਮਾਲ ਖ਼ਜ਼ਾਨਿਆਂ ਨੂੰ ਕੌਡੀਆਂ ਦੇ ਭਾਅ ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ, ਲੈਂਡ ਪੂਲਿੰਗ ਪਾਲਿਸੀ ਲਾਗੂ ਕਰਨ ਰਾਹੀਂ ਕਿਸਾਨਾਂ ਤੇ ਪੇਂਡੂ ਸੱਭਿਆਚਾਰ ਨੂੰ ਉਜਾੜਨ ਆਦਿ ਅਲਾਮਤਾਂ ਮੂੰਹ ਅੱਡੀ ਖੜ੍ਹੀਆਂ ਹਨ।28 ਸਾਲ ਦਾ ਲੰਮਾ ਅਰਸਾ ਬੀਤ ਜਾਣ ਬਾਅਦ ਵੀ ਸ਼ਹੀਦ ਕਿਰਨਜੀਤ ਕੌਰ ਮਹਿਲ ਕਲਾਂ ਔਰਤ ਮੁਕਤੀ ਦਾ ਚਿੰਨ੍ਹ ਬਣੀ ਹੋਈ ਹੈ।

ਆਗੂਆਂ ਨੇ ਕਿਹਾ ਕਿ ਇਸ ਘੋਲ ਨੇ ਸੰਸਾਰ ਦਾ ਅੱਧ ਔਰਤਾਂ ਨੂੰ ਘਰ ਦੀਆਂ ਤੰਗ ਵਲਗਣਾਂ ਵਿੱਚੋਂ ਬਾਹਰ ਨਿਕਲ ਕੇ ਸੰਘਰਸ਼ਾਂ ਦਾ ਪਿੜ ਮੱਲਣ ਦੀ ਜਾਗ ਲਾਈ ਹੈ। ਇਸ ਲਈ ਸ਼ਹੀਦ ਕਿਰਨਜੀਤ ਕੌਰ ਮਹਿਲ ਕਲਾਂ ਦੇ 28ਵੇਂ ਬਰਸੀ ਸਮਾਗਮ 12 ਅਗਸਤ ਨੂੰ ਜੁਝਾਰੂ ਮਰਦ-ਔਰਤਾਂ ਦੇ ਕਾਫ਼ਲਿਆਂ ਨੂੰ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਇਸ ਮੁਹਿੰਮ ਨੂੰ ਸਫਲ ਬਣਾਉਣ 'ਚ ਜਗਰੂਪ ਸਿੰਘ, ਗੁਰਦੀਪ ਸਿੰਘ, ਜਗਦੇਵ ਸਿੰਘ, ਜਗਸੀਰ ਸਿੰਘ ਜੱਸਾ, ਗੁਰਚਰਨ ਸਿੰਘ ਹੁੰਝਣ, ਅਮਿਤਾ ਸ਼ਰਮਾ, ਮੁਖਤਿਆਰ ਕੌਰ, ਤਾਨੀਆ, ਬੇਟੀ ਮਨਜੀਤ ਕੌਰ, ਬਲਵੀਰ ਕੌਰ ਆਦਿ ਆਗੂਆਂ ਦਾ ਭਰਵਾਂ ਯੋਗਦਾਨ ਰਿਹਾ ਹੈ।


## ਆਜੜੀ ਕੋਮਲਦੀਪ ਨੇ ਯੂ ਜੀ ਸੀ ਨੈੱਟ ਪਾਸ ਕੀਤੀ

**ਮਾਪੇ ਆਪਣੇ ਪੁੱਤਰ ਦੀ ਤਾਲੀਮ ਤੋਂ ਬੇਖ਼ਬਰ**



**ਪਟਿਆਲਾ/ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਬੱਕਰੀਆਂ ਚਾਰਨ ਵਾਲੇ ਮਜ਼ਦੂਰ ਪਰਵਾਰ ਦੇ ਮੁੰਡੇ ਨੇ ਯੂਜੀਸੀ ਨੈੱਟ ਪਾਸ ਕਰ ਲਈ।ਮਾਨਸਾ ਜ਼ਿਲ੍ਹੇ ਦੇ ਕਸਬਾ ਬੋਹਾ ਵਾਸੀ ਮਜ਼ਦੂਰ ਪਰਵਾਰ ਦੇ ਨੌਜਵਾਨ ਕਮਲਦੀਪ ਸਿੰਘ ਪੁੱਤਰ ਹਰਜਿੰਦਰ ਸਿੰਘ ਨੇ ਪਿਛਲੇ ਦਿਨੀਂ ਹੋਈ ਯੂਜੀਸੀ ਨੈੱਟ ਵਿੱਚੋਂ 140ਵਾਂ ਅੰਕ ਹਾਸਲ ਕੀਤਾ ਹੈ।ਉਸ ਨੇ ਬਿਨਾਂ ਕਿਸੇ ਕੋਚਿੰਗ, ਬਿਨਾਂ ਕਿਸੇ ਵੱਡੀ ਤਿਆਰੀ ਦੇ ਮੋਬਾਈਲ ਨੈੱਟ ਦਾ ਸਹਾਰਾ ਲੈ ਕੇ ਇਹ ਪ੍ਰੀਖਿਆ ਦਿੱਤੀ।ਉਹ ਪੜ੍ਹਾਈ ਦੇ ਨਾਲ ਨਾਲ ਆਪਣਾ ਖਰਚਾ ਪਾਣੀ ਕੱਢਣ ਲਈ ਬੱਕਰੀਆਂ ਪਾਲਦਾ ਹੈ।ਪੜ੍ਹਦਾ ਵੀ ਰਹਿੰਦਾ ਹੈ ਤੇ ਖੇਤਾਂ ਦੇ ਆਲੇ-ਦੁਆਲੇ ਅਤੇ ਸੜਕਾਂ ਦੇ ਕਿਨਾਰੇ ਬੱਕਰੀਆਂ ਵੀ ਚਾਰਦਾ ਹੈ।ਕੋਮਲਦੀਪ ਸਿੰਘ ਦੇ ਪਿਤਾ ਹਰਜਿੰਦਰ ਸਿੰਘ ਭੱਠਾ ਮਜ਼ਦੂਰ ਹਨ ਤੇ ਮਾਤਾ ਲਖਮੀਰ ਕੌਰ ਸਿਲਾਈ ਕਰਦੀ ਹੈ।ਉਸ ਨੇ ਬੀ ਏ ਗੁਰੂ ਤੇਗ ਬਹਾਦਰ ਐਜੂਕੇਸ਼ਨ ਕਾਲਜ ਦਲੇਲ ਵਾਲਾ ਤੇ ਐੱਮ ਏ (ਅੰਗਰੇਜ਼ੀ) ਰੋਇਲ ਕਾਲਜ ਬੋੜਾਵਾਲ (ਮਾਨਸਾ) ਤੋਂ ਕੀਤੀ ਹੈ।ਅੰਗਰੇਜ਼ੀ ਭਾਸ਼ਾ ਨਾਲ ਕੋਮਲਦੀਪ ਨੂੰ ਡਾਢਾ ਪਿਆਰ ਹੈ।ਅੰਗਰੇਜ਼ੀ ਨਾਲ ਹੀ ਉਸ ਨੇ ਆਪਣੀ ਪਹਿਲਾਂ ਦੀ ਪੜ੍ਹਾਈ ਤੇ ਅਗਲੇਰੀ ਪੜ੍ਹਾਈ ਪੀ ਐੱਚ ਡੀ ਕਰਨ ਦੀ ਇੱਛਾ ਜ਼ਾਹਰ ਕੀਤੀ ਹੈ।ਉਸ ਦਾ ਕਹਿਣਾ ਹੈ ਕਿ ਉਹ ਪੀ ਐੱਚ ਡੀ ਕਰਕੇ ਗੁਰਬਤ ਵਿੱਚ ਪੜ੍ਹ ਰਹੇ ਹੁਸ਼ਿਆਰ ਤੇ ਹੁਨਰਮੰਦ ਬੱਚਿਆਂ ਦੀ ਪੜ੍ਹਾਈ ਵਿੱਚ ਮਦਦ ਕਰੇਗਾ।ਮਾਪੇ ਉਸ ਦੀ ਪੜ੍ਹਾਈ ਤੋਂ ਅਣਜਾਣ ਹਨ, ਪਰ ਇਸ ਪ੍ਰਾਪਤੀ 'ਤੇ ਫ਼ਖ਼ਰ ਮਹਿਸੂਸ ਕਰ ਰਹੇ ਹਨ।


## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਵਾਤਾਵਰਨ ਬਚਾਓ ਮੁਹਿੰਮ ਸ਼ੁਰੂ



**ਸਰਹੰਦ ਮੰਡੀ (ਪ੍ਰਮੋਦ ਭਾਰਦਵਾਜ)**-ਭਾਰਤ ਵਿਕਾਸ ਪ੍ਰੀਸ਼ਦ ਸਰਹਿੰਦ ਵੱਲੋਂ ਵੱਖ ਵੱਖ ਜਨਤਕ ਥਾਵਾਂ ਤੇ ਸਕੂਲਾਂ ਵਿੱਚ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਪ੍ਰੀਸ਼ਦ ਪ੍ਰਧਾਨ ਹਰਵਿੰਦਰ ਵਰਮਾ ਨੇ ਦੱਸਿਆ ਕਿ ਪ੍ਰੀਸ਼ਦ ਹਰ ਸਾਲ ਬੂਟੇ ਲਗਾਉਂਦੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਦੀ ਅਹਿਮ ਜ਼ਰੂਰਤ ਵਾਤਾਵਰਣ ਨੂੰ ਸੰਭਾਲਣਾ ਹੈ। ਆਉਣ ਵਾਲੀਆਂ ਨਸਲਾਂ ਨੂੰ ਜੇਕਰ ਅਸੀਂ ਕੋਈ ਸੰਪਤੀ ਪ੍ਰਦਾਨ ਕਰਨਾ ਚਾਹੁੰਦੇ ਹਾਂ ਤਾਂ ਉਹ ਸਵੱਛ ਵਾਤਾਵਰਣ ਹੀ ਹੈ। ਇਸ ਦੇ ਲਈ ਸਾਨੂੰ ਸਾਰਿਆਂ ਨੂੰ ਹੰਭਲਾ ਮਾਰਨ ਦੀ ਲੋੜ ਹੈ। ਅੱਜ ਸਰਕਾਰੀ ਹਾਈ ਸਕੂਲ ਬ੍ਰਾਹਮਣ ਮਾਜਰਾ ਤੇ ਸਰਕਾਰੀ ਮਿਡਲ ਸਕੂਲ ਤਰਖਾਣ ਮਾਜਰਾ ਵਿਖੇ 25 ਬੂਟੇ ਲਗਾਏ ਗਏ। ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਪੌਦੇ ਲਗਾਏ ਜਾਣਗੇ। ਇਸ ਮੌਕੇ ਸਕੂਲ ਇੰਚਾਰਜ ਹਰਪ੍ਰੀਤ ਕੌਰ, ਤੇਜਿੰਦਰ ਸਿੰਘ, ਏਕਤਾ ਪਾਸੀ, ਹਰੀਸ਼ ਜੈਨ, ਸੁਮੀਤ ਮੋਦੀ, ਸੰਜੇ ਨੋਨੀ, ਮਨਜੀਤ ਸਿੰਘ, ਹਰਭਜਨ ਸਿੰਘ, ਪ੍ਰੀਤ ਕੰਵਲ, ਸਿੰਮੀ ਤੇ ਪ੍ਰੀਸ਼ਦ ਬੁਲਾਰੇ ਪੂਰਨ ਸਹਿਗਲ ਹਾਜ਼ਰ ਸਨ।

# ਟੀ ਐੱਸ ਯੂ ਸਬ-ਅਰਬਨ ਉਪ ਮੰਡਲ ਦਾ ਚੋਣ ਅਜਲਾਸ, ਸੇਖੋਂ ਪ੍ਰਧਾਨ ਤੇ ਚੀਮਾ ਮੀਤ ਪ੍ਰਧਾਨ ਚੁਣੇ

### ਆਗੂਆਂ ਵੱਲੋਂ ਮੁਲਾਜ਼ਮਾਂ ਨੂੰ ਲਾਮਬੰਦ ਹੋਣ ਦਾ ਸੱਦਾ



**ਜਗਰਾਉਂ (ਸੰਜੀਵ ਅਰੋੜਾ)**-ਬਿਜਲੀ ਮੁਲਾਜ਼ਮਾਂ ਦੀ ਜੁਝਾਰੂ ਜਥੇਬੰਦੀ ਟੈਕਨੀਕਲ ਸਰਵਿਸਿਜ਼ ਯੂਨੀਅਨ ਸਬਅਰਬਨ ਉਪ ਮੰਡਲ ਜਗਰਾਉਂ ਦਾ ਚੋਣ ਅਜਲਾਸ ਹੋਇਆ, ਜਿਸ ਦੀ ਪ੍ਰਧਾਨਗੀ ਡਵੀਜ਼ਨ ਪ੍ਰਧਾਨ ਹਰਵਿੰਦਰ ਸਿੰਘ ਸਵੱਦੀ, ਸਕੱਤਰ ਅਵਤਾਰ ਸਿੰਘ ਕਲੇਰ ਵੱਲੋਂ ਕੀਤੀ ਗਈ। ਚੋਣ ਅਜਲਾਸ ਵਿੱਚ ਟੀ.ਐੱਸ.ਯੂ. ਦੇ ਸਾਬਕਾ ਜ਼ੋਨਲ ਪ੍ਰਧਾਨ ਤੇ ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਕੁਲਵੰਤ ਸਿੰਘ ਢੋਲਣ, ਸਕੱਤਰ ਅਜਮੇਰ ਸਿੰਘ ਕਲੇਰ, ਟੀ.ਐੱਸ.ਯੂ. ਦੇ ਜ਼ੋਨਲ ਪ੍ਰਧਾਨ ਦਲਜੀਤ ਸਿੰਘ ਜੱਸੋਵਾਲ, ਸਬ ਅਰਬਨ ਸਰਕਲ ਲੁਧਿਆਣਾ ਦੇ ਪ੍ਰਧਾਨ ਅਵਤਾਰ ਸਿੰਘ ਬੱਸੀਆਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਜਥੇਬੰਦੀ ਦੇ ਚੱਲੇ ਆ ਰਹੇ ਸਕੱਤਰ ਸੁਖਵਿੰਦਰ ਸਿੰਘ ਜੇ ਈ ਵੱਲੋਂ ਪਿਛਲੇ ਦੋ ਸਾਲਾਂ ਦੀ ਰਿਪੋਰਟ ਤੇ ਕੈਸ਼ੀਅਰ ਕੁਲਦੀਪ ਸਿੰਘ ਮਲਕ ਵੱਲੋਂ ਲੇਖਾ-ਜੋਖਾ ਪੇਸ਼ ਕੀਤਾ ਗਿਆ, ਜਿਸ ਨੂੰ ਹਾਜ਼ਰ ਡੈਲੀਗੇਟ ਸਾਥੀਆਂ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਅਤੇ ਅਗਲੀ ਚੋਣ ਕਰਵਾਉਣ ਲਈ ਉਪ ਮੰਡਲ ਸਬਅਰਬਨ ਜਗਰਾਉਂ ਦੇ ਪ੍ਰਧਾਨ ਬੂਟਾ ਸਿੰਘ ਮਲਕ ਵੱਲੋਂ ਪੁਰਾਣੀ ਕਮੇਟੀ ਨੂੰ ਭੰਗ ਕਰ ਦਿੱਤਾ ਗਿਆ। ਇਸ ਉਪਰੰਤ ਟੀ.ਐੱਸ.ਯੂ. ਸਬਅਰਬਨ ਉਪ ਮੰਡਲ ਜਗਰਾਉਂ ਦੀ ਹੋਈ ਚੋਣ ਵਿੱਚ ਹਾਜ਼ਰ ਡੈਲੀਗੇਟਾਂ ਨੇ ਸਰਬਸੰਮਤੀ ਨਾਲ ਭੁਪਿੰਦਰ ਸਿੰਘ ਸੇਖੋਂ ਨੂੰ ਪ੍ਰਧਾਨ ਤੇ ਪਰਮਜੀਤ ਸਿੰਘ ਚੀਮਾ ਨੂੰ ਮੀਤ ਪ੍ਰਧਾਨ ਚੁਣ ਲਿਆ ਗਿਆ ਅਤੇ ਬਾਕੀ ਚੁਣੀ ਗਈ ਕਮੇਟੀ ਵਿੱਚ ਸੁਖਵਿੰਦਰ ਸਿੰਘ ਕਾਕਾ ਜੇਈ ਨੂੰ ਸਕੱਤਰ, ਮਨਜੀਤ ਕੁਮਾਰ ਨੂੰ ਸਹਾਇਕ ਸਕੱਤਰ, ਕੁਲਦੀਪ ਸਿੰਘ ਮਲਕ ਨੂੰ ਕੈਸ਼ੀਅਰ, ਰਾਮ ਚੰਦਰ ਨੂੰ ਸਹਾਇਕ ਕੈਸ਼ੀਅਰ, ਜਗਜੀਤ ਸਿੰਘ ਦੇਹੜਕਾ ਨੂੰ ਪ੍ਰੈੱਸ ਸਕੱਤਰ ਤੇ ਅਵਤਾਰ ਸਿੰਘ ਕਲੇਰ ਨੂੰ ਦਫਤਰੀ ਸਕੱਤਰ ਸਰਬਸੰਮਤੀ ਨਾਲ ਚੁਣਿਆ ਗਿਆ। ਇਸ ਮੌਕੇ ਬਿਜਲੀ ਮੁਲਾਜ਼ਮਾਂ ਨੂੰ ਸੰਬੋਧਨ ਕਰਦੇ ਹੋਏ ਸਾਬਕਾ ਜ਼ੋਨਲ ਪ੍ਰਧਾਨ ਕੁਲਵੰਤ ਸਿੰਘ ਢੋਲਣ ਨੇ ਜਥੇਬੰਦੀ ਦੇ ਸਾਬਕਾ ਸੂਬਾ ਪ੍ਰਧਾਨ ਅਮਰਜੀਤ ਸਿੰਘ ਸੋਢੀ ਨੂੰ ਲਾਲ ਸਲਾਮ ਦਿੰਦਿਆਂ ਉਨ੍ਹਾਂ ਵੱਲੋਂ ਲੋਕ ਘੋਲਾਂ ਵਿੱਚ ਪਾਏ ਯੋਗਦਾਨ ਨੂੰ ਯਾਦ ਕੀਤਾ ਗਿਆ ਤੇ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਨਵੇਂ ਸਾਥੀਆਂ ਨੂੰ ਪ੍ਰੇਰਿਤ ਕੀਤਾ। ਜ਼ੋਨਲ ਪ੍ਰਧਾਨ ਦਲਜੀਤ ਸਿੰਘ ਜੱਸੋਵਾਲ ਨੇ ਜਥੇਬੰਦਕ ਚੋਣਾਂ ਦਾ ਵਿਸਥਾਰ ਦਿੰਦਿਆਂ ਮੁਲਾਜ਼ਮ ਜਥੇਬੰਦੀਆਂ ਵੱਲੋਂ ਸੂਬਾ ਸਰਕਾਰ ਵਿਰੁੱਧ ਵਿੱਢੇ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਬਿਜਲੀ ਮੁਲਾਜ਼ਮਾਂ ਨੂੰ ਲਾਮਬੰਦ ਕੀਤਾ। ਸਰਕਲ ਪ੍ਰਧਾਨ ਅਵਤਾਰ ਸਿੰਘ ਬੱਸੀਆਂ ਨੇ ਆਖਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਟਾਲਾ ਵੱਟ ਰਹੀ ਹੈ, ਜਿਸ ਕਾਰਨ ਸਮੁੱਚੇ ਮੁਲਾਜ਼ਮ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਲਈ 11, 12 ਤੇ 13 ਅਗਸਤ ਨੂੰ ਸਮੁੱਚੇ ਬਿਜਲੀ ਮੁਲਾਜ਼ਮ ਸਮੂਹਕ ਅਚਨਚੇਤ ਛੁੱਟੀ 'ਤੇ ਚਲੇ ਜਾਣਗੇ ਅਤੇ ਇਸ ਦੌਰਾਨ ਜੇਕਰ ਸਮੁੱਚੇ ਪੰਜਾਬ ਅੰਦਰ ਬਲੈਕ ਆਊਟ ਹੁੰਦਾ ਹੈ ਤਾਂ ਇਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਮੈਨੇਜਮੈਂਟ ਦੀ ਹੋਵੇਗੀ। ਇਸ ਮੌਕੇ ਦਲਜੀਤ ਸਿੰਘ ਜੇਈ, ਮਨਪ੍ਰੀਤ ਸਿੰਘ ਜੇਈ, ਹਰਦੀਪ ਸਿੰਘ ਢੋਲਣ, ਲਪਿੰਦਰ ਸਿੰਘ ਗੰਢੂਆਂ, ਅਮਨਪ੍ਰੀਤ ਸਿੰਘ, ਸਨਮਪ੍ਰੀਤ ਸਿੰਘ, ਅਮਨਦੀਪ ਸਿੰਘ ਡੱਲਾ, ਮਨਦੀਪ ਸਿੰਘ, ਸੁਰਿੰਦਰ ਸਿੰਘ ਛਿੰਦਾ ਕਲੇਰ, ਜਗਰੂਪ ਸਿੰਘ, ਮਹਿੰਦਰ ਸਿੰਘ, ਇਕਬਾਲ ਸਿੰਘ ਕਲੇਰ, ਜਗਜੀਤ ਸਿੰਘ ਫੋਰਮੈਨ, ਜਗਦੀਪ ਸਿੰਘ ਡੱਲਾ, ਕੋਮਲ ਸ਼ਰਮਾਂ, ਹਰਬੰਸ ਸਿੰਘ, ਅਮ੍ਰਿਤਪਾਲ ਸਿੰਘ ਸਲੇਮਗੜ੍ਹ, ਗੁਰਸ਼ਰਨਵੀਰ ਸਿੰਘ ਅਖਾੜਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਿਜਲੀ ਮੁਲਾਜ਼ਮ ਹਾਜ਼ਰ ਸਨ।

## ਬੰਦੀ ਸਿੰਘਾਂ ਦੀ ਰਿਹਾਈ ਤੇ ਲੈਂਡ ਪੂਲਿੰਗ ਨੀਤੀ ਵਿਰੁੱਧ ਭਲਕੇ ਕੀਤਾ ਜਾਵੇਗਾ ਰੋਸ ਮਾਰਚ : ਰਣਸੀਂਹ


**ਸ਼੍ਰੋਮਣੀ ਅਕਾਲੀ ਦਲ ਯੂਨਾਈਟਡ ਜ਼ਿਲ੍ਹਾ ਮੋਗਾ ਦੇ ਅਹੁਦੇਦਾਰਾਂ ਤੇ ਵਰਕਰਾਂ ਦੀ ਮੀਟਿੰਗ**



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ ਯੂਨਾਈਟਡ ਜ਼ਿਲ੍ਹਾ ਮੋਗਾ ਦੇ ਅਹੁਦੇਦਾਰਾਂ ਤੇ ਸਰਗਰਮ ਵਰਕਰਾਂ ਦੀ ਮੀਟਿੰਗ ਗੁਰਦੁਆਰਾ ਬੀਬੀ ਕਾਹਨ ਕੌਰ ਵਿਖੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਜਥੇਦਾਰ ਬੂਟਾ ਸਿੰਘ ਰਣਸੀਂਹ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਦਾਰ ਬੂਟਾ ਸਿੰਘ ਰਣਸੀਂਹ ਨੇ ਕਿਹਾ ਕਿ 4 ਅਗਸਤ ਨੂੰ ਕਿਸਾਨ ਜਥੇਬੰਦੀਆਂ ਨਾਲ ਰਲ ਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਤੇ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਵਿਰੁੱਧ ਸ਼ਹਿਰ ਵਿੱਚ ਰੋਸ ਮਾਰਚ ਕਰ ਕੇ ਡੀ. ਸੀ. ਮੋਗਾ ਨੂੰ ਮੰਗ ਪੱਤਰ ਦਿੱਤਾ ਜਾਵੇਗਾ।ਸਾਡੀ ਪਾਰਟੀ ਦੇ ਸਾਰੇ ਵਰਕਰ 11 ਵਜੇ ਮੋਗਾ ਵਿਖੇ ਬੀਬੀ ਕਾਹਨ ਕੌਰ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਇਕੱਠੇ ਹੋਣਗੇ।ਜਥੇ. ਰਣਸੀਂਹ ਨੇ ਕਿਹਾ ਕਿ ਅੱਜ ਸਿੱਖ ਰਾਜ ਦੀ ਆਖਰੀ ਮਹਾਰਾਣੀ ਜਿੰਦ ਕੌਰ ਦਾ ਦਿਨ ਹੈ, ਜਿਨ੍ਹਾਂ ਨੇ ਕਸ਼ਟ ਤਾਂ ਹਜ਼ਾਰਾਂ ਝੱਲੇ ਪਰ ਸਿੱਖੀ ਸਿਦਕ ਤੇ ਅੰਗਰੇਜ਼ਾਂ ਅੱਗੇ ਈਨ ਨਹੀਂ ਮੰਨੀ।ਇਹੋ ਜਿਹੇ ਪਿਛਲੀ ਦਿਨੀਂ ਬੀਬੀ ਗੁਰਪ੍ਰੀਤ ਕੌਰ ਨੇ ਜੱਜ ਦੀ ਪ੍ਰੀਖਿਆ ਤਾਂ ਛੱਡ ਦਿੱਤੀ, ਪਰ ਸਿੱਖੀ ਸਿਦਕ ਨਹੀਂ ਛੱਡਿਆ।ਹੈਰਾਨੀ ਹੁੰਦੀ ਹੈ ਕਿ ਕੇਂਦਰ ਸਰਕਾਰ ਹਰ ਰੋਜ਼ ਕਹਿੰਦੀ ਹੈ ਕਿ ਜੰਮੂ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਭਾਰਤ ਭਾਰਤ ਇੱਕ ਹੈ, ਜੇ ਦੇਸ਼ ਇੱਕ ਹੈ ਤਾਂ ਕਾਨੂੰਨ ਵੱਖਰੇ ਕਿਉਂ ਹਨ, ਭਾਰਤੀ ਸੰਵਿਧਾਨ ਵਿੱਚ ਛੋਟੀ ਸਿਰੀ ਸਾਹਿਬ ਸਿੱਖ ਪਾ ਕੇ ਰੱਖ ਸਕਦਾ ਹੈ।ਜਿਹੜੇ ਸਿੱਖਾਂ ਨੇ ਕਦੇ ਭਾਰਤ ਦੀਆਂ ਬਹੂਆਂ, ਬੇਟੀਆਂ ਅਨੇਕਾਂ ਵਾਰ ਅਬਦਾਲੀ ਤੋਂ ਛੁਡਾ ਕੇ ਘਰੋ ਘਰ ਪਹੁੰਚਾਈਆਂ।ਅੱਜ ਕੇਂਦਰ ਸਰਕਾਰ ਜੈਪੁਰ ਦੀ ਯੂਨੀਵਰਸਿਟੀ ਦੇ ਅਧਿਕਾਰੀਆਂ ਖਿਲਾਫ ਪਰਚਾ ਦਰਜ ਕਰੇ, ਕਿਉਂਕਿ ਅਧਿਕਾਰੀਆਂ ਨੇ ਬੀਬੀ ਗੁਰਪ੍ਰੀਤ ਕੌਰ ਖਾਲਸਾ ਦੇ ਕੇਸ ਵਿੱਚ ਸੰਵਿਧਾਨ ਦੀ ਉਲੰਘਣਾ ਕੀਤੀ ਹੈ।

ਮੀਟਿੰਗ ਵਿਚ ਜਥੇਦਾਰ ਕਰੋੜ ਸਿੰਘ ਤਲਵੰਡੀ ਭਾਈ, ਬਲਜੀਤ ਸਿੰਘ ਕਾਲੀਆਂ ਵਾਲਾ, ਭਾਈ ਭੁਪਿੰਦਰ ਸਿੰਘ ਵੜੈਚ, ਭਾਈ ਜਸਵੀਰ ਸਿੰਘ ਮਾਹਲਾ ਕਲਾਂ, ਭਾਈ ਗੁਰਲਾਭ ਸਿੰਘ ਧਰਮਕੋਟ, ਜਥੇਦਾਰ ਸਵਰਨ ਸਿੰਘ ਵੱਡਾ ਘਰ, ਸਤਨਾਮ ਸਿੰਘ, ਭਾਈ ਭੁਪਿੰਦਰ ਸਿੰਘ, ਮਾਸਟਰ ਸੁਖਚੈਨ ਸਿੰਘ ਸੇਖਾ, ਹਰਪ੍ਰੀਤ ਸਿੰਘ ਧੱਲੇਕੇ, ਪਰਮਜੀਤ ਸਿੰਘ ਧੱਲੇਕੇ, ਬੂਟਾ ਸਿੰਘ ਧੱਲੇ ਕੇ, ਓਂਕਾਰ ਸਿੰਘ ਮੋਗਾ, ਜਗਤਾਰ ਸਿੰਘ ਮੋਗਾ, ਹਰਦੇਵ ਸਿੰਘ ਚੋਟੀਆਂ, ਰੂਪ ਸਿੰਘ ਸਰਪੰਚ ਫੂਲੇਵਾਲਾ, ਜਸਵੀਰ ਸਿੰਘ ਜਨੇਰ, ਸਾਧੂ ਸਿੰਘ ਕੋਰੇਵਾਲਾ, ਹਰਬੰਸ ਸਿੰਘ ਵੱਡਾ ਘਰ, ਕੇਵਲ ਸਿੰਘ ਮਾਛੀਕੇ, ਦਲੀਪ ਸਿੰਘ ਬੱਧਨੀ, ਮਹਿਲ ਸਿੰਘ ਚਿਰਾਗ ਸ਼ਾਹ ਵਾਲਾ, ਬਲਕਾਰ ਸਿੰਘ ਲੰਡੇ ਕੇ, ਪਵਿੱਤਰ ਸਿੰਘ ਮਾਛੀ ਕੇ, ਬਖਤੌਰ ਸਿੰਘ ਕੋਰੇਵਾਲਾ ਹਾਜ਼ਰ ਸਨ।

## ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਪੁਲਸ ਤੇ ਪੱਤਰਕਾਰਾਂ ਦਾ ਤਾਲਮੇਲ ਜ਼ਰੂਰੀ : ਅਜੈ ਗਾਂਧੀ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੁੱਟਾਂ-ਖੋਹਾਂ ਤੇ ਚੋਰੀ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਮੋਗਾ ਦੇ ਐੱਸ ਐੱਸ ਪੀ ਅਜੇ ਗਾਂਧੀ ਨੇ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਪੁਲਸ ਤੇ ਪੱਤਰਕਾਰ ਭਾਈਚਾਰੇ ਦਾ ਤਾਲਮੇਲ ਜ਼ਰੂਰੀ ਹੈ।ਮੋਗਾ ਦੇ ਐੱਸ ਐੱਸ ਪੀ ਅਜੇ ਗਾਂਧੀ ਨੇ ਦੱਸਿਆ ਕਿ ਪੁਲਸ ਵੱਲੋਂ ਕਿਸੇ ਵੀ ਵਿਅਕਤੀ ਨੂੰ ਨਾਜਾਇਜ਼ ਤੰਗ ਪ੍ਰੇਸ਼ਾਨ ਨਹੀਂ ਕੀਤਾ ਜਾਵੇਗਾ ਤੇ ਨਸ਼ੇ, ਦੱੜੇ ਸੱਟੇ ਤੇ ਗੁੰਡਾਗਰਦੀ ਕਰਨ ਵਾਲਿਆਂ ਨਾਲ ਕਿਸੇ ਕਿਸਮ ਦੀ ਕੋਈ ਨਰਮੀ ਨਹੀਂ ਵਰਤੀ ਜਾਵੇਗੀ।ਉਨ੍ਹਾਂ ਕਿਹਾ ਕਿ ਬੱਸ ਸਟੈਂਡ ਤੇ ਸਕੂਲਾਂ ਨੇੜੇ ਆਵਾਰਾਗਰਦੀ ਕਰਨ ਵਾਲਿਆਂ ਨੂੰ ਪੁਲਸ ਵੀ ਲੰਮੇ ਹੱਥੀਂ ਲਵੇਗੀ। ਉਨ੍ਹਾਂ ਦੋ-ਪਹੀਆ ਵਾਹਨਾਂ 'ਤੇ ਤਿੰਨ ਸਵਾਰੀਆਂ ਬੈਠਣ ਦੀ ਬਜਾਏ ਸਿਰਫ਼ ਦੋ ਵਿਅਕਤੀਆਂ ਨੂੰ ਕਾਨੂੰਨੀ ਪ੍ਰਕਿਰਿਆ ਵਿੱਚ ਛੋਟ ਨਹੀਂ ਮਿਲੇਗੀ। ਉਨ੍ਹਾਂ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰ੍ਹਾਂ ਦਾ ਕੋਈ ਸ਼ੱਕੀ ਸਾਮਾਨ ਜਾਂ ਵਿਅਕਤੀ ਮਿਲਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ।

## ਡਾ. ਹਿਤਿੰਦਰ ਸੂਰੀ ਦਾ ਇੰਡੀਆ ਬੁੱਕ ਆਫ ਰਿਕਾਰਡਜ਼ 'ਚ ਨਾਂਅ ਦਰਜ




**ਸਰਹੰਦ ਮੰਡੀ (ਪ੍ਰਮੋਦ ਭਾਰਦਵਾਜ)**-ਇੱਕ ਮਾਣ ਭਰਪੂਰ ਤੇ ਪ੍ਰੇਰਕ ਪਲ ਵਿੱਚ ਡਾ. ਹਿਤਿੰਦਰ ਸੂਰੀ ਐੱਮ. ਡੀ. ਰਾਣਾ ਹਸਪਤਾਲ ਸਰਹਿੰਦ ਨੂੰ ਇੰਡੀਆ ਬੁੱਕ ਆਫ ਰਿਕਾਰਡਜ਼ ਵੱਲੋਂ 'ਸਿਹਤ ਦੇ ਖੇਤਰ ਵਿੱਚ ਡਾਕਟਰ ਵੱਲੋਂ ਸਭ ਤੋਂ ਵੱਧ ਰਿਕਾਰਡ ਦਰਜ ਕਰਨ' ਲਈ ਰਾਸ਼ਟਰੀ ਪੱਧਰ 'ਤੇ ਸਨਮਾਨਤ ਕੀਤਾ ਗਿਆ ਹੈ।ਇਹ ਉਪਲਬਧੀ ਉਨ੍ਹਾਂ ਦੀ ਨਿਰੰਤਰ ਸੇਵਾਵਾਂ ਲਈ ਨਿਸ਼ਠਾ ਤੇ ਲਗਨ ਨੂੰ ਦਰਸਾਉਂਦੀ ਹੈ।ਡਾ. ਸੂਰੀ ਹੁਣ ਤੱਕ 23 ਰਿਕਾਰਡ ਆਪਣੇ ਨਾਂਅ ਕਰ ਚੁੱਕੇ ਹਨ, ਜਿਸ ਵਿੱਚ 8 ਅੰਤਰਰਾਸ਼ਟਰੀ ਤੇ 15 ਰਾਸ਼ਟਰੀ ਰਿਕਾਰਡ ਸ਼ਾਮਲ ਹਨ।ਇਹ ਰਿਕਾਰਡ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡਜ਼, ਵਰਲਡ ਬੁੱਕ ਆਫ ਰਿਕਾਰਡਜ਼ (ਲੰਡਨ), ਲਿਮਕਾ ਬੁੱਕ ਆਫ ਰਿਕਾਰਡਜ਼ ਤੇ ਹੋਰ ਪ੍ਰਸਿੱਧ ਪਲੇਟਫਾਰਮਾਂ 'ਤੇ ਦਰਜ ਹਨ।ਰਾਣਾ ਹਸਪਤਾਲ ਸਰਹਿੰਦ ਦੇ ਮੈਡੀਕਲ ਡਾਇਰੈਕਟਰ ਹੋਣ ਦੇ ਨਾਤੇ ਡਾ. ਸੂਰੀ ਨੇ ਕਈ ਮੁਫ਼ਤ ਮੈਡੀਕਲ ਕੈਂਪ, ਜਿਵੇਂ ਕਿ 135 ਕੰਕਲ ਕੈਂਸਰ ਜਾਗਰੂਕਤਾ ਕੈਂਪ, ਮੁਫ਼ਤ ਪਾਈਲਸ ਜਾਂਚ ਤੇ ਆਪ੍ਰੇਸ਼ਨ ਕੈਂਪ ਤੇ ਆਮ ਸਿਹਤ ਜਾਂਚ ਕੈਂਪ ਲਗਾ ਕੇ ਹਜ਼ਾਰਾਂ ਮਰੀਜ਼ਾਂ ਦੀ ਸੇਵਾ ਕੀਤੀ ਹੈ। ਸੂਰੀ ਦੀ ਲਗਨ, ਨਵੀਨਤਾ ਤੇ ਮਾਨਵਤਾ ਭਾਵਨਾ ਨਾਲ ਭਰਪੂਰ ਸੇਵਾ ਤਰੀਕਾ ਡਾਕਟਰੀ ਜਗਤ ਤੇ ਨੌਜਵਾਨ ਪੇਸ਼ੇਵਰਾਂ ਲਈ ਇੱਕ ਪ੍ਰੇਰਣਾ ਸਰੋਤ ਬਣ ਗਿਆ ਹੈ।

## ਵਧੀਆ ਸੇਵਾਵਾਂ ਬਦਲੇ ਲਵਜੀਤ ਸਿੰਘ ਪਦਉੱਨਤ ਹੋ ਕੇ ਥਾਣੇਦਾਰ ਬਣੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਜ਼ਿਲ੍ਹਾ ਪੁਲਸ ਮੁਖੀ ਅਜੇ ਗਾਂਧੀ ਤੇ ਸੀ.ਆਈ.ਏ. ਸਟਾਫ ਮੋਗਾ ਦੇ ਇੰਸਪੈਕਟਰ ਦਲਜੀਤ ਸਿੰਘ ਵੱਲੋਂ ਹੌਲਦਾਰ ਲਵਜੀਤ ਸਿੰਘ ਦੇ ਪਦਉੱਨਤ ਹੋ ਕੇ ਥਾਣੇਦਾਰ ਬਣਨ 'ਤੇ ਉਨ੍ਹਾਂ ਵੱਲੋਂ ਜਿੱਥੇ ਵਧਾਈ ਦਿੱਤੀ ਗਈ, ਉਥੇ ਹੀ ਲਵਜੀਤ ਸਿੰਘ ਦੇ ਮੋਢਿਆਂ 'ਤੇ ਫੀਤੀਆਂ ਲਗਾਈਆਂ ਗਈਆਂ।ਇਸ ਮੌਕੇ ਐੱਸ.ਐੱਸ.ਪੀ. ਅਜੇ ਗਾਂਧੀ ਨੇ ਦੱਸਿਆ ਕਿ ਲਵਜੀਤ ਸਿੰਘ ਹੌਲਦਾਰ, ਜੋ ਹੁਣ ਪਦਉੱਨਤ ਹੋ ਕੇ ਥਾਣੇਦਾਰ ਬਣੇ ਹਨ, ਵੱਲੋਂ ਪਿਛਲੇ ਲੰਮੇ ਸਮੇਂ ਤੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਕਾਬਿਲ ਏ ਤਾਰੀਫ ਹਨ, ਜਿਸ ਕਰਕੇ ਉਨ੍ਹਾਂ ਨੂੰ ਇਹ ਤਰੱਕੀ ਮਿਲੀ ਹੈ।ਉਨ੍ਹਾਂ ਦੱਸਿਆ ਕਿ ਹਰ ਇਕ ਪੁਲਸ ਮੁਲਾਜ਼ਮ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ ਤੇ ਹਰ ਇਕ ਪੀੜਤ ਵਿਅਕਤੀ ਜੋ ਉਨ੍ਹਾਂ ਕੋਲ ਚੱਲ ਕੇ ਆਉਂਦਾ ਹੈ, ਉਸ ਨੂੰ ਇਨਸਾਫ ਦਿਵਾਉਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਲਵਜੀਤ ਸਿੰਘ ਹੁਣ ਤੱਕ 10 ਦੇ ਕਰੀਬ ਪ੍ਰਸੰਸਾ ਪੱਤਰਾਂ ਨਾਲ ਤੇ ਚਾਰ ਵਾਰ ਡੀਜੀਪੀ ਡੈਸਕਾਂ ਨਾਲ ਸਨਮਾਨਤ ਹੋ ਚੁੱਕੇ ਹਨ। ਲਵਜੀਤ ਸਿੰਘ ਦੇ ਥਾਣੇਦਾਰ ਬਣਨ 'ਤੇ ਉਨ੍ਹਾਂ ਦੇ ਸਨੇਹੀਆਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।ਇਸ ਮੌਕੇ ਏ.ਐੱਸ.ਆਈ. ਬਲਵਿੰਦਰ ਸਿੰਘ ਦੇ ਇਲਾਵਾ ਹੋਰ ਪੁਲਸ ਕਰਮਚਾਰੀ ਹਾਜ਼ਰ ਸਨ।

## ਹੋਲੀ ਹਾਰਟ ਸਕੂਲ 'ਚ ਅਧਿਆਪਕਾਂ ਦੀ ਦੋ ਰੋਜ਼ਾ ਵਰਕਸ਼ਾਪ ਸੰਪੰਨ




**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਵਿਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਪਿਛਲੇ ਦੋ ਦਿਨਾਂ ਤੋਂ ਚੱਲ ਰਹੀ ਅੰਗਰੇਜ਼ੀ ਅਧਿਆਪਕਾਂ ਦੀ ਵਰਕਸ਼ਾਪ ਦਾ ਅੱਜ ਸਮਾਪਨ ਹੋਇਆ।ਇਹ ਵਰਕਸ਼ਾਪ ਅਧਿਆਪਕਾਂ ਦੇ ਵਿਦਿਆਰਥੀਆਂ ਨਾਲ ਸੰਚਾਰ ਤੇ ਪਾਠ ਪਾਧਤੀਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ ਕਰਵਾਈ ਗਈ।ਵਰਕਸ਼ਾਪ ਵਿੱਚ ਅਲੱਗ ਅਲੱਗ ਸਕੂਲਾਂ ਦੇ ਅੰਗਰੇਜ਼ੀ ਅਧਿਆਪਕਾਂ ਨੇ ਭਾਗ ਲਿਆ।ਹੋਲੀ ਹਾਰਟ ਸਕੂਲ ਵਿੱਚ ਸ੍ਰੀਮਤੀ ਰਵਿੰਦਰ ਕੌਰ ਤੇ ਸ਼੍ਰੀਮਤੀ ਨਿਧੀ ਨਿਯੁਕਤ ਕੀਤੇ ਗਏ।ਸਕੂਲ ਪਹੁੰਚਣ 'ਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਸਾਕਸ਼ੀ ਗੁਲੇਰੀਆ ਵੱਲੋਂ ਮੁੱਖ ਮਹਿਮਾਨਾਂ ਤੇ ਵੱਖ ਵੱਖ ਸਕੂਲਾਂ ਤੋਂ ਆਏ ਅਧਿਆਪਕਾਂ ਦਾ ਸਵਾਗਤ ਕੀਤਾ ਗਿਆ।ਦੂਜੇ ਦਿਨ ਵਰਕਸ਼ਾਪ ਦਾ ਉਦੇਸ਼ ਅਧਿਆਪਨ ਦੀਆਂ ਨਵੀਆਂ ਤਕਨੀਕਾਂ ਗਤੀਵਿਧੀਆਂ ਤੇ ਸਿੱਖਣ ਸਥਾਨ ਦੇ ਤਰੀਕਿਆਂ ਵਿੱਚ ਨਿਖਾਰ ਲਿਆਉਣਾ ਸੀ।ਵਰਕਸ਼ਾਪ ਦੌਰਾਨ ਮਾਹਰਾਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਅਧਿਆਪਕਾਂ ਨੂੰ ਨਿਊ ਪਾਲਸੀ ਬਾਰੇ ਗਿਆਨ ਦਿੱਤਾ।ਵਰਕਸ਼ਾਪ ਮਾਹਰਾਂ ਨੇ ਅਧਿਆਪਕਾਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਉਹ ਕਲਾਸ ਵਿੱਚ ਨਵੀਂ ਨੀਤੀ ਨੂੰ ਲਾਗੂ ਕਰ ਸਕਦੇ ਹਨ।ਉਨ੍ਹਾਂ ਵੱਲੋਂ ਅਧਿਆਪਕਾਂ ਨੂੰ ਅਲੱਗ ਅਲੱਗ ਗਤੀਵਿਧੀਆਂ ਵੀ ਕਰਵਾਈਆਂ ਗਈਆਂ।ਅਖੀਰ ਵਿੱਚ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਆਏ ਹੋਏ ਮਹਿਮਾਨਾਂ ਤੇ ਵੱਖ ਵੱਖ ਸਕੂਲਾਂ ਤੋਂ ਆਏ ਅਧਿਆਪਕਾਂ ਦਾ ਧੰਨਵਾਦ ਕੀਤਾ, ਜਿਨਾਂ ਨੇ ਇਸ ਵਰਕਸ਼ਾਪ ਨੂੰ ਬਹੁਤ ਹੀ ਧਿਆਨ ਨਾਲ ਸੁਣਿਆ ਤੇ ਗਤੀਵਿਧੀਆਂ ਵਿੱਚ ਆਪਣਾ ਸਹਿਯੋਗ ਦਿੱਤਾ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਵੱਲੋਂ ਵੱਖ ਵੱਖ ਸਕੂਲਾਂ ਤੋਂ ਆਏ ਅਧਿਆਪਕਾਂ ਤੇ ਮੁੱਖ ਮਹਿਮਾਨਾਂ ਨੂੰ ਤੋਹਫੇ ਦੇ ਕੇ ਸਨਮਾਨਤ ਕੀਤਾ ਗਿਆ।

## ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਤਰ ਸ਼ਕਤੀ, ਗਊਰਕਸ਼ਾ ਤੇ ਬਜਰੰਗ ਦਲ ਵੱਲੋਂ ਲਾਲਾ ਕਸਤੂਰੀ ਲਾਲ ਸਰਵਹਿਤਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਪੁਰਾ ਫੂਲ ਵਿੱਚ ਤੀਆਂ ਦਾ ਤਿਉਹਾਰ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ।ਤਿਉਹਾਰ ਦੀ ਸ਼ੁਰੂਆਤ ਸਾਂਝੀਵਾਲਤਾ ਦਾ ਪ੍ਰਤੀਕ ਬਣੀ ਜੋਤ ਜਲਾ ਕੇ ਕੀਤੀ ਗਈ, ਜਿਸ ਰਾਹੀਂ ਸਰਵਜਨ ਹਿੱਤ ਤੇ ਸਮਾਜਿਕ ਭਲਾਈ ਦੀ ਅਰਦਾਸ ਕੀਤੀ ਗਈ।ਸਮਾਗਮ ਦੌਰਾਨ ਪੰਜਾਬੀ ਸੱਭਿਆਚਾਰ ਦੀ ਝਲਕ ਵਜੋਂ ਲੰਬੀ ਹੇਕ ਵਾਲੇ ਗੀਤ, ਮਾਵਾਂ-ਧੀਆਂ ਦੀ ਮਾਡਲਿੰਗ, ਚਰਖਾ ਕੱਤਣਾ, ਮਹਿੰਦੀ ਲਾਉਣ ਦੀ ਪ੍ਰਤੀਯੋਗਤਾ, ਮਿਸ ਤੀਜ ਤੇ ਮਿਸਿਜ਼ ਤੀਜ ਮੁਕਾਬਲੇ ਕਰਵਾਏ ਗਏ।ਇਸ ਵਿੱਚ ਦੀਪੀ ਲਖੇਸਰ ਨੇ ਮਿਸ ਤੀਜ ਦਾ ਤਾਜ਼ ਜਿੱਤਿਆ, ਜਦਕਿ ਮਨਪ੍ਰੀਤ ਕੌਰ ਨੇ ਮਿਸਿਜ਼ ਤੀਜ ਦਾ ਸਨਮਾਨ ਹਾਸਲ ਕੀਤਾ।ਸਾਰੇ ਜੇਤੂਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪੰਜਾਬੀ ਫਿਲਮ ਇੰਡਸਟਰੀ ਦੀ ਮਸ਼ਹੂਰ ਅਦਾਕਾਰਾ ਰੁਪਿੰਦਰ ਰੂਪੀ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ, ਉਨ੍ਹਾਂ ਨਾਲ ਉਨ੍ਹਾਂ ਦੇ ਪਤੀ ਤੇ ਫਿਲਮ ਨਿਰਦੇਸ਼ਕ ਭੁਪਿੰਦਰ ਬਰਨਾਲਾ ਨੇ ਵੀ ਹਾਜ਼ਰੀ ਭਰੀ।ਨਗਰ ਕੌਂਸਲ ਪ੍ਰਧਾਨ ਕਿਰਨਦੀਪ ਕੌਰ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ।ਮਹਿਮਾਨਾਂ ਦਾ ਨਿੱਘਾ ਸਵਾਗਤ ਮਾਤਰ ਸ਼ਕਤੀ ਦੀ ਸੰਯੋਜਕ ਗਗਨਪ੍ਰੀਤ ਕੌਰ ਧਰਮ ਪਤਨੀ ਸਕੂਲ ਮੈਨੇਜਰ ਗੁਰਪ੍ਰੀਤ ਸਿੰਘ ਗੋਰਾ, ਸਹਿ-ਸੰਯੋਜਕ ਦੀਦੀ ਸ਼ੈਲੀ ਤੇ ਸਹਿਯੋਗੀ ਸੀਮਾ ਜੀ ਵੱਲੋਂ ਫੁਲਕਾਰੀ ਓੜ ਕੇ ਤੇ ਫੁੱਲਾਂ ਦੀ ਵਰਖਾ ਕਰਕੇ ਕੀਤਾ ਗਿਆ।ਸਮਾਗਮ 'ਚ ਸਕੂਲ ਪ੍ਰਿੰਸੀਪਲ ਰੁਪਿੰਦਰ ਪਟਿਆਲ, ਵਾਈਸ ਪ੍ਰਿੰਸੀਪਲ ਵਿਕਰਮਜੀਤ ਸਿੰਘ, ਕੋਆਰਡੀਨੇਟਰ ਨਿਰਮਲਜੀਤ ਕੌਰ ਤੇ ਅਧਿਆਪਕ ਮੰਡਲੀ ਤੋਂ ਸੰਤੋਸ਼ ਸ਼ਰਮਾ, ਜੋਤੀ ਖੁਰਾਣਾ, ਆਸ਼ੂ ਰਾਣੀ ਤੇ ਅਨਮੋਲ ਕੌਸ਼ਲ ਦੀ ਵੀ ਸਰਾਹੁਣਯੋਗ ਹਾਜ਼ਰੀ ਰਹੀ।

## ਲਾਰੈਂਸ ਸਕੂਲ 'ਚ ਤੀਜ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿੱਚ ਤੀਜ ਦਾ ਤਿਉਹਾਰ ਬੜੀ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲੀ ਬੱਚਿਆਂ ਨੇ ਰੰਗ-ਬਿਰੰਗੇ ਪੰਜਾਬੀ ਪਹਿਰਾਵੇ ਪਹਿਨ ਕੇ ਸਮਾਗਮ ਵਿੱਚ ਭਾਗ ਲਿਆ।ਬੱਚਿਆਂ ਨੇ ਗੁਲਾਬ ਦੇ ਫੁੱਲ, ਚੂੜੀਆਂ, ਮਹਿੰਦੀ ਤੇ ਰਿਬਨ ਨਾਲ ਸਕੂਲ ਦੀ ਸੁੰਦਰ ਸਜਾਵਟ ਕੀਤੀ ਗਈ।ਤੀਜ ਸਮਾਰੋਹ ਦੌਰਾਨ ਵਿਦਿਆਰਥਣਾਂ ਨੇ ਪੰਜਾਬੀ ਲੋਕ ਗੀਤਾਂ 'ਤੇ ਗਿੱਧਾ ਪਾ ਕੇ ਪੂਰੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ।ਲੋਕ ਗੀਤਾਂ, ਗਿੱਧਾ ਤੇ ਭੰਗੜਿਆਂ ਰਾਹੀਂ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰਸਤੁਤੀਆਂ ਦਿੱਤੀਆਂ।ਕੁਝ ਵਿਦਿਆਰਥਣਾਂ ਨੇ ਤੀਜ ਦੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਬਾਰੇ ਭਾਸ਼ਣ ਵੀ ਦਿੱਤੇ।ਸਕੂਲ ਪ੍ਰਿੰਸੀਪਲ ਸ੍ਰੀਮਤੀ ਜੀਨਮ ਗਰਗ ਨੇ ਆਪਣੇ ਸੰਬੋਧਨ ਵਿੱਚ ਤੀਜ ਜਿਹੇ ਤਿਉਹਾਰਾਂ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਅਸੀਂ ਆਪਣੀ ਸੰਸਕ੍ਰਿਤੀ ਨੂੰ ਜਿਉਂਦਾ ਰੱਖਣ ਲਈ ਇਨ੍ਹਾਂ ਤਿਉਹਾਰਾਂ ਨੂੰ ਮਨਾਉਣਾ ਚਾਹੀਦਾ ਹੈ।ਇਸ ਮੌਕੇ ਸਮੂਹ ਸਕੂਲ ਸਟਾਫ਼ ਹਾਜ਼ਰ ਰਿਹਾ ਅਤੇ ਇਸ ਮੌਕੇ ਦਾ ਖੂਬ ਅਨੰਦ ਮਾਣਿਆ।

## ਫਤਿਹ ਕਾਲਜ ਦੀਆਂ ਵਿਦਿਆਰਥਣਾਂ ਦਾ ਸ਼ਾਨਦਾਰ ਪ੍ਰਦਰਸ਼ਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬੀ.ਸੀ.ਏ. ਪਹਿਲੇ ਸਮੈਸਟਰ (ਦਸੰਬਰ 2024) ਦੇ ਨਤੀਜੇ ਘੋਸ਼ਿਤ ਹੋਣ 'ਤੇ ਫਤਿਹ ਕਾਲਜ ਰਾਮਪੁਰਾ ਫੂਲ ਦੇ ਵਿਦਿਆਰਥੀਆਂ ਦੀ ਕਾਬਿਲੀਅਤ ਤੇ ਅਧਿਆਪਕਾਂ ਦੇ ਦ੍ਰਿੜ੍ਹ ਸੰਕਲਪ ਨੇ ਸ਼ਾਨਦਾਰ ਨਤੀਜੇ ਦੇ ਕੇ ਸਭ ਦਾ ਮਾਣ ਵਧਾਇਆ ਹੈ।ਕੁੱਲ 36 ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚੋਂ 26 ਵਿਦਿਆਰਥੀਆਂ ਨੇ 75% ਜਾਂ ਇਸ ਤੋਂ ਉੱਪਰ ਅੰਕ ਹਾਸਲ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਵਿਦਿਅਰਥਣ ਵੀਰਪਾਲ ਕੌਰ ਨੇ 87% ਅੰਕ ਪ੍ਰਾਪਤ ਕਰਕੇ ਕਾਲਜ 'ਚੋਂ ਪਹਿਲਾ, ਮਹਿਕਪ੍ਰੀਤ ਕੌਰ ਤੇ ਮਹਿਕਦੀਪ ਨੇ 85% ਅੰਕਾਂ ਨਾਲ ਦੂਜਾ ਅਤੇ ਪ੍ਰਨੀਤ ਤੇ ਰੀਆ ਨੇ 84% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਇਹ ਸਫਲਤਾ ਕੰਪਿਊਟਰ ਐਪਲੀਕੇਸ਼ਨ ਵਿਭਾਗ ਦੇ ਸਮਰਪਤ ਅਧਿਆਪਕਾਂ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ। ਚੇਅਰਮੈਨ ਐੱਸ. ਐੱਸ. ਚੱਠਾ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਸਾਡੇ ਵਿਦਿਆਰਥੀਆਂ ਦੀ ਇਹ ਉਪਲਬਧੀ ਸਾਡੇ ਸੰਸਥਾ ਦੇ ਉੱਚ ਮਿਆਰੀ ਅਧਿਆਪਨ ਤੇ ਵਿਦਿਆਰਥੀਆਂ ਦੀ ਲਗਨ ਦੀ ਨਤੀਜਾ ਹੈ।ਇਸ ਮੌਕੇ ਐੱਮ ਡੀ ਮਨਜੀਤ ਕੌਰ ਚੱਠਾ, ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ, ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ, ਪ੍ਰਿੰਸੀਪਲ ਬਘੇਲ ਸਿੰਘ, ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ. ਸੋਨਵਿੰਦਰ ਸਿੰਘ, ਪ੍ਰੋ. ਸੋਨੀਆ, ਪ੍ਰੋ. ਕੁਮਾਰੀ ਸ਼ੈਲਜਾ, ਐਜੂਕੇਸ਼ਨ ਵਿਭਾਗ ਮੁਖੀ ਪ੍ਰੋ. ਸੰਦੀਪ ਕੌਰ, ਪ੍ਰੋ. ਹਰਜੀਤ ਕੌਰ, ਪ੍ਰੋ. ਖੁਸ਼ਦੀਪ ਸੰਧੂ ਤੋਂ ਇਲਾਵਾ ਸਮੂਹ ਅਧਿਆਪਕ ਸਾਹਿਬਾਨਾਂ ਨੇ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਤੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।

# ਸਿਹਤ ਮੰਤਰੀ ਨੇ ਅਰਬਨ ਅਸਟੇਟ ਦਾ ਪੈਦਲ ਦੌਰਾ ਕਰ ਲੋਕਾਂ ਦੀਆਂ ਸੁਣੀਆਂ ਮੁਸ਼ਕਲਾਂ

## ਟੁੱਟੀਆਂ ਸੜਕਾਂ ਤੇ ਪਾਰਕਾਂ 'ਚ ਗੰਦਗੀ ਦਾ ਲਿਆ ਗੰਭੀਰ ਨੋਟਿਸ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ ਦੇ ਅਰਬਨ ਅਸਟੇਟ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਜਾਨਣ ਤੇ ਉਨ੍ਹਾਂ ਦਾ ਹੱਲ ਕਰਵਾਉਣ ਲਈ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸ਼ਨੀਵਾਰ ਅਰਬਨ ਅਸਟੇਟ ਫ਼ੇਜ਼ 1, 2 ਤੇ 3 ਦਾ ਪੈਦਲ ਦੌਰਾ ਕਰਕੇ ਸਥਾਨਕ ਵਸਨੀਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆਂ ਤੇ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਮੁਸ਼ਕਲਾਂ ਦਾ ਸਮਾਂਬੱਧ ਹੱਲ ਕਰਨ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਕਿਹਾ ਕਿ ਅਰਬਨ ਅਸਟੇਟ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ, ਇਸ ਲਈ ਉਹ ਨਿਰੰਤਰ ਪੀ.ਡੀ.ਏ. ਦੇ ਅਧਿਕਾਰੀਆਂ ਨਾਲ ਮੀਟਿੰਗਾਂ ਵੀ ਕਰ ਰਹੇ ਹਨ।ਸਵੇਰੇ 9 ਵਜੇ ਅਰਬਨ ਅਸਟੇਟ ਫ਼ੇਜ਼ 2 ਵਿਖੇ ਪੁੱਜੇ ਡਾ. ਬਲਬੀਰ ਸਿੰਘ ਨੇ ਵਰਧਮਾਨ ਹਸਪਤਾਲ ਵਾਲੀ ਮਾਰਕੀਟ ਦਾ ਦੌਰਾ ਕਰਦਿਆਂ ਅਟਵਾਲ ਫਿਲਿੰਗ ਸਟੇਸ਼ਨ ਦੇ ਪਿੱਛੇ ਟੁੱਟੀ ਸੜਕਾਂ ਦੀ ਮੁਰੰਮਤ ਤੇ ਨਾਲ ਲੱਗਦੇ ਪਾਰਕ ਦੀ ਸਫ਼ਾਈ ਲਈ ਸਬੰਧਤ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ।ਉਨ੍ਹਾਂ ਅਰਬਨ ਅਸਟੇਟ ਫ਼ੇਜ਼ 2 ਵਿੱਚ ਥਾਂ-ਥਾਂ ਤੋਂ ਦੱਬੀਆਂ ਤੇ ਟੁੱਟੀਆਂ ਸੜਕਾਂ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਬਰਸਾਤਾਂ ਤੋਂ ਤੁਰੰਤ ਬਾਅਦ ਇਨ੍ਹਾਂ ਸੜਕਾਂ ਦੀ ਰਿਪੇਅਰ ਯਕੀਨੀ ਬਣਾਈ ਜਾਵੇ ਤੇ ਜਿਸ ਠੇਕੇਦਾਰ ਵੱਲੋਂ ਪਹਿਲਾਂ ਇਹ ਸੜਕਾਂ ਬਣਾਈਆਂ ਗਈਆਂ ਸਨ, ਉਸ ਖ਼ਿਲਾਫ਼ ਵੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।ਉਨ੍ਹਾਂ ਫ਼ੇਜ਼ 2 ਵਿਖੇ ਸਕੂਲ ਲਈ ਰਾਖਵੀਂ ਥਾਂ 'ਤੇ ਪਈ ਗੰਦਗੀ ਦੀ ਤੁਰੰਤ ਸਫ਼ਾਈ ਤੇ ਬਾਈਪਾਸ ਰੋਡ ਨਾਲ ਜੰਗਲਾਤ ਦੀ ਪਈ ਜਗ੍ਹਾ ਦੀ ਸਫ਼ਾਈ ਕਰਨ ਦੇ ਨਿਰਦੇਸ਼ ਦਿੱਤੇ।ਅਰਬਨ ਅਸਟੇਟ ਫ਼ੇਜ਼ 3 ਦੇ ਵਸਨੀਕਾਂ ਵੱਲੋਂ ਪੁੱਡਾ ਵੱਲੋਂ ਵਿਕਸਤ ਕੀਤੀ ਜਾ ਰਹੀ ਪਟਿਆਲਾ-ਰਾਜਪੁਰਾ ਰੋਡ 'ਤੇ ਕਮਰਸ਼ੀਅਲ ਸਾਈਟ ਤੋਂ ਪਹਿਲਾਂ ਰਿਹਾਇਸ਼ੀ ਖੇਤਰ ਦੀ ਸੁਰੱਖਿਆ ਲਈ ਫ਼ੇਜ਼ 3 ਦੇ ਸਾਹਮਣੇ ਕੰਧ ਬਣਾਉਣ ਦੀ ਮੰਗ ਰੱਖੀ, ਜਿਸ 'ਤੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਥਾਨਕ ਵਸਨੀਕਾਂ ਦੀ ਸੁਰੱਖਿਆ ਲਈ ਜੋ ਵੀ ਢੁੱਕਵੇਂ ਕਦਮ ਉਠਾਉਣ ਦੀ ਜ਼ਰੂਰਤ ਹੈ, ਉਹ ਤੁਰੰਤ ਉਠਾਏ ਜਾਣ ਤਾਂ ਜੋ ਇਥੇ ਰਹਿਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਅਰਬਨ ਅਸਟੇਟ ਦੇ ਸਾਰੇ ਰਿਹਾਇਸ਼ੀ ਖੇਤਰਾਂ, ਪਾਰਕਾਂ, ਮਾਰਕਿਟ ਤੇ ਈ.ਡਬਲਿਊ.ਐੱਸ. ਖੇਤਰ ਦਾ ਦੌਰਾ ਕਰਦਿਆਂ ਸਥਾਨਕ ਵਸਨੀਕਾਂ ਦੀਆਂ ਸਮੱਸਿਆਵਾਂ ਨੂੰ ਗਰਾਊਂਡ ਜ਼ੀਰੋ 'ਤੇ ਜਾ ਕੇ ਸੁਣਦਿਆਂ ਕਿਹਾ ਕਿ ਪੀ.ਡੀ.ਏ. ਅਧੀਨ ਪੈਂਦੇ ਇਸ ਇਲਾਕੇ ਦੀਆਂ ਸੜਕਾਂ ਦੀ ਮੁਰੰਮਤ, ਬਰਸਾਤੀ ਪਾਣੀ ਦੀ ਨਿਕਾਸੀ, ਪਾਰਕਾਂ ਦੀ ਸਾਂਭ ਸੰਭਾਲ, ਸੀਵਰੇਜ, ਸੁਰੱਖਿਆ ਸਮੇਤ ਸਫ਼ਾਈ ਵਰਗੀ ਹਰੇਕ ਬੁਨਿਆਂਦੀ ਸਹੂਲਤ ਸਬੰਧੀ ਸਥਾਨਕ ਵਸਨੀਕਾਂ ਨਾਲ ਗੱਲਬਾਤ ਕੀਤੀ ਗਈ ਹੈ ਤੇ ਸਾਰੀਆਂ ਮੁਸ਼ਕਲਾਂ ਦੇ ਹੱਲ ਲਈ ਅਧਿਕਾਰੀਆਂ ਨੂੰ ਇਕ ਹਫ਼ਤੇ ਵਿੱਚ ਪੂਰੀ ਰਿਪੋਰਟ ਤਿਆਰ ਕਰਨ ਤੇ ਸਾਰੇ ਕੀਤੇ ਜਾਣ ਵਾਲੇ ਕੰਮਾਂ ਨੂੰ ਸਮਾਂਬੱਧ ਕਰਨ ਦੇ ਨਿਰਦੇਸ਼ ਦੇ ਦਿੱਤੇ ਗਏ ਹਨ।

# ਖੇਤ ਮਜ਼ਦੂਰ ਆਗੂਆਂ ਵੱਲੋਂ ਪਾਰਟੀ ਕਾਂਗਰਸ ਦੀ ਤਿਆਰੀ ਦਾ ਜਾਇਜ਼ਾ




**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਖੇਤ ਮਜ਼ਦੂਰ ਸਭਾ ਜ਼ਿਲ੍ਹਾ ਫਾਜ਼ਿਲਕਾ ਦੀ ਮੀਟਿੰਗ ਕਾਮਰੇਡ ਭਰਪੂਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਸੀਪੀਆਈ ਦੀ 25ਵੀਂ ਕਾਂਗਰਸ, ਜੋ 21 ਸਤੰਬਰ ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿੱਚ ਹੋ ਰਹੀ ਹੈ, ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਤਿਆਰੀ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਆਗੂਆਂ ਨੇ ਕਿਹਾ ਕਿ 21 ਸਤੰਬਰ ਨੂੰ ਮੋਹਾਲੀ ਵਿੱਚ ਕੀਤੀ ਜਾ ਰਹੀ ਰੈਲੀ ਵਿੱਚ ਫਾਜ਼ਿਲਕਾ ਤੋਂ ਖੇਤ ਮਜ਼ਦੂਰ ਉਤਸ਼ਾਹ ਨਾਲ ਸ਼ਾਮਲ ਹੋਣਗੇ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਨੈਸ਼ਨਲ ਕੌਂਸਲ ਦੇ ਮੈਂਬਰ ਕਾਮਰੇਡ ਰਿਸ਼ੀਪਾਲ ਖੁੰਭਣ ਨੇ ਮਜ਼ਦੂਰਾਂ ਦੇ ਭਖਦੇ ਮਸਲਿਆਂ ਦਾ ਵਿਸਥਾਰ ਨਾਲ ਵਰਣਨ ਕੀਤਾ।ਉਨ੍ਹਾਂ ਮੰਗ ਕੀਤੀ ਕਿ ਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ ਘੱਟੋ ਘੱਟ 200 ਦਿਨ ਕੰਮ ਦਿੱਤਾ ਜਾਵੇ ਤੇ ਦਿਹਾੜੀ 700 ਰੁਪਏ ਦਿੱਤੀ ਜਾਵੇ।ਬੇਘਰੇ ਗਰੀਬਾਂ ਨੂੰ 10-10 ਮਰਲੇ ਦੇ ਪਲਾਟ ਤੇ ਮਕਾਨ ਬਣਾਉਣ ਲਈ 5-5 ਲੱਖ ਦੀ ਗਰਾਂਟ ਜਾਰੀ ਕੀਤੀ ਜਾਵੇ।ਇਸ ਤੋਂ ਇਲਾਵਾ ਮਜ਼ਦੂਰਾਂ ਲਈ ਸਰਵਪੱਖੀ ਕਾਨੂੰਨ ਬਣਾਉਣ, ਪੁਲਸ ਜਬਰ ਬੰਦ ਕਰਵਾਉਣ, ਬੇ-ਨਾਮੀ ਜ਼ਮੀਨ ਗਰੀਬਾਂ ਨੂੰ ਵੰਡਣ ਦੀ ਵੀ ਮੰਗ ਕੀਤੀ ਗਈ।ਮੀਟਿੰਗ ਨੂੰ ਭਰਪੂਰ ਸਿੰਘ, ਬਲਬੀਰ ਸਿੰਘ ਕਾਠਗੜ੍ਹ, ਪ੍ਰਮੋਦ ਕੁਮਾਰ ਬੋਧੀ ਵਾਲਾ ਪਿੱਥਾ ਨੇ ਵੀ ਸੰਬੋਧਨ ਕੀਤਾ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਤਿਨਾਮ ਸਿੰਘ ਧੰਗੜ ਭੈਣੀ, ਮਨਜੀਤ ਕੌਰ ਕਾਠਗੜ੍ਹ, ਭੂਰਾ ਰਾਮ, ਪ੍ਰਕਾਸ਼ ਅਬੋਹਰ, ਰਘੂਰਾਮ, ਹਜ਼ਾਰੀ ਰਾਮ ਬੋਧੀ ਵਾਲਾ ਪਿੱਥਾ, ਹੁਸ਼ਿਆਰ ਸਿੰਘ ਕਾਵਾਂ ਵਾਲੀ, ਚੀਮਨ ਸਿੰਘ ਸਲੇਮ ਸ਼ਾਹ, ਰੇਸ਼ਮ ਸਿੰਘ ਪਾਲੀ ਵਾਲੀ, ਸੁਰਜੀਤ ਸਿੰਘ ਕਾਠਗੜ੍ਹ, ਜੋਗਿੰਦਰੋ ਬਾਈ, ਭਿੰਦਰ ਜੈਮਲਵਾਲਾ, ਸੁਰਜੀਤ ਪਾਲੀ ਵਾਲਾ, ਬਲਵਿੰਦਰ ਸਿੰਘ ਫਲੀਆਂਵਾਲਾ, ਤਿਰਲੋਕ ਸਿੰਘ ਫਲੀਆਂਵਾਲਾ, ਤੇ ਮਨਦੀਪ ਸਿੰਘ ਜੈਮਲਵਾਲਾ ਹਾਜ਼ਰ ਸਨ।

# ਮੋਗਾ 'ਚ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਦਾ ਅਸ਼ਵਨੀ ਸ਼ਰਮਾ ਵੱਲੋਂ ਉਦਘਾਟਨ

**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਵਿਖੇ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਦਾ ਉਦਘਾਟਨ ਭਾਜਪਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕੀਤਾ ਗਿਆ।ਵਰਨਨਯੋਗ ਹੈ ਕਿ ਇਸ ਭਾਜਪਾ ਦਫਤਰ ਦਾ ਨੀਂਹ ਪੱਥਰ ਵੀ 18 ਮਾਰਚ 2023 ਨੂੰ ਅਸ਼ਵਨੀ ਸ਼ਰਮਾ ਵੱਲੋਂ ਹੀ ਰੱਖਿਆ ਗਿਆ ਸੀ।ਇਸ ਮੌਕੇ ਉਨ੍ਹਾਂ ਨਾਲ ਸੂਬਾ ਸੰਗਠਨ ਮੰਤਰੀ ਸ਼੍ਰੀਨਿਵਾਸਲੂ, ਸੂਬਾ ਜਨਰਲ ਸਕੱਤਰ ਅਨਿਲ ਸਰੀਨ, ਭਾਜਪਾ ਸੂਬਾ ਮੁੱਖ ਬੁਲਾਰੇ ਵਿਨੀਤ ਜੋਸ਼ੀ, ਸੂਬੇ ਚ ਬਣਾਏ ਜਾ ਰਹੇ ਭਾਜਪਾ ਜ਼ਿਲ੍ਹਾ ਦਫ਼ਤਰਾਂ ਦੇ ਕਨਵੀਨਰ ਮੋਹਨ ਲਾਲ ਸੇਠੀ, ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ, ਸਾਬਕਾ ਸੰਸਦ ਮੈਂਬਰ ਸੁਸ਼ੀਲ ਟਿੰਕੂ, ਸਾਬਕਾ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ, ਸੂਬਾ ਜਨਰਲ ਸਕੱਤਰ ਰਾਕੇਸ਼ ਰਾਠੌਰ, ਸੀਨੀਅਰ ਆਗੂ ਸੀਨੀਅਰ ਆਗੂ ਨਿਧੜਕ ਸਿੰਘ ਬਰੜ, ਸਾਬਕਾ ਵਿਧਾਇਕ ਡਾ. ਹਰਜੋਤ ਕਮਲ, ਜਨਰਲ ਸਕੱਤਰ ਮੁਖਤਿਆਰ ਸਿੰਘ, ਜਨਰਲ ਸਕੱਤਰ ਵਿੱਕੀ ਸਿਤਾਰਾ, ਜਨਰਲ ਸਕੱਤਰ ਰਾਹੁਲ ਗਰਗ, ਹਿਤੇਸ਼ ਗੁਪਤਾ, ਸਾਬਕਾ ਸੀਨੀਅਰ ਡਿਪਟੀ ਮੇਅਰ ਅਨਿਲ ਬਾਂਸਲ, ਸਰਪੰਚ ਮਨਿੰਦਰ ਕੌਰ ਸਲੀਨਾ, ਰਾਕੇਸ਼ ਭੱਲਾ, ਹੇਮੰਤ ਸੂਦ, ਜਤਿੰਦਰ ਚੱਢਾ, ਰਾਜੇਂਦਰ ਗਾਬਾ, ਮੁਕੇਸ਼ ਸ਼ਰਮਾ ਆਈਟੀ ਸੈੱਲ, ਯੁਵਾ ਆਗੂ ਕਸ਼ਿਸ਼ ਧਮੀਜਾ, ਸੰਜੀਵ ਕੁਮਾਰ, ਦੀਪਕ ਤਲਵਾੜ, ਸਾਬਕਾ ਜ਼ਿਲ੍ਹਾ ਪ੍ਰਧਾਨ ਤ੍ਰਿਲੋਚਨ ਸਿੰਘ ਗਿੱਲ, ਰਾਕੇਸ਼ ਸ਼ਰਮਾ, ਵਿਨੈ ਸ਼ਰਮਾ, ਵਿਜੇ ਸ਼ਰਮਾ, ਦੇਵਪ੍ਰਿਯ ਤਿਆਗੀ, ਸੁਮਨ ਮਲਹੋਤਰਾ ਅਤੇ ਹੋਰ ਵਰਕਰ ਮੌਜੂਦ ਸਨ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਭਾਜਪਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੂਰੇ ਪੰਜਾਬ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਭਾਜਪਾ ਦਫ਼ਤਰ ਬਣਾਏ ਜਾ ਰਹੇ ਹਨ, ਜਿੱਥੇ ਭਾਜਪਾ ਆਗੂਆਂ, ਅਹੁਦੇਦਾਰਾਂ ਤੇ ਵਰਕਰਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮਿਲਣਗੀਆਂ।ਉਨ੍ਹਾਂ ਕਿਹਾ ਕਿ ਭਾਜਪਾ ਜ਼ਿਲ੍ਹਾ ਦਫ਼ਤਰਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਬਣਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਦੇਣ ਲਈ ਇੱਥੇ ਸੁਵਿਧਾ ਕੇਂਦਰ ਵੀ ਸ਼ੁਰੂ ਕੀਤੇ ਜਾ ਰਹੇ ਹਨ।ਇੱਥੋਂ ਆਯੁਸ਼ਮਾਨ ਯੋਜਨਾ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਪ੍ਰਧਾਨ ਮੰਤਰੀ ਜਨ-ਧਨ ਯੋਜਨਾ, ਉੱਜਵਲਾ ਯੋਜਨਾ, ਕੱਚੇ ਘਰ ਪੱਕੇ ਬਣਾਉਣ ਲਈ ਪ੍ਰਧਾਨ ਮੰਤਰੀ ਸਹਾਇਤਾ ਫੰਡ, ਪ੍ਰਧਾਨ ਮੰਤਰੀ ਕਿਸਾਨ ਨਿਧੀ ਯੋਜਨਾ ਆਦਿ ਵਰਗੀਆਂ ਸੈਂਕੜੇ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਲੋਕਾਂ ਨੂੰ ਦੇਣ ਲਈ ਇੱਥੇ ਹਰ ਤਰ੍ਹਾਂ ਦੇ ਫਾਰਮ ਭਰੇ ਜਾਣਗੇ, ਤਾਂ ਜੋ ਲੋਕਾਂ ਨੂੰ ਯੋਜਨਾਵਾਂ ਦਾ ਲਾਭ ਮਿਲ ਸਕੇ।ਇਸ ਮੌਕੇ ਉਨ੍ਹਾਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੂੰ ਵੀ ਵਧਾਈ ਦਿੱਤੀ, ਜਿਨ੍ਹਾਂ ਦੀ ਨਿਗਰਾਨੀ ਹੇਠ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਦੀ ਉਸਾਰੀ ਸੁਚਾਰੂ ਢੰਗ ਨਾਲ ਮੁਕੰਮਲ ਹੋਈ।

### ਦਫ਼ਤਰ 'ਚ ਹਰ ਤਰ੍ਹਾਂ ਦੀਆਂ ਸੇਵਾਵਾਂ ਉਪਲਬਧ ਕਰਵਾਈਆਂ ਜਾਣਗੀਆਂ : ਡਾ. ਗਰਗ



ਇਸ ਮੌਕੇ ਭਾਜਪਾ ਦੇ ਸੂਬਾ ਸੀਨੀਅਰ ਆਗੂ ਤੇ ਭਾਜਪਾ ਦੇ ਰਾਜ ਭਵਨ ਨਿਰਮਾਣ ਦਫ਼ਤਰਾਂ ਦੇ ਕਨਵੀਨਰ ਮੋਹਨ ਲਾਲ ਸੇਠੀ ਨੇ ਕਿਹਾ ਕਿ ਜ਼ਿਲ੍ਹਾ ਦਫ਼ਤਰ ਦੀ ਉਸਾਰੀ ਨਾਲ ਭਾਜਪਾ ਵਰਕਰ ਇਨ੍ਹਾਂ ਦਫ਼ਤਰਾਂ ਵਿੱਚ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਾਪਤ ਕਰ ਸਕਣਗੇ।ਉਨ੍ਹਾਂ ਕਿਹਾ ਕਿ ਆਡੀਟੋਰੀਅਮ ਰੂਮ, ਕਾਨਫਰੰਸ ਰੂਮ, ਭਾਜਪਾ ਜ਼ਿਲ੍ਹਾ ਪ੍ਰਧਾਨ ਤੇ ਹੋਰ ਵਰਕਰਾਂ ਦੇ ਦਫ਼ਤਰ ਬਣਾਏ ਗਏ ਹਨ, ਸਬੰਧਤ ਵਰਕਰ ਇੱਥੇ ਆ ਸਕਣਗੇ। ਉਨ੍ਹਾਂ ਕਿਹਾ ਕਿ ਦੂਜੇ ਜ਼ਿਲ੍ਹਿਆਂ ਤੋਂ ਆਉਣ ਵਾਲੇ ਭਾਜਪਾ ਆਗੂਆਂ ਲਈ ਗੈਸਟ ਰੂਮ ਵੀ ਬਣਾਏ ਗਏ ਹਨ, ਰਸੋਈ, ਲਿਫਟ ਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਇੱਥੇ ਉਪਲਬਧ ਹਨ।ਉਨ੍ਹਾਂ ਭਾਜਪਾ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਇੱਥੇ ਆਉਣ ਤੇ ਇਸ ਦਾ ਉਦਘਾਟਨ ਕਰਨ ਲਈ ਧੰਨਵਾਦ ਕੀਤਾ।ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਭਾਜਪਾ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਸੂਬੇ ਦੇ ਹੋਰ ਵਰਕਰਾਂ ਦਾ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕੀਤਾ ਤੇ ਆਗੂਆਂ ਨੂੰ ਭਰੋਸਾ ਦਿੱਤਾ ਕਿ ਭਾਜਪਾ ਜ਼ਿਲ੍ਹਾ ਦਫ਼ਤਰ ਲੋਕਾਂ ਤੇ ਭਾਜਪਾ ਵਰਕਰਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰਨ ਵਿੱਚ ਮਦਦਗਾਰ ਸਾਬਿਤ ਹੋਵੇਗਾ।

## ਕਾਤਰਾਂ

### 2 ਕਿੱਲੋ ਗਾਂਜੇ ਸਣੇ ਇੱਕ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਇੱਕ ਵਿਅਕਤੀ ਨੂੰ 2 ਕਿੱਲੋ ਗਾਂਜੇ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਅੰਬੇ ਮਾਜਰਾ ਤੋਂ ਪਿੰਡ ਵਜੀਰਾਵਾਦ ਨੂੰ ਜਾਂਦੀ ਸੜਕ 'ਤੇ ਗਸ਼ਤ ਕਰ ਰਹੀ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਪਾਰਟੀ ਵੱਲੋਂ ਸ਼ੱਕ ਦੇ ਅਧਾਰ 'ਤੇ ਪੈਦਲ ਆ ਰਹੇ ਨਗਿੰਦਰ ਸਾਹਨੀ ਵਾਸੀ ਪਿੰਡ ਦੋਬਲਿਪੁਰ, ਜ਼ਿਲ੍ਹਾ ਮੁਜੱਫਰਪੁਰ (ਬਿਹਾਰ) ਨੂੰ ਰੋਕ ਕੇ ਉਸ ਦੀ ਤਲਾਸ਼ੀ ਲਈ ਤਾਂ ਉਕਤ ਵਿਅਕਤੀ ਦੇ ਕਬਜ਼ੇ ਚੋਂ 2 ਕਿਲੋਗ੍ਰਾਮ ਗਾਂਜਾ ਬਰਾਮਦ ਹੋਇਆ। ਨਗਿੰਦਰ ਸਾਹਨੀ ਨੂੰ ਗ੍ਰਿਫਤਾਰ ਕਰਕੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਚਿੱਟਾ ਵੇਚਣ ਵਾਲਾ ਗੱਡੀ ਸਮੇਤ ਕਾਬੂ

**ਬੁਢਲਾਡਾ (ਅਸ਼ੋਕ ਲਾਕੜਾ)**-ਥਾਣਾ ਸਦਰ ਦੇ ਐੱਸ ਐੱਚ ਓ ਕੌਰ ਸਿੰਘ ਦੀ ਅਗਵਾਈ ਹੇਠ ਰੰਗੇ ਹੱਥੀਂ ਚਿੱਟੇ ਸਮੇਤ ਵਿਅਕਤੀ ਨੂੰ ਕਾਬੂ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਬੱਛੋਆਣਾ ਤੋਂ ਰੱਲੀ ਦੇ ਸੂਏ ਨੂੰ ਜੋ ਸੜਕ ਜਾਂਦੀ ਹੈ, ਉੱਥੇ ਉਕਤ ਵਿਅਕਤੀ ਬਲਜੀਤ ਸਿੰਘ ਪੁੱਤਰ ਦਲਵੀਰ ਸਿੰਘ ਵਾਸੀ ਦਸਮੇਸ਼ ਨਗਰ ਰਿਓਦ ਕਲਾ ਪੀ ਐੱਸ ਬੋਹਾ ਦਾ ਰਹਿਣ ਵਾਲਾ ਹੈ, ਨੂੰ ਪੁਲਸ ਟੀਮ ਵੱਲੋਂ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ।ਉਨ੍ਹਾਂ ਕਿਹਾ ਕਿ ਮੁਲਜ਼ਮ ਦੇ ਕਬਜ਼ੇ 'ਚੋਂ ਇੱਕ ਗੱਡੀ ਤੇ ਛੇ ਗ੍ਰਾਮ ਚਿੱਟਾ ਬਰਾਮਦ ਕੀਤਾ ਗਿਆ ਹੈ।ਇਸ ਮੌਕੇ ਪੁਲਸ ਟੀਮ ਦੀ ਮੈਡਮ ਬਲਜੀਤ ਕੌਰ ਨੇ ਮੌਕੇ 'ਤੇ ਹੀ ਮੁਕੱਦਮਾ ਦਰਜ ਕਰ ਲਿਆ ਹੈ।ਉਨ੍ਹਾਂ ਕਿਹਾ ਕਿ ਥਾਣਾ ਬੋਹਾ ਤੋਂ ਮੁਲਜ਼ਮ ਦਾ ਰਿਕਾਰਡ ਹਾਸਲ ਕਰ ਕੇ ਮਾਮਲੇ ਦੀ ਤਫਤੀਸ਼ ਜਾਰੀ ਹੈ ਤੇ ਉਕਤ ਮੁਲਜ਼ਮ ਖਿਲਾਫ਼ ਕਾਨੂੰਨੀ ਕਾਰਵਾਈ ਜਲਦ ਕੀਤੀ ਜਾਵੇਗੀ।

### ਬੈਂਕ ਲਾਕਰ 'ਚੋਂ ਗਹਿਣੇ ਚੋਰੀ, ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਬੈਂਕ ਦੇ ਲਾਕਰ 'ਚੋਂ ਕਰੋੜ ਰੁਪਏ ਤੋਂ ਵੱਧ ਮੁੱਲ ਦੇ ਗਹਿਣੇ ਚੋਰੀ ਹੋ ਜਾਣ ਦੇ ਕਥਿਤ ਮਾਮਲੇ 'ਚ ਪੁਲਸ ਵੱਲੋਂ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਸੂਤਰਾਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸਰੋਜ ਛਾਬੜਾ ਨਾਮਕ ਵਿਧਵਾ ਔਰਤ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਪੰਜਾਬ ਨੈਸ਼ਨਲ ਬੈਂਕ ਦੀ ਸਥਾਨਕ ਬ੍ਰਾਂਚ ਵਿੱਚ ਉਸ ਨੇ ਲਾਕਰ ਲਿਆ ਹੋਇਆ ਹੈ।ਅਗਸਤ 2023 ਵਿੱਚ ਉਸ ਨੇ ਉਕਤ ਬੈਂਕ ਲਾਕਰ 'ਚ ਕਰੀਬ 1 ਕਰੋੜ 10 ਲੱਖ ਰੁਪਏ ਮੁੱਲ ਦੇ ਕੀਮਤੀ ਗਹਿਣੇ ਰੱਖੇ ਸਨ।ਕੁਝ ਦਿਨ ਪਹਿਲਾਂ ਜਦੋਂ ਉਸ ਨੇ ਬੈਂਕ ਜਾ ਕੇ ਆਪਣਾ ਲਾਕਰ ਚੈੱਕ ਕੀਤਾ ਤਾਂ ਲਾਕਰ 'ਚ ਰੱਖੇ ਉਸ ਦੇ ਸੋਨੇ ਦੇ ਗਹਿਣੇ ਉੱਥੇ ਨਹੀਂ ਸਨ, ਜਿਨ੍ਹਾਂ ਨੂੰ ਨਾਮਾਲੂਮ ਵਿਅਕਤੀ/ਵਿਅਕਤੀਆਂ ਵੱਲੋਂ ਚੋਰੀ ਕਰ ਲਿਆ ਗਿਆ ਹੈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀ/ਵਿਅਕਤੀਆਂ ਵਿਰੁੱਧ ਅ/ਧ 305 ਬੀ.ਐੱਨ.ਐੱਸ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਆਨਲਾਈਨ ਠੱਗੀ ਮਾਰਨ ਦੇ ਮਾਮਲੇ 'ਚ ਕੇਸ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਅਧੀਨ ਆਉਂਦੇ ਪਿੰਡ ਹੱਸਣ ਢੁੱਟ ਵਿਖੇ ਇਕ ਵਿਅਕਤੀ ਨਾਲ ਆਨਲਾਈਨ ਠੱਗੀ ਮਾਰਨ ਦੇ ਦੋਸ਼ ਵਿੱਚ ਸਾਈਬਰ ਕ੍ਰਾਈਮ ਨੇ ਇਕ ਵਿਅਕਤੀ ਖਿਲਾਫ 318 (2) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਬਲਰਾਜ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਜਗਮੀਤ ਸਿੰਘ ਪੁੱਤਰ ਕੁਲਵਿੰਦਰ ਸਿੰਘ ਵਾਸੀ ਹੱਸਣ ਢੁੱਟ ਨੇ ਦੱਸਿਆ ਕਿ ਮੋਹਿਤ ਪੁਰਸ਼ੋਤਮ ਸਾਵਰਕਰ ਪੁੱਤਰ ਪੁਰਸ਼ੋਤਮ ਸਾਵਰਕਰ ਵਰੁਦਾਵਨ, ਕਾਲੋਨੀ, ਗਾਵੇਹਾਨੇ ਬਿਲਡਿੰਗ, ਅਲੰਡੀ ਦੇਵਾਚੀ, ਤਾਲੁਕਾ ਖੇਡ ਜ਼ਿਲ੍ਹਾ ਪੁਣੇ ਸਟੇਟ ਮਹਾਂਰਾਸ਼ਟਰ 412105 ਨੇ ਕੁੱਲ ਰਕਮ 1,29,04,879 ਰੁਪਏ ਦੀ ਆਨਲਾਈਨ ਠੱਗੀ ਮਾਰੀ ਹੈ।

ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਬਲਰਾਜ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਆਨਲਾਈਨ ਠੱਗੀ ਮਾਰਨ ਵਾਲੇ ਵਿਅਕਤੀ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਦੇਸ਼ ਭਗਤ ਗਲੋਬਲ ਸਕੂਲ 'ਚ ਉਤਸ਼ਾਹ ਨਾਲ ਮਨਾਇਆ ਤੀਜ ਤਿਉਹਾਰ

## ਤੀਆਂ ਸਿੱਖਿਆ ਤੇ ਸੱਭਿਆਚਾਰ ਦੀ ਏਕਤਾ ਦੀ ਸੁੰਦਰ ਮਿਸਾਲ : ਪ੍ਰਿੰਸੀਪਲ ਜਿੰਦਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ-ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿੱਚ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਤੇ ਰੰਗਾਰੰਗ ਢੰਗ ਨਾਲ ਮਨਾਇਆ ਗਿਆ।ਤਿਉਹਾਰ ਦੀ ਸ਼ੁਰੂਆਤ ਤੀਜ ਦੇ ਮਹੱਤਵ ਬਾਰੇ ਭਾਸ਼ਣ ਨਾਲ ਹੋਈ, ਜਿਸ ਤੋਂ ਬਾਅਦ ਵਿਦਿਆਰਥੀਆਂ ਨੇ ਗਿੱਧਾ, ਭੰਗੜਾ, ਲੋਕ ਨਾਚ ਤੇ ਗੀਤਾਂ ਰਾਹੀਂ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕੀਤੀ।ਬੱਚਿਆਂ ਤੋਂ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਪ੍ਰਸ਼ਨਾਂ ਦੇ ਉੱਤਰ ਵੀ ਪੁੱਛੇ ਗਏ।ਇਸ ਮੌਕੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਵਿਦਿਆਰਥੀਆਂ ਲਈ ਵੱਖ-ਵੱਖ ਪ੍ਰਤੀਯੋਗਤਾਵਾਂ ਜਿਵੇਂ ਕਿ ਬੈਸਟ ਟ੍ਰੈਡੀਸ਼ਨਲ ਡ੍ਰੈੱਸ, ਮਿਸ ਤੀਜ, ਮਿਸ ਸਮਾਈਲਿੰਗ ਫੇਸ, ਮਿਸ ਟੈਲੈਂਟ ਆਦਿ ਰੱਖੀਆਂ ਗਈਆਂ। ਵਿਦਿਆਰਥੀਆਂ ਨੇ ਪੂਰੇ ਜੋਸ਼ ਨਾਲ ਭਾਗ ਲਿਆ ਤੇ ਆਪਣੇ ਵਿਅਕਤੀਗਤ ਤਾਲਮੇਲ, ਸਜਾਵਟ ਤੇ ਪ੍ਰਸਤੁਤੀ ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ।ਤੀਜ ਦੇ ਇਸ ਸੱਭਿਆਚਾਰਕ ਪ੍ਰੋਗਰਾਮ ਮੌਕੇ ਇਨ੍ਹਾਂ ਪ੍ਰਤੀਯੋਗਤਾਵਾਂ ਲਈ ਜੱਜਾਂ ਦੇ ਪੈਨਲ ਵੱਲੋਂ ਨਿਰਣਾ ਲਿਆ ਗਿਆ, ਜੋ ਕਿ ਵਿਦਿਆਰਥੀਆਂ ਦੇ ਤਰੀਕੇ, ਵਿਅਕਤੀਤਵ, ਪੋਸ਼ਾਕ ਤੇ ਟੇਲੈਂਟ ਦੇ ਆਧਾਰ 'ਤੇ ਕੀਤਾ ਗਿਆ।ਜਿੱਤਣ ਵਾਲਿਆਂ ਨੂੰ ਸਨਮਾਨ ਪੱਤਰ ਵੀ ਦਿੱਤੇ ਗਏ।ਮਿਸ ਤੀਜ ਦਾ ਖਿਤਾਬ ਕੋਮਲਪ੍ਰੀਤ ਕੌਰ (ਯੂ ਕੇ ਜੀ), ਰੀਜ਼ੁਲਪਾਲ (ਤੀਸਰੀ) ਤੇ ਤਨੀਸ਼ਾ (ਦਸਵੀਂ) ਨੇ ਆਪਣੇ ਨਾਮ ਕੀਤਾ।ਬੈਸਟ ਟ੍ਰੈਡੀਸ਼ਨਲ ਡ੍ਰੈੱਸ ਦਾ ਖਿਤਾਬ ਅਨਾਇਆ (ਯੂ ਕੇ ਜੀ), ਮਿਸ ਸਮਾਈਲਿੰਗ ਫੇਸ ਦਾ ਖਿਤਾਬ ਜਸਨੀਤ ਕੌਰ ਨੇ ਜਿੱਤਿਆ।ਮਿਸ ਟੇਲੈਂਟਡ ਦਾ ਖ਼ਿਤਾਬ ਗੁਰਕੀਰਤ ਕੌਰ (ਦਸਵੀਂ) ਨੇ ਆਪਣੇ ਨਾਮ ਕੀਤਾ।ਮੁੰਡਿਆਂ ਵਿੱਚੋਂ ਮਿਸਟਰ ਡੀ ਬੀ ਜੀ ਐੱਸ ਦਾ ਖਿਤਾਬ ਯਸ਼ਬੀਰ ਸਿੰਘ (ਯੂ ਕੇ ਜੀ) ਤੇ ਸੈਵਿਊ ਮਿੱਡਾ (ਪੰਜਵੀਂ) ਨੇ ਆਪਣੇ ਨਾਮ ਕੀਤਾ।ਅਧਿਆਪਕਾਂ ਨੇ ਵੀ ਤੀਜ ਦੇ ਤਿਉਹਾਰ ਵਿੱਚ ਜੋਸ਼ ਨਾਲ ਭਾਗ ਲਿਆ ਤੇ ਮੈਡਮ ਜਸਪਾਲ ਕੌਰ ਨੇ ਬੈਸਟ ਟ੍ਰੈਡੀਸ਼ਨਲ ਡ੍ਰੈੱਸ ਮੁਕਾਬਲੇ ਵਿੱਚ ਬਾਜ਼ੀ ਮਾਰੀ।ਸਕੂਲ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਸਮਾਰੋਹ ਨੂੰ ਸਿੱਖਿਆ ਤੇ ਸੱਭਿਆਚਾਰ ਦੇ ਸੁਮੇਲ ਦੀ ਸੁੰਦਰ ਮਿਸਾਲ ਦੱਸਿਆ ਤੇ ਵਿਦਿਆਰਥੀਆਂ ਨੂੰ ਆਪਣੀ ਸੰਸਕ੍ਰਿਤਕ ਧਰੋਹਰ ਨੂੰ ਸਾਂਭ ਕੇ ਰੱਖਣ ਦੀ ਪ੍ਰੇਰਣਾ ਦਿੱਤੀ।ਇਸ ਮੌਕੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਤੀਆਂ ਦਾ ਤਿਉਹਾਰ ਧੀਆਂ ਲਈ ਸਭ ਤੋਂ ਵੱਧ ਖੁਸ਼ੀਆਂ ਭਰਿਆ ਹੁੰਦਾ ਹੈ।ਇਹ ਤੀਜ ਤਿਉਹਾਰ ਵਿਦਿਆਰਥੀਆਂ ਲਈ ਨਾ ਕੇਵਲ ਮਨੋਰੰਜਨ ਭਰਪੂਰ ਸੀ, ਸਗੋਂ ਇਸ ਰਾਹੀਂ ਉਨ੍ਹਾਂ ਨੇ ਆਤਮ-ਵਿਕਾਸ, ਸਾਂਝ ਤੇ ਪ੍ਰੰਪਰਾ ਨਾਲ ਜੁੜਾਅ ਦਾ ਅਹਿਸਾਸ ਵੀ ਕੀਤਾ।ਇਸ ਮੌਕੇ ਡਾਕਟਰ ਮੁਨੀਸ਼ ਜੋਸ਼ੀ, ਪ੍ਰਿੰਸੀਪਲ, ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ਼ ਆਫ ਫਾਰਮੇਸੀ, ਮੈਡਮ ਰੁਪਿੰਦਰ ਬੁੱਟਰ, ਪ੍ਰਿੰਸੀਪਲ, ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ ਨਰਸਿੰਗ ਐਂਡ ਪੈਰਾ ਮੈਡੀਕਲ ਸਾਇੰਸਜ਼, ਮੇਜਰ ਚੰਦ, ਸੁਪ੍ਰਿੰਟੈਂਡੈਂਟ, ਦੇਸ਼ ਭਗਤ ਕੈਂਪਸ, ਮੈਡਮ ਮਨਜਿੰਦਰ ਕੌਰ, ਨਵਦੀਪ ਸਿੰਘ, ਅਕਾਊਂਟੈਂਟ, ਦੇਸ਼ ਭਗਤ ਕੈਂਪਸ, ਦਿਲਬਾਗ ਸਿੰਘ ਬਾਗੀ, ਸੁਪਰਵਾਈਜ਼ਰ, ਦੇਸ਼ ਭਗਤ ਕੈਂਪਸ ਅਤੇ ਸਮੂਹ ਸਟਾਫ਼ ਮੈਂਬਰ ਮੌਜੂਦ ਸਨ।

# ਨੰਨਜ਼ ਦੀ ਗੈਰ-ਕਾਨੂੰਨੀ ਗ੍ਰਿਫ਼ਤਾਰੀ ਵਿਰੁੱਧ ਇਸਾਈ ਭਾਈਚਾਰੇ ਵੱਲੋਂ ਰੋਸ ਪ੍ਰਦਰਸ਼ਨ

### ਡਿਪਟੀ ਕਮਿਸ਼ਨਰ ਦਫਤਰ ਵਿਖੇ ਦਿੱਤਾ ਮੰਗ ਪੱਤਰ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-25 ਜੁਲਾਈ ਨੂੰ ਨੰਨਜ਼ (ਸਿਸਟਰਜ਼) ਪ੍ਰੀਤੀ ਮੈਰੀ ਤੇ ਵੰਦਨਾ ਫਰਾਂਸਿਸ ਨੂੰ ਸੁਕਮਨ ਮੰਡਵੀ ਦੇ ਨਾਲ ਛੱਤੀਸਗੜ੍ਹ ਦੇ ਦੁਰਗ ਰੇਲਵੇ ਸਟੇਸ਼ਨ 'ਤੇ ਸਰਕਾਰੀ ਰੇਲਵੇ ਪੁਲਸ (ਜੀਆਰਪੀ) ਨੇ ਬਜਰੰਗ ਦਲ ਦੇ ਇੱਕ ਸਥਾਨਕ ਅਹੁਦੇਦਾਰ ਦੀ ਸ਼ਿਕਾਇਤ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਸੀ, ਜਿਸ ਨੇ ਉਨ੍ਹਾਂ 'ਤੇ ਰਾਜ ਦੇ ਆਦਿਵਾਸੀ-ਪ੍ਰਭਾਵਸ਼ਾਲੀ ਨਾਰਾਇਣਪੁਰ ਜ਼ਿਲ੍ਹੇ ਦੀਆਂ ਤਿੰਨ ਕੁੜੀਆਂ ਦਾ ਜ਼ਬਰਦਸਤੀ ਧਰਮ ਪਰਿਵਰਤਨ ਕਰਨ ਤੇ ਉਨ੍ਹਾਂ ਦੀ ਤਸਕਰੀ ਕਰਨ ਦਾ ਦੋਸ਼ ਲਗਾਇਆ ਸੀ।ਇਨ੍ਹਾਂ ਦੀ ਗੈਰ-ਕਾਨੂੰਨੀ ਗ੍ਰਿਫ਼ਤਾਰੀ ਦੀ ਘਟਨਾ ਦੇ ਵਿਰੋਧ 'ਚ ਫਰੀਦਕੋਟ ਜ਼ਿਲ੍ਹੇ ਦੇ ਮਸੀਹੀ ਭਾਈਚਾਰੇ ਵੱਲੋ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਖੇ ਪਹੁੰਚ ਕੇ ਡਿਪਟੀ ਕਮਿਸ਼ਨਰ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੰਗ ਪੱਤਰ ਭੇਜਿਆ ਗਿਆ।ਇਸ ਮੌਕੇ ਫਾਦਰ ਜੌਨ ਤੇਜਾ ਪੈਰਿਸ਼ ਪ੍ਰੀਸਟ ਸੇਂਟ ਜੋਸਫ਼ ਕੈਥੋਲਿਕ ਚਰਚ ਕੋਟਕਪੂਰਾ ਨੇ ਦੱਸਿਆ ਕਿ ਅਸੀਂ (ਮਸੀਹ) ਸਦਾ ਤੋਂ ਦੇਸ਼ ਦੀ ਏਕਤਾ, ਭਾਈਚਾਰੇ ਤੇ ਅਮਨ ਲਈ ਪ੍ਰਾਰਥਨਾਵਾਂ ਤੇ ਦੇਸ਼ ਦੀ ਤਰੱਕੀ ਲਈ ਕੰਮ ਕਰਦੇ ਆਏ ਹਾਂ।ਅਸੀਂ ਸੰਵਿਧਾਨ, ਕਾਨੂੰਨ ਤੇ ਦੇਸ਼ ਦੀ ਕਾਨੂੰਨ ਵਿਵਸਥਾ ਦੇ ਨਿਆਂ ਉੱਤੇ ਪੂਰਾ ਵਿਸ਼ਵਾਸ ਰੱਖਦੇ ਹਾਂ ਤੇ ਉਮੀਦ ਕਰਦੇ ਹਾਂ ਕਿ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਹੋਵੇਗੀ।ਇਸ ਮੌਕੇ ਉਨ੍ਹਾਂ ਮੰਗ ਕੀਤੀ ਕਿ ਦੋਵੇਂ ਨਨਜ਼ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਤੇ ਉਨ੍ਹਾਂ ਤੋਂ ਜਨਤਕ ਮਾਫੀ ਮੰਗੀ ਜਾਵੇ।ਇਸ ਮੌਕੇ ਐਡਵੋਕੇਟ ਸੈਮੂਅਲ ਮਸੀਹ ਨੇ ਦੱਸਿਆ ਕਿ ਛੱਤੀਸਗੜ੍ਹ ਦੇ ਦੁਰਗ ਰੇਲਵੇ ਸਟੇਸ਼ਨ 'ਤੇ ਬਜਰੰਗ ਦਲ ਵੱਲੋਂ ਧਮਕੀਆਂ ਤੇ ਝੂਠੇ ਦੋਸ਼ਾਂ ਦੇ ਆਧਾਰ 'ਤੇ ਦੋ ਨੰਨਜ਼ (ਸਿਸਟਰਜ਼) ਉੱਤੇ ਧਰਮ ਪਰਿਵਰਤਨ ਦੇ ਗ਼ਲਤ ਦੋਸ਼ ਲਾ ਕੇ ਪੁਲਸ ਵੱਲੋਂ ਗ੍ਰਿਫ਼ਤਾਰੀ ਕਰਵਾਈ ਗਈ।ਇਹ ਗ੍ਰਿਫ਼ਤਾਰੀ ਕਿਸੇ ਕਾਨੂੰਨੀ ਜਾਂਚ ਨਾਲ ਨਹੀਂ ਹੋਈ, ਬਲਕਿ ਸਿਰਫ ਚਰਮਪੰਥੀ ਤਾਕਤਾਂ ਦੇ ਦਬਾਅ ਹੇਠ ਕੀਤੀ ਗਈ ਹੈ। ਚਰਮਪੰਥੀ ਤਾਕਤਾਂ ਵੱਲੋਂ ਮਸੀਹੀ ਭਾਈਚਾਰਿਆਂ ਉਤੇ ਉਲਟੇ-ਸਿੱਧੇ ਦੋਸ਼ ਲਾ ਕੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਚਿੰਤਾਜਨਕ ਹਨ।ਇਸ ਮੌਕੇ ਫਾਦਰ ਜੌਨ ਤੇਜਾ, ਫਾਦਰ ਸਿਲਵਿਨੋਸ, ਫਾਦਰ ਦੀਪਕ, ਐਡਵੋਕੇਟ ਸੈਮੂਅਲ ਮਸੀਹ, ਪਾਸਟਰ ਸੇਵਕ ਸਿੱਧੂ ਪ੍ਰਧਾਨ ਮਾਲਵਾ ਜੋਨ ਪੰਜਾਬ ਕ੍ਰਿਸ਼ਚੀਅਨ ਫੈਡਰੇਸ਼ਨ ਮਦਰ ਫਿਲੀਮਾ, ਸਿਸਟਰ ਮਾਧੁਰੀ, ਸਿਸਟਰ ਮੀਨੂ, ਸਿਸਟਰ ਲੈਪਣਸ਼ੁਕ, ਪਾਸਟਰ ਪਰਦੀਪ, ਪਾਸਟਰ ਸੈਮੂਅਲ, ਪਾਸਟਰ ਕਰਮ, ਪਾਸਟਰ ਯਹੂੰਨਾ, ਗੋਗੀ ਮਸੀਹ, ਪਿੱਪਲ ਮਸੀਹ, ਬਲਵੀਰ ਮਸੀਹ, ਮੁਨਸ਼ੀ ਭੱਟੀ, ਮਾਸਟਰ ਜਗਸੀਰ, ਇਮੈਨੁਅਲ, ਗਗਨ ਮਚਾਕੀ ਤੇ ਭਾਰੀ ਗਿਣਤੀ ਵਿੱਚ ਮਸੀਹ ਭਾਈਚਾਰੇ ਦੇ ਲੋਕ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਸਕੀਮ ਬਹਾਲੀ ਲਈ ਜਥੇਬੰਦੀਆਂ ਵੱਲੋਂ ਮੋਟਰਸਾਈਕਲ ਮਾਰਚ



**ਮਾਨਸਾ (ਆਤਮਾ ਸਿੰਘ ਪਮਾਰ)**-ਪਿਛਲੇ ਲੰਬੇ ਸਮੇਂ ਤੋਂ ਕੇਂਦਰ ਅਤੇ ਸੂਬਾ ਸਰਕਾਰ ਦੇ ਗਲ਼ੇ ਦੀ ਹੱਡੀ ਬਣਿਆ ਪੁਰਾਣੀ ਪੈਨਸ਼ਨ ਬਹਾਲੀ ਦਾ ਮੁੱਦਾ ਅੱਜ ਇੱਕ ਵਾਰ ਫਿਰ ਪੂਰੇ ਭਾਰਤ ਵਿੱਚ ਗੂੰਜ ਉੱਠਿਆ।ਪੂਰੇ ਭਾਰਤ ਦੀਆਂ ਮੁੱਖ ਜਥੇਬੰਦੀਆਂ ਵੱਲੋਂ 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਸਕੀਮ ਦੀ ਸਹੂਲਤ ਨੂੰ ਦੁਬਾਰਾ ਸ਼ੁਰੂ ਕਰਵਾਉਣ ਲਈ ਭਾਰਤ ਭਰ 'ਚ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਭਰਵੇਂ ਰੋਸ ਮੁਜ਼ਾਹਰੇ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ।ਇਸੇ ਲੜੀ ਵਜੋਂ ਜ਼ਿਲ੍ਹਾ ਮਾਨਸਾ ਦੇ ਵੱਡੀ ਗਿਣਤੀ ਮੁਲਾਜ਼ਮ ਜੋ ਕਿ 2004 ਤੋਂ ਬਾਅਦ ਭਰਤੀ ਹੋਏ ਹਨ, ਸਥਾਨਕ ਬਾਲ ਭਵਨ ਵਿੱਖੇ ਇਕੱਠੇ ਹੋਏ।ਇਥੋਂ ਇਹ ਮੁਲਾਜ਼ਮ ਮੋਟਰਸਾਈਕਲ ਕਾਰਾਂ ਆਦਿ ਰਾਹੀਂ ਕਚਹਿਰੀ ਰੋਡ ਤੋਂ ਹੁੰਦੇ ਹੋਏ ਬੱਸ ਸਟੈਂਡ ਤਿਕੋਣੀ ਦੇ ਰਸਤਿਓਂ ਜਾ ਕੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਵਾਲੀ ਦੀ ਰਿਹਾਇਸ਼ ਸਿਲਵਰ ਸਿਟੀ ਵਿਖੇ ਪਹੁੰਚੇ।ਉਪਰੰਤ ਹਲਕਾ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਦੀ ਰਿਹਾਇਸ਼ ਮੂਹਰੇ ਜਾ ਕੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਵਿਧਾਇਕਾਂ ਦੇ ਪੁਤਲੇ ਫੂਕੇ।ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਦਰਸ਼ਨ ਸਿੰਘ ਅਲੀਸ਼ੇਰ ਅਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਦੇ ਧਰਮਿੰਦਰ ਸਿੰਘ ਹੀਰੇਵਾਲਾ ਸੰਬੋਧਨ ਕਰਦਿਆਂ ਕਿਹਾ ਕਿ 2004 ਵਿੱਚ ਵਾਜਪਾਈ ਦੀ ਭਾਜਪਾ ਸਰਕਾਰ ਨੇ 2004 ਤੋਂ ਬਾਅਦ ਭਰਤੀ ਹੋਣ ਵਾਲੇ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਸਕੀਮ ਨੂੰ ਬੰਦ ਕਰਕੇ ਨਵੀਂ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ।ਆਗੂਆਂ ਕਰਮਜੀਤ ਸਿੰਘ ਤਾਮਕੋਟ, ਲਖਵਿੰਦਰ ਮਾਨ, ਨਿਤਿਨ ਸੋਢੀ ਮਲਕੀਤ ਸਿੰਘ ਖਿਆਲਾ, ਹਰਵਿੰਦਰ ਸਿੰਘ ਨੇ ਕਿਹਾ ਨਵੀਂ ਪੈਨਸ਼ਨ ਅਨੁਸਾਰ ਮੁਲਾਜ਼ਮ ਨੂੰ ਰਿਟਾਇਰਮੈਂਟ ਮੌਕੇ ਬਹੁਤ ਹੀ ਘੱਟ ਪੈਨਸ਼ਨ ਮਿਲਦੀ ਹੈ ਅਤੇ ਉਸੇ ਦੀ ਤਰਜ਼ 'ਤੇ ਰਾਜ ਸਰਕਾਰਾਂ ਨੇ ਵੀ ਉਸੇ ਸਕੀਮ ਨੂੰ ਇੰਨ ਬਿੰਨ ਲਾਗੂ ਕੀਤਾ ਹੈ।ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਅਤੇ ਸੁਪਰੀਮੋ ਕੇਜਰੀਵਾਲ ਨੇ ਵੋਟਾਂ ਸਮੇਂ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ ਉਪਰੰਤ ਇਸ ਸਕੀਮ ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਮੁੜ ਬਹਾਲ ਕੀਤੀ ਜਾਵੇਗੀ।ਪ੍ਰੰਤੂ ਚਾਰ ਸਾਲ ਦੇ ਕਰੀਬ ਬੀਤਣ ਬਾਅਦ ਵੀ ਅਜੇ ਤੱਕ ਉਨ੍ਹਾਂ ਵੱਲੋਂ ਇਸ ਨੂੰ ਲਾਗੂ ਨਹੀਂ ਕੀਤਾ ਗਿਆ। ਮੁਲਾਜ਼ਮ ਇਸ ਨੂੰ ਆਪਣੇ ਨਾਲ ਧੋਖਾ ਹੋਇਆ ਮਹਿਸੂਸ ਕਰ ਰਹੇ ਹਨ।ਜਿਸ ਕਾਰਨ ਮੁਲਾਜ਼ਮ ਜਥੇਬੰਦੀਆਂ 'ਚ ਭਾਰੀ ਰੋਸ ਹੈ।ਆਗੂਆਂ ਨੇ ਦੋਵਾਂ ਸਰਕਾਰਾਂ ਤੋਂ ਮੰਗ ਕੀਤੀ ਹੈ ਕਿ ਪੁਰਾਣੀ ਸਕੀਮ ਤੁਰੰਤ ਮੁੜ ਬਹਾਲ ਕੀਤੀ ਜਾਵੇ।ਇਸ ਮੌਕੇ ਬੇਅੰਤ ਰੜ, ਜਸਕਰਨ ਵਰ੍ਹੇ, ਬਹਾਦਰ ਸਿੰਘ, ਗੁਰਲਾਲ ਸਿੰਘ, ਰੋਮੀ ਸਿੰਘ, ਰਾਜਵਿੰਦਰ ਬੈਹਣੀਵਾਲ, ਕੁਲਦੀਪ ਅੱਕਾਂਵਾਲੀ, ਗੁਰਦੀਪ ਬਰਨਾਲਾ, ਡਾਕਟਰ ਗੁਰਪ੍ਰੀਤ ਕੌਰ, ਜਸਵੰਤ ਕੌਰ, ਹਰਜੀਤ ਕੌਰ, ਕੁਲਜੀਤ ਸਿੰਘ, ਜਸਵਿੰਦਰ ਜੋਗਾ, ਇਕਬਾਲ ਸਿੰਘ, ਬਲਵੰਤ ਸਿੰਘ, ਜਨਕ ਸਮਾਓਂ, ਜੁਗਰਾਜ ਭੀਖੀ, ਗੁਰਵਿੰਦਰ ਸਿੰਘ ਅਤੇ ਹੋਰ ਬਹੁਤ ਸਾਰੇ ਆਗੂ ਵੀ ਹਾਜ਼ਰ ਸਨ।

# ਮਾਤਾ ਨਹਿਰਾਂ ਵਾਲੀ ਦੇ ਸਾਲਾਨਾ ਜੋੜ ਮੇਲੇ ਦੇ ਪਹਿਲੇ ਦਿਨ ਵੱਡੀ ਗਿਣਤੀ 'ਚ ਸੰਗਤਾਂ ਨੇ ਭਰੀ ਹਾਜ਼ਰੀ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਕਸਬਾ ਮਮਦੋਟ ਤੋਂ ਕਰੀਬ ਇੱਕ ਕਿਲੋਮੀਟਰ ਦੂਰੀ 'ਤੇ ਬਣੇ ਸਰੂ ਮਾਤਾ ਨਹਿਰਾਂ ਵਾਲੀ ਦੇ ਭਵਨ 'ਤੇ ਹਰ ਸਾਲ ਦੀ ਤਰ੍ਹਾਂ 2, 3 ਤੇ 4 ਅਗਸਤ ਨੂੰ ਲੱਗਣ ਵਾਲੇ ਸਾਲਾਨਾ ਜੋੜ ਮੇਲੇ ਦੇ ਪਹਿਲੇ ਦਿਨ ਹਜ਼ਾਰਾਂ ਦੀ ਤਾਦਾਦ 'ਚ ਸੰਗਤਾਂ ਨੇ ਮਾਤਾ ਦੇ ਦਰਬਾਰ 'ਚ ਨਮਸਤਕ ਹੁੰਦਿਆਂ ਮੱਥਾ ਟੇਕਿਆ। ਮੁਰਾਦਾਂ ਪੂਰੀਆਂ ਹੋਣ 'ਤੇ ਵੱਡੀ ਗਿਣਤੀ ਵਿੱਚ ਭਗਤਾਂ ਵੱਲੋਂ ਮਾਤਾ ਦੇ ਦਰਬਾਰ 'ਤੇ ਢੋਲ ਦੇ ਡੱਗੇ 'ਤੇ ਨੱਚਦਿਆਂ ਟੱਪਦਿਆਂ ਝੰਡੇ ਚੜ੍ਹਾਉਣ ਦਾ ਸਿਲਸਿਲਾ ਵੀ ਪੂਰਾ ਦਿਨ ਜਾਰੀ ਰਿਹਾ। ਮਾਤਾ ਦੇ ਮੇਲੇ 'ਤੇ ਜਾਣ ਵਾਲੀਆਂ ਸੰਗਤਾਂ ਵਾਸਤੇ ਜਗ੍ਹਾ ਜਗ੍ਹਾ 'ਤੇ ਵੱਖ ਵੱਖ ਪ੍ਰਕਾਰ ਦੇ ਲੰਗਰ, ਜਲ ਜ਼ੀਰਾ ਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਵੀ ਇਲਾਕਾ ਨਿਵਾਸੀਆਂ ਵੱਲੋਂ ਲਗਾਈਆਂ ਗਈਆਂ ਹਨ। ਰਾਜ ਕੁਮਾਰ ਮਦਾਨ ਸਾਬਕਾ ਐੱਸ ਡੀ ਓ (ਪਾਵਰਕਾਮ) ਤੇ ਰਾਜ ਕੁਮਾਰ ਨਾਰੰਗ ਨੇ ਦੱਸਿਆ ਕਿ ਬਿਜਲੀ ਘਰ ਦੇ ਸਾਹਮਣੇ ਤੇ ਹੋਰ ਵੱਖ ਵੱਖ ਥਾਵਾਂ 'ਤੇ ਲਗਾਏ ਗਏ ਲੰਗਰ ਮੇਲੇ ਦੇ ਤਿੰਨੇ ਦਿਨ ਦੋ ਤੋਂ ਚਾਰ ਅਗਸਤ ਤੱਕ ਲਗਾਤਾਰ ਚੱਲਣਗੇ ਤੇ ਇਸ ਤੋਂ ਇਲਾਵਾ ਮਾਤਾ ਦੇ ਭਵਨ 'ਤੇ ਲੰਗਰ ਕਈ ਦਿਨ ਪਹਿਲਾਂ ਤੋਂ ਹੀ ਲਗਾਤਾਰ ਚੱਲ ਰਹੇ ਹਨ। ਭਵਨ ਦੇ ਬਾਹਰ ਲੱਗੇ ਵੱਡੇ ਝੂਲਿਆਂ ਤੇ ਹੋਰ ਅਨੇਕਾਂ ਆਈਟਮਾਂ ਦਾ ਵੀ ਲੋਕਾਂ ਨੇ ਭਰਪੂਰ ਆਨੰਦ ਮਾਣਿਆ ਤੇ ਮੇਲੇ 'ਚ ਲੱਗੀਆਂ ਦੁਕਾਨਾਂ ਤੋਂ ਖਰੀਦਦਾਰੀ ਕੀਤੀ। ਮੇਲਾ ਕਮੇਟੀ ਦੇ ਪ੍ਰਧਾਨ ਸ਼ਿੰਦਾ ਸੇਠੀ ਨੇ ਦੱਸਿਆ ਕਿ ਇਸ ਮੇਲੇ ਵਿੱਚ ਹੋਰਨਾਂ ਕਲਾਕਾਰਾਂ ਤੋਂ ਇਲਾਵਾ ਮਾਸ਼ਾ ਅਲੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ। ਮੇਲੇ ਦੇ ਆਖਰੀ ਦਿਨ 4 ਅਗਸਤ ਸ਼ਾਮ ਨੂੰ ਕਬੱਡੀ ਮੈਚ ਵੀ ਕਰਵਾਏ ਜਾਣਗੇ। ਉਨ੍ਹਾ ਮਾਤਾ ਦੇ ਮੇਲੇ ਦੇ ਸਬੰਧ ਵਿੱਚ ਜਗ੍ਹਾ ਜਗ੍ਹਾ ਵੱਖ ਵੱਖ ਪ੍ਰਕਾਰ ਦੇ ਲੰਗਰ ਲਗਾਉਣ 'ਤੇ ਸਮੂਹ ਇਲਾਕਾ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਅਰਦਾਸ ਬੇਨਤੀ ਕੀਤੀ ਕਿ ਮਾਤਾ ਰਾਣੀ ਸਭ ਦੀਆਂ ਮੁਰਾਦਾਂ ਪੂਰੀਆਂ ਕਰੇ।

# ਕੈਂਸਰ ਸਮਾਜ ਲਈ ਚੁਣੌਤੀ, ਜਾਗਰੂਕਤਾ ਨਾਲ ਕੀਤਾ ਜਾ ਸਕਦੈ ਮੁਕਾਬਲਾ : ਡਾ. ਜਗਜੀਤ ਸਿੰਘ/ਭੁਪਿੰਦਰ ਸਿੰਘ



**ਦੇਵੀਗੜ੍ਹ/ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਕੰਬੋਜ ਮਹਾਂ ਸਭਾ ਬਲਾਕ ਭੁੰਨਰਹੇੜੀ ਵੱਲੋਂ ਇੱਕ ਵਿਸ਼ੇਸ਼ ਕੈਂਪ ਵਰਡ ਕੇਅਰ ਕੈਂਸਰ ਟੀਮ ਵੱਲੋਂ ਕੈਂਸਰ ਦੀ ਜਾਂਚ, ਇਲਾਜ ਤੇ ਜਾਗਰੂਕਤਾ ਕੈਂਪ ਮਾਤਾ ਗੁਜਰੀ ਸਕੂਲ ਦੇ ਡਾਇਰੈਕਟਰ ਭੁਪਿੰਦਰ ਸਿੰਘ ਦੀ ਪ੍ਰੇਰਣਾ ਸਦਕਾ ਪ੍ਰਧਾਨ ਸਵਿੰਦਰ ਸਿੰਘ ਧੰਜੂ ਦੀ ਅਗਵਾਈ ਹੇਠ ਦੇਵੀਗੜ੍ਹ ਵਿਖੇ ਲਗਾਇਆ ਗਿਆ, ਜਿਸ ਵਿੱਚ 1000 ਦੇ ਕਰੀਬ ਔਰਤਾਂ ਤੇ ਮਰਦਾਂ ਨੇ ਇਸ ਕੈਂਪ ਵਿੱਚ ਪਹੁੰਚ ਕੇ ਕੈਂਸਰ ਦੀ ਜਾਂਚ ਕਰਵਾਈ।ਇਸ ਮੌਕੇ ਮਰੀਜ਼ਾਂ ਨੂੰ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਂਸਰ ਕੇਅਰ ਟੀਮ ਦੇ ਪੰਜਾਬ ਡਾਇਰੈਕਟਰ ਡਾ. ਜਗਜੀਤ ਸਿੰਘ ਧੂਰੀ ਤੇ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਦੇ ਡਾਇਰੈਕਟਰ ਭੁਪਿੰਦਰ ਸਿੰਘ ਨੇ ਕਿਹਾ ਕਿ ਕੈਂਸਰ ਇੱਕ ਬਹੁਤ ਘਾਤਕ ਰੋਗ ਹੈ, ਪਰ ਜੇਕਰ ਸਮੇਂ ਸਿਰ ਇਸ ਦੀ ਪਛਾਣ ਹੋ ਜਾਏ ਤਾਂ ਇਲਾਜ ਸੰਭਵ ਹੈ।ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ 'ਚ ਦੂਸ਼ਿਤ ਵਾਤਾਵਰਨ ਤੇ ਗਲਤ ਖੁਰਾਕਾਂ ਕਾਰਨ ਕੈਂਸਰ ਦੇ ਮਾਮਲੇ ਵਧ ਰਹੇ ਹਨ, ਜਿਸ ਕਰਕੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਸਭ ਤੋਂ ਵੱਡੀ ਲੋੜ ਹੈ।ਜਗਜੀਤ ਸਿੰਘ ਧੂਰੀ ਨੇ ਕਿਹਾ ਕਿ ਕੈਂਸਰ ਦਾ ਇਲਾਜ ਸੰਭਵ ਹੈ, ਪਰ ਜੇਕਰ ਇਹ ਸ਼ੁਰੂਆਤੀ ਪੜਾਅ ਵਿੱਚ ਪਤਾ ਲੱਗ ਜਾਵੇ ਤਾਂ ਇਹ ਹੋਰ ਵੀ ਆਸਾਨ ਬਣ ਜਾਂਦਾ ਹੈ।ਇਸ ਲਈ ਲੋਕਾਂ ਨੂੰ ਨਿਰੰਤਰ ਆਪਣੀ ਸਿਹਤ ਦੀ ਜਾਂਚ ਕਰਵਾਉਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਉਹ ਸਮਾਜਿਕ ਪੱਧਰ 'ਤੇ ਅਜਿਹੇ ਕੈਂਪ ਲਗਾਉਣ ਲਈ ਹਮੇਸ਼ਾ ਤਿਆਰ ਹਨ ਤਾਂ ਜੋ ਜ਼ਰੂਰਤਮੰਦ ਲੋਕਾਂ ਤੱਕ ਸਹੀ ਜਾਣਕਾਰੀ ਪਹੁੰਚਾਈ ਜਾ ਸਕੇ।ਉਨ੍ਹਾਂ ਕਿਹਾ ਕਿ ਕੈਂਸਰ ਵਰਗੇ ਰੋਗ ਨਾਲ ਲੜਨ ਲਈ ਸਿਰਫ਼ ਸਰਕਾਰਾਂ ਦੀ ਨਹੀਂ, ਸਗੋਂ ਸਮੂਹ ਸਮਾਜ ਦੀ ਭੂਮਿਕਾ ਵੀ ਹੋਣੀ ਚਾਹੀਦੀ ਹੈ।ਕੈਂਪ ਦੌਰਾਨ ਡਾਕਟਰਾਂ ਵੱਲੋਂ ਲੋਕਾਂ ਦੀ ਮੁਫ਼ਤ ਜਾਂਚ ਕੀਤੀ ਗਈ ਤੇ ਉਨ੍ਹਾਂ ਨੂੰ ਕੈਂਸਰ ਰੋਕਥਾਮ ਸੰਬੰਧੀ ਲਾਭਦਾਇਕ ਜਾਣਕਾਰੀ ਦਿੱਤੀ ਗਈ।ਇਸ ਮੌਕੇ ਬੀਬੀ ਸਿਮਰਨਜੀਤ ਕੌਰ ਪਠਾਣਮਾਜਰਾ, ਬੀਬੀ ਸਵਿੰਦਰ ਕੌਰ ਧੰਜੂ ਪ੍ਰਧਾਨ ਨਗਰ ਪੰਚਾਇਤ, ਜੀਤ ਸਿੰਘ ਮੀਰਾਂਪੁਰ, ਰਾਜਿੰਦਰ ਸਿੰਘ ਥਿੰਦ ਪ੍ਰੈੱਸ ਸਕੱਤਰ, ਗੁਰਦੀਪ ਸਿੰਘ ਇੰਚਾਰਜ ਸੋਸ਼ਲ ਮੀਡੀਆ, ਗੁਰਿੰਦਰ ਟਿਵਾਣਾ, ਹਰਲਾਲ ਸਿੰਘ, ਮਕੁਲਵੰਤ ਸਿੰਘ ਟੁਰਨਾ ਆਦਿ ਹਾਜ਼ਰ ਸਨ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 5 ਤੋਂ ਰੋਸ ਪ੍ਰਦਰਸ਼ਨ

## ਭਗਵੰਤ ਮਾਨ ਸਰਕਾਰ 'ਤੇ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਦੀ ਅਣਦੇਖੀ ਦਾ ਦੋਸ਼



**ਕੋਟਕਪੂਰਾ (ਰਛਪਾਲ ਭੁੱਲਰ)**

ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਜ਼ਿਲ੍ਹਾ ਫਰੀਦਕੋਟ ਦੀ ਇੱਕ ਮੀਟਿੰਗ ਸਥਾਨਕ ਪੈਨਸ਼ਨਰ ਭਵਨ ਵਿਖੇ ਪਾਵਰਕਾਮ ਪੈਨਸ਼ਨਰ ਯੂਨੀਅਨ ਦੇ ਸੂਬਾਈ ਆਗੂ ਚੰਦ ਸਿੰਘ ਡੋਡ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਦੇ ਸੂਬਾਈ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਪੰਜਾਬ ਮੰਡੀ ਬੋਰਡ ਮੁਲਾਜ਼ਮ ਯੂਨੀਅਨ ਦੇ ਸੂਬਾ ਪ੍ਰਧਾਨ ਵੀਰਇੰਦਰਜੀਤ ਸਿੰਘ ਪੁਰੀ, ਸਿਵਲ ਪੈਨਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਇੰਦਰਜੀਤ ਸਿੰਘ ਖੀਵਾ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406 ਦੇ ਸੂਬਾਈ ਆਗੂ ਜਤਿੰਦਰ ਕੁਮਾਰ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਆਗੂ ਸਰਬਜੀਤ ਕੌਰ ਮਚਾਕੀ, ਲਖਵਿੰਦਰ ਕੌਰ ਕੰਮੇਆਣਾ, ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਕੁਲਵੰਤ ਸਿੰਘ ਚਾਨੀ, ਅਸ਼ੋਕ ਕੌਸ਼ਲ, ਸੋਮ ਨਾਥ ਅਰੋੜਾ, ਬਲਕਾਰ ਸਿੰਘ ਸਹੋਤਾ ਜ਼ਿਲ੍ਹਾ ਜਨਰਲ ਸਕੱਤਰ ਕਲਾਸ ਫੋਰ ਯੂਨੀਅਨ, ਹਰਪਾਲ ਸਿੰਘ ਮਚਾਕੀ, ਅਸ਼ੋਕ ਕੁਮਾਰ ਸੇਠੀ, ਰਵੀ ਕਿਰਨ ਸਿੰਘ ਤੇ ਲਵੀ ਕੁਮਾਰ ਆਗੂ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ, ਪੈਨਸ਼ਨਰ ਆਗੂ ਬਿਜਲੀ ਬੋਰਡ ਬਲਵਿੰਦਰ ਰਾਮ ਸ਼ਰਮਾ ਤੇ ਚਿਤਰੰਜਨ ਗਾਭਾ, ਕੁਲਬੀਰ ਸਿੰਘ ਟੈਕਨੀਕਲ ਸਰਵਿਸਿਜ਼ ਯੂਨੀਅਨ, ਸ਼ਿਵ ਨਾਥ ਦਰਦੀ ਆਗੂ ਬਾਬਾ ਫਰੀਦ ਸਿਕਿਉਰਟੀ ਗਾਰਡ ਮੁਲਾਜ਼ਮ ਯੂਨੀਅਨ, ਮਨੋਹਰ ਸਿੰਘ ਧੁੰਨਾ, ਪ੍ਰਿੰਸੀਪਲ ਕ੍ਰਿਸ਼ਨ ਲਾਲ, ਸੰਤ ਸਿੰਘ ਮੁੱਖ ਅਧਿਆਪਕ, ਅਮਰਜੀਤ ਸਿੰਘ ਵਾਲੀਆ, ਇੰਜਨੀਅਰ ਜੀਤ ਸਿੰਘ, ਸੁਖਦੇਵ ਸਿੰਘ ਬੀ ਪੀ ਈ ਓ, ਬਿਸ਼ਨ ਕੁਮਾਰ ਅਰੋੜਾ ਆਗੂ ਸਿਵਲ ਪੈਨਸ਼ਨਰ ਐਸੋਸੀਏਸ਼ਨ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪਿਛਲੇ ਲਗਭਗ ਸਾਢੇ ਤਿੰਨ ਸਾਲਾਂ ਤੋਂ ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮ ਤੇ ਪੈਨਸ਼ਨਰ ਮੰਗਾਂ ਪ੍ਰਤੀ ਅਪਣਾਈ ਗਈ ਨਾ-ਪੱਖੀ ਪਹੁੰਚ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਸੂਬਾ ਕਮੇਟੀ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ 5 ਅਗਸਤ ਨੂੰ ਸਵੇਰੇ 11 ਵਜੇ ਬਾਜਾਖਾਨਾ ਵਿਖੇ ਪੁਲ ਹੇਠਾਂ, 6 ਅਗਸਤ ਨੂੰ ਸਵੇਰੇ 11 ਵਜੇ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਦਫਤਰ ਮਿੰਨੀ ਸਕੱਤਰੇਤ ਸਾਹਮਣੇ, 8 ਅਗਸਤ ਨੂੰ ਸਵੇਰੇ 11 ਵਜੇ ਲਾਲਾ ਲਾਜਪਤ ਰਾਏ ਮਿਊਂਸਪਲ ਪਾਰਕ ਕੋਟਕਪੂਰਾ ਵਿਖੇ, 11 ਅਗਸਤ ਨੂੰ ਸਵੇਰੇ 11 ਵਜੇ ਤਹਿਸੀਲ ਪ੍ਰਬੰਧਕੀ ਕੰਪਲੈਕਸ ਜੈਤੋ ਵਿਖੇ ਤੇ 12 ਅਗਸਤ ਨੂੰ ਸਵੇਰੇ 11 ਵਜੇ ਸਬ ਤਹਿਸੀਲ ਸਾਦਿਕ ਵਿਖੇ ਰੋਸ ਧਰਨੇ ਦੇਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਪੁਤਲੇ ਫੂਕੇ ਜਾਣਗੇ।ਮੀਟਿੰਗ 'ਚ ਜ਼ਿਲ੍ਹਾ ਫਰੀਦਕੋਟ ਵਿੱਚ ਕੀਤੇ ਜਾ ਰਹੇ ਵੱਖ ਵੱਖ ਐਕਸ਼ਨਾਂ ਦੇ ਸਮੁੱਚੇ ਪ੍ਰਬੰਧਾਂ ਲਈ ਵੱਖ ਵੱਖ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਮੀਟਿੰਗ ਦੌਰਾਨ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਸਾਢੇ ਪੰਜ ਸਾਲਾਂ ਦਾ ਤਨਖਾਹਾਂ ਤੇ ਪੈਨਸ਼ਨਾਂ ਦਾ ਬਣਦਾ ਬਕਾਇਆ ਯਕਮੁਸ਼ਤ ਤੁਰੰਤ ਜਾਰੀ ਕੀਤਾ ਜਾਵੇ, ਮਹਿੰਗਾਈ ਭੱਤੇ ਦੀਆਂ ਬਕਾਇਆ ਪਈਆਂ 13 ਫੀਸਦੀ ਚਾਰ ਕਿਸ਼ਤਾਂ ਤੇ ਪਿਛਲੀਆਂ ਕਿਸ਼ਤਾਂ ਦਾ ਰਹਿੰਦਾ ਸਾਰਾ ਬਕਾਇਆ ਤੁਰੰਤ ਦਿੱਤਾ ਜਾਵੇ, ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਤੁਰੰਤ ਲਾਗੂ ਕੀਤਾ ਜਾਵੇ, ਸਮੂਹ ਕੱਚੇ, ਠੇਕਾ ਅਧਾਰਤ, ਆਊਟ ਸੋਰਸ ਮੁਲਾਜ਼ਮਾਂ ਤੇ ਵੱਖ-ਵੱਖ ਸਕੀਮਾਂ ਆਸ਼ਾ ਵਰਕਰਜ਼, ਆਂਗਨਵਾੜੀ ਵਰਕਰਜ਼, ਮਿੱਡ ਡੇ ਮੀਲ ਵਰਕਰਜ਼ ਆਦਿ ਸਕੀਮ ਵਰਕਰਾਂ ਨੂੰ ਪੂਰੇ ਤਨਖਾਹ ਸਕੇਲਾਂ ਵਿੱਚ ਰੈਗੂਲਰ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਤੁਰੰਤ ਬਹਾਲ ਕੀਤੀ ਜਾਵੇ ਅਤੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਮੰਗ ਪੱਤਰ ਵਿੱਚ ਦਰਜ ਸਮੂਹ ਮੰਗਾਂ ਦਾ ਪੰਜਾਬ ਸਰਕਾਰ ਵੱਲੋਂ ਤੁਰੰਤ ਨਿਪਟਾਰਾ ਕੀਤਾ ਜਾਵੇ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਸਾਰੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਨਾ ਕੀਤਾ ਤਾਂ ਲਗਾਤਾਰ ਤਿੱਖੇ ਐਕਸ਼ਨ ਕਰਕੇ ਭਗਵੰਤ ਮਾਨ ਸਰਕਾਰ ਦਾ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਵਤੀਰਾ ਲੋਕਾਂ ਦੀ ਕਚਹਿਰੀ ਵਿੱਚ ਸਮੇਂ ਸਮੇਂ ਜਾ ਕੇ ਨੰਗਾ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੇਵ ਸਿੰਘ, ਰਮੇਸ਼ ਕੌਸ਼ਲ, ਵੀਰ ਸਿੰਘ ਕੰਮੇਆਣਾ ਤੇ ਮਨਜੀਤਇੰਦਰ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਦੇ ਸਰਕਾਰੀ ਹਸਪਤਾਲ ਉੱਚ ਪੱਧਰੀ ਇਲਾਜ ਲਈ ਜਾਣੇ ਜਾਣਗੇ : ਸਿਹਤ ਮੰਤਰੀ

### ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਿਵਲ ਹਸਤਪਾਲ ਦਾ ਕੀਤਾ ਦੌਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਸੂਬੇ ਦੇ ਸਿਹਤ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਕੀਤੇ ਜਾ ਰਹੇ ਹਨ।ਸੂਬੇ ਦੀਆਂ ਸਿਹਤ ਸੇਵਾਵਾਂ ਨੂੰ ਮਿਸਾਲੀ ਬਣਾਉਣ ਲਈ ਹਰੇਕ ਲੋੜੀਂਦੇ ਉਪਰਾਲੇ ਜਾਰੀ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੂਬੇ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਨੇ ਮੋਗਾ ਦੇ ਸਿਵਲ ਹਸਪਤਾਲ ਦਾ ਅਚਨਚੇਤ ਦੌਰਾ ਕਰਨ ਮੌਕੇ ਕੀਤਾ।ਉਨ੍ਹਾਂ ਮੋਗਾ ਦੇ ਸਿਵਲ ਹਸਪਤਾਲ ਵਿੱਚ ਐਮਰਜੈਂਸੀ ਸੇਵਾਵਾਂ, ਆਕਸੀਜਨ ਪਲਾਂਟ ਤੇ ਹੋਰ ਅਹਿਮ ਸੇਵਾਵਾਂ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਨਗਰ ਨਿਗਮ ਮੇਅਰ ਬਲਜੀਤ ਸਿੰਘ ਚਾਨੀ, ਐੱਸ.ਡੀ.ਐੱਮ. ਸਾਰੰਗਪ੍ਰੀਤ ਸਿੰਘ ਔਜਲਾ ਤੇ ਸਿਹਤ ਵਿਭਾਗ ਮੋਗਾ ਦੇ ਅਧਿਕਾਰੀ ਹਾਜ਼ਰ ਸਨ।ਸਿਹਤ ਮੰਤਰੀ ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸਿਹਤ ਸੇਵਾਵਾਂ ਦਾ ਆਧੁਨੀਕਰਨ ਕਰਨ ਤੋਂ ਇਲਾਵਾ ਹਰੇਕ ਸਰਕਾਰੀ ਹਸਪਤਾਲ ਦੀ ਦਸ਼ਾ ਸੁਧਾਰ ਰਹੀ ਹੈ।ਸੂਬੇ ਦੇ ਸਰਕਾਰੀ ਹਸਪਤਾਲਾਂ ਵਿੱਚ ਹਰ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਯਤਨ ਜਾਰੀ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੁਣ ਹਰੇਕ ਹਸਪਤਾਲ ਵਿੱਚ ਹੁਣ 350 ਤੋਂ ਵਧੇਰੇ ਤਰ੍ਹਾਂ ਦੀਆਂ ਦਵਾਈਆਂ ਉਪਲੱਬਧ ਕਰਵਾ ਦਿੱਤੀਆਂ ਗਈਆਂ ਹਨ, ਪਹਿਲਾਂ ਇਨ੍ਹਾਂ ਦੀ ਗਿਣਤੀ 170 ਸੀ।ਉਨ੍ਹਾਂ ਕਿਹਾ ਕਿ ਹਰੇਕ ਹਸਪਤਾਲ ਵਿੱਚ ਸੌ ਫੀਸਦੀ ਦਵਾਈਆਂ ਦੀ ਉਪਲੱਧਤਾ ਤੇ ਹਰੇਕ ਮਰੀਜ਼ ਤੱਕ ਇਨ੍ਹਾਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਉਹ ਖੁਦ ਹਰੇਕ ਸੂਬੇ ਦੇ ਸਰਕਾਰੀ ਹਸਪਤਾਲਾਂ ਦਾ ਅਚਨਚੇਤ ਦੌਰਾ ਕਰ ਰਹੇ ਹਨ ਅਤੇ ਮਰੀਜ਼ਾਂ ਤੋਂ ਰੀਵਿਊ ਪ੍ਰਾਪਤ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਸੂਬੇ ਦੇ ਸਰਕਾਰੀ ਹਸਪਤਾਲ ਹੁਣ ਰੈਫਰ ਸੈਂਟਰ ਨਹੀਂ, ਸਗੋਂ ਉੱਚ ਪੱਧਰੀ ਇਲਾਜ ਵਾਲੇ ਹਸਪਤਾਲ ਵਜੋਂ ਜਾਣੇ ਜਾਣਗੇ। ਉਨ੍ਹਾਂ ਕਿਹਾ ਕਿ ਹਰੇਕ ਹਸਪਤਾਲ ਵਿੱਚ ਆਕਸੀਜਨ ਸਪਲਾਈ, ਬਿਜਲੀ ਸਪਲਾਈ, ਬਿਜਲੀ ਦੀ ਹਾਟਲਾਈਨ ਮੁਹੱਈਆ ਕਰਵਾਉਣੀ ਯਕੀਨੀ ਬਣਾਈ ਜਾ ਰਹੀ ਹੈ ਤਾਂ ਕਿ ਕਿਸੇ ਵੀ ਮਰੀਜ਼ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਸਿਹਤ ਵਿਭਾਗ ਵਿੱਚ ਪਹਿਲਾਂ 1000 ਡਾਕਟਰ ਭਰਤੀ ਕੀਤੇ ਜਾ ਚੁੱਕੇ ਹਨ ਤੇ ਆਉਣ ਵਾਲੇ ਦਿਨਾਂ ਵਿੱਚ 1000 ਡਾਕਟਰ ਹੋਰ ਭਰਤੀ ਕੀਤੇ ਜਾਣਗੇ, ਜਿਸ ਨਾਲ ਡਾਕਟਰਾਂ ਦੀ ਘਾਟ ਨੂੰ ਬਹੁਤ ਹੱਦ ਤੱਕ ਪੂਰਾ ਕਰ ਲਿਆ ਜਾਵੇਗਾ।ਉਨ੍ਹਾਂ ਕਿਹਾ ਕਿ ਹਾਰਟ ਅਟੈਕ ਲਈ 50 ਹਜ਼ਾਰ ਦੀ ਕੀਮਤ ਨਾਲ ਲੱਗਣ ਵਾਲਾ ਟੀਕਾ ਹੁਣ ਤੱਕ 583 ਮਰੀਜ਼ਾਂ ਨੂੰ ਮੁਫਤ ਲਗਾਇਆ ਜਾ ਚੁੱਕਿਆ ਹੈ, ਜਿਹੜਾ ਕਿ ਪੰਜਾਬ ਸਰਕਾਰ ਦਾ ਵਿਸ਼ੇਸ਼ ਉਪਰਾਲਾ ਹੈ।ਆਮ ਆਦਮੀ ਕਲੀਨਿਕਾਂ ਵਿੱਚ 80 ਤੋਂ ਵਧਾ ਕੇ 160 ਤਰ੍ਹਾਂ ਦੀਆਂ ਦਵਾਈਆਂ ਉਪਲੱਬਧ ਕਰਵਾ ਦਿੱਤੀਆਂ ਹਨ।ਉਨ੍ਹਾਂ ਕਿਹਾ ਕਿ ਸਿਹਤ ਖੇਤਰ ਵਿੱਚ ਲਿਆਂਦੀਆਂ ਗਈਆਂ ਕ੍ਰਾਂਤੀਆਂ ਦੀ ਲੜੀ ਵਿੱਚ ਸਭ ਤੋਂ ਅਹਿਮ ਕ੍ਰਾਂਤੀ ਸਿਹਤ ਬੀਮਾ ਦੀ ਹੈ, ਜਿਸ ਵਿੱਚ ਹਰੇਕ ਵਿਅਕਤੀ ਨੂੰ ਬਿਨਾਂ ਸ਼ਰਤ ਤੋਂ 10 ਲੱਖ ਰੁਪਏ ਦਾ ਸਿਹਤ ਬੀਮਾ ਮੁਹੱਈਆ ਕਰਵਾਇਆ ਜਾ ਰਿਹਾ ਹੈ।

# ਜੰਗਲਾਤ ਵਿਭਾਗ ਦੇ 942 ਠੇਕਾ ਮੁਲਾਜ਼ਮਾਂ ਨੂੰ ਪੱਕੇ ਹੋਣ ਦਾ ਮਿਲਿਆ ਵੱਡਾ ਤੋਹਫ਼ਾ



**ਪਠਾਨਕੋਟ (ਦਵਿੰਦਰ ਸਿੰਘ)**- ਪਿਛਲੇ ਦਿਨ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਜੰਗਲਾਤ ਵਿਭਾਗ ਦੇ ਠੇਕੇ ਦੇ ਆਧਾਰ 'ਤੇ ਕੰਮ ਕਰ ਰਹੇ 942 ਮੁਲਾਜ਼ਮਾਂ ਨੂੰ ਵੱਡੀ ਰਾਹਤ ਦਿੰਦੀ ਅਤੇ ਇਹ ਦਰਜੇ ਦੇ ਤੌਰ ਸਮੇਂ ਤੋਂ ਸੇਵਾ ਕਰ ਰਹੇ ਇਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਪੱਕੀਆਂ ਕਰਨ ਦੇ ਨਿਯੁਕਤੀ ਪੱਤਰ ਦਿੱਤੇ। ਉਪਰੋਕਤ ਮੁਲਾਜ਼ਮਾਂ ਵਿੱਚੋਂ 17 ਮੁਲਾਜ਼ਮ ਜ਼ਿਲ੍ਹਾ ਪਠਾਨਕੋਟ ਦੇ ਹਨ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਵੱਲੋਂ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਟਾਰੂਚੱਕ ਕੈਬਨਿਟ ਮੰਤਰੀ ਨੇ ਕਿਹਾ ਕਿ ਬੇਹੱਦ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਸਾਰੇ ਕਾਨੂੰਨੀ ਤੇ ਪ੍ਰਸ਼ਾਸਨੀ ਅੜਿੱਕੇ ਦੂਰ ਕਰਦਿਆਂ ਇਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਪੱਕੀਆਂ ਕਰ ਕੇ ਇਨ੍ਹਾਂ ਨਾਲ ਲੱਗਿਆ ਕੰਟਰੈਕਟ ਦਾ ਸ਼ਬਦ ਹਟਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਮੁਲਾਜ਼ਮਾਂ ਦਾ ਭਵਿੱਖ ਸੁਰੱਖਿਅਤ ਕਰਨਾ ਹੈ।ਉਨ੍ਹਾਂ ਕਿਹਾ ਕਿ ਅੱਜ ਤੱਕ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਮੁਲਾਜ਼ਮਾਂ ਨਾਲ ਧੱਕਾ ਕੀਤਾ ਗਿਆ ਸੀ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਨ੍ਹਾਂ ਮੁਲਾਜ਼ਮਾਂ ਦੇ ਸੁਪਨੇ ਸੱਚ ਕੀਤੇ ਹਨ। ਉਨ੍ਹਾਂ ਕਿਹਾ ਕਿ ਪਹਿਲੀ ਦਫ਼ਾ ਸੂਬੇ ਅੰਦਰ ਲੋਕਾਂ ਦੀ ਭਲਾਈ ਲਈ ਨੀਤੀਆਂ ਘੜੀਆਂ ਜਾ ਰਹੀਆਂ ਹਨ ਅਤੇ ਇਹ ਆਪਣੇ ਆਪ ਵਿੱਚ ਇਕ ਇਤਿਹਾਸ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਬਹੁਤੀ ਬਾਰੀਕੀ ਨਾਲ ਯੋਜਨਾ ਉਲੀਕੀ ਗਈ ਹੈ ਅਤੇ ਹੁਣ ਨਸ਼ਿਆਂ ਖ਼ਿਲਾਫ਼ ਵੱਡੇ ਪੱਧਰ ਉੱਤੇ ਜੰਗ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਤਸਕਰਾਂ ਦੀ ਜਾਇਦਾਦ ਨੂੰ ਜ਼ਬਤ ਕੀਤਾ ਅਤੇ ਢਾਹਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਕੰਮ ਲੋਕਾਂ ਦੇ ਸਹਿਯੋਗ ਕਿ ਪਹਿਲੀ ਵਾਰ ਕਿਸੇ ਸੂਬੇ ਵੱਲੋਂ ਸ਼ੁਰੂ ਕੀਤੀ ਜਾਣ ਵਾਲੀ 'ਮੁੱਖ ਮੰਤਰੀ ਸਿਹਤ ਯੋਜਨਾ' ਨਾਲ ਪੰਜਾਬ ਦੇ ਹਰੇਕ ਪਰਵਾਰ ਨੂੰ 10 ਲੱਖ ਰੁਪਏ ਤੱਕ ਨਗਦੀ ਰਹਿਤ ਇਲਾਜ ਦੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪਠਾਨਕੋਟ ਦੇ 17 ਕਰਮਚਾਰੀਆਂ ਨੂੰ ਅਤੇ ਪੰਜਾਬ ਦੇ ਸਾਰੇ ਮੁਲਾਜ਼ਮਾਂ ਜਿਨ੍ਹਾਂ ਨੂੰ ਪੱਕਿਆ ਕੀਤਾ ਗਿਆ ਹੈ ਵਧਾਈ ਦਿੰਦਾ ਹਾਂ।

# ਸੈਂਟਰਲ ਖਾਲਸਾ ਯਤੀਮਖਾਨਾ ਵਿਖੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸ਼ਰਧਾ ਦੇ ਫੁੱਲ ਭੇਟ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੇ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਆਯੋਜਿਤ ਕੀਤਾ ਗਿਆ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਸੰਗਤੀ ਰੂਪ ਵਿਚ ਕੀਤੇ ਗਏ ਪਾਠ ਉਪਰੰਤ ਯਤੀਮਖਾਨੇ ਦੇ ਬੱਚਿਆਂ ਵੱਲੋਂ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਦੇਸ਼ ਦੇ ਮਹਾਨ ਸਪੂਤ ਸ਼ਹੀਦ ਊਧਮ ਸਿੰਘ ਦੇ ਜੀਵਨ ਨਾਲ ਸਬੰਧਤ ਭਾਸ਼ਣ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ.ਰਮਣੀਕ ਸਿੰਘ ਅਤੇ ਐਡੀ.ਆਨਰੇਰੀ ਸਕੱਤਰ ਸ.ਜਸਪਾਲ ਸਿੰਘ ਢਿੱਲੋਂ ਨੇ ਦੀਵਾਨ ਪ੍ਰਬੰਧਕਾਂ ਸਮੇਤ ਯਤੀਮਖਾਨਾ ਵਿਖੇ ਸਥਿਤ ਸ਼ਹੀਦ ਊਧਮ ਸਿੰਘ ਮਿਊਜ਼ੀਅਮ ਵਿਸ਼ੇਸ਼ ਤੌਰ ਤੇ ਪੁੱਜੇ ਜਿਥੇ ਸ਼ਹੀਦ ਊਧਮ ਸਿੰਘ ਨਾਲ ਸਬੰਧਤ ਦੁਰਲਭ ਤਸਵੀਰਾਂ, ਹਾਜ਼ਰੀ ਰਿਕਾਰਡ ਅਤੇ ਹੋਰ ਸਮਗਰੀ ਜਿਵੇਂ ਸੰਦੂਕ, ਮੰਜਾ, ਬਰਤਨ, ਲੈਂਪ ਆਦਿ ਸੰਭਾਲ ਕੇ ਰੱਖੀ ਗਈ ਹੈ। ਇਸ ਮੌਕੇ ਯਤੀਮਖਾਨਾ ਮੈਂਬਰ ਇੰਚਾਰਜ ਡਾ.ਆਤਮਜੀਤ ਸਿੰਘ ਬਸਰਾ ਅਤੇ ਸ.ਮਨਮੋਹਨਜੀਤ ਸਿੰਘ ਭੱਲਾ ਨੇ ਯਤੀਮਖਾਨਾ ਵਿਖੇ ਸ਼ਹੀਦ ਊਧਮ ਸਿੰਘ ਮਿਊਜ਼ੀਅਮ



ਵਿਖੇ ਰੱਖੀਆਂ ਗਈਆਂ ਯਾਦਗਾਰੀ ਵਸਤਾਂ ਬਾਬਤ ਅਤੇ ਇਹਨਾਂ ਦੇ ਰੱਖ ਰਖਾਅ ਲਈ ਕੀਤੇ ਗਏ ਵਿਸ਼ੇਸ਼ ਯਤਨਾਂ ਬਾਬਤ ਜਾਣਕਾਰੀ ਦਿੱਤੀ। ਇਸ ਮੌਕੇ ਦੀਵਾਨ ਪ੍ਰਬੰਧਕਾਂ ਅਤੇ ਮੈਂਬਰ ਸਾਹਿਬਾਨ ਨੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਹਨਾਂ ਦੀ ਮਹਾਨ ਸ਼ਹਾਦਤ ਨੂੰ ਸਿਜਦਾ ਕੀਤਾ। ਸਮਾਗਮ ਵਿਚ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਬਾਬਤ ਜਾਣਕਾਰੀ ਦਿੱਤੀ ਅਤੇ ਉਹਨਾਂ ਦੀ ਜ਼ਬਰ ਜ਼ੁਲਮ ਅੱਗੇ ਨਾ ਝੁੱਕਣ ਵਾਲੀ ਵਿਲੱਖਣ ਸ਼ਖ਼ਸੀਅਤ ਘਾੜਤ ਵਿਚ ਯਤੀਮਖਾਨੇ ਦੀ ਅਹਿਮ ਭੂਮਿਕਾ ਬਾਰੇ ਚਾਨਣਾ ਪਾਇਆ। ਉਹਨਾਂ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਨੇ ਆਪਣੇ ਜੀਵਨ ਦੇ 12 ਸਾਲ ਇਸੇ ਯਤੀਮਖਾਨਾ ਵਿਖੇ ਬਤੀਤ ਕੀਤੇ ਹਨ ਅਤੇ ਉਨਾਂ ਦੇ ਚਰਿੱਤਰ ਨਿਰਮਾਣ ਵਿਚ ਯਤੀਮਖਾਨੇ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਬੱਚਿਆਂ ਨੂੰ ਦੇਸ਼ ਦੇ ਮਹਾਨ ਸ਼ਹੀਦ ਊਧਮ ਸਿੰਘ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਕਿਹਾ। ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਰਮਣੀਕ ਸਿੰਘ ਅਤੇ ਜਸਪਾਲ ਸਿੰਘ ਢਿੱਲੋਂ ਨੇ ਸਾਂਝੇ ਤੌਰ ਤੇ ਕਿਹਾ ਕਿ ਵਿਅਕਤੀ ਦਾ ਵਿਚਾਰ ਹੀ ਉਸਦਾ ਜੀਵਨ ਬਦਲਦਾ ਹੈ। ਦੇਸ਼ ਵਾਸੀਆਂ ਨੂੰ ਸ਼ਹੀਦ ਊਧਮ ਸਿੰਘ ਵਰਗੇ ਮਹਾਨ ਯੋਧਿਆਂ ਦੀ ਸ਼ਹਾਦਤ ਤੇ ਮਾਣ ਮਹਿਸੂਸ ਹੋਣਾ ਚਾਹੀਦਾ ਹੈ ਜਿਨ੍ਹਾਂ ਅੰਗਰੇਜ਼ ਹਕੂਮਤ ਦੇ ਜਬਰ-ਜ਼ੁਲਮ ਅੱਗੇ ਭਾਰਤੀਆਂ ਦੀ ਅਣਖ ਅਤੇ ਇੱਜ਼ਤ ਨੂੰ ਬਰਕਰਾਰ ਰੱਖਿਆ। ਇਸ ਮੌਕੇ ਏ. ਪੀ. ਐੱਸ. ਮਾਨ, ਗੁਰਭੇਜ ਸਿੰਘ, ਉਪਕਾਰ ਸਿੰਘ ਛਾਬੜਾ ਸਮੇਤ ਵੱਡੀ ਗਿਣਤੀ ਵਿਚ ਯਤੀਮਖਾਨਾ ਸਟਾਫ ਅਤੇ ਬੱਚੇ ਹਾਜ਼ਰ ਸਨ।

# ਪੀਰ ਬਾਬਾ ਲੱਖ ਦਾਤਾ ਦੀ ਦਰਗਾਹ 'ਤੇ ਲੱਗਾ ਸਾਲਾਨਾ ਜੋੜ ਮੇਲਾ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਅੱਡਾ ਝਬਾਲ ਬਾਬਾ ਲੰਗਾਹ ਐਵੇਨਿਊ ਵਿਖੇ ਪੀਰ ਬਾਬਾ ਲੱਖ ਦਾਤਾ ਜੀ ਦੀ ਦਰਗਾਹ ਤੇ ਹਰ ਸਾਲ ਦੀ ਤਰ੍ਹਾਂ ਸਾਲਾਨਾ ਜੋੜ ਮੇਲਾ ਮਨਾਇਆ ਗਿਆ ਜਿਸ ਵਿੱਚ ਬਾਬਾ ਜੀ ਦੀਆਂ ਕੱਵਾਲੀਆਂ ਲਗਾ ਕੇ ਭਗਤਾਂ ਵੱਲੋਂ ਖੂਬ ਲੋਕਾਂ ਦਾ ਮਨੋਰੰਜਨ ਕੀਤਾ ।ਇਸ ਮੌਕੇ ਮਾਲ ਪੂੜੇ ਤੇ ਛੋਲੇ ਭਟੂਰਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਮੁੱਖ ਸੇਵਾਦਾਰ ਤਰਸੇਮ ਸਿੰਘ ਨੇ ਭਗਤਾਂ ਨੂੰ ਸਨਮਾਨਿਤ ਕੀਤਾ। ਮੇਲੇ 'ਚ ਵੱਡੀ ਗਿਣਤੀ ਵਿੱਚ ਬਾਬਾ ਲੰਗਾਹ ਐਵੇਨਿਊ ਦੇ ਲੋਕ ਹਾਜ਼ਰ ਸਨ।

# ਹਰਮੀਤ ਸਿੰਘ ਸੰਧੂ ਦਾ ਪਿੰਡ ਗਹਿਰੀ ਦੀ ਪੰਚਾਇਤ ਨੇ ਕੀਤਾ ਸਨਮਾਨ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਆਮ ਪਾਰਟੀ ਦੇ ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਹਲਕਾ ਇੰਚਾਰਜ ਹਰਮੀਤ ਸਿੰਘ ਸੰਧੂ ਦਾ ਚੇਅਰਮੈਨ ਮਾਰਕੀਟ ਕਮੇਟੀ ਝਬਾਲ ਬਲਵਿੰਦਰ ਸਿੰਘ ਦਿਉਲ ਦੀ ਅਗਵਾਈ ਹੇਠ ਸਰਹੱਦੀ ਪਿੰਡ ਗਹਿਰੀ ਦੀ ਸਮੁੱਚੀ ਪੰਚਾਇਤ ਵੱਲੋਂ ਸਨਮਾਨ ਕੀਤਾ ਗਿਆ।ਇਸ ਮੌਕੇ ਜਿੱਥੇ ਹਲਕਾ ਇੰਚਾਰਜ ਹਰਮੀਤ ਸਿੰਘ ਸੰਧੂ ਨੇ ਪਿੰਡ ਗਹਿਰੀ ਦੀ ਪੰਚਾਇਤ ਅਤੇ ਪਿੰਡ ਦੇ ਅਧੂਰੇ ਵਿਕਾਸ ਕਾਰਜਾਂ ਅਤੇ ਦਰਪੇਸ਼ ਮੁਸ਼ਕਿਲਾਂ ਨੂੰ ਸੁਣਿਆ।ਉਥੇ ਹੀ ਉਸ ਸਮੇਂ ਮੌਜੂਦ ਬੀਡੀਪੀਓ ਗੰਡੀਵਿੰਡ ਹਰਜੀਤ ਸਿੰਘ ਨੂੰ ਪਿੰਡ ਗਹਿਰੀ ਦੇ ਕੰਮਾਂ ਸਬੰਧੀ ਤਰੁੰਤ ਕਰਨ ਦੀ ਹਦਾਇਤ ਕੀਤੀ ਗਈ।ਇਸ ਮੌਕੇ ਚੇਅਰਮੈਨ ਬਲਵਿੰਦਰ ਸਿੰਘ ਦਿਉਲ ਕੋਟ, ਸਰਪੰਚ ਗੁਰਬਿੰਦਰ ਸਿੰਘ ਗਹਿਰੀ, ਮੈਂਬਰ ਰੋਸ਼ਨ ਸਿੰਘ, ਮੈਂਬਰ ਹਰਜੀਤ ਸਿੰਘ, ਮੈਂਬਰ ਜਗੀਰ ਕੌਰ, ਸਾਬਕਾ ਸਰਪੰਚ ਲੱਖਾ ਸਿੰਘ, ਸਾਬਕਾ ਮੈਂਬਰ ਤਰਸੇਮ ਸਿੰਘ, ਡਾ. ਸਾਹਿਬ ਸਿੰਘ, ਗੁਰਵਿੰਦਰ ਸਿੰਘ, ਕਸ਼ਮੀਰ ਸਿੰਘ, ਮਲਕੀਤ ਸਿੰਘ, ਰਾਣਾ ਸਰਾਂ ਪੈਨਸ ਬੱਸ ਵਾਲੇ, ਗੁਰਪ੍ਰੀਤ ਸਿੰਘ, ਸ਼ੇਰ ਸਿੰਘ, ਹਰਦੀਪ ਸਿੰਘ, ਗੋਲਡੀ, ਧਰਮਿੰਦਰ ਸਿੰਘ ਗਹਿਰੀ, ਮੰਨਾ, ਗੁਰਸੇਵਕ ਸਿੰਘ ਮੈਂਬਰ, ਹਰਜੀਤ ਸਿੰਘ ਬਾਠੀਆਂ, ਹੀਰਾ ਸਿੰਘ ਆਦਿ ਗਹਿਰੀ ਵਾਸੀਆਂ ਵੱਲੋਂ ਹਰਮੀਤ ਸਿੰਘ ਸੰਧੂ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੇ ਨਾਲ ਚੱਟਾਨ ਵਾਂਗ ਖੜੇ ਹਨ।ਜੇਕਰ ਉਨ੍ਹਾਂ ਨੂੰ ਹਲਕਾ ਤਰਨਤਾਰਨ ਤੋਂ ਜ਼ਿਮਨੀ ਚੋਣ ਲਈ ਉਮੀਦਵਾਰ ਐਲਾਨਿਆ ਜਾਂਦਾ ਹੈ ਤਾਂ ਉਹ ਵੱਡੀ ਲੀਡ ਨਾਲ ਜਿਤਾਉਣਗੇ।

# ਰਿਆੜਕੀ ਕਾਲਜ ਤੁਗਲਵਾਲਾ 'ਚ ਫੌਜ਼ੀ ਅਫਸਰਾਂ ਨਾਲ ਮਨਾਇਆ ਵਣ-ਮਹਾਂਉਤਸਵ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੰਜਾਬ ਦੇ ਸ਼ਾਂਤੀ ਨਿਕੇਤਨ ਵਜੋਂ ਜਾਣੇ ਜਾਂਦੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਵਿਖੇ ਤਿੱਬੜੀ ਕੈਂਟ 7/ 11 ਜੀ.ਆਰ (ਗੋਰਖਾ ਰਾਇਫਲਜ ਰੈਜੀਮੈਂਟ ਸੱਤਵੀਂ ਬਟਾਲੀਅਨ) ਦੇ ਕਮਾਂਡਿੰਗ ਅਫਸਰ ਉਸਰ ਤ੍ਰਿਪਾਠੀ ਅਤੇ ਸੂਬੇਦਾਰ ਵਾਸੁਦੇਵ ਭੰਡਾਰੀ ਦੇ ਸਹਿਯੋਗ ਸਦਕਾ 50ਵਾਂ ਵਣ-ਮਹਾਂਉਤਸਵ ਮਨਾਇਆ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਕਿਹਾ ਹਰ ਸਾਲ ਵਣ-ਮਹਾਂਉਤਸਵ ਮਨਾਉਣ ਦਾ ਮੂਲ ਉਦੇਸ਼ ਸਿਰਫ ਰੁੱਖ ਲਗਾਉਣਾ ਨਹੀਂ ਸਗੋਂ ਵਾਤਾਵਰਣ ਦੀ ਸੁਰੱਖਿਆ ਪ੍ਰਤੀ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨਾ ਵੀ ਹੈ। ਉਨ੍ਹਾਂ ਕਿਹਾ ਰੁੱਖ ਲਗਾਉਣੇ ਗੀਤ ਨਹੀਂ ਸਾਡੀ ਜਿਜ਼ਮੇਵਾਰੀ ਹੋਣੀ ਚਾਹੀਦੀ ਹੈ। ਉਹਨਾਂ ਦੱਸਿਆ ਸਾਡੀ ਸੰਸਥਾ ਹਰ ਸਾਲ ਸੈਂਕੜਿਆਂ ਦੀ ਤਾਦਾਦ 'ਚ ਰੁੱਖ ਲਗਾਉਂਦੀ ਹੈ ਤੇ ਹਰ ਸਾਲ ਹਰ ਵਿਦਿਆਰਥੀ "ਰੁੱਖ ਸੰਭਾਲ ਯੋਜਨਾ" ਤਹਿਤ ਰੁੱਖਾਂ ਨੂੰ ਸੰਭਾਲਣ ਦਾ ਵਾਅਦਾ ਵੀ ਕਰਦਾ ਹੈ ਤੇ ਸਾਡਾ ਇਹ ਯਤਨ ਸਿਰਫ ਇੱਕ ਦੀ ਪ੍ਰਚਾਰਨਾ ਨਹੀਂ ਕਰਦਾ, ਸਗੋਂ ਇੱਕ ਰੁੱਖ ਲਗਾਉਣ ਤੋਂ ਵੱਧ ਉਹਨਾਂ ਦੀ ਪਾਲਣਾ ਤੱਕ ਲੰਬੀ ਯਾਤਰਾ ਵੀ ਕਰਦਾ ਹੈ। ਸਮਾਰੋਹ ਦੋ ਪੜਾਵਾਂ ਵਿੱਚ ਮਨਾਇਆ ਗਿਆ। ਪਹਿਲੇ ਪੜਾਅ ਦਾ ਆਗਾਜ਼ ਵਿਦਿਆਰਥਣਾ ਦੁਆਰਾ ਖੂਬਸੂਰਤ ਸਤਰਾਂ ਦੇ ਸੁਮੇਲ 'ਚ ਲੈਕਚਰ, ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਲੈਕਚਰ ਮੁਕਾਬਲਿਆਂ ਵਿਚ ਸੀਨੀਅਰ ਸੈਕੰਡਰੀ ਦੀ ਵਿਦਿਆਰਥਣ ਸਹਿਜਪ੍ਰੀਤ ਕੌਰ ਕੀੜੀ ਅਫਗਾਨਾ ਵੱਲੋਂ ਪਹਿਲਾ ਸਥਾਨ ਹਾਸਲ ਕੀਤਾ ਗਿਆ। ਗੀਤ ਮੁਕਾਬਲੇ ਵਿੱਚੋਂ ਨਾਜਪ੍ਰੀਤ ਤੇ ਸੋਜਪ੍ਰੀਤ ਦਾ ਗੀਤ "ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ, ਕੁਝ ਰੁੱਖ ਲੱਗਦੇ ਮਾਵਾਂ ਨੇ" ਤੇ ਕਵਿਤਾ ਮੁਕਾਬਲੇ ਵਿੱਚੋਂ ਨਵਨੀਤ ਕੌਰ ਨਿਮਾਣੇ ਤੇ ਮਹਿਕਪ੍ਰੀਤ ਕੌਰ ਮਠੋਲਾ ਨੇ ਮੋਹਰੀ ਸਥਾਨ ਹਾਸਲ ਕੀਤੇ। ਦੂਸਰੇ ਪੜਾਅ ਵਿੱਚ ਸੰਸਥਾ ਦੇ ਹਰ ਵਿਦਿਆਰਥੀ ਨੇ ਤਿੱਬੜੀ ਕੈਂਟ ਦੇ ਜਵਾਨਾਂ ਦੇ ਸਹਿਯੋਗ ਸਦਕਾ ਫਲਦਾਰ, ਔਸ਼ਧੀ ਵਾਲੇ ਅਤੇ ਹੋਰ ਅਨੇਕਾਂ ਕਿਸਮਾਂ ਦੇ ਪੌਦੇ ਨਹਿਰ ਕੰਢੇ ਤੇ ਕਾਲਜ ਕੈਂਪਸ ਵਿੱਚ ਲਗਾਏ । ਸਟੂਡੈਂਟ ਸੈਕਟਰੀ ਨਵਨੀਤ ਕੌਰ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਹੀ ਸੰਸਥਾ ਵਿੱਚ 3500 ਬੂਟਾ ਸੁਹੰਜਣੇ ਦਾ ਵਿਦਿਆਰਥਣਾ ਦੁਆਰਾ




ਤਿਆਰ ਕੀਤਾ ਗਿਆ ਅਤੇ ਹਰ ਵਿੱਦਿਆਰਥੀ ਨੂੰ ਪੰਜ ਪੰਜ ਬੀਜ ਘਰ ਵਿੱਚ ਲਗਾਉਣ ਲਈ ਵੀ ਦਿੱਤੇ ਗਏ। ਅਖੀਰ ਕਮਾਂਡਿੰਗ ਅਫਸਰ ਅਤੇ ਸੂਬੇਦਾਰ ਨੇ ਆਪਣੇ ਜਵਾਨਾਂ ਸਮੇਤ ਸਾਰੇ ਕੈਂਪਸ ਦੀ ਕਾਰਗੁਜ਼ਾਰੀ ਲਾਇਬ੍ਰੇਰੀ, ਖੇਡ ਸ਼ਾਲਾ, ਕਿਰਤ ਸ਼ਾਲਾ, ਕਰੈਕਟਰ ਸ਼ਾਲਾ, ਪ੍ਰੀਖਿਆ ਹਾਲ, ਚੱਕੀ, ਵੇਲਣਾ ਆਦਿ ਦਾ ਦੌਰਾ ਵੀ ਕੀਤਾ। ਪ੍ਰਿੰਸੀਪਲ ਤੇ ਸਟੂਡੈਂਟ ਕਮੇਟੀ ਦੁਆਰਾ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਗਗਨਦੀਪ ਸਿੰਘ ਵਿਰਕ, ਮਨਜਿੰਦਰ ਸਿੰਘ ਸਾਬੀ, ਸੁਖਵਿੰਦਰ ਸਿੰਘ ਲਾਡੀ ਅਤੇ ਮਾਸਟਰ ਸੁਖਜਿੰਦਰ ਸਿੰਘ ਦੇ ਨਾਲ ਆਰਮੀ ਦੇ ਜੇ ਸੀ ਓ (ਜੂਨੀਅਰ ਕਮਿਸ਼ਨਡ ਅਧਿਕਾਰੀ) ਤੇ ਜਵਾਨ ਵੀ ਹਾਜ਼ਰ ਸਨ।

# ਭਾਰੀ ਮੀਂਹ ਕਾਰਨ ਸ਼ਹਿਰ ਦੀਆਂ ਸੜਕਾਂ ਨੇ ਧਾਰਿਆ ਛੱਪੜ ਦਾ ਰੂਪ, ਲੋਕਾਂ ਦਾ ਲੰਘਣਾ ਹੋਇਆ ਮੁਹਾਲ



**ਗੁਰਦਾਸਪੁਰ (ਜਨਕ ਮਹਾਜਨ)**- ਤੜਕਸਾਰ ਪਏ ਭਾਰੀ ਮੀਂਹ ਦੇ ਕਾਰਨ ਸ਼ਹਿਰ ਅੰਦਰ ਹਰ ਪਾਸੇ ਸੜਕਾਂ ਨੇ ਛੱਪੜ ਦਾ ਰੂਪ ਧਾਰਨ ਕਰ ਲਿਆ। ਛੱਪੜ ਦਾ ਰੂਪ ਧਾਰਨ ਕੀਤੀਆਂ ਸੜਕਾਂ ਰਾਹੀਂ ਸਕੂਲੀ ਬੱਚੇ ਅਤੇ ਆਮ ਲੋਕਾਂ ਦਾ ਗੁਜਰਨਾ ਬੇਹਦ ਮੁਸ਼ਕਿਲ ਹੋ ਗਿਆ। ਸ਼ਹਿਰ ਵਾਸੀਆਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਵਾਰ ਬਰਸਾਤ ਦੇ ਮੌਸਮ ਵਿਚ ਮੀਂਹ ਪੈਣ ਤੋਂ ਬਾਅਦ ਸ਼ਹਿਰ ਅੰਦਰ ਹਰ ਪਾਸੇ ਜਲ-ਥਲ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਨਾਲਿਆਂ ਦੀ ਸਫਾਈ ਸਮੇਂ ਸਿਰ ਸਬੰਧਿਤ ਵਿਭਾਗ ਵਲੋਂ ਨਹੀਂ ਕੀਤੀ ਜਾਂਦੀ ਜਿਸ ਕਰਕੇ ਪਾਣੀ ਓਵਰਫਲੋ ਹੋ ਕੇ ਸੜਕਾਂ 'ਤੇ ਆ ਜਾਂਦਾ ਹੈ। ਸ਼ਹਿਰ ਦੇ ਬਾਜ਼ਾਰਾਂ, ਬਾਟਾ ਚੌਂਕ, ਡਾਕਖਾਨਾ ਚੌਂਕ ਤੋਂ ਇਲਾਵਾ ਹੋਰ ਕਈ ਚੌਂਕਾਂ ਵਿਚ ਮੀਂਹ ਕਾਰਨ ਗੋਡੇ-ਗੋਡੇ ਪਾਣੀ ਖੜਾ ਰਿਹਾ। ਲੋਕਾਂ ਨੇ ਦੱਸਿਆ ਕਿ ਖ਼ਾਸ ਕਰਕੇ ਤਿੱਬੜੀ ਚੌਂਕ ਤੋਂ ਨਵੇਂ ਬੱਸ ਅੱਡੇ ਵੱਲ ਨੂੰ ਜਾਂਦੇ ਸਮੇਂ ਰਸਤੇ ਵਿਚ ਬਣਿਆ ਅੰਡਰ ਬ੍ਰਿਜ ਪੂਰੀ ਤਰ੍ਹਾਂ ਨਾਲ ਪਾਣੀ ਨਾਲ ਭਰ ਗਿਆ ਜਿਥੋਂ ਗੁਜ਼ਰਨ ਸਮੇਂ ਕਈ ਸਕੂਲੀ ਬੱਸਾਂ ਜਿਨ੍ਹਾਂ ਵਿਚ ਬੱਚੇ ਬੈਠੇ ਹੋਏਹੇ ਸਨ, ਦੋ ਪਹੀਆ ਵਾਹਨ ਪਾਣੀ ਅੰਦਰ ਖ਼ਰਾਬ ਹੋ ਗਏ ਜਿਨ੍ਹਾਂ ਨੂੰ ਬੜੀ ਮੁਸ਼ੱਕਤ ਨਾਲ ਪਾਣੀ ਵਿਚੋਂ ਬਾਹਰ ਕੱਢਿਆ ਗਿਆ। ਲੋਕਾਂ ਦੱਸਿਆ ਕਿ ਜੇਕਰ ਆਉਣ ਵਾਲੇ ਸਮੇਂ ਵਿਚ ਇਸੇ ਤਰ੍ਹਾਂ ਮੀਂਹ ਜਾਰੀ ਰਿਹਾ ਤਾਂ ਉਨ੍ਹਾਂ ਦਾ ਸ਼ਹਿਰ ਅੰਦਰ ਆਪਣੇ ਕੰਮ ਕਾਜ ਕਰਵਾਉਣ ਲਈ ਜਾਣਾ ਔਖਾ ਹੋ ਜਾਵੇਗਾ। ਸ਼ਹਿਰ ਵਾਸੀਆਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਨਗਰ ਕੌਂਸਲ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸ਼ਹਿਰ ਅੰਦਰ ਬਰਸਾਤ ਕਾਰਨ ਖੜੀ ਹੋਈ ਸਮੱਸਿਆ ਦੇ ਹੱਲ ਲਈ ਠੋਸ ਉਪਰਾਲੇ ਕੀਤੇ ਜਾਣ ਤਾਂ ਜੋ ਆਮ ਲੋਕਾਂ ਨੂੰ ਇਸ ਮੁਸ਼ਕਿਲ ਤੋਂ ਰਾਹਤ ਮਿਲ ਸਕੇ।

# ਮੰਗਾਂ ਨਾ ਮੰਨੇ ਜਾਣ ਤੋਂ ਦੁਖੀ ਪੈਨਸ਼ਨਰਾਂ ਵੱਲੋਂ ਪੰਜਾਬ ਸਰਕਾਰ ਦੇ ਪੁਤਲੇ ਫੂਕਣ ਦਾ ਐਲਾਨ

**ਪੱਟੀ (ਸ਼ਮਸ਼ੇਰ ਸਿੰਘ ਯੋਧਾ)**- ਪੈਨਸ਼ਨਰਜ਼ ਐਂਡ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਤਹਿਸੀਲ ਪੱਟੀ ਦੀ ਮੀਟਿੰਗ ਪੈਨਸ਼ਨਰ ਸੂਚਨਾ ਕੇਂਦਰ ਪੱਟੀ ਵਿਖੇ ਕਸ਼ਮੀਰ ਸਿੰਘ ਬੁਰਜ ਦੀ ਪ੍ਰਧਾਨਗੀ ਹੇਠ ਹੋਈ।ਵੱਖ-ਵੱਖ ਵਿਭਾਗਾਂ ਦੇ ਬਹੁਤ ਸਾਰੇ ਪੈਨਸ਼ਨਰਜ਼ ਮੀਟਿੰਗ ਵਿੱਚ ਸ਼ਾਮਿਲ ਹੋਏ। ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦੇ ਹੋਏ ਜਨਰਲ ਸਕੱਤਰ ਜਗਤਾਰ ਸਿੰਘ ਆਸਲ ਨੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰ ਦੀਆਂ ਮੰਗਾਂ ਪ੍ਰਵਾਨ ਨਾ ਕਰਨ ਦੀ ਜ਼ੋਰਦਾਰ ਨਿਖੇਧੀ ਕੀਤੀ।ਵਾਰ ਵਾਰ ਜਥੇਬੰਦੀਆਂ ਨੂੰ ਮੀਟਿੰਗ ਦਾ ਸਮਾਂ ਦੇ ਕੇ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਮੁੱਕਰ ਜਾਂਦੀ ਹੈ। ਵਾਰ ਵਾਰ ਸਮਾਂ ਦੇ ਕੇ ਮੀਟਿੰਗ ਨਾ ਕਰਨਾ ਪੈਨਸ਼ਨਰ ਵਾਸਤੇ ਕੋਝਾ ਮਜ਼ਾਕ ਹੈ।ਮਾਨ ਸਰਕਾਰ ਪੈਨਸ਼ਨਰਜ਼ ਵਿਰੋਧੀ ਹੈ ਆਉਣ ਵਾਲੇ ਸਮੇਂ ਵਿੱਚ ਸਰਕਾਰ ਦੇ ਵਿਰੁੱਧ ਸੂਬਾ ਕਮੇਟੀ ਨੇ ਜੋ ਫੈਸਲੇ ਲਏ ਹਨ ਉਹ ਲਾਗੂ ਕੀਤੇ ਜਾਣਗੇ।ਜ਼ਿਲ੍ਹਾ ਅਤੇ ਤਹਿਸੀਲ ਕੇਂਦਰਾਂ ਉੱਪਰ ਭਗਵੰਤ ਮਾਨ ਅਤੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਦੇ ਪੁਤਲੇ ਫੂਕੇ ਜਾਣਗੇ ਆਉਣ ਵਾਲੀਆਂ ਜਿਮਨੀ ਚੋਣਾਂ ਵਿੱਚ ਝੰਡਾ ਮਾਰਚ ਕਰਕੇ ਸਰਕਾਰ ਦਾ ਚਿਹਰਾ ਨੰਗਾ ਕੀਤਾ ਜਾਵੇਗਾ।ਪ੍ਰਧਾਨ ਕਸ਼ਮੀਰ ਸਿੰਘ ਬੁਰਜ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਵਾਨ ਨਾ ਕਰਕੇ ਉਨ੍ਹਾਂ ਵਿੱਚ ਰੋਸ ਪੈਦਾ ਕਰ ਰਹੀ ਹੈ। ਜਥੇਬੰਦੀਆਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ ਉਨ੍ਹਾਂ ਨੇ ਸਾਰੇ ਪੈਨਸ਼ਨਰਾਂ ਨੂੰ ਸੰਘਰਸ਼ਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਇਸ ਮੌਕੇ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਨਿਰਮਲ ਸਿੰਘ ਬੁਰਜ, ਬੀਰ ਮਸੀਹ, ਕੁਲਦੀਪ ਸਿੰਘ, ਸੁਖਵਿੰਦਰ ਸਿੰਘ, ਗੁਰਦੀਪ ਸਿੰਘ, ਦਰਸ਼ਨ ਸਿੰਘ, ਸੁਖਦੇਵ ਸਿੰਘ, ਸੁਰਜੀਤ ਸਿੰਘ, ਜਸਵੰਤ ਸਿੰਘ, ਜੀਵਨ ਸਿੰਘ, ਬਲਬੀਰ ਸਿੰਘ, ਤੇਜ ਦਵਿੰਦਰ ਸਿੰਘ, ਇੰਸਪੈਕਟਰ ਨਿਰੰਜਨ ਸਿੰਘ, ਬਿਕਰਮਜੀਤ ਸਿੰਘ ਆਦਿ ਪੈਨਸ਼ਨਰਜ਼ ਵੀ ਹਾਜ਼ਰ ਸਨ।ਅਖੀਰ ਤੇ ਪ੍ਰਧਾਨ ਕਸ਼ਮੀਰ ਸਿੰਘ ਬੁਰਜ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਸਭਨਾਂ ਨੂੰ ਅਪੀਲ ਕੀਤੀ ਕਿ ਚਾਰ ਅਗਸਤ ਨੂੰ ਠੀਕ 10 ਵਜੇ ਤਰਨਤਾਰਨ ਗਾਂਧੀ ਪਾਰਕ ਥੜੇ ਉੱਪਰ ਹੋਣ ਵਾਲੀ ਮਾਸਿਕ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਲਈ ਕਿਹਾ ਗਿਆ। ਉਸ ਮੀਟਿੰਗ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਸੰਬੰਧਿਤ ਮੰਗਾਂ ਉੱਪਰ ਵਿਚਾਰ ਵਟਾਂਦਰਾ ਕੀਤਾ ਜਾਵੇਗਾ।



# ਗੁ. ਦੁੱਖ ਨਿਵਾਰਨ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ, 90 ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਤਿਨਾਮ ਸਰਬ ਕਲਿਆਣ ਟਰਸਟ ਚੰਡੀਗੜ੍ਹ ਅਤੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਡੱਲਾ ਮੋੜ ਕਾਦੀਆਂ ਦੀ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਡੱਲਾ ਮੋੜ ਕਾਦੀਆਂ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਜਿਸ ਵਿੱਚ ਵੱਖ-ਵੱਖ ਥਾਵਾਂ ਤੋਂ ਆਏ ਛੋਟੇ ਅਤੇ ਵੱਡੇ ਬੱਚਿਆਂ ਸਮੇਤ ਸੰਗਤਾਂ ਨੇ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ ।ਇਸ ਅੰਮ੍ਰਿਤ ਸੰਚਾਰ ਦੇ ਵਿੱਚ 90 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਲਕਾ ਬਟਾਲਾ ਤੋਂ ਧਾਰਮਿਕ ਨੁਮਾਇੰਦਗੀ ਕਰ ਰਹੇ ਧਾਰਮਿਕ ਆਗੂ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਪਿਆਰੇ ਸਿੰਘ ਸਾਹਿਬਾਨ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ 90 ਦੇ ਕਰੀਬ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ।ਇਸ ਮੌਕੇ ਗੁਰਿੰਦਰਪਾਲ ਸਿੰਘ ਗੋਰਾ ਅਤੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਡੱਲਾ ਦੇ ਪ੍ਰਧਾਨ ਲਵਪ੍ਰੀਤ ਸਿੰਘ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਆਏ ਹੋਏ ਪੰਜ ਪਿਆਰੇ ਸਿੰਘ ਸਾਹਿਬਾਨ ਦਾ ਧੰਨਵਾਦ ਕੀਤਾ।ਇਸ ਮੌਕੇ ਭਾਈ ਰਜਿੰਦਰ ਸਿੰਘ ਸਤਨਾਮ ਸਰਬ ਕਲਿਆਣ ਟਰਸਟ, ਭਾਈ ਰਜਿੰਦਰ ਸਿੰਘ ਰਜਾਦਾ, ਭਾਈ ਲਵਪ੍ਰੀਤ ਸਿੰਘ ਪ੍ਰਧਾਨ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਡੱਲਾ ਮੋੜ ਕਾਦੀਆਂ, ਜਤਿੰਦਰ ਸਿੰਘ ਚੀਮਾ ਮੈਨੇਜਰ ਗੁਰਦੁਆਰਾ ਸ੍ਰੀ ਕੰਧ ਸਾਹਿਬ, ਮਨਜੀਤ ਸਿੰਘ ਜੱਫਰਵਾਲ ਮੈਨੇਜਰ, ਦਵਿੰਦਰ ਸਿੰਘ ਲਾਲੀ ਬਾਜਵਾ, ਮੈਨੇਜਰ ਗਿਆਨੀ ਗੁਰਮੁਖ ਸਿੰਘ ਖਾਲਸਾ ਪ੍ਰਚਾਰਕ ਧਰਮ ਪ੍ਰਚਾਰਕ ਕਮੇਟੀ, ਭਾਈ ਬਲਬੀਰ ਸਿੰਘ ਸੇਖਵਾਂ ਪ੍ਰਚਾਰਕ ਧਰਮ ਪ੍ਰਚਾਰਕ ਕਮੇਟੀ, ਭਾਈ ਸਿਮਰਨਜੀਤ ਸਿੰਘ ਕੋਟੋਡਰਮਲ ਪ੍ਰਚਾਰਕ ਧਰਮ ਪ੍ਰਚਾਰਕ ਕਮੇਟੀ, ਭਾਈ ਲਾਲ ਸਿੰਘ ਕਵੀਸ਼ਰ ਧਰਮ ਪ੍ਰਚਾਰ ਕਮੇਟੀ, ਮਨਜੀਤ ਸਿੰਘ ਕਵਿਸ਼ਰ ਧਰਮ ਪ੍ਰਚਾਰ ਕਮੇਟੀ, ਸਿਮਰਤਪਾਲ ਸਿੰਘ ਭਾਟੀਆ, ਸੁਖਪ੍ਰੀਤ ਸਿੰਘ ਸ਼ੈਬੀ ਭਾਟੀਆ, ਖੇਤੀਬਾੜੀ ਵਿਸਥਾਰ ਅਫਸਰ ਹਰਪ੍ਰੀਤ ਸਿੰਘ ਬੋਪਾਰਾਏ ਅਤੇ ਇਲਾਕੇ ਭਰ ਤੋਂ ਆਈਆਂ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਆਦੀ ਹਾਜ਼ਰ ਸਨ।



# ਪੀਰ ਬਾਬਾ ਪੀਂਘ ਝੰਡੂਲਾ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਭਲਕੇ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪਿੰਡ ਕਾਹਲਵਾਂ ਵਿਖੇ ਪੀਰ ਬਾਬਾ ਪੀਂਘ ਝੰਡੂਲਾ ਦੀ ਦਰਗਾਹ 'ਤੇ ਸਾਲਾਨਾ ਜੋੜ ਮੇਲਾ 4 ਅਗਸਤ ਦਿਨ ਸੋਮਵਾਰ ਨੂੰ ਸਮੂਹ ਪਿੰਡ ਵਾਸੀਆਂ ਵਲੋਂ ਐੱਨਆਰਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਦੀਆਂ ਤਿਆਰੀਆਂ ਸਬੰਧੀ ਮੇਲਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋਈ। ਮੇਲਾ ਪ੍ਰਬੰਧਕ ਕਮੇਟੀ ਆਗੂਆਂ ਦੱਸਿਆ ਕਿ ਮੇਲੇ ਵਿੱਚ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਪ੍ਰਸਿੱਧ ਗਾਇਕ ਬਾਗੀ ਅਤੇ ਪ੍ਰਸਿੱਧ ਗਾਇਕ ਜੋੜੀ ਸੁੱਚਾ ਰੰਗੀਲਾ ਤੇ ਮਨਦੀਪ ਮੈਂਡੀ ਆਪਣੇ ਚਰਚਿੱਤ ਗੀਤਾ ਦੁਆਰਾ ਸ਼ਰੋਤਿਆਂ ਦਾ ਮਨੋਰੰਜਨ ਕਰਨਗੇ। ਮੀਟਿੰਗ ਵਿੱਚ ਸੁਖਵਿੰਦਰ ਸਿੰਘ ਕਾਹਲਵਾਂ, ਸੁੱਚਾ ਸਿੰਘ, ਪ੍ਰਤਾਪ ਸਿੰਘ, ਸੀਤਲ ਸਿੰਘ, ਲਵਪ੍ਰੀਤ ਸਿੰਘ,ਕੇਵਲ ਸਿੰਘ,ਚੈਚਲ ਸਿੰਘ, ਸਤਨਾਮ ਸਿੰਘ,ਕਾਬਲ ਸਿੰਘ, ਕੁਲਵੰਤ ਸਿੰਘ ਆਦਿ ਮੇਲਾ ਕਮੇਟੀ ਮੈਂਬਰ ਸ਼ਾਮਲ ਸਨ।



# ਤਿੰਨ ਵੱਖ-ਵੱਖ ਮਾਮਲਿਆਂ 'ਚ ਨਸ਼ਾ ਤਸਕਰ ਕਾਬੂ, ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਧਾਰੀਵਾਲ ਦੇ ਏਐੱਸਆਈ ਬਲਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਰਣੀਆ ਪੁੱਲ ਹੇਠਾ ਬਾਈਪਾਸ ਧਾਰੀਵਾਲ ਤੋਂ ਦੀਪਕ ਕੁਮਾਰ ਪੁੱਤਰ ਜੁਗਲ ਕਿਸ਼ੋਰ ਵਾਸੀ ਅਖਲਾਸਪੁਰ, ਪੰਜਾਬ ਸਿੰਘ ਪੁੱਤਰ ਸਕੱਤਰ ਸਿੰਘ ਵਾਸੀ ਸੰਘਰ ਨੂੰ ਸਕੂਟਰੀ ਸਮੇਤ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ ਜਿਸ ਵਿਚੋਂ 7 ਗਰਾਮ ਹੈਰੋਇਨ ਬਰਾਮਦ ਹੋਈ ਹੈ। ਇਸੇ ਤਰ੍ਹਾਂ ਥਾਣਾ ਬਹਿਰਾਮਪੁਰ ਦੇ ਐੱਸ. ਆਈ. ਰਮਨ ਕੁਮਾਰ ਨੇ ਸਮੇਤ ਪੁਲਸ ਪਾਰਟੀ ਪਿੰਡ ਡਾਲਾ ਪੁੱਲੀ ਤੋਂ ਲਲਿਤ ਮੋਹਨ ਪੁੱਤਰ ਬੌਧ ਰਾਜ ਵਾਸੀ ਗਾਦੜੀਆ ਜੋ ਨਸ਼ੇ ਦਾ ਸੇਵਨ ਕਰ ਰਿਹਾ ਸੀ, ਨੂੰ ਕਾਬੂ ਕਰਕੇ ਉਸ ਪਾਸੋਂ ਇਕ ਸਿਲਵਰ ਪੰਨੀ ਲਾਈਟਰ, 10 ਰੁਪਏ ਦਾ ਨੋਟ ਬਰਾਮਦ ਕੀਤਾ। ਥਾਣਾ ਦੀਨਾਨਗਰ ਦੇ ਏ. ਐੱਸ. ਆਈ. ਅਸ਼ਵਨੀ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਮੁੱਖਬਰ ਖਾਸ ਦੀ ਇਤਲਾਹ 'ਤੇ ਜਗਦੀਸ਼ ਰਾਜ ਬਿੱਟੂ ਪੁੱਤਰ ਰਾਮ ਲਾਲ ਵਾਸੀ ਬਰਿਆਰ ਦੇ ਘਰ ਰੇਡ ਕਰਕੇ ਉਸ ਨੂੰ 15000 ਐੱਮ. ਐੱਲ. ਨਜਾਇਜ਼ ਸ਼ਰਾਮ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਇਨ੍ਹਾਂ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸੀਏਟ ਵੱਲੋਂ ਉੱਬੜ-ਖਾਬੜ ਰਾਹਾਂ ਦਾ ਭਰੋਸੇਮੰਦ ਸਾਥੀ 'ਰੌਕਰੈੱਡ' ਪੇਸ਼

**ਜਲੰਧਰ** : ਭਾਰਤ ਦੇ ਮੋਹਰੀ ਟਾਇਰ ਨਿਰਮਾਤਾ ਸੀਏਟ ਨੇ ਆਪਣੇ ਨਵੇਂ ਟਾਇਰ, ਸੀਏਟ ਰੌਕਰੈੱਡ ਦੇ ਲਾਂਚ ਦਾ ਐਲਾਨ ਕੀਤਾ।ਇਹ ਕੰਪਨੀ ਦਾ ਪਹਿਲਾ ਰੇਡੀਅਲ ਟਾਇਰ ਹੈ ਜੋ ਖਾਸ ਤੌਰ 'ਤੇ ਖਣਨ ਅਤੇ ਸਖ਼ਤ ਖੇਤਰਾਂ ਲਈ ਤਿਆਰ ਕੀਤਾ ਗਿਆ ਹੈ।ਇਸ ਰਣਨੀਤਕ ਕਦਮ ਨਾਲ ਸੀਏਟ ਟਰੱਕ ਅਤੇ ਬੱਸ ਰੇਡੀਅਲ ਹਿੱਸੇ ਵਿੱਚ ਆਪਣੀ ਤਕਨੀਕੀ ਤਾਕਤ ਨੂੰ ਹੋਰ ਮਜ਼ਬੂਤ ਕਰਦਾ ਹੈ ।ਰੌਕਰੈੱਡ ਦੀ ਵਿਆਪਕ ਤੌਰ 'ਤੇ ਜਾਂਚ ਕੀਤੀ ਗਈ ਹੈ-ਓਡੀਸ਼ਾ ਵਿੱਚ ਬਾਰਬਿਲ ਦੀਆਂ ਚੁਣੌਤੀਪੂਰਨ ਖਾਣਾਂ ਤੋਂ ਲੈ ਕੇ ਇੰਡੋਨੇਸ਼ੀਆ ਦੇ ਸਖ਼ਤ ਖੇਤਰਾਂ ਤੱਕ। ਰੌਕਰੈੱਡ ਦੀ ਇੱਕ ਮੁੱਖ ਨਵੀਨਤਾ ਇਸਦਾ ਟਾਈਪ ਟ੍ਰੇਡ ਪੈਟਰਨ ਹੈ, ਜੋ ਕਿ ਖੁਰਦਰੇ ਖੇਤਰਾਂ ਵਿੱਚ ਬਿਹਤਰ ਪਕੜ ਅਤੇ ਦਬਾਅ ਵੰਡ ਨੂੰ ਯਕੀਨੀ ਬਣਾਉਂਦਾ ਹੈ।ਓਡੀਸ਼ਾ, ਝਾਰਖੰਡ, ਛੱਤੀਸਗੜ੍ਹ, ਰਾਜਸਥਾਨ, ਗੁਜਰਾਤ, ਕਰਨਾਟਕ ਅਤੇ ਤਾਮਿਲਨਾਡੂ ਵਿੱਚ ਪੇਸ਼ ਕੀਤਾ ਜਾਵੇਗਾ।

# ਦੇਸ਼ ਲਈ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਦੀ ਬਦੌਲਤ ਹੀ ਅਸੀਂ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ : ਡੀਸੀ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ/ਕਮਲੇਸ਼)**- ਆਜ਼ਾਦੀ ਸੰਘਰਸ਼ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਦੀ ਬਦੌਲਤ ਹੀ ਅਸ਼ੀ ਸਾਰੇ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ ਅਤੇ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਸ਼ਹੀਦਾਂ ਵਲੋਂ ਦਿਖਾਏ ਗਏ ਰਸਤੇ ਉਤੇ ਚਲਦਿਆਂ ਆਪਣੀ ਆਜ਼ਾਦੀ ਨੂੰ ਬਰਕਰਾਰ ਰੱਖੀਏ। ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਜਲ੍ਹਿਆਂਵਾਲਾ ਬਾਗ ਵਿਚ ਸਥਿਤ ਸ਼ਹੀਦ ਊਧਮ ਸਿੰਘ ਦੇ 86 ਵੇ ਸ਼ਹੀਦੀ ਦਿਹਾੜੇ ਮੌਕੇ ਸ਼ਹੀਦ ਦੇ ਬੁੱਤ ਤੇ ਸ਼ਰਧਾ ਦੇ ਫੁੱਲ ਭੇਟ ਕਰਨ ਸਮੇ ਕੀਤਾ। ਇਸ ਮੌਕੇ ਉਨ੍ਹਾਂ ਵੱਲੋਂ ਜਲਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਵੀ ਸ਼ਰਧਾਂਜਲੀ ਅਰਪਿਤ ਕੀਤੀ ਗਈ।ਉਨ੍ਹਾਂ ਕਿਹਾ ਕਿ ਸ਼ਹੀਦ ਦੇਸ਼ ਅਤੇ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਸਾਨੂੰ ਸਾਰਿਆਂ ਨੂੰ ਇਨ੍ਹਾਂ ਦੇ ਦਿਖਾਏ ਗਏ ਰਸਤੇ ਤੇ ਚਲਦਿਆਂ ਹੋਇਆਂ ਆਪਣੇ ਦੇਸ਼ ਲਈ ਕੰਮ ਕਰਨਾ ਚਾਹੀਦਾ ਹੈ। ਇਸ ਉਪਰੰਤ ਡਿਪਟੀ ਕਮਿਸ਼ਨਰ ਵੱਲੋਂ ਜਲ੍ਹਿਆਂਵਾਲੇ ਬਾਗ ਵਿਖੇ ਪੁਰਾਤਤਵ ਵਿਭਾਗ ਦੀ ਅਗਵਾਈ ਹੇਠ ਸ਼ੁਰੂ ਕੀਤੇ ਗਏ ਸਾਫ ਸਫਾਈ ਦੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ ਗਿਆ ਅਤੇ ਸ ਬ ੰ ਧ ਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਹ ਸਾਫ ਸਫਾਈ ਪ੍ਰਬੰਧਾਂ ਵੱਲ ਵਿਸ਼ੇਸ਼ ਧਿਆਨ ਦੇਣ ਤਾਂ ਜੋ ਇਥੇ ਆਉਣ ਵਾਲੇ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਪੇਸ਼ ਨਾ ਆਵੇ।ਉਨ੍ਹਾਂ ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਮੁੱਖ ਰਸਤੇ ਹੈਰੀਟੇਜ ਸਟੇਟ ਵਿਖੇ ਚੱਲ ਚੱਲ ਰਹੀ ਸਾਫ ਸਫਾਈ ਦੇ ਪ੍ਰਬੰਧਾਂ ਦਾ ਵੀ ਜਾਇਜ਼ਾ ਲੈਂਦੇ ਹੋਏ ਦੱਸਿਆ ਕਿ ਹੈਰੀਟੇਜ ਸਟਰੀਟ ਵਿਖੇ ਦੋ ਹੋਰ ਰੇਨ ਹਾਰਵੈਸਟਿੰਗ ਸਿਸਟਮ ਸਥਾਪਿਤ ਕੀਤੇ ਜਾਣਗੇ ਤਾਂ ਜੋ ਬਰਸਾਤਾਂ ਦੇ ਦਿਨਾਂ ਵਿੱਚ ਇੱਥੇ ਪਾਣੀ ਇਕੱਠਾ ਨਾ ਹੋ ਸਕੇ।



# ਭਗਵੰਤਪਾਲ ਸਿੰਘ ਸੱਚਰ ਦੀ ਸੱਸ ਦੇ ਦੇਹਾਂਤ 'ਤੇ ਵੱਖ-ਵੱਖ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਵਿਧਾਨ ਸਭਾ ਹਲਕਾ ਮਜੀਠਾ ਦੇ ਕਾਂਗਰਸ ਦੇ ਇੰਚਾਰਜ ਭਗਵੰਤਪਾਲ ਸਿੰਘ ਸੱਚਰ ਜਿਨ੍ਹਾਂ ਦੇ ਸੱਸ ਮਾਂ ਸਰਦਾਰਨੀ ਸੁਰਿੰਦਰ ਪਾਲ ਕੌਰ ਅਕਾਲ ਚਲਾਣਾ ਕਰ ਗਏ ਸਨ ਉਹਨਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਸ਼ਮਸ਼ਾਨਘਾਟ ਨੇੜੇ ਗੁਰਦੁਆਰਾ ਸ਼ਹੀਦਾਂ ਸਾਹਿਬ ਅੰਮ੍ਰਿਤਸਰ ਵਿਖੇ ਕਰ ਦਿੱਤਾ ਗਿਆ। ਇਸ ਦੁੱਖ ਦੀ ਘੜੀ ਵਿਚ ਹਲਕਾ ਮਜੀਠਾ ਦੇ ਵੱਖ ਵੱਖ ਰਾਜਨੀਤਿਕ, ਵਪਾਰਕ ਤੇ ਧਾਰਮਿਕ ਆਗੂ ਜਿਨ੍ਹਾ ਵਿੱਚ ਗੁਰੂਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ, ਸਾਬਕਾ ਚੇਅਰਮੈਨ ਗੁਰਮੀਤ ਸਿੰਘ ਰਾਜੂ, ਗੁਰਜੀਤ ਸਿੰਘ ਔਜਲਾ ਮੈਂਬਰ ਪਾਰਲੀਮੈਂਟ, ਸਾਬਕਾ ਵਿਧਾਇਕ ਸਵਿੰਦਰ ਸਿੰਘ ਕੱਥਨੰਗਲ, ਉਘੇ ਉਦਯੋਗਪਤੀ ਰਘਬੀਰ ਸਿੰਘ ਰੰਧਾਵਾ ਭੱਟੀਕੇ ਕੈਨੇਡਾ, ਸੀਨੀਅਰ ਕਾਂਗਰਸੀ ਆਗੂ ਝਿਲਮਲ ਸਿੰਘ ਸਾਧਪਰ, ਤਜਿੰਦਰ ਸਿੰਘ ਸਾਹ ਤਰਫਾਨ, ਸਰਪੰਚ ਸਵਿੰਦਰ ਸਿੰਘ ਚਾਟੀਵਿੰਡ, ਬਲਾਕ ਕਾਂਗਰਸ ਦੇ ਪ੍ਰਧਾਨ ਨਵਤੇਜ ਪਾਲ ਸਿੰਘ ਸੋਹੀਆ, ਬਲਾਕ ਪ੍ਰਧਾਨ ਸਤਨਾਮ ਸਿੰਘ ਕਾਜੀਕੋਟ, ਨਵਦੀਪ ਸਿੰਘ ਸੋਨਾ ਮਜੀਠਾ, ਸਰਪੰਚ ਸਮਸੇਰ ਸਿੰਘ ਬਾਬੋਵਾਲ , ਸਰਪੰਚ ਸੀਤਲ ਸਿੰਘ ਚਾਚੋਵਾਲੀ, ਸਰਪੰਚ ਜਗਜੀਤ ਸਿੰਘ ਢਿੰਗਨੰਗਲ, ਨਿਸ਼ਾਨ ਸਿੰਘ ਭੰਗਾਲੀ, ਕੁਲਦੀਪ ਸਿੰਘ ਢੱਡੇ ਬਲਕਾਰ ਸਿੰਘ ਬੋਪਾਰਾਏ, ਨਿਰਮਲ ਸਿੰਘ ਬੁਲਾਰਾ, ਪਰਮਜੀਤ ਸਿੰਘ ਭੋਏਵਾਲ, ਅਸ਼ੋਕ ਕੁਮਾਰ ਮੱਤੇਵਾਲ, ਰਣਜੀਤ ਸਿੰਘ ਚੋਗਾਵਾਂ, ਹਰਮਨ ਟਾਹਲੀ ਸਾਹਿਬ, ਸਵਿੰਦਰ ਸਿੰਘ ਤਨੇਲ, ਹਰਜੀਤ ਸਿੰਘ ਨਵਾਂ ਤਨੇਲ, ਸੁਖਬੀਰ ਸਿੰਘ ਬੋਪਾਰਾਏ, ਰਣਜੀਤ ਸਿੰਘ ਤਲਵੰਡੀ, ਸੁਰਜੀਤ ਸਿੰਘ ਦੁਧਾਲਾ, ਨੰਬਰਦਾਰ ਪ੍ਰਭਪਾਲ ਸਿੰਘ ਮਾਂਗਾ ਸਰਾਏ ਆਦਿ ਵੱਲੋਂ ਭਗਵੰਤ ਪਾਲ ਸਿੰਘ ਸੱਚਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।



# ਈ ਟੀ ਓ ਦੀ ਧਰਮ ਪਤਨੀ ਸੁਹਿੰਦਰ ਕੌਰ ਵੱਲੋਂ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀਆਂ ਭੇਟ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਜੰਡਿਆਲਾ ਗੁਰੂ ਦੇ ਸ਼ਹੀਦਾਂ ਦੇ ਨਾਂਅ 'ਤੇ ਰੱਖੇ ਸ਼ਹੀਦ ਊਧਮ ਸਿੰਘ ਚੌਕ ਵਿੱਚ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੀ ਧਰਮ ਪਤਨੀ ਸੁਹਿੰਦਰ ਕੌਰ ਸ਼ਹੀਦ ਊਧਮ ਸਿੰਘ ਦੀ ਮੂਰਤੀ 'ਤੇ ਸ਼ਹੀਦਾਂ ਦੀ ਸ਼ਹਾਦਤ ਤੇ ਉਹਨਾ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਸ਼ਰਧਾਂਜਲੀ ਦੇਣ ਪਹੁੰਚੇ। ਛੋਟੀ ਉਮਰ ਵਿੱਚ ਮਾਤਾ ਪਿਤਾ ਦਾ ਦੇਹਾਂਤ ਹੋ ਜਾਣ ਕਾਰਨ ਆਪ ਨੂੰ ਛੋਟੀ ਉਮਰੇ ਸੈਂਟਰਲ ਅਨਾਥ ਆਸ਼ਰਮ ਅੰਮ੍ਰਿਤਸਰ ਵਿੱਚ ਭੇਜ ਦਿੱਤਾ ਗਿਆ। ਜਲ੍ਹਿਆਂਵਾਲੇ ਖ਼ੂਨੀ ਕਾਂਡ ਨੂੰ ਦੇਖ ਕੇ ਆਪ ਦਾ ਖ਼ੂਨ ਖੌਲ੍ਹ ਗਿਆ ਤੇ ਆਪ ਨੇ ਜਨਰਲ ਮਾਈਕਲ ਉਡਵਾਇਰ ਤੋਂ ਬਦਲਾ ਲੈਣ ਦਾ ਫੈਸਲਾ ਕਰ ਲਿਆ। ਦੇਸ਼ ਭਗਤਾਂ ਨਾਲ ਮਿਲ ਕੇ ਪੂਰੇ 21 ਸਾਲ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। ਕਈ ਦੇਸ਼ਾਂ ਵਿੱਚੋਂ ਹੁੰਦੇ ਹੋਏ ਆਖਰ ਇੰਗਲੈਂਡ ਪਹੁੰਚ ਗਏ ਅਤੇ ਮਾਈਕਲ ਅਡਵਾਇਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆ ਮੈਡਮ ਸੁਹਿੰਦਰ ਕੌਰ ਨੇ ਕਿਹਾ ਕਿ ਜਿਸ ਅਜ਼ਾਦੀ ਦੀ ਹਵਾ ਦਾ ਅਸੀਂ ਅੱਜ ਅਨੰਦ ਮਾਣਦੇ ਹਾਂ ਇਹ ਇਹਨਾ ਸ਼ਹੀਦਾ ਦੀਆਂ ਕੁਰਬਾਨੀਆਂ ਸਦਕਾ ਹੀ ਹੈ। ਇਸ ਮੌਕੇ ਆਪ ਆਗੂ ਸਰਬਜੀਤ ਸਿੰਘ ਡਿੰਪੀ, ਨਰੇਸ਼ ਪਾਠਕ, ਸਤਿੰਦਰ ਸਿੰਘ, ਮੈਡਮ ਸੁਨੈਣਾ ਰੰਧਾਵਾ ਅਤੇ ਵੱਡੀ ਗਿਣਤੀ ਵਿਚ ਆਪ ਆਗੂ ਹਾਜ਼ਰ ਸਨ।



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਬੀ ਡੀ ਪੀ ਓ ਤਰਸਿੱਕਾ ਦੇ ਦਫਤਰ ਅੱਗੇ 3 ਦਿਨਾ ਰੋਸ ਧਰਨਾ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਬਲਾਕ ਤਰਸਿੱਕਾ ਅਧੀਨ ਆਉਂਦੇ ਪਿੰਡਾਂ ਵਿੱਚ ਬੇਹਾਲ ਹੋਈ ਸਥਿਤੀ ਤੋਂ ਤੰਗ ਆ ਕੇ ਪਿੰਡਾਂ ਵਾਲਿਆਂ ਵੱਲੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਜ਼ੋਨ ਟਾਂਗਰਾ, ਜ਼ੋਨ ਟਾਹਲੀ ਸਾਹਿਬ ਅਤੇ ਜ਼ੋਨ ਤਰਸਿੱਕਾ ਵੱਲੋਂ 29, 30 ਅਤੇ 31 ਜੁਲਾਈ ਨੂੰ ਲਗਾਤਾਰ ਦਿਨ ਰਾਤ ਦਾ ਧਰਨਾ ਦੇ ਕੇ ਪ੍ਰਸ਼ਾਸਨ ਨੂੰ ਪਿੰਡਾਂ ਦੇ ਹਾਲ ਦੀ ਅਸਲੀਅਤ ਤੋਂ ਜਾਣੂ ਕਰਵਾਇਆ। ਇਸ ਮੌਕੇ ਬੀ ਡੀ ਪੀ ਓ ਮਲਕੀਤ ਸਿੰਘ ਨੇ ਹਜ਼ਾਰਾਂ ਕਿਸਾਨਾਂ ਮਜ਼ਦੂਰਾਂ ਅਤੇ ਔਰਤਾਂ ਦੇ ਇੱਕਠ ਦੇ ਸਾਹਮਣੇ ਮੰਗਾਂ ਸਬੰਧੀ ਗੱਲ ਕਰਦੇ ਹੋਏ ਸਮਾਂਬੱਧ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ। ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ, ਜ਼ਿਲ੍ਹਾ ਆਗੂ ਬਲਦੇਵ ਸਿੰਘ ਬੱਗਾ, ਸੁਖਦੇਵ ਸਿੰਘ ਚਾਟੀਵਿੰਡ ਨੇ ਦੱਸਿਆ ਕਿ ਬਲਾਕ ਦੇ ਪਿੰਡਾਂ ਦੀਆ ਫਿਰਨੀਆਂ ਅਤੇ ਗਲੀਆਂ ਦੀ ਖ਼ਸਤਾ ਹਾਲਤ ਕਾਰਨ ਰਾਹਗੀਰਾਂ ਅਤੇ ਫਿਰਨੀ ਤੇ ਬਣੇ ਘਰਾਂ ਨੂੰ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਛੱਪੜਾਂ ਦੀ ਖਲਾਈ/ਨਿਕਾਸੀ ਨਾ ਹੋਣ ਕਾਰਨ ਨਾਲ ਲੱਗਦੇ ਘਰਾਂ ਅਤੇ ਖੇਤਾਂ ਵਿੱਚ ਜਾ ਰਹੇ ਪਾਣੀ ਦੀ ਸਮੱਸਿਆ ਸਬੰਧੀ ਪ੍ਰਸ਼ਾਸਨ ਨਾਲ ਸਹਿਮਤੀ ਬਣੀ ਕਿ ਬਰਸਾਤਾਂ ਦਾ ਮੌਸਮ ਸ਼ੁਰੂ ਹੋਣ ਤੋਂ ਇੱਕਦਮ ਪਹਿਲਾਂ ਸਫ਼ਾਈ/ਖਲਾਈ ਦਾ ਕੰਮ ਸ਼ੁਰੂ ਨਾ ਕਰਕੇ ਸਰਦੀਆਂ ਦੇ ਮੌਸਮ ਦੌਰਾਨ ਕਣਕ ਦੀ ਬਿਜਾਈ ਤੋਂ ਪਹਿਲਾਂ ਇਹ ਕੰਮ ਨੇਪਰੇ ਚਾੜ੍ਹਿਆ ਜਾਵੇਗਾ। ਮਨਰੇਗਾ ਦੇ ਬੰਦ ਪਏ ਕੰਮ ਨੂੰ ਤੁਰੰਤ ਚਾਲੂ ਕਰਨ ਤੇ ਸਹਿਮਤੀ ਬਣੀ ਅਤੇ ਮਨਰੇਗਾ ਮਜ਼ਦੂਰਾਂ ਦੇ ਪਿਛਲੇ ਕੰਮ ਦੇ ਬਕਾਏ 2 ਹਫਤੇ ਦੇ ਅੰਦਰ ਜਾਰੀ ਕਰਨ ਅਤੇ ਦਿਹਾੜੀ 700 ਰੁਪਏ ਕਰਨ ਦੀ ਸਿਫਾਰਸ਼ ਸਰਕਾਰ ਨੂੰ ਭੇਜਣ 'ਤੇ ਸਹਿਮਤੀ ਬਣੀ ਅਤੇ ਨਵੇ ਜੌਬ ਕਾਰਡ ਬਣਾਉਣ ਦੀ ਮੰਗ ਤੇ ਪ੍ਰਸ਼ਾਸਨ ਨੇ ਸਬੰਧਤ ਅਫ਼ਸਰਾਂ ਨੂੰ ਤੁਰੰਤ ਅਰਜ਼ੀਆਂ ਦਿੱਤੇ ਜਾਣ 'ਤੇ ਤੁਰੰਤ ਜਾਰੀ ਕਰਨ ਦਾ ਭਰੋਸਾ ਦਿਵਾਇਆ। ਮਜ਼ਦੂਰਾਂ ਨੂੰ 5 ਮਰਲੇ ਦੇ ਪਲਾਟ ਦੇਣ 'ਤੇ ਪ੍ਰਸ਼ਾਸਨ ਨੇ ਕਿਹਾ ਕਿ ਅਸੀਂ ਲਿਸਟ ਤਿਆਰ ਕਰਕੇ ਉੱਚ ਅਧਿਕਾਰੀਆਂ ਨੂੰ ਜਾਰੀ ਕਰ ਰਹੇ ਹਾਂ। ਪਿੰਡਾਂ ਵਿੱਚ ਗ੍ਰਾਮ ਸਭਾ ਇਜਲਾਸ ਰੁਟੀਨ ਵਿੱਚ ਹੋਣਗੇ ਅਤੇ ਨਗਰ ਨਿਵਾਸੀਆਂ ਨੂੰ 7 ਦਿਨ ਪਹਿਲਾਂ ਮੁਨਿਆਦੀ ਕਰਕੇ ਜਾਣੂੰ ਕਰਵਾਇਆ ਜਾਵੇਗਾ। ਹਰ ਪਿੰਡ ਦੀ 10 ਪ੍ਰਤੀਸ਼ਤ ਪੰਚਾਇਤੀ ਜ਼ਮੀਨ 'ਤੇ ਜੰਗਲ ਲਗਾਉਣ ਦੀ ਮੰਗ 'ਤੇ ਪ੍ਰਸ਼ਾਸਨ ਵੱਲੋਂ ਭਰੋਸਾ ਦਿਵਾਇਆ ਗਿਆ ।ਬੰਦ ਪਈਆਂ ਸਟਰੀਟ ਲਾਇਟਾਂ ਦੀ ਰਿਪੇਅਰ, ਖਸਤਾ ਹਾਲਤ ਪਾਣੀ ਦੀਆਂ ਟੈਂਕੀਆਂ ਠੀਕ ਕਰਨ ਲਈ ਫੰਡ ਜਾਰੀ ਕੀਤੇ ਜਾ ਰਹੇ ਹਨ। ਬਰਸਾਤ ਦੇ ਮੌਸਮ ਦੇਖਦੇ ਹੋਏ ਪਿੰਡਾਂ ਵਿੱਚ ਮੱਛਰਮਾਰ ਦਵਾਈ ਦੀ ਸਪਰੇਅ ਦੀ ਮੰਗ, ਗਰਾਉਂਡ ਦੀ ਮੰਗ ਅਤੇ ਜਿੰਮ ਦਾ ਸਮਾਨ ਸਬੰਧੀ ਮੰਗ ਕੀਤੀ ਗਈ। ਇਸ ਮੌਕੇ ਆਗੂਆਂ ਨੇ ਇੱਕਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਕਿਸਾਨ ਮਜ਼ਦੂਰ ਸਮੇਤ ਹਰ ਵਰਗ ਨੂੰ ਇਕੱਠੇ ਹੋ ਕੇ ਲੈਂਡ ਪੂਲਿੰਗ ਨੀਤੀ, ਬਿਜਲੀ ਦੇ ਨਿੱਜੀਕਰਨ ਅਤੇ ਕਰ ਮੁਕਤ ਸਮਝੌਤਿਆਂ ਖਿਲਾਫ ਡਟ ਕੇ ਮੁਕਾਬਲਾ ਕਰਨ ਦੀ ਲੋੜ ਹੈ । ਉਹਨਾਂ ਲੋਕਾਂ ਨੂੰ 11 ਅਗਸਤ ਦੇ ਲੈਂਡ ਪੂਲਿੰਗ ਵਿਰੁੱਧ ਹੋਣ ਜਾ ਰਹੇ ਮੋਟਸਾਈਕਲ ਮਾਰਚ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਅਪੀਲ ਕੀਤੀ। ਉਹਨਾਂ ਚੇਤਾਵਨੀ ਦਿੱਤੀ ਕਿ ਅਗਰ ਇਹਨਾਂ ਮਸਲਿਆਂ ਤੇ ਯੋਗ ਕਾਰਵਾਈ ਨਹੀਂ ਹੁੰਦੀ ਤਾਂ ਅਗਲੇ ਦਿਨਾਂ ਵਿੱਚ ਲੋਕ ਵੱਡੇ ਐਕਸ਼ਨ ਲਈ ਤਿਆਰ ਹਨ। ਇਸ ਮੌਕੇ ਜ਼ਿਲ੍ਹਾ ਆਗੂ ਕੰਧਾਰ ਸਿੰਘ ਭੋਏਵਾਲ, ਬਲਵਿੰਦਰ ਸਿੰਘ ਰੁਮਾਣਾਚੱਕ, ਜ਼ੋਨ ਆਗੂ ਅਮਰਿੰਦਰ ਸਿੰਘ ਮਾਲੋਵਾਲ, ਗੁਰਦੀਪ ਸਿੰਘ ਰਾਮਦੀਵਾਲੀ, ਨਿਰਮਲ ਸਿੰਘ ਸਿਆਲਕਲਾ, ਸਰਦੂਲ ਸਿੰਘ ਟਾਹਲੀ ਸਾਬੂ, ਸ਼ਿਵਚਰਨ ਸਿੰਘ, ਗੁਰਮੁਖ ਸਿੰਘ, ਜਗਰੂਪ ਸਿੰਘ, ਦੀਦਾਰ ਸਿੰਘ ਧਾਰੜ, ਤਰਲੋਕ ਸਿੰਘ ਤਾਹਰਪੁਰ, ਗੁਰਭੇਜ ਸਿੰਘ ਭੀਲੋਵਾਲ, ਸ਼ੇਰ ਸਿੰਘ ਭੀਲੋਵਾਲ, ਜ਼ੋਨ ਆਗੂ ਕੁਲਵਿੰਦਰ ਕੌਰ ਕੋਟਖਹਿਰਾ, ਹਰਪ੍ਰੀਤ ਕੌਰ ਤਰਸਿੱਕਾ ਸਮੇਤ ਹਜ਼ਾਰਾਂ ਕਿਸਾਨ ਮਜ਼ਦੂਰ ਅਤੇ ਔਰਤਾਂ ਹਾਜ਼ਰ ਰਹੇ।



# ਪ੍ਰਤਾਪ ਵਰਲਡ ਸਕੂਲ ਪਠਾਨਕੋਟ 'ਚ ਕਰੀਅਰ ਕਾਊਂਸਲਿੰਗ ਸੈਸ਼ਨ




**ਪਠਾਨਕੋਟ (ਦਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ ਪਠਾਨਕੋਟ ਵਿੱਚ ਕਲਾਸ 11ਵੀਂ ਅਤੇ 12ਵੀਂ ਦੇ ਵਿਦਿਆਰਥੀਆਂ ਲਈ ਇੱਕ ਪ੍ਰਭਾਵਸ਼ਾਲੀ ਕਰੀਅਰ ਕਾਲਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਹ ਸੈਸ਼ਨ ਅਮਿਤ ਕੁਮਾਰ ਸੋਨੀ, ਐਸੋਸੀਏਟ ਡਾਇਰੈਕਟਰ, ਐਮ ਆਈ ਟੀ ਵਰਲਡ ਪੀਸ ਯੂਨੀਵਰਸਿਟੀ ਪੂਨੇ ਵੱਲੋਂ ਸੰਚਾਲਿਤ ਕੀਤਾ ਗਿਆ। ਇਸ ਸੈਸ਼ਨ ਦਾ ਮਕਸਦ ਵਿਦਿਆਰਥੀਆਂ ਨੂੰ ਬਦਲਦੇ ਕਰੀਅਰ ਪਰਿਵੇਸ਼ ਵਿੱਚ ਢੁਕਵੇਂ ਸਿੱਖਿਆਤਮਕ ਅਤੇ ਵਪਾਰਕ ਵਿਕਲਪ ਚੁਣਨ ਲਈ ਮਾਰਗਦਰਸ਼ਨ ਦੇਣਾ ਸੀ। ਸੋਨੀ ਨੇ ਵਿਦਿਆਰਥੀਆਂ ਨਾਲ ਪਰੰਪਰਾਗਤ ਅਤੇ ਉਭਰਦੇ ਖੇਤਰਾਂ ਵਿੱਚ ਉਪਲਬਧ ਵੱਖ-ਵੱਖ ਕਰੀਅਰ ਵਿਕਲਪਾਂ ਬਾਰੇ ਚਰਚਾ ਕੀਤੀ। ਕਰੀਅਰ ਕਾਊਂਸਲਿੰਗ ਵਿਦਿਆਰਥੀਆਂ ਲਈ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਨਾਲ ਵਿਦਿਆਰਥੀ ਆਤਮ-ਵਿਸ਼ਵਾਸ ਅਤੇ ਸਪਸ਼ਟਤਾ ਨਾਲ ਫੈਸਲੇ ਲੈਣ ਦੇ ਸਮਰੱਥ ਹੁੰਦੇ ਹਨ। ਸਨੀ ਮਹਾਜਨ ਡਾਇਰੈਕਟਰ ਪ੍ਰਤਾਪ ਵਰਲਡ ਸਕੂਲ ਨੇ ਕਿਹਾ ਕਿ ਸਮੇਂ ਸਿਰ ਦਿੱਤਾ ਗਿਆ ਮਾਰਗਦਰਸ਼ਨ ਕਿਸੇ ਵੀ ਵਿਦਿਆਰਥੀ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸੋਨੀ ਵੱਲੋਂ ਲਿਆ ਗਿਆ ਇਹ ਸੈਸ਼ਨ ਸਾਡੇ ਸੀਨੀਅਰ ਵਿਦਿਆਰਥੀਆਂ ਲਈ ਬਹੁਤ ਲਾਭਦਾਇਕ ਅਤੇ ਦ੍ਰਿਸ਼ਟੀਕੋਣ ਵਧਾਉਣ ਵਾਲਾ ਰਿਹਾ। ਪ੍ਰਿੰਸੀਪਲ ਸੁਸ਼੍ਰੀਤ ਸ਼ੁਭਰਾ ਰਾਣੀ ਨੇ ਕਿਹਾ ਕਿ ਵਿਦਿਆਰਥੀਆਂ ਨੇ ਇਸ ਸੈਸ਼ਨ ਦੀ ਬਹੁਤ ਸਰਾਹਨਾ ਕੀਤੀ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ 'ਤੇ ਜਥੇਬੰਦੀਆਂ ਦੇ ਆਗੂਆਂ ਵੱਲੋਂ ਮੀਟਿੰਗ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਨੂੰ ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਦੇ ਹੱਲ ਲਈ ਪਿਛਲੇ ਤਿੰਨਾਂ ਸਾਲਾਂ 'ਤੋਂ ਵਾਰ ਵਾਰ ਮੀਟਿੰਗਾਂ ਦੇ ਕੇ ਮੁਲਤਵੀ ਕਰਨ ਦੇ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਵਤੀਰੇ ਖਿਲਾਫ ਸਾਂਝਾ ਫਰੰਟ ਦੇ ਸੂਬਾ ਪੱਧਰੀ ਫੈਸਲੇ ਤੇ 5 ਅਗਸਤ ਤੋਂ 12 ਅਗਸਤ ਤੱਕ ਤਹਿਸੀਲ ਅਤੇ ਜ਼ਿਲ੍ਹਾ ਪੱਧਰ ਤੇ ਮੁੱਖ ਮੰਤਰੀ ਅਤੇ ਖਜ਼ਾਨਾ ਮੰਤਰੀ ਦੀਆਂ ਅਰਥੀਆਂ ਫੂਕਣ ਦੇ ਦਿੱਤੇ ਸਾਂਝੇ ਸੰਘਰਸ਼ ਦੇ ਸੱਦੇ ਨੂੰ ਕਾਮਯਾਬ ਕਰਨ ਲਈ ਸਥਾਨਿਕ ਜ਼ਿਲ੍ਹੇ ਨਾਲ ਸਬੰਧਤ ਵੱਖ ਵੱਖ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਆਗੂਆਂ ਦੀ ਭਰਵੀਂ ਮੀਟਿੰਗ ਸ੍ਰੀ ਗੁਰੂ ਅਰਜਨ ਦੇਵ ਸਰਾਂ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਸਾਂਝੇ ਤੌਰ 'ਤੇ ਕਾਰਜ ਸਿੰਘ ਕੈਰੋਂ ਅਤੇ ਦਵਿੰਦਰ ਸਿੰਘ ਨੇ ਕੀਤੀ।ਪ੍ਰੈੱਸ ਬਿਆਨ ਜਾਰੀ ਕਰਦਿਆਂ ਸੂਬਾ ਆਗੂਆਂ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਗੁਰਬਚਨ ਸਿੰਘ ਵਿੱਲੋਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਪਿਛਲੇ ਤਿੰਨਾਂ ਸਾਲਾਂ ਦੇ ਕਾਰਜਕਾਲ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਸਲਿਆਂ ਨੂੰ ਲਗਾਤਾਰ ਅਣਗੌਲਿਆਂ ਕੀਤਾ ਹੋਇਆ ਹੈ।ਆਗੂਆਂ ਨੇ ਕਿਹਾ ਕਿ ਸਰਕਾਰ ਪੈਂਡਿੰਗ ਮਸਲਿਆਂ ਨੂੰ ਹੱਲ ਕਰਨ ਲਈ ਟੇਬਲ ਤੇ ਬੈਠਣ ਤੋਂ ਆਨੇ ਬਹਾਨੇ ਕੰਨੀ ਕਤਰਾਅ ਕੇ ਵਾਰ-ਵਾਰ ਲਿਖਤੀ ਮੀਟਿੰਗਾਂ ਤਹਿ ਕਰਕੇ ਮੁਲਤਵੀ ਕਰ ਰਹੀ ਹੈ। ਪੰਜਾਬ ਸਰਕਾਰ ਦੇ ਗੱਲਬਾਤ ਤੋਂ ਭੱਜਣ ਦੇ ਘਟੀਆ ਵਤੀਰੇ ਵਿਰੁੱਧ ਹਜ਼ਾਰਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਅਗਵਾਈ ਕਰਨ ਵਾਲੇ ਸੰਗਠਨ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ ਤੇ ਮੁੱਖ ਮੰਤਰੀ



ਅਤੇ ਖਜ਼ਾਨਾ ਮੰਤਰੀ ਦੀਆਂ ਅਰਥੀਆਂ ਫੂਕਣ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਸਥਾਨਕ ਜ਼ਿਲ੍ਹੇ ਨਾਲ ਸਬੰਧਤ ਮੁਲਾਜ਼ਮ ਅਤੇ ਪੈਨਸ਼ਨਰ 5 ਅਗਸਤ ਨੂੰ ਸਵੇਰੇ 10-30 ਵਜੇ ਸਥਾਨਕ ਬੱਸ ਸਟੈਂਡ ਵਿਖੇ ਇਕੱਠ ਕਰਕੇ ਰੋਸ ਰੈਲੀ ਕਰਨ ਤੋਂ ਬਾਅਦ ਪੁਰਾਣੇ ਡੀ ਸੀ ਦਫਤਰ ਵਾਲੇ ਚੌਂਕ ਵਿੱਚ ਜ਼ਬਰਦਸਤ ਮੁਜ਼ਾਹਰਾ ਕਰਕੇ ਪੰਜਾਬ ਦੇ ਮੁੱਖ ਮੰਤਰੀ ਅਤੇ ਖਜ਼ਾਨਾ ਮੰਤਰੀ ਦੀਆਂ ਅਰਥੀਆਂ ਫੂਕ ਕੇ ਝੂਠੇ ਲਾਰੇ ਲਾਉਣ ਵਾਲੇ ਹਾਕਮਾਂ ਦਾ ਜ਼ੋਰਦਾਰ ਪਿੱਟ ਸਿਆਪਾ ਕਰਨਗੇ।ਆਗੂਆਂ ਨੇ ਦੱਸਿਆ ਕਿ 7 ਅਗਸਤ ਨੂੰ ਐੱਸਡੀਐੱਮ ਦਫਤਰ ਪੱਟੀ ਤੇ ਬਿਜਲੀ ਦਫਤਰ ਭਿੱਖੀਵਿੰਡ ਅਤੇ 8 ਅਗਸਤ ਨੂੰ ਖਡੂਰ ਸਾਹਿਬ ਵਿਖੇ ਵੀ ਤਹਿਸੀਲ ਪੱਧਰ ਤੇ ਪੰਜਾਬ ਸਰਕਾਰ ਦੀਆਂ ਅਰਥੀਆਂ ਫੂਕ ਕੇ ਰੋਸ ਪ੍ਰਦਰਸ਼ਨ ਕਰਦਿਆਂ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਜਿਵੇਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਸਰਕਾਰੀ ਅਦਾਰਿਆਂ ਵਿੱਚ ਕੰਮ ਕਰ ਰਹੇ ਸਾਰੇ ਕੱਚੇ ਕਾਮੇ ਪੱਕੇ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਹੋਣ ਵਾਲੇ ਸਾਰੇ ਕਰਮਚਾਰੀਆਂ ਤੇ ਕੇਂਦਰ ਦਾ ਸੱਤਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਦੀ ਬਜਾਏ ਪੰਜਾਬ ਦਾ ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਨ, ਪੈਂਡਿੰਗ 13 ਪ੍ਰਤੀਸ਼ਤ ਮਹਿੰਗਾਈ ਭੱਤਾ ਜਾਰੀ ਕਰਨ, ਪੈਨਸ਼ਨਰਾਂ ਦੀ ਪੈਨਸ਼ਨ ਸੁਧਾਈ 2.59 ਗੁਣਾਂਕ ਨਾਲ ਕਰਨ, ਸਾਰੇ ਸਰਕਾਰੀ ਵਿਭਾਗਾਂ ਵਿੱਚ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰਨ ਆਦਿ ਮੁੱਦਿਆਂ ਨੂੰ ਹੱਲ ਕਰਨ ਲਈ ਆਵਾਜ਼ ਬੁਲੰਦ ਕਰਨਗੇ।

ਇਸ ਮੀਟਿੰਗ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਗੁਰਦੇਵ ਸਿੰਘ ਸੰਧੂ, ਪ੍ਰਿੰਸੀਪਲ ਦਲਬੀਰ ਸਿੰਘ ਦਿਉਲ, ਜੱਸਾ ਸਿੰਘ ਕੱਦਗਿੱਲ, ਰਾਕੇਸ਼ ਕੁਮਾਰ ਮਲਹੋਤਰਾ, ਮੁਖਤਿਆਰ ਸਿੰਘ ਪੱਟੀ, ਸਤਨਾਮ ਸਿੰਘ ਰੋਡਵੇਜ਼, ਅੰਮ੍ਰਿਤਪਾਲ ਸਿੰਘ ਬਾਕੀਪੁਰ, ਲਖਬੀਰ ਸਿੰਘ ਸੰਧੂ ਅਤੇ ਵਿਜੇ ਕੁਮਾਰ ਆਦਿ ਨੇ ਹਿੱਸਾ ਲਿਆ।

# ਕਰਮਚਾਰੀਆਂ ਨੂੰ ਜਨਤਕ ਹਿੱਤ ਦੀ ਭਾਵਨਾ ਨਾਲ ਕੰਮ ਕਰਨਾ ਚਾਹੀਦਾ : ਸੈਣੀ

ਚੰਡੀਗੜ੍ਹ (ਗੁਰਜੀਤ ਬਿੱਲਾ)- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਰਮਚਾਰੀ ਰਾਜ ਦੀ ਪ੍ਰਸ਼ਾਸਨਕ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ ਅਤੇ ਰਾਜ ਦੇ ਵਿਕਾਸ ਵਿੱਚ ਉਨ੍ਹਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਕਰਮਚਾਰੀਆਂ ਦਾ ਕਾਰਜ ਖੇਤਰ ਕੋਈ ਵੀ ਹੋਵੇ, ਭਾਵਨਾ ਸਿਰਫ ਜਨਤਕ ਹਿੱਤ ਸਰਵਉੱਚ ਹੋਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਰਮਚਾਰੀਆਂ ਨੂੰ ਇੱਕ ਟੀਮ ਦੇ ਰੂਪ ਵਿੱਚ ਇਕੱਠੇ ਹੋਣ ਅਤੇ ਇੱਕ ਮਜ਼ਬੂਤ, ਸਮਾਵੇਸ਼ੀ ਅਤੇ ਸਵੈ-ਨਿਰਭਰ ਹਰਿਆਣਾ ਬਣਾਉਣ ਦਾ ਸੱਦਾ ਦਿੱਤਾ।ਮੁੱਖ ਮੰਤਰੀ ਸ਼ਨੀਵਾਰ ਨੂੰ ਪੰਚਕੂਲਾ ਵਿੱਚ ਆਯੋਜਿਤ ਨਵ-ਨਿਯੁਕਤ ਸਮੂਹ-ਡੀ ਕਰਮਚਾਰੀਆਂ ਦੇ ਸ਼ੁਰੂਆਤੀ ਪ੍ਰੋਗਰਾਮ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ।ਕਰਮਚਾਰੀਆਂ ਨੂੰ ਵਧਾਈ ਦਿੰਦੇ ਹੋਏ ਸੈਣੀ ਨੇ ਕਿਹਾ ਕਿ ਸਰਕਾਰੀ ਨੌਕਰੀ ਸਿਰਫ ਇੱਕ ਨੌਕਰੀ ਨਹੀਂ ਹੈ, ਸਗੋਂ ਇਹ ਮਾਤ ਭੂਮੀ ਦੀ ਸੇਵਾ ਕਰਨ ਦਾ ਮੌਕਾ ਹੈ, ਜਿਸ ਨੇ ਸਾਨੂੰ ਸਭ ਕੁਝ ਦਿੱਤਾ। ਸਰਕਾਰੀ ਕਰਮਚਾਰੀ ਜਨਤਾ ਅਤੇ ਸਰਕਾਰ ਵਿਚਕਾਰ ਸਭ ਤੋਂ ਮਹੱਤਵਪੂਰਨ ਕੜੀ ਹਨ।ਉਨ੍ਹਾਂ ਕਿਹਾ ਕਿ ਹਰਿਆਣਾ ਵਿਕਾਸ ਅਤੇ ਨਵੀਨਤਾ ਦੀ ਧਰਤੀ ਹੈ। ਹਰਿਆਣਾ ਅੱਜ ਦੇਸ਼ ਵਿੱਚ ਇੱਕ ਮੋਹਰੀ ਰਾਜ ਵਜੋਂ ਉਭਰਿਆ ਹੈ। ਅਸੀਂ ਖੇਤੀਬਾੜੀ, ਉਦਯੋਗ, ਸਿੱਖਿਆ, ਸਿਹਤ, ਖੇਡਾਂ, ਮਹਿਲਾ ਸਸ਼ਕਤੀਕਰਨ, ਡਿਜੀਟਲ ਸ਼ਾਸਨ ਵਰਗੇ ਹਰ ਖੇਤਰ ਵਿੱਚ ਨਵੀਆਂ ਉਚਾਈਆਂ ਨੂੰ ਛੂਹ ਰਹੇ ਹਾਂ। ਇਹ ਸਫਲਤਾ ਸਿਰਫ ਨੀਤੀ ਨਿਰਮਾਤਾਵਾਂ ਦੀ ਹੀ ਨਹੀਂ, ਇਹ ਸਫਲਤਾ ਮਿਹਨਤੀ ਅਤੇ ਇਮਾਨਦਾਰ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਵੀ ਹੈ, ਜੋ ਦਿਨ ਰਾਤ ਆਪਣੇ ਫਰਜ਼ ਨਿਭਾਉਂਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 11 ਸਾਲਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਅਤੇ ਰਾਜ ਦੇ ਹਰ ਖੇਤਰ ਵਿੱਚ ਇੱਕ ਵੱਡਾ ਬਦਲਾਅ ਦੇਖਿਆ ਗਿਆ ਹੈ। ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦੇ ਹੋਏ ਸੈਣੀ ਨੇ ਕਿਹਾ ਕਿ



ਸਨ, ਪਰ ਅੱਜ ਸਾਡੀ ਸਰਕਾਰ ਨੇ ਇਸ ਤਰ੍ਹਾਂ ਦੀ ਪ੍ਰਣਾਲੀ ਵਿਰੁੱਧ ਸਖ਼ਤ ਰੁਖ਼ ਅਪਣਾਇਆ ਹੈ ਅਤੇ ਸਿਰਫ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ ਹਨ। ਅੱਜ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਵੀ ਸਰਕਾਰੀ ਨੌਕਰੀਆਂ ਮਿਲ ਰਹੀਆਂ ਹਨ, ਉਨ੍ਹਾਂ ਦੇ ਸੁਪਨੇ ਪੂਰੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਆਪਣੇ ਤੀਜੇ ਕਾਰਜਕਾਲ ਵਿੱਚ 30 ਹਜ਼ਾਰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਗਰੁੱਪ ਸੀ ਅਤੇ ਡੀ ਅਸਾਮੀਆਂ 'ਤੇ ਭਰਤੀ ਲਈ ਇੰਟਰਵਿਊ ਨੂੰ ਖਤਮ ਕਰਕੇ ਲਿਖਤੀ ਪ੍ਰੀਖਿਆ ਦਾ ਪ੍ਰਬੰਧ ਕੀਤਾ ਗਿਆ ਹੈ। ਸਰਕਾਰੀ ਨੌਕਰੀਆਂ ਤੋਂ ਇਲਾਵਾ, 2083 ਰੁਜ਼ਗਾਰ ਮੇਲਿਆਂ ਦਾ ਆਯੋਜਨ ਕਰਕੇ 1 ਲੱਖ 6 ਹਜ਼ਾਰ 283 ਨੌਜਵਾਨਾਂ ਨੂੰ ਨਿੱਜੀ ਖੇਤਰ ਵਿੱਚ ਰੁਜ਼ਗਾਰ ਨਾਲ ਜੋੜਿਆ ਗਿਆ ਹੈ।

# ਭਲਕੇ ਘਣੀਆਂ ਦੀ ਅਗਵਾਈ 'ਚ 21 ਮੈਂਬਰੀ ਕਮੇਟੀ ਮੁੱਖ ਮੰਤਰੀ ਦੀ ਮੀਟਿੰਗ 'ਚ ਪੁੱਜੇਗੀ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)- ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਗਈ ਨਸ਼ਾ ਮੁਕਤੀ ਯਾਤਰਾ ਨੂੰ ਹੋਰ ਹੁਲਾਰਾ ਦੇਣ ਤੇ ਅਗਲੀ ਰਣਨੀਤੀ ਤਿਆਰ ਕਰਨ ਵਾਸਤੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਰੱਖੀ ਗਈ 4



ਅਗਸਤ ਦੀ ਮੀਟਿੰਗ ਵਿੱਚ ਹਿੱਸਾ ਲੈਣ ਵਾਸਤੇ ਹਲਕਾ ਡੇਰਾ ਬਾਬਾ ਨਾਨਕ ਤੋਂ ਹਲਕਾ ਕੋਆਰਡੀਨੇਟਰ ਪਰਵਿੰਦਰ ਸਿੰਘ ਘਣੀਆਂ ਦੀ ਅਗਵਾਈ ਹੇਠ 21 ਮੈਂਬਰੀ ਕਮੇਟੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੀਟਿੰਗ ਕਰਨ ਲਈ ਚੰਡੀਗੜ੍ਹ ਪੁੱਜੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਸ਼ਾ ਮੁਕਤੀ ਮੋਰਚਾ ਹਲਕਾ ਡੇਰਾ ਬਾਬਾ ਨਾਨਕ ਦੇ ਕੋਆਰਡੀਨੇਟਰ ਪਰਵਿੰਦਰ ਸਿੰਘ ਘਣੀਆਂ ਨੇ ਡੇਰਾ ਬਾਬਾ ਨਾਨਕ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਪੂਰਨ ਤੌਰ ਤੇ ਨਸ਼ਾ ਮੁਕਤ ਕਰਨ ਵਾਸਤੇ ਚਲਾਈ ਗਈ ਨਸ਼ਾ ਮੁਕਤੀ ਯਾਤਰਾ ਨੂੰ ਪਿੰਡ ਪਿੰਡ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਪਰਵਿੰਦਰ ਸਿੰਘ ਘਣੀਆਂ ਨੇ ਕਿਹਾ ਕਿ ਇਸ ਮੁਹਿਮ ਨੂੰ ਹੋਰ ਸੁਚੱਜੇ ਢੰਗ ਨਾਲ ਚਲਾਉਣ ਤੇ ਆਗੂਆਂ ਦੇ ਸੁਝਾਅ ਲੈਣ ਵਾਸਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 4 ਅਗਸਤ ਨੂੰ ਪੰਜਾਬ ਦੇ ਹਲਕਾ ਕੋਆਰਡੀਨੇਟਰਾਂ ਤੇ ਸੀਨੀਅਰ ਆਗੂਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਜਾਵੇਗੀ ਤੇ ਜਿਸ ਵਿੱਚ ਪੰਜਾਬ ਵਿੱਚੋਂ ਨਸ਼ਾ ਜੜ੍ਹ ਤੋਂ ਖਤਮ ਕਰਨ ਵਾਸਤੇ ਅਹਿਮ ਵਿਚਾਰਾਂ ਕੀਤੀਆਂ ਜਾਣਗੀਆਂ ਤੇ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਹੋਣ ਵਾਲੀ ਇਸ ਮੀਟਿੰਗ ਵਿੱਚ ਹਿੱਸਾ ਲੈਣ ਵਾਸਤੇ ਹਲਕਾ ਡੇਰਾ ਬਾਬਾ ਨਾਨਕ ਤੋਂ 21 ਮੈਂਬਰੀ ਕਮੇਟੀ ਦੇ ਨੁਮਾਇੰਦੇ ਰਵਾਨਾ ਹੋਣਗੇ ਤਾਂ ਜੋ ਪੰਜਾਬ ਵਿੱਚੋਂ ਨਸ਼ਾ ਜੜ੍ਹ ਤੋਂ ਖਤਮ ਕਰਕੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਇਆ ਜਾ ਸਕੇ।ਇਸ ਮੌਕੇ ਮੇਜਰ ਸਿੰਘ ਠੇਠਰਕੇ, ਸਿਕੰਦਰ ਸਿੰਘ ਕੋਟਲੀ, ਹਰਪ੍ਰੀਤ ਸਿੰਘ ਗੁਰਾਇਆ, ਬਲਵਿੰਦਰ ਸਿੰਘ ਸ਼ਿਕਾਰ ਮਾਛੀਆਂ, ਹਰਪ੍ਰੀਤ ਸਿੰਘ ਹੈਪੀ ਬਹਿਲੋਲਪੁਰ, ਸੁਖਜਿੰਦਰ ਸਿੰਘ ਸੋਨੂੰ, ਹਰਪਾਲ ਸਿੰਘ ਫੱਤੂਪੁਰ, ਇੰਦਰਜੀਤ ਸਿੰਘ ਚਾਕਾਂਵਾਲੀ ਗੁਰਤੇਜ ਸਿੰਘ ਰਣਸੀਕਾ, ਅਮਰਜੀਤ ਸਿੰਘ ਗੁਰਚੱਕ ਤੇ ਬੋਨੀ ਮਸੀਹ ਆਦਿ ਹਾਜ਼ਰ ਸਨ।

# ਐਲਾਨੇ ਸੰਘਰਸ਼ ਅਨੁਸਾਰ ਜਲੰਧਰ 'ਚ 6 ਨੂੰ ਫੂਕੇ ਜਾਣਗੇ ਸਰਕਾਰ ਦੇ ਪੁਤਲੇ

ਜਲੰਧਰ (ਰਾਜੇਸ਼ ਥਾਪਾ) ਪੰਜਾਬ ਸਰਕਾਰ ਵੱਲੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਨਾਲ ਵਾਰ-ਵਾਰ ਮੀਟਿੰਗ ਕਰਨ ਤੋਂ ਭੱਜਣ ਦੇ ਵਿਰੁੱਧ ਰੋਸ ਦਾ ਪ੍ਰਦਰਸ਼ਨ ਕਰਨ ਦੇ ਦਿੱਤੇ ਗਏ ਸੱਦੇ ਅਨੁਸਾਰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਜ਼ਿਲ੍ਹਾ ਜਲੰਧਰ ਦੀ ਮੀਟਿੰਗ ਜ਼ਿਲ੍ਹਾ ਕਨਵੀਨਰ ਪੁਸ਼ਪਿੰਦਰ ਕੁਮਾਰ ਵਿਰਦੀ, ਸੁਭਾਸ਼ ਮੱਟੂ, ਪ੍ਰੇਮ ਲਾਲ , ਕੁਲਦੀਪ ਵਾਲੀਆ ਅਤੇ ਮਾਸਟਰ ਮਨਹੋਰ ਲਾਲ ਦੀ ਅਗਵਾਈ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ 6 ਅਗਸਤ ਨੂੰ ਤਹਿਸੀਲ ਜਲੰਧਰ ਦੇ ਸਾਥੀ ਪੁੱਡਾ ਗਰਾਉਂਡ ਵਿਖੇ ਇੱਕਠੇ ਹੋ ਕੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ।ਇਸ ਦੇ ਨਾਲ ਹੀ 12 ਅਗਸਤ ਨੂੰ ਤਹਿਸੀਲ ਫਿਲੌਰ ਦੇ ਸਾਥੀ 2.30 ਵਜੇ ਪਾਣੀ ਵਾਲੀ ਟੈਂਕੀ 'ਤੇ ਇੱਕਠੇ ਹੋ ਕੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਪੰਜਾਬ ਸਰਕਾਰ ਦਾ ਪੁਤਲਾ ਫੂਕਣ ਦਾ ਫੈਸਲਾ ਕੀਤਾ ਗਿਆ।ਮੀਟਿੰਗ ਵਿੱਚ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੂਬਾਈ ਆਗੂ ਤੀਰਥ ਸਿੰਘ ਬਾਸੀ, ਕਰਮਜੀਤ ਸਿੰਘ ਸੋਨੂ ਰਘਵੀਰ ਸਿੰਘ, ਜਗਦੇਵ ਸਿੰਘ ਆਦਮਪੁਰ, ਬਲਵੀਰ ਸਿੰਘ ਗੁਰਾਇਆ, ਪੁਰਾਣੀ ਪੈਨਸ਼ਨਰ ਬਹਾਲੀ ਸੰਘਰਸ਼ ਕਮੇਟੀ ਦੇ ਅਨਿਲ ਸ਼ਰਮਾ, ਦਲਬੀਰ ਸਿੰਘ ਬਿਲਗਾ, ਮਾਸਟਰ ਧਰਮਪਾਲ,ਪੈਨਸ਼ਨਰ ਆਗੂ ਜੋਗਿੰਦਰ ਸਿੰਘ ਅਤੇ ਕੁਲਦੀਪ ਸਿੰਘ ਕੌੜਾ ਹਾਜ਼ਰ ਸਨ।


ਫਾਰਮ ਨੰ: 14
[ਵੇਖੋ ਨਿਯਮ 33 (2)]
ਪ੍ਰਕਾਸ਼ਨਾ ਰਾਹੀਂ
ਦਫਤਰ ਵਸੂਲੀ ਅਫਸਰ I/II
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 3)
ਹੇਠਲੀ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ-160017
ਡਿਮਾਂਡ ਨੋਟਿਸ (ਪ੍ਰਕਾਸ਼ਨਾ ਰਾਹੀਂ)
ਕਰਜ਼ਾ ਅਤੇ ਦਿਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਦੇ ਤਹਿਤ
[illegible]



## ਉੱਤਰ ਰੇਲਵੇ
### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

ਨੀਲਾਮੀ ਸੂਚਨਾ ਨੰ. : EAFZR-SLR25-96
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ:18/08/2025 ਨੂੰ 11:00 Hrs.

ਕੰਮ ਦਾ ਨਾਮ : ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ ਐਸਐਲਆਰ ਕੰਪਾਰਟਮੈਂਟ)19614/R1 & 04654/F1.

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 2355/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## PUBLIC NOTICE

Under the instruction of RBL bank Limited I hereby informed the general public that Amarjit Singh s/o Harbhajan Singh is absolute owner of Property Plot Private no 114 min, measuring length 45 feet breadth 15 feet, Total measuring 75 Square Yards bearing Khasra no 4489 min situated at Sultanwind Sub Urban taraf Mahal-2, Abadi Kot Mit Singh, Tehsil & District Amritsar. That the chain of title is complete in all respect as in the Jamabandi for the year 2010-11 Darshan Kaur w/o Parkash Singh is the owner of 6 Marlas of property Then Darshan Kaur w/o Parkash Singh sold 6 Marlas of property to Jasbir Kaur w/o Sucha Singh vide sale deed regd dated 19.02.2009 as doc no.9827 of which mutation no 26078 has been sanctioned by revenue authorities. Then Jasbir Kaur w/o Sucha Singh through GPA Jagbir Singh s/o Sujan Singh through SPA Amardeep Singh s/o Jaspal Singh sold 150 sq yards of property to Maninder Kaur w/o Gursharan vide sale deed regd dated 21.12.2012 as doc no. 12970 of which mutation no 33564 has been sanctioned by revenue authorities and same is shown as owner of 6 Marlas in the Jamabandi for the year 2015-16 Then Maninder Kaur w/o Gursharan through GPA Nishan Singh s/o Bawa Singh through SPA Sukhwinder Singh s/o Mangal Singh sold 75 sq yards of property to Davinder Singh s/o Sardool Singh (60/100 share) & Kuldeep Singh s/o Sharam Singh (40/100 share) vide sale deed regd dated 28.12.2016 as doc no.7747 of which mutation no 39827 has been sanctioned by revenue authorities. Then Davinder Singh s/o Sardool Singh & Kuldeep Singh s/o Sharam Singh through GPA Baldev Singh s/o Bawa Singh & Avtar Singh s/o Bawa Singh sold 75 sq yards of property to Sukhwant Kaur w/o Baldev Singh vide sale deed regd dated 26.09.2018 as doc no.2018-19/89/1/1547 of which mutation no 42255 has been sanctioned by revenue authorities. Then Sukhwant Kaur w/o Baldev Singh sold 75 sq yards of property to Amarjit Singh s/o Harbhajan Singh vide sale deed regd dated 03.12.2018 as doc no.2018-19/89/1/3194 of which mutation no.42396 has been sanctioned by revenue authorities and same is shown as owner of 3 Marlas in the Jamabandi for the year 2020-21. Now Amarjit Singh s/o Harbhajan Singh is selling 75 sq yards of property to Manjit Kaur w/o Inderjit Singh, Amarjit Singh s/o Harbhajan Singh has lost Following Original sale deed ie. 1. Original SPA executed by Maninder Kaur w/o Gursharan through GPA Nishan Singh s/o Bawa Singh in favour of Sukhwinder Singh s/o Mangal Singh & Harjit Kaur w/o Sukhwinder Singh regd dated 10.11.2015 as doc no.1431. 2. Original Sale Deed executed by Maninder Kaur w/o Gursharan through GPA Nishan Singh s/o Bawa Singh through SPA Sukhwinder Singh s/o Mangal Singh in favour of Davinder Singh s/o Sardool Singh (60/100 share) & Kuldeep Singh s/o Sharam Singh (40/100 share) vide sale deed regd dated 28.12.2016 as doc no.7747. 3. Original GPA executed by Davinder Singh s/o Sardool Singh & Kuldeep Singh s/o Sharam Singh in favour of Baldev Singh s/o Bawa Singh & Avtar Singh s/o Bawa Singh regd dated 06.03.2018 as doc no.2002. Lost Information report got registered bearing no 614627/2025 dt 31.7.2025. Anybody having claim or claiming any prior rights or interest in any manner in this property or has raised loan by depositing the aforesaid sale deed to any person/bank/corporation/financial institution may approach the undersigned and may submit objection in writing 7 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with RBL bank Limited

ADV. VIKAS VERMA MB. 9815156302



## Public Notice

I, Harmanjot Singh S/o Gurvel Singh R/o Vill. Lehal, P.O. Dhariwal, Distt. Gurdaspur, Punjab, India, declare that my given name as Harmanjot and my Surname as Singh.



## PUBLIC NOTICE

Under the instruction of RBL bank Limited I hereby informed the general public that Sanjay Mahajan s/o Nanak Chand is absolute owner of Property Plot no 44-A(towards East) Total measuring 125 Sq Yards out of 250 Sq Yards, bearing Khasra no 1828 min situated at Amritsar Urban Circle no 110 AbadiTilak Nagar, Tehsil & District Amritsar. That the chain of title is complete in all respect as UpdeshKaur d/o Sujan Singh sold 250 Sq Yards of property to Nanak Chand s/o Jugal Kishore vide sale deed regd dated 28.02.1989 as doc no.15086 and same is shown as owner of 10 Marlas in the Jamabandi for the year 2005-06, 2010-11, 2015-16. Then after the death of Nanak Chand s/o Jugal Kishore his property was inherited by Sudarshan Gupta wd/o Nanak Chand, Sanjay Mahajan s/o Nanak Chand(2/3 share) and KusamMahajanwd/o Ajay Mahajan, DevanshMahajan s/o Ajay Mahajan, SayeshaMahajan, BhaveyaMahajan daughters of Ajay Mahajan (1/3 share) of which mutation no.37580 has been sanctioned by revenue authorities. Then Sudarshan Gupta w/o Nanak Chand transferred her 41.66 sq yards of property to DevanshMahajan s/o Ajay Mahajan vide transfer deed regd dated 04.10.2021 as doc no.2021-22/89/1/5406 of which mutation no.38584 has been sanctioned by revenue authorities. And also Sudarshan Gupta w/o Nanak Chand transferred her 41.66 sq yards of property to Sanjay Mahajan s/o Nanak Chand vide transfer deed regd dated 04.10.2021 as doc no.2021-22/89/1/5407 of which mutaiton no.38585 has been sanctioned by revenue authorities. Then KusamMahajan w/o Ajay Mahajan in person and as GPA of DevanshMahajan s/o Ajay Mahajan, SayeshaMahajan, BhaveyaMahajan daughters of Ajay Mahajan sold their ½ share i.e. 125 sq yards of property to GeetaArora w/o Lal Chand vide sale deed regd dated 23.12.2022 as doc no.2022-23/89/1/7265 of which mutation no.39772 has been sanctioned by revenue authorities. Now Sanjay Mahajan s/o Nanak Chand is selling his 125 sq yards of property to Surinder Pal s/o Sukhdev Raj Sharma. Sanjay Mahajan s/o Nanak Chand has lost Following Original sale deed i.e. 1. Original Sale Deed executed by UpdeshKaur d/o Sujan Singh in favour of Nanak Chand s/o Jugal Kishore vide sale deed regd dated 28.02.1989 as doc no. 15086.. Lost Information report got registered bearing no 614562/2025 dt 31.7.2025. Anybody having claim or claiming any prior rights or interest in any manner in this property or has raised loan by depositing the aforesaid sale deed to any person/bank/corporation/financial institution may approach the undersigned and may submit objection in writing 7 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with RBL bank Limited ADV. VIKAS VERMA MB. 9815156302.



## ਉੱਤਰ ਰੇਲਵੇ
### ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਟੀ.ਆਰ./ ਉੱਤਰ ਰੇਲਵੇ, ਜੰਮੂ ਤਵੀ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.gem.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜ਼ਨ ਲਾਗਤ (₹) | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਬੋਲੀ ਸਮਾਪਤੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|
| GEM/ 2025/ B/ 6522723 | ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਖੇਤਰ ਵਿਚ ਚੌਵੀ ਘੰਟੇ ਯਾਤਰਾ ਕਰਨ ਅਤੇ ਐਮਰਜੈਂਸੀ, ਬ੍ਰੇਕਡਾਊਨ ਦੀ ਸਥਿਤੀ ਵਿਚ ਸੁਧਾਰ ਕਰਨ ਅਤੇ ਜੰਮੂ ਸੰਭਾਵ ਵਿਚ ਵਿਸ਼ੇਸ਼ ਮੁਹਿੰਮ ਦੇ ਦੌਰਾਨ ਬ੍ਰੇਕਡਾਊਨ ਨਾਕਾਮੀ ਅਤੇ ਘਾਤ ਜਾਂਚ ਦੇ ਲਈ ਸੀਨੀਅਰ ਡੀਈਈ/ਜੀ/ਜੇਈਟੀ ਦੇ ਆਧਿਕਾਰਿਕ ਉਪਯੋਗ ਦੇ ਲਈ ਗੈਰ-ਏਸੀ (ਐਸਯੂਵੀ) ਵਾਹਨ (ਚਾਲਕ ਅਤੇ ਈਂਧਣ ਸਮੇਤ) ਦਾ ਕਿਰਾਇਆ ਅਤੇ ਪਰਿਚਾਲਨ ਪ੍ਰਭਾਰ (ਲਗਭਗ 3000 ਕਿਲੋਮੀਟਰ ਪ੍ਰਤੀ ਮਹੀਨਾ) 3 ਸਾਲ ਦੇ ਸਮੇਂ ਦੇ ਲਈ। | 20,09,400.00 | 40,190.00 | 36 ਮਹੀਨੇ | 26.08.2025 15:00 ਵਜੇ | www.gem.gov.in |

ਨੰ.: GEM/2025/B/6522723 ਮਿਤੀ: 01.08.2025 2357/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## SARUP INDUSTRIES LIMITED

SIL

Web: www.sarupindustries.com, E-mail: shareholders@bawastl.com, Ph: 0181-5021037

30 ਜੂਨ 2025 ਨੂੰ ਖਤਮ ਹੋਈ ਤਿਮਾਹੀ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਰੁਪਏ ਲੱਖਾਂ 'ਚ)

| ਵੇਰਵੇ | ਤਿਮਾਹੀ ਖਤਮ | | | ਸਾਲ ਖਤਮ |
|---|---|---|---|---|
| | 30.06.2025 (ਅਣ-ਪੜਤਾਲੇ) | 31.03.2025 (ਪੜਤਾਲੇ) | 30.06.2024 (ਅਣ-ਪੜਤਾਲੇ) | 31.03.2025 (ਪੜਤਾਲੇ) |
| ਕਾਰੋਬਾਰਾਂ ਤੋਂ ਕੁੱਲ ਆਮਦਨ | 392.79 | 489.49 | 360.03 | 1602.53 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਮਗਰੋਂ #) | 11.60 | 22.80 | 5.18 | 45.15 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਮਗਰੋਂ #) | 11.60 | 22.80 | 5.18 | 459.13 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) ਟੈਕਸ ਤੋਂ ਬਾਅਦ ਖਾਸ ਅਤੇ ਜਾਂ ਅਸਧਾਰਨ ਆਈਟਮਾਂ ਮਗਰੋਂ #) ਕੰਪਨੀ ਦੇ ਮਾਲਕਾਂ ਦੇ ਫਲਸਰੂਪ | 11.60 | 42.54 | 5.18 | 478.87 |
| ਮਿਆਦ ਲਈ ਕੁੱਲ ਵਿਆਪਕ ਆਮਦਨ (ਸ਼ਾਮਲ ਲਾਭ/(ਹਾਨੀ) ਮਿਆਦ ਵਾਸਤੇ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ) | 11.60 | 42.54 | 5.18 | 478.87 |
| ਇਕੁਇਟੀ ਸ਼ੇਅਰ ਕੈਪੀਟਲ | 325.24 | 325.24 | 325.24 | 325.24 |
| ਰਿਜਰਵਜ਼ (ਰੀਵੈਲੂਏਸ਼ਨ ਰਿਜ਼ਰਵ ਤੋਂ ਬਿਨਾਂ) ਜਿਵੇਂ ਕਿ ਪਿਛਲੇ ਸਾਲ ਦੀ ਪੜਤਾਲੀ ਬੈਲੇਂਸ ਸ਼ੀਟ 'ਚ ਦਰਸਾਇਆ ਗਿਆ | -626.41 | -626.41 | -650.76 | -626.41 |
| ਪ੍ਰਤੀ ਸ਼ੇਅਰ ਕਮਾਈ (ਰੁਪਏ 10/- ਹਰੇਕ) (ਚਾਲੂ ਅਤੇ ਬੰਦ ਕਾਰੋਬਾਰਾਂ ਲਈ) (1) ਬੇਸਿਕ | 0.36 | 1.31 | 0.16 | 14.72 |
| (2) ਡਲਿਊਟਿਡ | 0.36 | 1.31 | 0.16 | 14.72 |

(ਏ) ਉਪਰੋਕਤ 30 ਜੂਨ 2025 ਨੂੰ ਖਤਮ ਹੋਈ ਤਿਮਾਹੀ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ, ਜੋ ਸੇਬੀ (ਲਿਸਟਿੰਗ ਅਤੇ ਹੋਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜ ਕੋਲ ਦਾਇਰ ਕੀਤਾ ਗਿਆ ਹੈ। ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟਸ ਸਟਾਕ ਐਕਸਚੇਂਜ ਦੀ ਵੈੱਬਸਾਈਟ www.bseindia.com ਅਤੇ ਸੂਚੀਬੱਧ ਇਕਾਈ www.sarupindustries.com 'ਤੇ ਉਪਲੱਬਧ ਹੈ।
(ਬੀ) ਉਪਰੋਕਤ ਵਿੱਤੀ ਨਤੀਜੇ ਆਡਿਟ ਕਮੇਟੀ ਵੱਲੋਂ ਨਜ਼ਰਸ਼ਾਨੀ ਕੀਤੇ ਜਾ ਚੁੱਕੇ ਹਨ ਅਤੇ ਬੋਰਡ ਦੇ ਡਾਇਰੈਕਟਰਾਂ ਵੱਲੋਂ 1 ਅਗਸਤ 2025 ਨੂੰ ਹੋਈ ਮੀਟਿੰਗ 'ਚ ਅਪਣਾਇਆ ਗਿਆ ਹੈ।
(ਸੀ) ਕੰਪਨੀ ਸਿੰਗਲ ਖੰਡ 'ਚ ਕੰਮ ਕਰ ਰਹੀ ਹੈ, ਜੋ ਕਿ ਬੂਟ/ਬੂਟ ਅਪਰਜ਼ ਦੀ ਮੈਨੂਫੈਕਚਰਿੰਗ ਹੈ।
(ਡੀ) ਉਪਰੋਕਤ ਵਿੱਤੀ ਨਤੀਜੇ ਇੰਡੀਅਨ ਅਕਾਊਂਟਿੰਗ ਸਟੈਂਡਰਜ਼ (ਇੰਡ-ਏ ਐੱਸ) ਦੇ ਅਨੁਸਾਰ ਤਿਆਰ ਕੀਤੇ ਗਏ ਹਨ ਅਤੇ ਕੰਪਨੀਜ਼ ਐਕਟ 2013 ਦੇ ਸੈਕਸ਼ਨ 133 ਅਨੁਸਾਰ ਨਿਰਧਾਰਤ ਕੰਪਨੀਜ਼ (ਇੰਡੀਅਨ ਅਕਾਊਂਟਿੰਗ ਸਟੈਂਡਰਜ਼) ਰੂਲਜ਼ 2015 ਅਧੀਨ ਨੋਟੀਫਾਈਡ ਹਨ।

ਵਾਸਤੇ ਸਰੂਪ ਇੰਡਸਟਰੀਜ਼ ਲਿਮਟਿਡ
ਸਥਾਨ : ਜਲੰਧਰ — ਸਿਮਰਜੀਤ ਸਿੰਘ ਬਾਵਾ
ਮਿਤੀ : 01.08.2025 — ਮੈਨੇਜਿੰਗ ਡਾਇਰੈਕਟਰ ਡੀ ਆਈ ਐੱਨ : 00851651



## ਉੱਤਰ ਰੇਲਵੇ
### ਖੁਲ੍ਹੀ ਨਿਵਿਦਾ ਸੂਚਨਾ

ਵ.ਮੰਡਲ ਬਿਜਲੀ ਇੰਜੀਨੀਅਰ/ਟੀ.ਆਰ.ਡੀ., ਉੱਤਰ ਰੇਲਵੇ, ਫਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 25.08. 2025 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 25.08.2025 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| | ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜ਼ਨ ਲਾਗਤ (Rs.) | ਟੈਂਡਰ ਦੀ ਕੀਮਤ (Rs.) | ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ # (Rs.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|---|
| 1. | 712-ਟੀ.ਆਰ. ਡੀ.-ਫਿਰੋਜ਼ਪੁਰ-2025-26 | ਫਿਰੋਜ਼ਪੁਰ ਮੰਡਲ ਦੇ 05 ਸਟੇਸ਼ਨਾਂ ਤਰਨਤਾਰਨ (TTO), ਬਟਾਲਾ (BAT), ਕਰਤਾਰਪੁਰ (KRE) ਫਗਵਾੜਾ (PGW) ਅਤੇ ਫਿਲੌਰ (PHR) ਤੇ ਗੁਡਸ ਸ਼ੈਡਾਂ ਦੇ ਅਪਗ੍ਰੇਡੇਸ਼ਨ/ ਸੁਧਾਰ ਦੇ ਸਬੰਧ ਵਿਚ ਟੀਆਰਡੀ ਕੰਮ। | 1,64,38,697.68 | ਜੀਰੋ | 25.08.2025 15:00 ਵਜੇ ਤਕ | 2,32,200 /- | 12 ਮਹੀਨੇ | 25.08.2025 15:00 ਵਜੇ ਦੇ ਬਾਅਦ | www.ireps.gov.in |
| | | [illegible]: "50 ਹਟੂਜ਼, ਸਿੰਗਲ ਫੇਜ 25 ਕੇਵੀ ਏਸੀ ਓਐਚਈ ਦਾ ਡਿਜਾਈਨ, ਸਪਲਾਈ, ਉਸਾਰੀ, ਪ੍ਰੀਖਸ਼ਣ ਅਤੇ ਕਮਿਸ਼ਨਿੰਗ" (ਸੰਦਰਭ: Pr.CEE/NR ਦੇਪੱਤਰ ਨੰਬਰ 181-ਇਲੈਕਟ/ਟੀਆਰਡੀ/189/ ਭਾਗ II, ਮਿਤੀ 29.07.2021 ਨੂੰ ਓਐਚਈ ਕੰਮ ਦਾ ਲੜੀ ਨੰਬਰ 1.1). | | | | | | | |
| 2. | 713-ਟੀ.ਆਰ. ਡੀ.-ਫਿਰੋਜ਼ਪੁਰ-2025-26 | ਫਿਰੋਜ਼ਪੁਰ ਡਵੀਜ਼ਨ ਵਿਚ (i) - 50,000 ਤੋਂ ਜਿਆਦਾ TVU ਵਾਲੇ 05 ਮਾਨਵਯੁਕਤ ਲੇਵਲ ਕ੍ਰਾਸਿੰਗ ਗੇਟਾਂ ਦੀ ਇੰਟਰਲਾਕਿੰਗ ਅਤੇ (ii) - JUC-ASR ਸੈਕਸ਼ਨ ਦੀ ਸੈਕਸ਼ਨਲ ਗਤੀ ਨੂੰ 130 ਕਿਮੀ ਪ੍ਰਤੀ ਘੰਟੇ ਤਕ ਵਧਾਉਣ ਦੇ ਲਈ ਸਿਰਫ 04 ਮਾਨਵਯੁਕਤ ਲੇਵਲ ਕ੍ਰਾਸਿੰਗ ਗੇਟਾਂ ਦੀ ਇੰਟਰਲਾਕਿੰਗ ਦੇ ਸਬੰਧ ਵਿਚ ਟੀਆਰਡੀ ਕੰਮ। | 45,34,766.70 | ਜੀਰੋ | 25.08.2025 15:00 ਵਜੇ ਤਕ | 90,700 /- | 06 ਮਹੀਨੇ | 25.08.2025 15:00 ਵਜੇ ਦੇ ਬਾਅਦ | www.ireps.gov.in |

#ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੈਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜ਼ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਇਸ ਸਬੰਧ ਵਿਚ ਟੈਂਡਰਕਰਤਾ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ। ਨੰ.:712 ਅਤੇ 713-ਟੀਆਰਡੀ-ਫਿਰੋਜ਼ਪੁਰ-2025-26 ਮਿਤੀ: 31.07.2025 2356/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਵਿਦਿਆਰਥੀਆਂ ਲਈ 250 ਕਰੋੜ ਦੀਆਂ ਸਕਾਲਰਸ਼ਿਪਾਂ ਨਾਲ ਐਂਥੇ 2025 ਦੀ ਸ਼ੁਰੂਆਤ

ਜਲੰਧਰ (ਇਕਬਾਲ ਸਿੰਘ ਉੱਭੀ) ਆਕਾਸ਼ ਐਜੂਕੇਸ਼ਨਲ ਸਰਵਿਸਿਜ਼ ਲਿਮਟਿਡ ਵਲੋਂ ਐਂਥੇ 2025 (ਆਕਾਸ਼ ਨੈਸ਼ਨਲ ਟੈਲੇਂਟ ਹੰਟ ਪ੍ਰੀਖਿਆ) ਦੀ ਸ਼ੁਰੂਆਤ ਕੀਤੀ ਗਈ, ਜੋ ਕਿ 5ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ 250 ਕਰੋੜ ਦੇ 100% ਸਕਾਲਰਸ਼ਿਪ ਅਤੇ 2.5 ਕਰੋੜ ਦੇ ਨਗਦ ਇਨਾਮ ਦੀ ਪੇਸ਼ਕਸ਼ ਕਰਦੀ ਹੈ।ਇਹ ਪ੍ਰੀਖਿਆ ਨੀਟ, ਜੇ ਈ ਈ, ਓਲੰਪੀਆਡ ਅਤੇ ਹੋਰ ਬਹੁਤ ਸਾਰੇ ਲਈ ਮਾਹਰ ਕੋਚਿੰਗ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਐਂਥੇ 4 ਤੋਂ 12 ਅਕਤੂਬਰ ਤੱਕ ਆਨਲਾਈਨ ਅਤੇ 5 ਅਤੇ 12 ਅਕਤੂਬਰ ਨੂੰ 26 ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 415 ਕੇਂਦਰਾਂ ਵਿੱਚ ਆਫਲਾਈਨ ਆਯੋਜਿਤ ਕੀਤੀ ਜਾਵੇਗੀ।ਪਿਛਲੇ ਸਾਲ 10 ਲੱਖ ਤੋਂ ਵੱਧ ਵਿਦਿਆਰਥੀ ਪ੍ਰੀਖਿਆ ਵਿੱਚ ਸ਼ਾਮਲ ਹੋਏ ਸਨ। 8ਵੀਂ ਤੋਂ 12ਵੀਂ ਜਮਾਤ ਦੇ ਜੇਈਈ ਐਡਵਾਂਸਡ ਉਮੀਦਵਾਰਾਂ ਲਈ ਇਨਵਿਕਟਸ ਏਸ ਟੈਸਟ ਵੀ ਸ਼ੁਰੂ ਕੀਤਾ ਗਿਆ ਹੈ। ਇਹ ਰਾਸ਼ਟਰੀ ਪੱਧਰ ਦੀ ਪ੍ਰੀਖਿਆ 24 ਅਗਸਤ, 31 ਅਗਸਤ ਅਤੇ 7 ਸਤੰਬਰ ਨੂੰ ਹੋਵੇਗੀ।ਨਤੀਜੇ 24 ਅਕਤੂਬਰ ਤੋਂ ਸ਼ੁਰੂ ਹੋਣ ਵਾਲੇ ਪੜਾਵਾਂ ਵਿੱਚ ਘੋਸ਼ਿਤ ਕੀਤੇ ਜਾਣਗੇ ਜੋ ਏ ਐਨ ਟੀ ਐਚ ਈ ਦੀ ਅਧਿਕਾਰਤ ਵੈੱਬਸਾਈਟ 'ਤੇ ਦੇਖੇ ਜਾ ਸਕਦੇ ਹਨ।




# ਪੰਜਾਬੀ ਭਵਨ ਲੁਧਿਆਣਾ ਵਿਖੇ ਵਿਸ਼ਵ ਸ਼ਾਂਤੀ ਕਾਨਫਰੰਸ ਅੱਜ

ਲੁਧਿਆਣਾ ( ਐੱਮ ਐੱਸ ਭਾਟੀਆ) - ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ.) ਅਤੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਲੋਂ 3 ਅਗਸਤ , 2025 ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਪੰਜਾਬੀ ਭਵਨ ਲੁਧਿਆਣਾ ਵਿਖੇ ਸ਼ਾਂਤੀ, ਸਦਭਾਵਨਾ, ਨਿਸ਼ਸਤਰੀਕਰਨ ਅਤੇ ਪ੍ਰਮਾਣੂ ਹਥਿਆਰਾਂ ਦੇ ਖਾਤਮੇ ਦੇ ਵਿਚਾਰ ਨੂੰ ਉਤਸ਼ਾਹਿਤ ਕਰਨ ਲਈ ਵਿਸ਼ਵ ਸ਼ਾਂਤੀ ਕਾਨਫਰੰਸ ਕਰਵਾਈ ਜਾ ਰਹੀ ਹੈ।ਜਿਸ ਵਿੱਚ ਮੁੱਖ ਮਹਿਮਾਨ ਵਜੋਂ ਡਾ. ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਸ਼ਾਮਿਲ ਹੋ ਰਹੇ ਹਨ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਡਾ. ਬਲਬੀਰ ਸ਼ਾਹ ਕਨਵੀਨਰ ਕਾਨਫਰੰਸ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ ਸ. ਅਮਰਜੀਤ ਸਿੰਘ ਟਿੱਕਾ ਵਿਸ਼ੇਸ਼ ਮਹਿਮਾਨ




ਵਜੋਂ ਪਹੁੰਚ ਰਹੇ ਹਨ ਅਤੇ ਇਸ ਦੀ ਪ੍ਰਧਾਨਗੀ ਡਾ. ਸੁਖਦੇਵ ਸਿਰਸਾ ਜਨਰਲ ਸਕੱਤਰ ਪ੍ਰਗਤੀਸ਼ੀਲ ਲੇਖਕ ਸੰਘ, ਭਾਰਤ ਕਰਨਗੇ। ਡਾ. ਹਰੀਸ਼ ਪੁਰੀ ਪ੍ਰੋਫੈਸਰ ਰਾਜਨੀਤੀ ਵਿਗਿਆਨ ਮੁੱਖ ਬੁਲਾਰੇ ਇਸ ਵਿਸ਼ੇ ਤੇ ਆਪਣੇ ਵਿਚਾਰ ਰਖਣਗੇ।ਇਸ ਮੌਕੇ ਤੇ ਡਾ. ਗੁਰਚਰਨ ਕੌਰ ਕੋਚਰ ਅਤੇ ਡਾ. ਹਰੀ ਸਿੰਘ ਜਾਚਕ ਦੀ ਦੇਖ-ਰੇਖ ਹੇਠ ਕਵੀ ਦਰਬਾਰ ਵੀ ਕਰਵਾਇਆ ਜਾ ਰਿਹਾ ਹੈ।ਇਸ ਦੇ ਨਾਲ ਹੀ ਯੁੱਧ ਦੇ ਮਾਨਸਿਕ ਪ੍ਰਭਾਵ ਬਾਰੇ ਡਾ. ਪਰਮ ਸੈਣੀ ਅਤੇ ਪਰਮਾਣੂ ਯੁੱਧ ਦੀ ਪਰਿਆਵਰਣ ਤੇ ਪ੍ਰਭਾਵ ਬਾਰੇ ਡਾ. ਅੰਕੁਸ਼ ਕੁਮਾਰ, ਡਾ. ਗੁਰਵੀਰ ਸਿੰਘ ਤੂਰ, ਡਾ. ਸੀਰਤ ਸੇਖੋਂ ਡਾ.ਤੇਜਿੰਦਰ ਸਿੰਘ ਤੂਰ ਅਤੇ ਡਾ. ਰਜਤ ਗਰੋਵਰ ਦੁਆਰਾ ਪ੍ਰੋਜੈਕਟਰ ਰਾਹੀਂ ਸਾਂਝੀ ਪੇਸ਼ਕਾਰੀ ਕੀਤੀ ਜਾਵੇਗੀ।ਡਾ. ਗੁਲਜ਼ਾਰ ਸਿੰਘ ਪੰਧੇਰ ਜਨਰਲ ਸਕੱਤਰ ਦੀ ਅਗਵਾਈ ਵਿੱਚ ਮੋਹੀ ਅਮਰਜੀਤਸਿੰਘ, ਮੀਤ ਅਨਮੋਲ, ਜਨਮੇਜਾ ਸਿੰਘ ਜੌਹਲ ਅਤੇ ਹੋਰਾਂ ਨੇ ਇਸ ਕਾਨਫਰੰਸ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ।ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਸੀਨੀ. ਮੀਤ ਪ੍ਰਧਾਨ ਡਾ. ਪਾਲ ਕੌਰ ਅਤੇ ਇੰਡੀਅਨ ਡਾਕਟਰਜ਼ ਫਾਰਪੀਸ ਐਂਡ ਡਿਵੈਲਪਮੈਂਟ ਦੇ ਪ੍ਰਧਾਨ ਡਾ. ਅਰੁਣ ਮਿਤਰਾ ਤੇ ਵਿੱਤ ਸਕੱਤਰ ਡਾ. ਭਾਰਤੀ ਉੱਪਲ ਅਤੇ ਸਮੁੱਚੀ ਟੀਮ ਵਲੋਂ ਸਾਰੇ ਵਿਦਵਾਨਾਂ ਅਤੇ ਪਤਵੰਤੇ ਸੱਜਣ ਅਤੇ ਸ਼ਾਂਤੀ ਪਸੰਦ ਨਾਗਰਿਕਾਂ ਨੂੰ ਇਸ ਕਾਨਫਰੰਸ ਵਿੱਚ ਭਰਵੀ ਸ਼ਮੂਲੀਅਤ ਕਰਨ ਲਈ ਬੇਨਤੀ ਕੀਤੀ ਹੈ।

# ਬੱਬਰੀ ਨੰਗਲ 'ਚ ਸਾਲਾਨਾ ਤੀਆਂ ਦਾ ਮੇਲਾ ਅੱਜ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਇਥੋਂ ਨੇੜੇ ਪਿੰਡ ਬੱਬਰੀ ਨੰਗਲ ਵਿਖੇ ਸਾਲਾਨਾ ਤੀਆਂ ਦਾ ਮੇਲਾ 3 ਅਗਸਤ ਦਿਨ ਐਤਵਾਰ ਨੂੰ ਸ਼ਾਮ 4 ਵਜੇ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਪਿੰਡ ਦੀ ਸਰਪੰਚ ਸੁਖਦੇਵ ਕੌਰ ਅਤੇ ਆਮ ਆਦਮੀ ਪਾਰਟੀ ਬਲਾਕ ਪ੍ਰਧਾਨ ਹਿੱਤਪਾਲ ਸਿੰਘ ਗਿੱਲ ਨੇ ਦੱਸਿਆ ਇਸ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਅਤੇ ਵਿਸ਼ੇਸ਼ ਮੁੱਖ ਮਹਿਮਾਨ ਦੇ ਤੌਰ 'ਤੇ ਜ਼ਿਲ੍ਹਾ ਮੀਡੀਆ ਇੰਚਾਰਜ ਮੁੱਖਦੇਵ ਸਿੰਘ ਆਲੋਵਾਲ ਸਾਮਲ ਹੋਣਗੇ। ਇਸ ਮੌਕੇ ਪਿੰਡ ਦੇ ਹੋਣਹਾਰ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

# ਐੱਸ ਸੀ ਕਮਿਸ਼ਨ ਵੱਲੋਂ ਐੱਸ ਐੱਸ ਪੀ ਤਲਬ

ਚੰਡੀਗੜ੍ਹ (ਗੁਰਜੀਤ ਬਿੱਲਾ) ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਇਕ ਮਾਮਲੇ ਵਿਚ ਸੀਨੀਅਰ ਸੁਪਰੀਟੈਂਡਟ ਆਫ਼ ਪੁਲਸ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਕੇਸ ਦੀ ਸੁਣਵਾਈ ਮੌਕੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਰਿਪੋਰਟ ਪੇਸ਼ ਕਰਨ ਦਾ ਹੁਕਮ ਦਿੱਤਾ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਡਾਕਟਰ ਸੰਦੀਪ ਕੌਰ, ਸਹਾਇਕ ਡਾਇਰੈਕਟਰ ਭੌਤਿਕ/ਆਡੀਓ ਫੋਰੈਂਸਿਕ ਸਾਇੰਸ ਲੈਬਾਰਟਰੀ, ਪੰਜਾਬ ਫੇਜ-4 ਮੁਹਾਲੀ ਜਿਲ੍ਹਾ ਐਸ ਏ ਐਸ ਨਗਰ ਨੇ 20 ਜਨਵਰੀ ਨੂੰ ਲਿਖਤੀ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਦੇ ਦਫਤਰ ਦੇ ਮੁਖੀ ਅਸ਼ਵਨੀ ਕਾਲੀਆ ਵੱਲੋਂ ਉਨ੍ਹਾਂ ਨੂੰ ਜਾਤੀ ਸੂਚਕ ਸ਼ਬਦ ਬੋਲੇ ਗਏ ਜਿਸ ਸੰਬੰਧੀ ਡਿਸਟ੍ਰਿਕਟ ਅਟਾਰਨੀ ਵਲੋਂ ਵੀ ਮਾਮਲਾ ਦਰਜ ਕਰਨ ਦੀ ਸਿਫਾਰਸ਼ ਕੀਤੀ ਗਈ ਹੈ ਪ੍ਰੰਤੂ ਇਸ ਸਬੰਧੀ ਪੁਲਸ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਵਿਚ ਅਗਲੀ ਸੁਣਵਾਈ 4 ਅਗਸਤ ਨੂੰ ਰੱਖੀ ਗਈ ਹੈ।

# ਕਲਾਸੀਫਾਈਡ ਇਸ਼ਤਿਹਾਰ


## ਆਮ ਸੂਚਨਾ

ਮੈਂ, ਅਮਰੀਕ ਕੌਰ ਪਤਨੀ ਲੇਟ ਦਰਬਾਰਾ ਸਿੰਘ ਵਾਸੀ ਮਕਾਨ ਨੰ. 7, ਗੁਰੂ ਰਾਮਦਾਸ ਨਗਰ, ਭਗਤਾਂਵਾਲਾ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੈਂ ਆਪਣੇ ਘਰ ਵਾਲੇ ਦਰਬਾਰਾ ਸਿੰਘ ਅਤੇ ਆਪਣੇ ਲੜਕੇ ਰਾਹੁਲ ਨੂੰ 7 ਸਾਲ ਪਹਿਲਾਂ ਬੇਦਖਲ ਕੀਤਾ ਸੀ ਅਤੇ ਮੇਰੇ ਘਰ ਵਾਲੇ ਦੀ ਮੌਤ ਹੋ ਚੁੱਕੀ ਹੈ ਅਤੇ ਮੇਰਾ ਲੜਕਾ ਰਾਹੁਲ ਹੁਣ ਸੁਧਰ ਗਿਆ ਹੈ। ਇਸ ਲਈ ਮੈਂ ਉਸ ਨੂੰ ਦਿੱਤੀ ਬੇਦਖਲੀ ਵਾਪਸ ਲੈ ਰਹੀ ਹਾਂ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਅਸੀ ਨਿਰਮਲ ਸਿੰਘ ਪੁੱਤਰ ਮਿਲਖਾ ਸਿੰਘ ਅਤੇ ਸਰਬਜੀਤ ਕੌਰ ਪਤਨੀ ਨਿਰਮਲ ਸਿੰਘ ਵਾਸੀ ਪਿੰਡ ਸ਼ਹਿਜਾਦਾ ਡਾਕਖਾਨਾ ਚਵਿੰਡਾ ਦੇਵੀ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਜੰਟ ਸਿੰਘ ਜੋ ਕਿ ਸਾਡੇ ਕਹਿਣੇ ਤੋ ਬਾਹਰ ਹੈ, ਉਸਦਾ ਵਤੀਰਾ ਸਾਡੇ ਨਾਲ ਬਹੁਤ ਮਾੜਾ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਅਸੀ ਉਸਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਸਾਡਾ ਅਤੇ ਸਾਡੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਸਤਨਾਮ ਸਿੰਘ ਪੁੱਤਰ ਦਿਆਲ ਸਿੰਘ ਵਾਸੀ ਤਖਾਣਬੱਧ, ਤਹਿਸੀਲ ਮੋਗਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਜੀਤ ਸਿੰਘ ਉਰਫ ਕਾਲਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਸਤਬੀਰ ਸਿੰਘ ਪੁੱਤਰ ਪ੍ਰੀਤਮ ਸਿੰਘ ਅਤੇ ਮਨਜੀਤ ਕੌਰ ਪਤਨੀ ਸਤਬੀਰ ਸਿੰਘ ਵਾਸੀਆਨ ਮਕਾਨ ਨੰ. 4430/20, ਕੋਟ ਭਗਤ ਸਿੰਘ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡੇ ਲੜਕੇ ਕਮਲਪ੍ਰੀਤ ਸਿੰਘ, ਉਸ ਦੀ ਪਤਨੀ ਅਜੀਜੁਲ ਕੌਰ ਅਤੇ ਹਰਮਨਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਹਰਮਨਜੋਤ ਕੌਰ ਅਤੇ ਉਨ੍ਹਾਂ ਦਾ ਬੇਟਾ ਅਵਗਤ ਸਿੰਘ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਸਵਿੰਦਰ ਸਿੰਘ ਪੁੱਤਰ ਕਾਹਨ ਸਿੰਘ ਅਤੇ ਨਿੰਦਰ ਕੌਰ ਪਤਨੀ ਸਵਿੰਦਰ ਸਿੰਘ ਵਾਸੀਆਨ ਮਕਾਨ ਨੰ. 8203, ਗਲੀ ਨੰ. 4, ਸੁਲਤਾਨਵਿੰਡ ਰੋਡ, ਗੁਰੂ ਰਾਮਦਾਸ ਨਗਰ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਮੁਸਕਾਨ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਲਿਆ ਹੈ ਅਤੇ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੀਤ ਕੌਰ ਪਤਨੀ ਜਸਮੇਲ ਸਿੰਘ ਵਾਸੀ ਬਾਬਾ ਦੀਨ ਦਿਆਲ ਕਾਲੋਨੀ, ਵੇਰਕਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੇ ਲੜਕੇ ਸੁਖਵਿੰਦਰ ਸਿੰਘ ਨੇ ਆਪਣੀ ਮਰਜ਼ੀ ਨਾਲ ਦੂਸਰੀ ਸ਼ਾਦੀ ਰੱਜੀ ਨਾਲ ਕਰਵਾ ਲਈ ਹੈ। ਮੇਰਾ ਲੜਕਾ ਸੁਖਵਿੰਦਰ ਸਿੰਘ ਅਤੇ ਉਸ ਦੀ ਪਤਨੀ ਰੱਜੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਔਲਾਦ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਨੀਲਮ ਪਤਨੀ ਹਰਜੀਤ ਸਿੰਘ ਵਾਸੀ ਮਕਾਨ ਨੰ. 1829, ਟੀ-1, ਰਣਜੀਤ ਨਗਰ ਖਰੜ, ਐੱਸ ਏ ਐੱਸ ਨਗਰ, (ਮੋਹਾਲੀ) ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਕਰਨਵੀਰ ਸਿੰਘ ਅਤੇ ਉਸ ਦੀ ਪਤਨੀ ਲਵਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰੇਸ਼ਮ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਬਾਘਾ ਪੁਰਾਣਾ ਰੋਡ, ਨੇੜੇ ਬਰਾੜ ਹਸਪਤਾਲ , ਨਿਹਾਲ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਤਰਸੇਮ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਵਡਾਲਾ ਭਿੱਟੇਵੱਡ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਦੇਵ ਸਿੰਘ ਅਤੇ ਉਸ ਦੀ ਪਤਨੀ ਰਵੀ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਰਮਨ ਕੁਮਾਰ ਪੁੱਤਰ ਓਮ ਪਰਕਾਸ਼ ਵਾਸੀ 12/1535 ਸੁਲਤਾਨਵਿੰਡ ਰੋਡ, ਗੁਰੂ ਨਾਨਕਪੁਰਾ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਰਜਤ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਤਰਸੇਮ ਸਿੰਘ ਪੁੱਤਰ ਤੁਫੈਲ ਵਾਸੀ ਪਿੰਡ ਪਿੰਡੀ ਖੇਰ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਲਵਪ੍ਰੀਤ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੀ ਕਰਨੀ/ਕਥਨੀ ਦਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ। (ਬਹਿਲ)

ਮੈਂ, ਸੁਖਦੇਵ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਥੋਥੀਆਂ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੰਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਵਾਰ ਉਸ ਦੀ ਕਿਸੇ ਕਥਨੀ-ਕਰਨੀ ਅਤੇ ਲੈਣ-ਦੇਣ ਦਾ ਜ਼ਿੰਮੇਵਾਰ ਨਹੀਂ ਹੋਵੇਗਾ।

ਮੈਂ, ਕੰਵਲਜੀਤ ਕੌਰ ਪਤਨੀ ਰਵਿੰਦਰ ਸਿੰਘ ਵਾਸੀ ਚਮਿਆਰੀ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੇ ਭਣੇਵਾਂ ਜਸ਼ਨਦੀਪ ਸਿੰਘ ਦੀ ਮਾਤਾ ਗੁਰਪ੍ਰੀਤ ਕੌਰ ਉਰਫ ਪਿੰਕੀ ਦਾ ਦੇਹਾਂਤ ਹੋ ਚੁੱਕਾ ਹੈ। ਮੇਰਾ ਭਣੇਵਾਂ ਮੇਰੇ ਕਹਿਣੇ ਵਿੱਚ ਨਹੀਂ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਾਜਾ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਮਕਾਨ ਨੰ. 1814 ਹਿੰਮਤਪੁਰਾ, O/s Gilwali Gate ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੇ ਭਣੇਵੇਂ ਜਸ਼ਨਦੀਪ ਸਿੰਘ ਦੀ ਮਾਤਾ ਗੁਰਪ੍ਰੀਤ ਕੌਰ ਉਰਫ ਪਿੰਕੀ ਦਾ ਦੇਹਾਂਤ ਹੋ ਚੁੱਕਾ ਹੈ। ਮੇਰਾ ਭਣੇਵਾਂ ਜਸ਼ਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਮਨਜੀਤ ਸਿੰਘ ਪੁੱਤਰ ਸਵਿੰਦਰ ਸਿੰਘ ਅਤੇ ਅਮਰਜੀਤ ਕੌਰ ਪਤਨੀ ਮਨਜੀਤ ਸਿੰਘ ਵਾਸੀਆਨ ਗੰਡੀਵਿੰਡ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦੇ ਹਾਂ ਕਿ ਸਾਡੇ ਲੜਕੇ ਕੈਪਟਨ ਸਿੰਘ ਨੇ ਆਪਣੀ ਮਰਜ਼ੀ ਨਾਲ ਦੂਸਰਾ ਵਿਆਹ ਮਨਦੀਪ ਕੌਰ ਨਾਲ ਕਰਵਾ ਲਿਆ ਹੈ। ਸਾਡਾ ਲੜਕਾ ਕੈਪਟਨ ਸਿੰਘ ਅਤੇ ਉਸ ਦੀ ਦੂਸਰੀ ਪਤਨੀ ਮਨਦੀਪ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## Lost & Found

I,Dalbir Singh Kamboj S/O Bhan Singh R/O H.No.461,Diamond Avenue,Majitha Road,Amritsar inform that old registry of my house half part of ownership named mine and half part of ownership named my wife kuldeep Kaur Total Area 504 Sq yards Khasra No.127/22,Vakia Rakba Village Naushera Distt. Amritsar, Vasika No.4111,Jiad Bahi No.1, Jild No.995,Safa No.66 has been lost on 25.07.2025.Its GD is submitted on 2.08.25 at PS Majitha Road, Amritsar.Its G.D.No.is 022.

## Change of Name

I, Gurinderpal Singh Thind S/O Dilbag Singh VPO. Thatta Nawan, Thsil Sultanpur Lodhi, District. Kapurthala Punjab, have changed my name from Gurinderpal Singh Thind to Gurinderpal Singh. Concerned note.

I, Rashpal Singh Jhabbal S/o Darshan Singh R/o Ward No.12 Jyoti School Street Moga Road Kotkapura Faridkot have changed my name to Rashpal Singh

I, Simerjit Singh S/o Bhupinder Singh R/o 27-A, Kennedy Enclave, Albert Road, Amritsar have declare that Simerjit is my Given name and Singh is my Given name

I, Sunil Kumar Kakkar @ Sunil Kakkar S/o Ram Pal Kakkar R/o EG 965-A, Mohalla Gobindgarh, Jalandhar City have changed my name from Sunil Kumar Kakkar @ Sunil Kakkar to Sunil Kakkar. All concerned please note.

I, Roop Lal S/o Sh. Malooka Ram R/o Moh.Ramdaspur V.P.O. Alawalpur Teh. & Distt. Jalandhar (Pb.)-144301 declare that name of my father has been wrongly written as Malooka Ram Sehgal in my Passport the actual name of my father is Malooka Ram for all Futuer purpose. All Concerned please note.

I, Jaga Ram S/o Sh. Haria Ram R/o Bagrian, Tehsil Bholath, Distt. Kapurthala, have changed my name from Jaga Ram to Jagga Ram. Please note. (12344)

I, Jaswant Singh Wahla S/o Sewa Singh R/o Vill. Mamrai, Tehsil Batala, Distt. Gurdaspur, Punjab have changed my name from Jaswant Singh Wahla to Jaswant Singh. Concerned Note.

I, Sharanjeet Kaur Wahla W/o Sarabjit Singh R/o Vill. Mamrai, Tehsil Batala, Distt. Gurdaspur, Punjab have changed my name from Sharanjeet Kaur Wahla to Sagandeep Kaur. Concerned Note.

I, Rajinder Singh S/o Subag Singh R/o VPO Udhowali Khurd, Tehsil Dera Baba Nanak District Gurdaspur have declare that Rajinder is my Given name and Singh is my Surname

I, Manjeet Kaur W/o Chanan Singh R/o Kale Road, Near Gayitri Mandir, Raj Avenue, Chheharta, Amritsar have changed my name from Manjeet Kaur to Manjit Kaur

I, Devinder Kaur W/o Narinder Singh R/o V.P.O. Ghot Pokhar, Distt. Gurdaspur, Punjab, India, have changed my name from Devinder Kaur to Davinder Kaur

I, Paramjit Kaur W/o Satnam Singh R/o Vill. Alamgir, Kala Sanghian, Teh. & Distt. Kapurthala, Punjab, India have changed my name from Kanwaljit Kaur to Paramjit Kaur. All please note.

I, Prem Lal Rattu S/o Narayan Dass R/o V.P.O. Budhiana, Jalandhar, have changed my name from Prem Lal Rattu to Prem Lal. Please note. (12343)


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਯੁੱਧ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਨਸ਼ਾ ਤਸਕਰ ਦੀ ਪ੍ਰਾਪਰਟੀ ਕੀਤੀ ਫਰੀਜ਼

**ਗੁਰਾਇਆ (ਬਿੰਦਰ ਸੁਮਨ)**- ਗੁਰਾਇਆ ਪੁਲਸ ਵੱਲੋਂ 68-ਐਂਚ ਐਨ ਡੀ ਪੀ ਐਸ ਐਕਟ ਤਹਿਤ ਕਾਰਵਾਈ ਕਰਦੇ ਹੋਏ ਇੱਕ ਨਸ਼ਾ ਤਸਕਰ ਦੀ ਪ੍ਰਾਪਰਟੀ ਫਰੀਜ਼ ਕਰਾਉਣ ਵਿੱਚ ਕਾਮਯਾਬੀ ਕਰਾਉਣ ਲਈ ਕੇਸ ਤਿਆਰ ਕਰਕੇ ਕੰਪੀਟੈਂਟ ਅਥਾਰਟੀ ਦਿੱਲੀ ਨੂੰ ਭੇਜਿਆ ਗਿਆ ਸੀ। ਜਿਨ੍ਹਾਂ ਵੱਲੋਂ ਉਕਤ ਕੇਸ ਨੂੰ ਮਨਜ਼ੂਰ ਕਰਕੇ ਜਗੀਰੋ ਪਤਨੀ ਜੋਗਾ ਰਾਮ ਵਾਸੀ ਮੁਹੱਲਾ ਲਾਂਗੜੀਆ ਗੁਰਾਇਆ



ਥਾਣਾ ਗੁਰਾਇਆ ਜ਼ਿਲ੍ਹਾ ਜਲੰਧਰ ਦੀ ਪ੍ਰਾਪਰਟੀ ਜਿਸ ਦੀ ਕੀਮਤ 70,70,150 ਰੁਪਏ ਨੂੰ ਫਰੀਜ਼ ਕਰਨ ਦਾ ਹੁਕਮ ਫੁਰਮਾਇਆ। ਜਿਸ ਤੇ ਇੰਸਪੈਕਟਰ ਸਿਕੰਦਰ ਸਿੰਘ ਵਿਰਕ ਮੁੱਖ ਅਫਸਰ ਥਾਣਾ ਗੁਰਾਇਆ ਜ਼ਿਲ੍ਹਾ ਜਲੰਧਰ ਦਿਹਾਤੀ ਵੱਲੋਂ ਪੁਲਸ ਪਾਰਟੀ ਦੇ ਜਗੀਰੋ ਪਤਨੀ ਜੋਗਾ ਦੇ ਘਰ ਪੁੱਜ ਕੇ ਕੰਪੀਟੈਂਟ ਅਥਾਰਟੀ ਦਿੱਲੀ ਵੱਲੋਂ ਜਾਰੀ ਕੀਤੇ ਹੁਕਮਾਂ ਦੀ ਕਾਪੀ ਨੂੰ ਹਾਸਲ ਕੀਤੀ ਹੈ। ਇਸ ਸਬੰਧੀ ਥਾਣਾ ਗੁਰਾਇਆ ਮੁਖੀ ਇੰਸਪੈਕਟਰ ਸਿਕੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿੱਢੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕਰਦੇ ਹੋਏ ਜਗੀਰੋ ਪਤਨੀ ਜੋਗਾ ਰਾਮ ਵਾਸੀ ਮੁਹੱਲਾ ਲਾਂਗੜੀਆ ਗੁਰਾਇਆ, ਥਾਣਾ ਗੁਰਾਇਆ ਜ਼ਿਲ੍ਹਾ ਜਲੰਧਰ ਦੀ ਪ੍ਰਾਪਰਟੀ ਫਰੀਜ਼ ਲਗਵਾਇਆ ਗਿਆ ਅਤੇ ਸੰਬੰਧਤ ਨੂੰ ਜਾਣੂ ਕਰਵਾਇਆ ਗਿਆ। ਜਗੀਰੋ ਦੇ ਖਿਲਾਫ ਐਨ.ਡੀ.ਪੀ.ਐਸ. ਐਕਟ ਤਹਿਤ 5 ਮੁਕੱਦਮੇ ਦਰਜ ਰਜਿਸਟਰ ਹਨ ਅਤੇ ਇਸ ਦੇ ਲੜਕੇ ਵਿਜੇ ਕੁਮਾਰ ਖਿਲਾਫ 10 ਮੁਕੱਦਮੇ ਦਰਜ ਰਜਿਸਟਰ ਹਨ ਜੋ ਇਹਨਾਂ ਨੇ ਨਸ਼ੇ ਦਾ ਕਾਰੋਬਾਰ ਕਰਕੇ ਉਕਤ ਪ੍ਰਾਪਰਟੀ ਬਣਾਈ ਸੀ।

## ਹਕੂਮਤਪੁਰ 'ਚ ਮੀਂਹ ਨਾਲ ਹੋਇਆ ਜਲ-ਥਲ

### ਘਰਾਂ 'ਚ ਚਾਰ ਫੁੱਟ ਤੱਕ ਪਾਣੀ ਆ ਵੜਿਆ

**ਮਾਹਿਲਪੁਰ (ਸਫਰੀ)**- ਪਿੰਡ ਹਕੂਮਤਪੁਰ 'ਚ ਸਰਕਾਰੀ ਪ੍ਰਾਇਮਰੀ/ਐਲੀਮੈਂਟਰੀ ਸਮਾਰਟ ਸਕੂਲ ਅਤੇ ਪਿੰਡ 'ਚ ਲਗਾਤਾਰ ਭਾਰੀ ਬਾਰਸ਼ ਦੌਰਾਨ ਘਰਾਂ 'ਚ ਤਿੰਨ ਤੋਂ ਚਾਰ



ਚਾਰ ਫੁੱਟ ਪਾਣੀ ਵੜ ਗਿਆ। ਲੋਕ ਚਾਹ ਪਾਣੀ ਰੋਟੀ ਪਕਾਉਣ ਤੋਂ ਵੀ ਅੱਖੋ ਹੋ ਗਏ। ਪਿੰਡ ਵਾਸੀਆਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਬਿਮਾਰੀ ਫੈਲਣ ਦਾ ਖ਼ਤਰਾ ਬਣਿਆ ਹੋਇਆ ਹੈ। ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਨਹੀਂ ਪਹੁੰਚਿਆ।ਪਿੰਡ ਦੇ ਸਰਪੰਚ ਸੂਰਜ ਪ੍ਰਕਾਸ਼, ਪੰਚ ਸੁਖਵੀਰ ਸਿੰਘ, ਹਰਜਿੰਦਰ ਸਿੰਘ, ਗੁਰਨਾਮ ਸਿੰਘ,ਨਰਿੰਦਰ ਸਿੰਘ, ਕਮਲਜੀਤ ਕੌਰ, ਜਸਵਿੰਦਰ ਕੌਰ, ਹਰਬੰਸ ਕੌਰ,ਨਿੰਦਰ ਕੌਰ, ਕੁਲਵਿੰਦਰ ਸਿੰਘ ਸਾਬਕਾ ਸਰਪੰਚ, ਜਸਪਾਲ ਸਿੰਘ, ਅਮਨਦੀਪ ਸਿੰਘ ਅਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਲਗਾਤਾਰ ਮੀਂਹ ਪੈਣ ਨਾਲ ਪਿੰਡ ਨੰਗਲ,ਖੇੜਾ ਖੇਤਾਂ ਦਾ ਪਾਣੀ ਪ੍ਰਧਾਨ ਮੰਤਰੀ ਸਕੀਮ ਤਹਿਤ ਈਸਪੁਰ ਤੋਂ ਪਾਲਦੀ ਤੱਕ ਨਵੀ ਬਣੀ ਸੜਕ ਉੱਚੀ ਹੋਣ ਕਰਕੇ ਪਿਛਲੇ ਪਿੰਡਾਂ ਦਾ ਪਾਣੀ ਸੜਕ ਦੇ ਇਕ ਪਾਸੇ ਰੁਕ ਗਿਆ। ਜਿਸ ਕਰਕੇ ਇਹ ਪਾਣੀ ਪਿੰਡ ਵਾਸੀਆਂ ਦੇ ਘਰਾਂ ਵਿੱਚ ਵੜ ਗਿਆ ਅਤੇ ਲੋਕਾਂ ਦਾ ਬਹੁਤ ਨੁਕਸਾਨ ਹੋ ਗਿਆ।ਲੋਕਾਂ ਦਾ ਕਹਿਣਾ ਹੈ ਕਿ ਪਹਿਲਾਂ ਕਦੇ ਵੀ ਇਸ ਤਰਾਂ ਦੀ ਨੌਬਤ ਨਹੀਂ ਆਈ ਪਰ ਹੁਣ ਖੇਤਾਂ 'ਚੋਂ ਵੱਡੀਆਂ ਵੱਡੀਆਂ ਵੱਟਾਂ ਪਾਉਣ ਕਰਕੇ ਲੋਕਾਂ ਦੇ ਘਰਾਂ 'ਚ ਪਾਣੀ ਦਾਖ਼ਲ ਹੋ ਗਿਆ ਹੈ।ਸਕੂਲ ਦੇ ਟੀਚਰਾਂ ਨੇ ਦੱਸਿਆ ਕਿ ਸਕੂਲ 'ਚ ਤਿੰਨ,ਚਾਰ ਫੁੱਟ ਪਾਣੀ ਖੜ੍ਹਾ ਹੋਣ ਕਰਕੇ ਸਕੂਲ ਦਾ ਰਿਕਾਰਡ ਵੀ ਖ਼ਰਾਬ ਹੋ ਗਿਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਨਵੀਆਂ ਬਣਾਈਆਂ ਸੜਕਾਂ 'ਚ ਓਵਰ ਫਲੋ ਪੁਲੀਆਂ ਬਣਾਈਆਂ ਜਾਣ।

## ਹੁਣ ਸਕੂਲਾਂ ਤੋਂ ਸ਼ੁਰੂ ਹੋਵੇਗਾ ਨਸ਼ਿਆਂ ਵਿਰੁੱਧ ਜੰਗ ਦਾ ਨਵਾਂ ਅਧਿਆਏ : ਮੋਹਿੰਦਰ ਭਗਤ

**ਜਲੰਧਰ (ਸ਼ੈਲੀ ਐਲਬਰਟ)** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਨੂੰ ਹੋਰ ਮਜ਼ਬੂਤ ਬਣਾਉਂਦੇ ਹੋਏ ਹੁਣ ਸਕੂਲਾਂ ਵਿੱਚ ਵੀ ਨਸ਼ਾ ਵਿਰੋਧੀ ਜਾਗਰੂਕਤਾ ਸਿੱਖਿਆ ਲਾਗੂ ਕੀਤੀ ਗਈ ਹੈ। ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਨੇ 9ਵੀਂ ਤੋਂ 12ਵੀਂ ਤੱਕ ਲਗਭਗ 8 ਲੱਖ ਵਿਦਿਆਰਥੀਆਂ ਲਈ ਨਵਾਂ ਨਸ਼ਾ ਵਿਰੋਧੀ ਸਿਲੇਬਸ ਤਿਆਰ ਕੀਤਾ ਹੈ, ਜੋ ਵਿਦਿਆਰਥੀਆਂ ਨੂੰ ਸਿਰਫ ਪੜ੍ਹਾਏਗਾ ਹੀ ਨਹੀਂ, ਸਗੋਂ ਉਨ੍ਹਾਂ ਲਈ ਇੱਕ ਸੁਰੱਖਿਆ ਕਵਚ ਵਾਂਗ ਕੰਮ ਵੀ ਕਰੇਗਾ।ਮੋਹਿੰਦਰ ਭਗਤ ਨੇ ਕਿਹਾ ਕਿ ਇਹ ਕੋਸ਼ਿਸ਼ ਨੌਜਵਾਨਾਂ ਨੂੰ ਨਸ਼ਿਆਂ ਦੇ ਖਤਰੇ ਤੋਂ



ਬਚਾਉਣ ਵੱਲ ਇਕ ਵੱਡਾ ਕਦਮ ਹੈ। ਉਨ੍ਹਾਂ ਨੇ ਕਿਹਾ, 'ਇਹ ਸਿਲੇਬਸ ਵਿਦਿਆਰਥੀਆਂ ਦੇ ਮਨ, ਸਰੀਰ ਅਤੇ ਵਿਵਹਾਰ ਨੂੰ ਨਸ਼ਿਆਂ ਦੇ ਪ੍ਰਭਾਵ ਤੋਂ ਬਚਾਉਣ ਲਈ ਤਿਆਰ ਕੀਤਾ ਗਿਆ ਹੈ।ਇਹ ਸਿਰਫ ਸਿੱਖਿਆ ਨਹੀਂ, ਇਕ ਢਾਲ ਹੈ, ਜੋ ਸਾਡੇ, ਤੁਹਾਡੇ ਅਤੇ ਸਾਰੇ ਪੰਜਾਬ ਦੇ ਭਵਿੱਖ ਨੂੰ ਸੁਰੱਖਿਅਤ ਬਣਾਏਗੀ।' ਉਨ੍ਹਾਂ ਨੇ ਕਿਹਾ ਕਿ ਇਹ ਸਿਲੇਬਸ ਵਿਦਿਆਰਥੀਆਂ ਨੂੰ ਨੈਤਿਕ ਮੁੱਲ, ਨਸ਼ਿਆਂ ਦੇ ਨੁਕਸਾਨਦੇਹ ਪ੍ਰਭਾਵ ਅਤੇ ਆਪਣੀ ਜ਼ਿੰਦਗੀ ਨੂੰ ਠੀਕ ਢੰਗ ਨਾਲ ਚੁਣਨ ਲਈ ਪ੍ਰੇਰਿਤ ਕਰੇਗਾ।ਉਨ੍ਹਾਂ ਨੇ ਮਾਪਿਆਂ, ਅਧਿਆਪਕਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਜੰਗ ਵਿੱਚ ਸਰਕਾਰ ਦਾ ਸਾਥ ਦੇਣ ਅਤੇ ਨਸ਼ਾ ਵਿਰੋਧੀ ਮੁਹਿੰਮ ਨੂੰ ਇੱਕ ਜਨ ਅੰਦੋਲਨ ਬਣਾਉਣ।

## ਧਰਤੀ 'ਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾ ਕੇ ਪਾਲਣ ਪੋਸ਼ਣ ਕਰੋ : ਢਿੱਲੋਂ

**ਕਾਲਾ ਸੰਘਿਆਂ (ਮਨਜੀਤ ਮਾਨ)**- ਅੱਜ-ਕੱਲ੍ਹ ਪ੍ਰਦੂਸ਼ਣ ਦੀ ਸਮੱਸਿਆ ਬਹੁਤ ਵੱਧ ਗਈ ਹੈ, ਪ੍ਰਦੂਸ਼ਣ ਦੀ ਸਮੱਸਿਆ ਵਧਣ ਦੇ



ਕਾਰਨ ਮਨੁੱਖ ਅਤੇ ਪਸ਼ੂ ਪੰਛੀ ਵੀ ਇਸ ਤੋਂ ਪ੍ਰਭਾਵਿਤ ਹੋ ਰਹੇ ਹਨ। ਧਰਤੀ ਦਾ ਵਾਤਾਵਰਣ ਗੰਧਲਾ ਹੋ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਮਾਜ ਸੇਵੀ ਤੇ ਵਾਤਾਵਰਣ ਪ੍ਰੇਮੀ ਬਲਜੀਤ ਸਿੰਘ ਢਿੱਲੋਂ ਸਿਟੀ ਪ੍ਰਧਾਨ ਆਪ ਨੇ ਕੀਤਾ। ਉਨ੍ਹਾਂ ਦੱਸਿਆ ਕਿ ਰੁੱਖਾਂ ਦੀ ਕਟਾਈ ਕਾਰਨ ਧਰਤੀ ਦਾ ਤਾਪਮਾਨ ਦਿਨੋਂ ਦਿਨ ਵਧਦਾ ਜਾ ਰਿਹਾ ਹੈ। ਉਨ੍ਹਾਂ ਸਮੂਹ ਸਮਾਜ ਸੇਵੀ ਕਲੱਬਾਂ ਅਤੇ ਸਮਾਜ ਵਿਚ ਰਹਿੰਦੇ ਹਰ ਵਰਗ ਨੂੰ ਅਪੀਲ ਕੀਤੀ ਕਿ ਉਹ ਧਰਤੀ ਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਰੁੱਖ ਵੱਧ ਤੋਂ ਵੱਧ ਲਾਵਾ ਕੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਨ।

## ਸ ਹ ਸ ਨੈਣੋਵਾਲ ਜੱਟਾਂ ਸਕੂਲ 'ਚ ਨਸ਼ੇ ਵਿਰੁੱਧ ਜਾਗਰੂਕਤਾ ਮੁਹਿੰਮ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਸਰਕਾਰੀ ਸਕੂਲ ਸਹਸ ਨੈਣੋਵਾਲ ਜੱਟਾਂ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਤਹਿਤ ਵਿਦਿਆਰਥੀਆਂ ਅਤੇ ਸਮੂਹ ਅਧਿਆਪਕ ਸਟਾਫ ਨੇ ਨਸ਼ਿਆਂ ਦੇ ਖ਼ਿਲਾਫ਼ ਜ਼ਿੰਦਗੀ ਭਰ ਲੜਾਈ ਲੜਨ ਦਾ ਪ੍ਰਣ ਲਿਆ।ਸਕੂਲ ਇੰਚਾਰਜ ਸ੍ਰੀਮਤੀ ਮੋਨਿਕਾ ਰਤਨ ਅਤੇ ਰਾਜ ਕੁਮਾਰ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਨੁਕਸਾਨ ਬਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਸਮਾਜ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਦੱਸਿਆ ਕਿ ਨਸ਼ਾ ਸਿਰਫ਼ ਵਿਅਕਤੀਕਤ ਜੀਵਨ ਹੀ ਨਹੀਂ, ਪਰਵਾਰ ਅਤੇ ਪੂਰੇ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ।ਇਸ ਮੌਕੇ ਗੁਰਜੀਤ ਸਿੰਘ, ਸ੍ਰੀਮਤੀ ਮੀਨਾ ਕੁਮਾਰੀ, ਸਿਮਰਨਜੀਤ ਸਿੰਘ, ਕਮਲਦੀਪ ਮਠਾਰੂ, ਸ੍ਰੀਮਤੀ ਸਿਪੀ ਜੀਤ, ਸ੍ਰੀਮਤੀ ਸੁਸ਼ਮਾ ਰਾਣੀ ਅਤੇ ਸ੍ਰੀਮਤੀ ਨਿਧੀ ਧਵਨ ਵਰਗੇ ਅਧਿਆਪਕ ਵੀ ਹਾਜ਼ਰ ਰਹੇ। ਸਭ ਨੇ ਮਿਲ ਕੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਹੋਰਾਂ ਨੂੰ ਵੀ ਇਸ ਬਾਰੇ ਜਾਗਰੂਕ ਕਰਨ ਦੀ ਅਪੀਲ ਕੀਤੀ। ਵਿਦਿਆਰਥੀਆਂ ਵੱਲੋਂ ਪੋਸਟਰ ਬਣਾਕੇ, ਨਾਟਕ ਰਾਹੀਂ ਅਤੇ ਨਾਅਰੇ ਲਗਾ ਕੇ ਨਸ਼ੇ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕੀਤੀ ਗਈ। ਸਕੂਲ ਪਰਿਸਰ ਵਿਚ ਨਸ਼ਾ ਵਿਰੋਧੀ ਪੋਸਟਰ ਅਤੇ ਸੂਚਨਾਵਾਂ ਵੀ ਲਗਾਈਆਂ ਗਈਆਂ।ਇਹ ਪ੍ਰੋਗ੍ਰਾਮ ਨਾ ਸਿਰਫ਼ ਨਸ਼ਿਆਂ ਤੋਂ ਦੂਰੀ ਬਣਾਈ ਰੱਖਣ ਦੇ ਸੰਕਲਪ ਲਈ ਸੀ, ਸਗੋਂ ਸਮਾਜ ਵਿੱਚ ਇੱਕ ਸਿਹਤਮੰਦ ਅਤੇ ਨਸ਼ਾ ਮੁਕਤ ਵਾਤਾਵਰਣ ਬਣਾਉਣ ਵੱਲ ਇਕ ਨਿਰੀਕਸ਼ਣਸ਼ੀਲ ਕਦਮ ਸੀ।

## ਸਰਕਾਰ ਦੀ ਧੱਕੇਸ਼ਾਹੀ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ : ਮਲਕੀਤ ਚੁੰਬਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਨੇ ਕਿਹਾ ਕਿ ਲੈਂਡ ਪੂਲਿੰਗ ਪਾਲਿਸੀ ਨੂੰ ਲੈ ਕੇ ਜਿਥੇ ਸਰਕਾਰ ਆਪਣੀ ਪਿੱਠ ਥਾਪੜ ਰਹੀ ਉਥੇ ਹੀ ਲੈਂਡ ਪੂਲਿੰਗ ਪਾਲਿਸੀ ਦਾ ਪੰਜਾਬ ਵਿੱਚ ਜ਼ਬਰਦਸਤ ਵਿਰੋਧ ਹੋ ਰਿਹਾ



ਇਹ ਪਾਲਿਸੀ ਖੇਤੀਬਾੜੀ ਦੇ ਤਿੰਨ ਕਾਲੇ ਕਨੂੰਨਾਂ ਦੀ ਕਾਪੀ ਏ ਜਿਸ ਦਾ ਵਿਰੋਧ ਆਮ ਆਦਮੀ ਪਾਰਟੀ ਦੇ ਲੀਡਰ ਕਿਸਾਨਾਂ ਦੇ ਧਰਨਿਆਂ ਵਿੱਚ ਬੈਠ ਕੇ ਕਰਦੇ ਰਹੇ ਅੱਜ ਉਹ ਹੀ ਲੀਡਰ ਰਾਜ ਸੱਤਾ ਵਿੱਚ ਆ ਕੇ ਧੱਕੇਸ਼ਾਹੀ ਨਾਲ ਕਿਸਾਨਾਂ ਤੋਂ ਜ਼ਮੀਨਾਂ ਖੋਹਣ ਦਾ ਕੰਮ ਕਰ ਰਹੇ ਹਨ ਅੱਜ ਹਰ ਵਰਗ ਨੂੰ ਚਾਹੀਦਾ ਹੈ ਕਿ ਲੈਂਡ ਪੂਲਿੰਗ ਪਾਲਿਸੀ ਦਾ ਵਿਰੋਧ ਕਰਨ ਤਾਂ ਜੋ ਪੰਜਾਬ ਅਤੇ ਕਿਸਾਨੀ ਨੂੰ ਬਚਾਇਆ ਜਾ ਸਕੇ। ਸਰਕਾਰ ਦੀ ਹਰ ਧੱਕੇਸ਼ਾਹੀ ਦਾ ਵਿਰੋਧ ਕੀਤਾ ਜਾਵੇਗਾ। ਪੰਜਾਬ ਦੇ ਕਿਸਾਨਾਂ ਤੇ ਹਰ ਵਰਗ ਦੇ ਲੋਕਾਂ ਨੂੰ ਅਪੀਲ ਕਰਦਿਆਂ ਮਲਕੀਤ ਚੁੰਬਰ ਨੇ ਕਿਹਾ ਕਿ ਉਹ ਬਹੁਜਨ ਸਮਾਜ ਪਾਰਟੀ ਵੱਲੋਂ ਪੰਜਾਬ ਸੰਭਾਲੋ ਮੁਹਿੰਮ ਦਾ ਹਿੱਸਾ ਬਣਨ ਜੋ ਸੰਵਿਧਾਨ ਵਿਰੋਧੀ ਤਾਕਤਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾ ਸਕੇ।

## ਸਾਰੇ ਐੱਨ ਪੀ ਐੱਸ ਕਰਮਚਾਰੀ ਹੁਣ ਬਿਨਾਂ ਵਿਕਲਪ ਚੁਣੇ ਵਾਧੂ ਰਾਹਤ ਦੇ ਯੋਗ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)** ਸੂਬਾ ਸਰਕਾਰ ਦੇ ਕਰਮਚਾਰੀਆਂ ਦੇ ਪਰਵਾਰਾਂ ਦੀ ਮਦਦ ਲਈ ਇੱਕ ਅਹਿਮ ਫ਼ੈਸਲੇ ਤਹਿਤ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਐਲਾਨ ਕੀਤਾ ਕਿ ਵਿੱਤ ਵਿਭਾਗ ਨੇ ਨਵੀਂ ਪੈਨਸ਼ਨ ਸਕੀਮ (ਐਨਪੀਐਸ) ਦੇ ਕਰਮਚਾਰੀਆਂ ਲਈ ਪਰਿਵਾਰਕ ਜਾਂ ਦਿਵਿਆਂਗਤਾ (ਇਨਵੈਲਿਡ) ਪੈਨਸ਼ਨ ਲੈਣ ਸੰਬੰਧੀ ਇੱਕ ਮੁੱਖ ਵਿਕਲਪ ਸ਼ਰਤ ਵਾਪਸ ਲੈ ਲਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਫ਼ੈਸਲੇ ਨੂੰ ਉਨ੍ਹਾਂ ਕਰਮਚਾਰੀਆਂ ਦੇ ਪਰਵਾਰਾਂ ਨੂੰ ਹੋਣ ਵਾਲੀ ਬੇਲੋੜੀ ਪ੍ਰੇਸ਼ਾਨੀ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਹੈ, ਜਿਨ੍ਹਾਂ ਦੀ ਸੇਵਾ ਦੌਰਾਨ ਮੌਤ ਹੋ ਜਾਵੇ, ਕਿਉਂਕਿ ਜ਼ਿਆਦਾਤਰ ਨੇ ਤਸਮੀ ਤੌਰ 'ਤੇ ਇਸ ਵਿਕਲਪ ਦੀ ਵਰਤੋਂ ਨਹੀਂ ਕੀਤੀ ਹੁੰਦੀ।ਇਸੇ ਜਾਰੀ ਇੱਕ ਪ੍ਰੈੱਸ ਬਿਆਨ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰ ਨੇ ਪਹਿਲਾਂ 8 ਅਕਤੂਬਰ 2021 ਦੇ ਵਿੱਤ ਵਿਭਾਗ ਦੇ ਨਿਰਦੇਸ਼ਾਂ ਰਾਹੀਂ ਐਨ ਪੀ ਐੱਸ ਕਰਮਚਾਰੀਆਂ ਨੂੰ, ਜੋ ਸੇਵਾ ਦੌਰਾਨ ਦਿਵਿਆਂਗ ਹੋ ਜਾਣ ਜਾਂ ਜਿਨ੍ਹਾਂ ਦੀ ਮੌਤ ਹੋ ਜਾਵੇ, ਪਰਿਵਾਰਕ ਜਾਂ ਦਿਵਿਆਂਗਤਾ (ਇਨਵੈਲਿਡ) ਪੈਨਸ਼ਨ ਦੇ ਰੂਪ ਵਿੱਚ ਵਾਧੂ ਰਾਹਤ ਦਿੱਤੀ ਸੀ। ਹਾਲਾਂਕਿ, ਇਨ੍ਹਾਂ ਨਿਰਦੇਸ਼ਾਂ ਦੀ ਸ਼ਰਤ 6 ਅਨੁਸਾਰ ਮੌਜੂਦਾ ਅਤੇ ਨਵੇਂ ਭਰਤੀ ਹੋਏ ਦੋਵਾਂ ਤਰ੍ਹਾਂ ਦੇ ਕਰਮਚਾਰੀਆਂ ਨੂੰ ਇੱਕ ਨਿਰਧਾਰਤ ਸਮੇਂ ਅੰਦਰ ਇਹ ਚੁਣਨਾ ਜ਼ਰੂਰੀ ਸੀ ਕਿ ਉਹ ਪਰਵਾਰਕ ਜਾਂ ਦਿਵਿਆਂਗਤਾ (ਇਨਵੈਲਿਡ) ਪੈਨਸ਼ਨ ਲੈਣਾ ਚਾਹੁੰਦੇ ਹਨ ਜਾਂ ਐੱਨ ਪੀ ਐੱਸ ਸਕੀਮ ਦੇ ਲਾਭ।ਉਨ੍ਹਾਂ ਕਿਹਾ ਕਿ ਇਸ ਸ਼ਰਤ ਨੇ ਉਨ੍ਹਾਂ ਪਰਵਾਰਾਂ ਲਈ ਬਹੁਤ ਮੁਸ਼ਕਲਾਂ ਪੈਦਾ ਕਰ ਦਿੱਤੀਆਂ ਸਨ, ਜੋ ਇਸ ਲੋੜ ਬਾਰੇ ਅਣਜਾਣ ਸਨ ਜਾਂ ਇਸ ਪ੍ਰਕਿਰਿਆ ਨੂੰ ਪੂਰਾ ਨਹੀਂ ਕਰ ਪਾਏ ਸਨ।ਵਿੱਤ ਮੰਤਰੀ ਨੇ ਕਿਹਾ ਕਿ ਇਸ ਸਮੱਸਿਆ ਨੂੰ ਠੀਕ ਕਰਨ ਲਈ ਵਿੱਤ ਵਿਭਾਗ ਨੇ 27 ਜੂਨ 2025 ਨੂੰ ਅਧਿਕਾਰਤ ਤੌਰ 'ਤੇ ਨਿਰਦੇਸ਼ਾਂ ਦੀ ਸ਼ਰਤ 6 ਨੂੰ ਹਟਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਇਹ ਫੈਸਲਾ, ਜੋ ਸ਼ੁਰੂ ਵਿੱਚ ਪੰਜਾਬ ਸਰਕਾਰ ਦੇ ਐੱਨ ਪੀ ਐੱਸ ਕਰਮਚਾਰੀਆਂ ਲਈ ਲਾਗੂ ਕੀਤਾ ਗਿਆ ਸੀ, ਹੁਣ ਬੋਰਡਾਂ, ਕਾਰਪੋਰੇਸ਼ਨਾਂ, ਜਨਤਕ ਖੇਤਰ ਦੇ ਅਦਾਰਿਆਂ (ਪੀਐੱਸਯੂ) ਅਤੇ ਸੂਬਾ ਖ਼ੁਦਮੁਖਤਿਆਰ ਸੰਸਥਾਵਾਂ (ਐੱਸਏਬੀ) ਦੇ ਐੱਨਪੀਐੱਸ ਕਰਮਚਾਰੀਆਂ ਨੂੰ ਵੀ ਸ਼ਾਮਲ ਕਰਨ ਲਈ ਵਧਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਇਹ ਯਕੀਨੀ ਬਣਾਇਆ ਗਿਆ ਹੈ ਕਿ ਐੱਨ ਪੀ ਐੱਸ ਅਧੀਨ ਸਾਰੇ ਕਰਮਚਾਰੀ ਹੁਣ ਰਸਮੀ ਤੌਰ 'ਤੇ ਵਿਕਲਪ ਦੀ ਵਰਤੋਂ ਕੀਤੇ ਬਿਨਾਂ ਇਸ ਵਾਧੂ ਰਾਹਤ ਦੇ ਯੋਗ ਹੋ ਸਕਣ।

## ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਈਸਪੁਰ, ਮੁਖਸੂਸਪੁਰ ਤੇ ਚੇਲਾ ਨੂੰ ਬੂਟੇ ਦਿੱਤੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਵੱਲੋਂ ਇਲਾਕਾ ਨਿਵਾਸੀਆਂ ਅਤੇ ਐਨ ਆਰ ਆਈ ਸੱਜਣਾਂ ਦੇ



ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਮਹਾਰਾਜ ਵੱਲੋਂ ਵਰਸਾਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਗੁਰੂ ਨਾਨਕ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਦੇ ਸਹਿਯੋਗ ਨਾਲ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ (ਰਜਿ.) ਅਜਨੋਹਾ ਵਲੋਂ ਪੰਜ ਬੂਟੇ ਮੋਟਰ 'ਤੇ ਮੁਹਿੰਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਈਸਪੁਰ, ਮੁਖਸੂਸਪੁਰ ਤੇ ਚੇਲਾ ਵਿੱਚ ਬੂਟੇ ਦਿੱਤੇ ਗਏ। ਇਸ ਮੌਕੇ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਪ੍ਰਿੰਸੀਪਲ ਸੁਖਵਿੰਦਰ ਸਿੰਘ ਸਿੱਧੂ ਭਾਮ, ਬੰਦਨਾ ਲੈਕਚਰਰ ਇਕਨੋਮਿਕ, ਹਰਜਿੰਦਰ ਸਿੰਘ ਪੋਲੀਟੀਕਲ ਸਾਇੰਸ, ਸੁਰਜੀਤ ਕੌਰ, ਇੰਦਰਪਾਲ ਕੌਰ, ਸੁਮਨ ਲਤਾ, ਮਨਪ੍ਰੀਤ ਕੌਰ ਕੈਂਪ ਮੈਨੇਜਰ ਜਸਵੀਰ ਸਿੰਘ, ਜੋਤ ਕੌਰ ਚੇਲਾ, ਹਰਜੀਤ ਸਿੰਘ ਈਸਪੁਰ, ਗੁਰਦਿਆਲ ਸਿੰਘ ਮੁਖਸੂਸਪੁਰ, ਰਵੀ ਸਿੰਘ, ਹਰਪ੍ਰੀਤ ਕੌਰ, ਕੁਲਵੰਤ ਕੌਰ, ਬਲਵੰਤ ਸਿੰਘ, ਰਣਜੀਤ ਕੌਰ, ਕੁਲਦੀਪ ਕੌਰ ਅਤੇ ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

## ਪੁਨਰਗਠਨ ਦੌਰਾਨ ਜੰਡਿਆਲਾ ਨੂੰ ਬਲਾਕ ਦਾ ਦਰਜਾ ਦਿੱਤੇ ਜਾਣ ਦੀ ਮੰਗ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪ੍ਰਵਾਸੀ ਪੰਜਾਬੀਆਂ ਦੀ ਬੈਲਟ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਉੱਘੇ ਅਰਥ ਸ਼ਾਸਤਰੀ ਸਰਦਾਰਾ ਸਿੰਘ ਜੌਹਲ ਦੇ ਜੱਦੀ ਪਿੰਡ ਜੰਡਿਆਲਾ ਨੂੰ ਬਲਾਕ ਦਾ ਦਰਜਾ ਦੇਣ ਦੀ ਮੰਗ ਜੋਰ-ਸ਼ੋਰ ਨਾਲ ਉੱਠੀ ਹੈ। ਕਾਬਲੇ ਗੌਰ ਹੈ ਕਿ ਜੰਡਿਆਲਾ ਪਹਿਲਾਂ ਹੀ ਸਿਹਤ ਬਲਾਕ ਹੈ ਅਤੇ ਇੱਥੇ ਸੀਨੀਅਰ ਮੈਡੀਕਲ ਅਫਸਰ ਬੈਠਦੇ ਹਨ। ਇੱਥੇ ਪੈਂਦੀ ਪੁਲਸ ਚੌਂਕੀ ਅਧੀਨ ਵੀ ਦਰਜਨ ਤੋਂ ਵੱਧ ਪਿੰਡ ਪੈਂਦੇ ਹਨ ਅਤੇ ਇਹ ਮੰਜਕੀ ਇਲਾਕੇ ਦਾ ਕੇਂਦਰ ਬਿੰਦੂ ਹੈ।ਪਿੰਡ ਜੰਡਿਆਲਾ ਵਿਧਾਨ ਸਭਾ ਹਲਕਾ ਜਲੰਧਰ ਛਾਉਣੀ ਅਧੀਨ ਪੈਂਦਾ ਹੈ ਜਦੋਂ ਕਿ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦਫਤਰ ਰੁੜਕਾ ਕਲਾਂ ਪੈਂਦਾ ਹੈ ਜੋ ਕਿ ਵਿਧਾਨ ਸਭਾ ਹਲਕਾ ਫਿਲੌਰ ਵਿੱਚ ਹੈ। ਜੰਡਿਆਲਾ ਦੀ ਸਬ ਤਹਿਸੀਲ ਨੂਰਮਹਿਲ ਹੈ ਜੋ ਕਿ ਵਿਧਾਨ ਸਭਾ ਹਲਕਾ ਨਕੋਦਰ ਦਾ ਹਿੱਸਾ ਹੈ।ਇਲਾਕੇ ਦੇ ਪਤਵੰਤਿਆਂ ਕਮਲਜੀਤ ਸਿੰਘ ਸਰਪੰਚ ਜੰਡਿਆਲਾ, ਮੱਖਣ ਪੱਲਣ ਸਾਬਕਾ ਸਰਪੰਚ ਜੰਡਿਆਲਾ, ਆਮ ਆਦਮੀ ਪਾਰਟੀ ਦੇ ਆਗੂ ਐਡਵੋਕੇਟ ਦਿਨੇਸ਼ ਲੱਖਣਪਾਲ, ਕਮਲਦੀਪ ਗਿੱਲ ਸਾਬਕਾ ਸਰਪੰਚ ਪੰਡੋਰੀ ਮੁਸ਼ਾਰਕਤੀ, ਜੰਡਿਆਲਾ ਲੋਕ ਭਲਾਈ ਮੰਚ ਦੇ ਜਨਰਲ ਸਕੱਤਰ ਤਰਸੇਮ ਸਿੰਘ,ਡਾਕਟਰ ਅਸ਼ੋਕ ਥਾਪਰ, ਨਰਿੰਦਰ ਗੋਗਨਾ ਜ਼ਿਲ੍ਹਾ ਉਪ ਪ੍ਰਧਾਨ ਆਪ ਟਰੇਡ ਵਿੰਗ,ਹਰਭੁਪਿੰਦਰਜੀਤ ਸਿੰਘ ਸਮਰਾ ਸਾਬਕਾ ਚੇਅਰਮੈਨ ਬਲਾਕ ਸੰਮਤੀ ਜਲੰਧਰ ਕੈਂਟ,ਮਨਦੀਪ ਸਿੰਘ ਸਮਰਾ ਸਾਬਕਾ ਸਰਪੰਚ, ਸਟੇਟ ਐਵਾਰਡੀ ਹਰਮੇਸ਼ ਲਾਲ, ਪੱਤਰਕਾਰ ਭਾਈਚਾਰੇ, ਸਮਾਜ ਸੇਵੀਆਂ ਅਤੇ ਇਲਾਕੇ ਭਰ ਦੇ ਲੋਕਾਂ ਦੀ ਮੰਗ ਹੈ ਕਿ ਸਿਆਸੀ ਘੁੰਮਣ ਘੇਰੀ ਵਿੱਚ ਫਸੇ ਜੰਡਿਆਲਾ ਨੂੰ ਬਲਾਕ ਬਣਾ ਕੇ ਅਹਿਮੀਅਤ ਦਿੱਤੀ ਜਾਣੀ ਚਾਹੀਦੀ ਹੈ।ਜੰਡਿਆਲਾ ਨੂੰ ਬਲਾਕ ਦਾ ਦਰਜਾ ਦੇ ਕੇ ਇਸ ਨਾਲ ਕਾਨੂੰਗੋ ਸਰਕਲ ਜੰਡਿਆਲਾ ਅਤੇ ਜਮਸ਼ੇਰ ਖਾਸ ਅਧੀਨ ਆਉਂਦੇ ਪਿੰਡ ਜੋੜੇ ਜਾ ਸਕਦੇ ਹਨ। ਇਸ ਨਾਲ ਪੇਂਡੂ ਖੇਤਰ ਦੇ ਇਹਨਾਂ ਪਿੰਡਾਂ ਨੂੰ ਸ਼ਹਿਰ ਵਿੱਚ ਜਾ ਕੇ ਖੱਜਲ ਖੁਆਰੀ ਤੋਂ ਨਿਜਾਤ ਮਿਲੇਗੀ।ਨਾਲ ਲੱਗਦੇ ਪਿੰਡ ਸਮਰਾਏ, ਸਰਹਾਲੀ, ਧਨੀ ਪਿੰਡ,ਦਾਦੂਵਾਲ, ਲਖਨਪਾਲ, ਪੰਡੋਰੀ ਮੁਸ਼ਾਰਕਤੀ, ਕੰਗਣੀਵਾਲ, ਧਾਲੀਵਾਲ, ਥਾਬਲਕੇ, ਭਾਰਦਵਾਜੀਆਂ, ਭੰਗਾਲਾ, ਬਤੂਰਾ ਆਦਿ ਦੋ ਇਕ ਤੋਂ ਚਾਰ ਕਿਲੋਮੀਟਰ ਦਾਇਰੇ ਵਿੱਚ ਆਉਂਦੇ ਹਨ ਦੇ ਕਈ ਪਤਵੰਤਿਆਂ ਨੇ ਵੀ ਬਲਾਕ ਜੰਡਿਆਲਾ ਬਣਾਏ ਜਾਣ ਦੀ ਮੰਗ ਕੀਤੀ ਹੈ।

## ਨਸ਼ੇ ਵਿਰੁੱਧ ਲੜਾਈ 'ਚ ਮੋਹਰੀ ਭੂਮਿਕਾ ਨਿਭਾਉਣ ਦਾ ਅਹਿਦ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਪੰਜਾਬ ਸਰਕਾਰ ਵਲੋਂ ਸੂਬੇ ਵਿਚੋਂ ਨਸ਼ੇ ਦੇ ਖ਼ਾਤਮੇ ਲਈ ਸ਼ੁਰੂ ਕੀਤੀ ਗਈ ਨਸ਼ਾ ਮੁਕਤੀ ਯਾਤਰਾ ਸੁਲਤਾਨਪੁਰ ਲੋਧੀ ਦੇ ਪਿੰਡ ਲਾਟ ਵਾਲਾ, ਲੋਧੀਵਾਲ, ਹਾਜੀਪੁਰ ਤੇ ਪਿੰਡ ਖਿਜ਼ਰਪੁਰ ਵਿਖੇ ਪੁੱਜੀ ਜਿੱਥੇ ਵੱਡੀ ਗਿਣਤੀ ਵਿੱਚ ਲੋਕਾਂ ਵਲੋਂ ਯਾਤਰਾ ਦੌਰਾਨ ਨਸ਼ੇ ਵਿਰੁੱਧ ਲੜਾਈ ਵਿੱਚ ਮੋਹਰੀ ਭੂਮਿਕਾ ਨਿਭਾਉਣ ਦਾ ਅਹਿਦ ਲਿਆ ਗਿਆ। ਅਰਜਨ ਐਵਾਰਡੀ ਤੇ ਚੇਅਰਮੈਨ ਨਗਰ ਸੁਧਾਰ ਟਰੱਸਟ ਕਪੂਰਥਲਾ ਸੱਜਣ ਸਿੰਘ ਚੀਮਾ ਨੇ ਨਸ਼ਾ ਮੁਕਤੀ ਯਾਤਰਾ ਦੌਰਾਨ ਲੋਕਾਂ ਨੂੰ ਨਸ਼ੇ ਵਿਰੁੱਧ ਲੜਾਈ ਦੀ ਸਹੁੰ ਚੁਕਾਈ। ਉਨ੍ਹਾਂ ਦੱਸਿਆ ਕਿ ਇਹ ਯਾਤਰਾ ਸੂਬੇ ਦੇ ਹਰ ਪਿੰਡ ਵਿਚ ਜਾ ਕੇ ਨਸ਼ੇ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਦਾ ਸੁਨੇਹਾ ਦੇਵੇਗੀ। ਉਨ੍ਹਾਂ ਕਿਹਾ ਕਿ ਇਹ ਯਾਤਰਾ ਪਿੰਡ- ਪਿੰਡ ਜਾ ਕੇ ਨਸ਼ੇ ਵਿਰੁੱਧ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ, ਜਿਸ ਲਈ ਲੋਕ ਵੀ ਇਸ ਮੁਹਿੰਮ ਵਿੱਚ ਵੱਡੀ ਭੂਮਿਕਾ ਨਿਭਾਉਣ। ਉਨਾਂ ਕਿਹਾ ਕਿ ਸੂਬੇ ਵਿੱਚੋ ਨਸ਼ਿਆਂ ਤੇ ਨਸ਼ਾ ਤਸਕਰਾਂ ਦੇ ਖਾਤਮੇ ਲਈ ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਪਿੰਡਾਂ ਦੇ ਪਹਿਰੇਦਾਰ ਵਜੋਂ ਕੰਮ ਕਰ ਕੇ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਫਸੇ ਲੋਕਾਂ ਦੇ ਇਲਾਜ ਤੇ ਪੁਨਰਵਾਸ ਲਈ ਸਰਕਾਰ ਦਾ ਸਹਿਯੋਗ ਕਰਨ ਤਾਂ ਜੋ ਨਸ਼ਾ ਪੀੜਤਾਂ ਨੂੰ ਤੰਦਰੁਸਤ ਕਰ ਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕੀਤਾ ਜਾ ਸਕੇ। ਇਸ ਮੌਕੇ ਪਿੰਡਾਂ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕਰਕੇ ਨਸ਼ਾ ਵਿਰੋਧੀ ਲਹਿਰ ਵਿਚ ਹਿੱਸੇਦਾਰ ਬਣਨ ਦਾ ਪ੍ਰਣ ਲਿਆ।

## ਅਜੇ ਮੰਗੂਪੁਰ ਦੀ ਅਗਵਾਈ ਹੇਠ ਹਲਕਾ ਬਲਾਚੌਰ ਵਿਖੇ ਮਿਲੀ ਕਾਂਗਰਸ ਨੂੰ ਮਜ਼ਬੂਤੀ

**ਬਲਾਚੌਰ (ਜਸਵਿੰਦਰ ਬੈਂਸ)** ਹਲਕਾ ਬਲਾਚੌਰ ਵਿਖੇ ਕਾਂਗਰਸ ਪਾਰਟੀ ਦੀਆਂ ਜੜ੍ਹਾਂ ਹੋ ਰਹੀਆਂ ਹੋਰ ਵੀ ਮਜ਼ਬੂਤ ਇਹੋ ਕਹਿਣਾ ਹੈ ਸ਼ਹੀਦ ਭਗਤ ਸਿੰਘ ਨਗਰ ਤੋਂ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦਾ। ਸੂਬੇ ਅੰਦਰ ਸੱਤਾਧਾਰੀ ਪਾਰਟੀ ਦੇ ਮਜ਼ਬੂਤ ਪ੍ਰਭਾਵ ਦੇ ਬਾਵਜੂਦ ਅਜੇ ਮੰਗੂਪੁਰ ਨੇ ਆਪਣੀ ਸਰਗਰਮੀ ਨਾਲ ਬਲਾਚੌਰ ਨੂੰ ਸਿਆਸੀ ਨਕਸ਼ੇ 'ਤੇ ਚਮਕਾਇਆ ਹੈ। ਉਨ੍ਹਾਂ ਦੀ ਅਗਵਾਈ 'ਚ ਕਾਂਗਰਸ ਪਾਰਟੀ ਨੇ ਨਵੇਂ ਵਰਕਰਾਂ ਅਤੇ ਆਗੂਆਂ ਨੂੰ ਸ਼ਾਮਲ ਕਰ ਪਾਰਟੀ ਦੀਆਂ ਜੜ੍ਹਾਂ ਨੂੰ ਵਧੇਰੇ ਮਜ਼ਬੂਤ ਕੀਤਾ ਹੈ।ਅਜੇ ਮੰਗੂਪੁਰ ਦੀ ਮਿਹਨਤ ਸਦਕਾ ਹੀ ਲੋਕ ਸੱਤਾਧਾਰੀ ਪਾਰਟੀ ਹੋਣ ਦੇ ਬਾਵਜੂਦ ਵੀ ਆਮ ਆਦਮੀ ਪਾਰਟੀ ਅਤੇ ਵੱਖ-ਵੱਖ ਪਾਰਟੀਆਂ ਨੂੰ ਦਰ ਕਿਨਾਰੇ ਕਰ ਕਾਂਗਰਸ ਉੱਤੇ ਵਿਸ਼ਵਾਸ ਜਤਾ ਰਹੇ ਹਨ।ਬੀਤੇ ਦਿਨੀ ਸ਼ਹਿਰ ਬਲਾਚੌਰ ਦੇ ਵੱਖ-ਵੱਖ ਆਪਣੇ ਸੈਂਕੜੇ ਸਾਥੀਆਂ ਸਮੇਤ ਜਿਨ੍ਹਾਂ ਵਿੱਚ ਪਰਮਜੀਤ ਕੌਰ ਪੰਮੀ ਪ੍ਰਧਾਨ ਮਹਿਲਾ ਵਿੰਗ ਸ਼ਹਿਰੀ, ਹਰਪ੍ਰੀਤ ਸਿੰਘ ਯੂਥ ਕਾਂਗਰਸ ਪ੍ਰਧਾਨ ਸ਼ਹਿਰੀ, ਰਾਕੇਸ਼ ਰਾਣੀ ਜਨਰਲ ਸੱਕਤਰ ਸ.ਭ.ਸ. ਨਗਰ, ਗੀਤਾ ਦੇਵੀ ਮੀਤ ਪ੍ਰਧਾਨ ਮਹਿਲਾ ਵਿੰਗ ਨੂੰ ਨਿਯੁਕਤੀ ਪੱਤਰ ਵੰਡੇ। ਇਸ ਮੌਕੇ ਵੀਰੋ ਦੇਵੀ, ਪਿਆਰਾ ਦੇਵੀ, ਵਿੱਦਿਆ ਦੇਵੀ, ਜਾਨਕੀ ਦੇਵੀ, ਧਨਵੰਤੀ, ਕਮਲਜੀਤ, ਰੇਸ਼ਮਾ, ਪਾਰਵਤੀ, ਬਰਸਾਤ, ਕਮਲਜੀਤ, ਪਿੰਕੀ ਸੁਮਨ, ਗੁਰਪ੍ਰੀਤ, ਬਲਜਿੰਦਰ ਕੌਰ, ਨਿਸ਼ਾ ਰਾਣੀ, ਬਲਵੀਰ ਕੌਰ, ਬਿਮਲਾ ਦੇਵੀ, ਮਮਤਾ ਰਾਣੀ, ਕੁਸ਼ਲਿਆ, ਸੋਨੀਆ, ਪਿੰਕੀ, ਫੂਲਵਤੀ, ਪੰਕਜ, ਪ੍ਰਿੰਸਮ ਬਲਵਿੰਦਰ, ਸਾਜਨ, ਲੱਕੀ, ਜਸਵੀਰ ਸਿੰਘ, ਰੱਜਤ, ਨਿਤਨ, ਪਿੰਦਰ, ਚਰਨਜੀਤ, ਜੱਸ, ਚਰਨਜੀਤ ਚੰਨੀ, ਲਖਵੀਰ, ਸਾਗਰ ਜਨਾਗਲ, ਬਿੱਲੂ, ਵਿੱਕੀ, ਗੌਤਮ ਆਦਿ ਪਰਿਵਾਰਾਂ ਸਮੇਤ ਵੱਖ-ਵੱਖ ਪਾਰਟੀਆਂ ਨੂੰ ਛੱਡ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ।ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਏ ਸਾਥੀਆਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ, ਨਰਿੰਦਰ ਘਈ ਸਾਬਕਾ ਪ੍ਰਧਾਨ, ਰਾਜਿੰਦਰ ਸਿੰਘ ਸ਼ਿੰਦੀ ਦਫ਼ਤਰ ਸਕੱਤਰ ਡੀ.ਸੀ.ਸੀ., ਚਮਨ ਲਾਲ ਭੁੰਬਲਾ ਰਿਟਾਇਰਡ ਡੀ.ਐਸ.ਪੀ., ਮੋਹਿੰਦਰ ਪਾਲ ਸੀਨੀਅਰ ਮੀਤ ਪ੍ਰਧਾਨ ਬੀ.ਸੀ.ਸੀ., ਆਤਮਾ ਰਾਮ ਸੀਨੀਅਰ ਆਗੂ, ਨਰੇਸ਼ ਚੇਚੀ ਕੌਂਸਲਰ, ਲਾਲ ਬਹਾਦੁਰ ਗਾਂਧੀ ਸਾਬਕਾ ਕੌਂਸਲਰ, ਪਾਨੀ ਕੁਮਾਰ ਕੌਂਸਲਰ, ਸੋਮਨਾਥ ਤੱਕਲਾ ਮੀਤ ਪ੍ਰਧਾਨ ਸ਼ਹਿਰੀ, ਦਿਨੇਸ਼ ਕੁਮਾਰ, ਪਵਨ ਕੁਮਾਰ ਪੱਪੂ, ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।

## ਏ ਐੱਸ ਆਈ ਸਰਬਜੀਤ ਸਿੰਘ ਨੇ ਸੰਭਾਲਿਆ ਚੌਂਕੀ ਦਾ ਚਾਰਜ

**ਅੱਡਾ ਸਰਾਂ (ਜਸਵੀਰ ਕਾਜਲ)** ਏ ਐੱਸ ਆਈ ਸਰਬਜੀਤ ਸਿੰਘ ਨੇ ਪੁਲਸ ਚੌਂਕੀ ਅੱਡਾ ਸਰਾਂ ਦਾ ਚਾਰਜ ਸੰਭਾਲਿਆ ਹੈ। ਸਰਬਜੀਤ ਸਿੰਘ ਨੇ ਕਿਹਾ ਕਿ ਇਲਾਕੇ ਵਿੱਚ ਸਮਾਜ ਵਿਰੋਧੀ, ਸ਼ਰਾਰਤੀ ਅਨਸਰਾਂ ਅਤੇ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ, ਮਨਚਲੇ ਭੂੰਡ ਆਸ਼ਕਾਂ ਨੂੰ ਨੱਥ ਪਾਈ ਜਾਵੇਗੀ, ਇਲਾਕੇ ਵਿੱਚ ਅਮਨ ਸ਼ਾਂਤੀ ਅਤੇ ਕਾਨੂੰਨ ਦੀ ਵਿਵਸਥਾ ਨੂੰ ਹਰ



ਕੀਮਤ 'ਤੇ ਬਹਾਲ ਰੱਖਿਆ ਜਾਵੇਗਾ ਤੇ ਮੋਟਰਸਾਇਕਲਾਂ ਦੇ ਪਟਾਕੇ ਮਾਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਾਹਨ ਚਾਲਕ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਪੂਰੇ ਕਾਗਜ਼ਾਤ ਕੋਲ ਰੱਖਣ। ਚੌਂਕੀ ਵਿੱਚ ਹਰੇਕ ਸਰਪੰਚ-ਪੰਚ, ਸਮਾਜ ਸੇਵਕ ਤੇ ਮੋਹਤਬਰ ਵਿਅਕਤੀ ਦਾ ਪੂਰਾ ਮਾਨ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਏ ਐੱਸ ਆਈ ਗੁਰਮੀਤ ਸਿੰਘ, ਏ ਐੱਸ ਆਈ ਬੁੱਧ ਸਿੰਘ, ਏ ਐੱਸ ਆਈ ਗੁਰਮੀਤ ਸਿੰਘ, ਹੌਲਦਾਰ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

## ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਕੱਢਿਆ ਕੈਂਡਲ ਮਾਰਚ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪਿੰਡ ਮੰਡਿਆਲੇ ਵਿੱਚ ਨੌਜਵਾਨ ਭਾਰਤ ਸਭਾ ਤੇ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਪਿੰਡ ਦੇ ਵਿੱਚ ਕੈਂਡਲ ਮਾਰਚ ਕੀਤਾ ਗਿਆ। ਇਸ ਮੌਕੇ ਦੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਰਮਨਦੀਪ ਕੌਰ ਨੇ ਕਿਹਾ, ਸ਼ਹੀਦ ਉਧਮ ਸਿੰਘ ਪੰਜਾਬ ਦੀ ਅਣਖ ਸਬਰ ਤੇ ਬਹਾਦਰੀ ਦੇ ਪ੍ਰਤੀਕ ਸਨ। ਉਨਾਂ ਨੇ ਲੰਡਨ ਵਿੱਚ ਮਾਈਕਲ ਉਡਵਾਇਰ ਨੂੰ ਗੋਲੀ ਮਾਰ ਕੇ ਜ਼ਲ੍ਹਿਆਂ ਵਾਲੇ ਬਾਗ ਦੇ ਕਤਲੇਆਮ ਦਾ ਬਦਲਾ ਹੀ ਨਹੀਂ ਸਗੋਂ ਗ਼ਦਰ ਪਾਰਟੀ ਵਿੱਚ ਕੰਮ ਕਰਕੇ ਸਾਮਰਾਜ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਆਗੂ ਨਵਜੋਤ ਸਿਆਣੀਵਾਲ ਨੇ ਕਿਹਾ ਕਿ 40 ਸਾਲ ਦੀ ਉਮਰ ਦੇ ਵਿੱਚ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਫਾਂਸੀ ਦੇ ਰੱਸੇ ਨੂੰ ਚੁੰਮਿਆ ਤੇ ਅੱਜ ਦੇ ਹਾਲਾਤ ਇਹ ਨੇ ਰੁਜਗਾਰ ਦੀ ਭਾਲ ਵਿੱਚ ਪੰਜਾਬ ਦੀ ਜਵਾਨੀ ਵਿਦੇਸ਼ਾਂ ਵਿੱਚ ਆਪਣੇ ਭਵਿੱਖ ਲਈ ਜੂਝ ਰਹੀ ਹੈ। ਪੰਜਾਬ ਵਿੱਚ ਚਿੱਟਾ ਮੈਡੀਕਲ ਨਸ਼ਾ ਤਰਥਲੀ ਮਚਾ ਰਿਹਾ ਹੈ।ਚਿੱਟੇ ਦੀ ਓਵਰਡੋਜ਼ ਨਾਲ ਆਏ ਦਿਨ ਮੌਤਾਂ ਹੋ ਰਹੀਆਂ ਹਨ। ਉਹਨਾਂ ਨੇ ਕਿਹਾ ਪੰਜਾਬ ਸਰਕਾਰ ਕੋਲ ਕੋਈ ਖੇਡ ਨੀਤੀ ਨਹੀਂ ਹੈ।ਇਸ ਮੌਕੇ ਨੌਜਵਾਨ ਭਾਰਤ ਸਭਾ ਦੇ ਆਗੂ ਸੁਖਦੇਵ ਮੰਡਿਆਲਾ ਨੇ ਬੱਚਿਆਂ ਨੂੰ ਕਾਪੀਆਂ ਪੈਣ ਵੰਡੇ। ਨੌਜਵਾਨ ਭਾਰਤ ਸਭਾ ਦੇ ਆਗੂ ਮੰਗਲਜੀਤ ਪੰਡੋਰੀ ਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਕਸ਼ਮੀਰ ਮੰਡਿਆਲਾ , ਕੋਮਲ, ਤਮੰਨਾ ਆਦਿ ਇਸ ਮੌਕੇ ਹਾਜਰ ਸਨ।

## ਯੂਥ ਫੁੱਟਬਾਲ ਕਲੱਬ ਰੁੜਕਾਂ ਕਲਾਂ ਵਿਖੇ ਮਨਾਇਆ ਸਪੋਰਟਸ ਫੈਸਟੀਵਲ

**ਗੁਰਾਇਆ (ਬਿੰਦਰ ਸੁਮਨ)** ਵਾਈ. ਐਫ. ਸੀ ਰੁੜਕਾ ਕਲਾਂ ਦੁਆਰਾ ਜਨਰੇਸ਼ਨ ਅਮੇਜਿੰਗ ਕਮਿਊਨਿਟੀ ਕਲੱਬ ਵਿਖੇ ਇੱਕ ਮਿੰਨੀ ਜਨਰੇਸ਼ਨ ਅਮੇਜਿੰਗ ਫੈਸਟੀਵਲ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਪਿੰਡਾਂ ਦੇ ਸਰਕਾਰੀ ਸਕੂਲਾਂ ਤੋਂ ਤਕਰੀਬਨ 300 ਦੇ ਕਰੀਬ ਬੱਚਿਆਂ ( ਲੜਕੇ-ਲੜਕੀਆਂ) ਨੇ ਭਾਗ ਲਿਆ।ਇਸ ਫੈਸਟੀਵਲ ਵਿੱਚ ਭਾਰਤੀ ਰੈੱਡ ਕਰਾਸ ਸੁਸਾਇਟੀ ਦੇ ਉਪ ਚੇਅਰਮੈਨ ਅਤੇ ਭਾਰਤੀ ਜਨਤਾ ਪਾਰਟੀ ਦੇ ਉਪ ਪ੍ਰਧਾਨ ਅਵਿਨਾਸ਼ ਰਾਏ ਖੰਨਾ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ ।ਵਾਈ .ਐਫ.ਸੀ ਦੇ ਪ੍ਰਧਾਨ ਗੁਰਮੰਗਲ ਦਾਸ ਸੋਨੀ, ਰੁੜਕਾ ਕਲਾਂ ਦੇ ਸਰਪੰਚ ਅਕਵਿੰਦਰ ਕੌਰ ਅਤੇ ਸਮੁੱਚੀ ਗ੍ਰਾਮ ਪੰਚਾਇਤ ਨੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ।ਆਏ ਹੋਏ ਬੱਚਿਆਂ ਨੂੰ ਫੁੱਟਬਾਲ ਫਾਰ ਡਿਵੈਲਪਮੈਂਟ ਅਤੇ ਬਾਸਕਟਬਾਲ ਫਾਰ ਡਿਵੈੱਲਪਮੈਂਟ ਦੇ ਖੇਡ ਸੈਸ਼ਨ ਕਰਵਾਏ ਗਏ, ਜੋ ਕਿ ਟੀਮ ਵਰਕ , ਭਾਗੇਦਾਰੀ, ਲਿੰਗ ਬਰਾਬਰਤਾ ਅਤੇ ਸਕਾਰਾਤਮਕ ਕਦਰਾਂ ਕੀਮਤਾਂ ਤੇ ਆਧਾਰਿਤ ਸਨ। ਇਸ ਫੈਸਟੀਵਲ ਵਿੱਚ ਬੱਚਿਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।ਅਵਿਨਾਸ਼ ਰਾਏ ਖੰਨਾ ਨੇ ਬੱਚਿਆਂ ਨਾਲ ਆਪਣੇ ਜੀਵਨ ਦੇ ਤਜ਼ਰਬੇ ਸਾਂਝੇ ਕਰਦੇ ਹੋਏ ਉਨ੍ਹਾਂ ਨੂੰ ਸੰਘਰਸ਼, ਹਮਦਰਦੀ ਅਤੇ ਸੇਵਾ ਦੇ ਸੰਦੇਸ਼ਾਂ ਨਾਲ ਪ੍ਰੇਰਿਤ ਕੀਤਾ ।ਬੱਚਿਆਂ ਨੂੰ ਆਪਣੇ ਉਦੇਸ਼ਾਂ ਨੂੰ ਨਿਸ਼ਚਿਤ ਕਰਨ ਲਈ ਪ੍ਰੇਰਿਤ ਕੀਤਾ।ਮੁੱਖ ਮਹਿਮਾਨ




ਅਵਿਨਾਸ਼ ਰਾਏ , ਸਰਪੰਚ ਅਕਵਿੰਦਰ ਕੌਰ ਐਕਸ ਸਰਪੰਚ ਕੁਲਵਿੰਦਰ ਕੌਰ ਅਤੇ ਸਮੂਹ ਪੰਚਾਇਤ ਮੈਂਬਰਾਂ ਦੁਆਰਾ ਪੰਜਾਬ ਸੀਨੀਅਰ ਸਟੇਟ ਮਹਿਲਾ ਫੁੱਟਬਾਲ ਚੈਂਪੀਅਨਸ਼ਿਪ 2025-26 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ 8 ਫੁੱਟਬਾਲ ਖਿਡਾਰਣਾਂ, 7 ਫੁੱਟਬਾਲ ਖਿਡਾਰੀਆਂ ਅਤੇ ਰੈਸਲਿੰਗ ਖਿਡਾਰੀਆਂ ਨੂੰ ਸਨਮਾਨ ਚਿੰਨ ਅਤੇ ਐਡੀਡਾਸ ਦੇ ਸਟੱਡ ਸੂਟ ਦੇ ਕੇ ਸਨਮਾਨਿਤ ਕੀਤਾ ਗਿਆ।

## ਬੀ ਡੀ ਸੀ ਵਿਖੇ ਭਗਤ ਪੂਰਨ ਸਿੰਘ ਦੀ ਬਰਸੀ 'ਤੇ ਖ਼ੂਨਦਾਨ ਕੈਂਪ 5 ਨੂੰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਮਨੁੱਖੀ ਸੇਵਾ ਦੇ ਪੈਗੰਬਰ ਭਗਤ ਪੂਰਨ ਸਿੰਘ (ਬਾਨੀ ਪਿੰਗਲਵਾੜਾ ਸ੍ਰੀ ਅੰਮ੍ਰਿਤਸਰ) ਦੀ ਬਰਸੀ 'ਤੇ ਸਲਾਨਾ ਖ਼ੂਨਦਾਨ ਕੈਂਪ ਪੰਜ ਅਗਸਤ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਆਰੰਭ ਹੋਵੇਗਾ ਤੇ ਤਿੰਨ ਵਜੇ ਤੱਕ ਚੱਲੇਗਾ। ਕੈਂਪ ਦਾ ਉਦਘਾਟਨ ਮੈਡਮ ਅਨਮਜੀਤ ਕੌਰ ਐਸ ਡੀ ਐਮ ਕਰਨਗੇ। ਡਾ. ਅਜੇ ਬੱਗਾ ਤੇ ਡਾ. ਦਿਆਲ ਸਰੂਪ ਦੀ ਨਿਗਰਾਨੀ ਹੇਠ ਤਕਨੀਕੀ ਸਟਾਫ ਖ਼ੂਨਦਾਨੀਆਂ ਤੋਂ ਖ਼ੂਨ ਪ੍ਰਾਪਤ ਕਰੇਗਾ। ਜ਼ਿਕਰਯੋਗ ਹੈ ਕਿ 18 ਸਾਲ ਤੋਂ 65 ਸਾਲ ਦੀ ਉਮਰ ਵਿਚਕਾਰਲੇ ਵਿਅਕਤੀ ਜਿਹਨਾ ਦਾ ਸਰੀਰਕ ਭਾਰ 45 ਕਿਲੋ ਤੋਂ ਘੱਟ ਨਾ ਹੋਵੇ, ਹੀਮੋਗਲੋਬਿਨ 12.5% ਗ੍ਰਾਮ ਤੋਂ ਘੱਟ ਨਾ ਹੋਵੇ, ਕੋਈ ਕਰੌਨਿਕ ਬਿਮਾਰੀ ਨਾ ਹੋਵੇ ਹਰ ਤਿੰਨ ਮਹੀਨੇ ਬਾਅਦ ਇਹ ਨੇਕ ਕਾਰਜ ਕਰ ਸਕਦਾ ਹੈ। ਇਸ ਮੌਕੇ ਖ਼ੂਨਦਾਨੀਆਂ ਨੂੰ ਵਿਸ਼ੇਸ਼ ਯਾਦਗਾਰੀ ਚਿੰਨ੍ਹ ਦਿੱਤੇ ਜਾਣਗੇ। ਸੰਸਥਾ ਦੇ ਪ੍ਰਧਾਨ ਐਸ ਕੇ ਸਰੀਨ, ਮੀਤ ਪ੍ਰਧਾਨ ਜੀ ਐਸ ਤੂਰ, ਸਕੱਤਰ ਜੇ ਐਸ ਗਿੱਦਾ ਤੇ ਵਿੱਤ ਸਕੱਤਰ ਪ੍ਰਵੇਸ਼ ਕੁਮਾਰ ਨੇ ਖ਼ੂਨਦਾਨੀ ਫ਼ਰਿਸ਼ਤਿਆਂ ਨੂੰ ਕੈਂਪ ਦੀ ਸਫਲਤਾ ਲਈ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ ਹੈ।

## ਬਿਆਸ ਪਿੰਡ ਵਿਖੇ ਸ ਸ ਸ ਸ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ



**ਅਲਾਵਲਪੁਰ (ਮਦਨ ਬੰਗੜ)**- ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਿਆਸ ਪਿੰਡ ਵਿਖੇ ਸਕੂਲ ਪ੍ਰਿੰਸੀਪਲ ਆਸ਼ਾ ਰਾਣੀ ਦੀ ਅਗਵਾਈ ਹੇਠ ਤੀਆਂ ਦਾ ਤਿਉਹਾਰ ਬੜੇ ਉਤਸ਼ਹ ਅਤੇ ਧੂਮ ਧਾਮ ਨਾਲ ਮਨਾਇਆ ਗਿਆ।ਬੱਚਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਸਕੂਲ ਨੂੰ ਗੁਬਾਰਿਆਂ ਅਤੇ ਫੁੱਲਾਂ ਨਾਲ ਸਜਾਇਆ ਗਿਆ।ਸਕੂਲ ਦੇ ਬੱਚਿਆਂ ਅਤੇ ਸਕੂਲ ਅਧਿਆਪਕਾਂ ਨੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਭਾਗ ਲਿਆ।ਬੱਚਿਆਂ ਨੇ ਰੰਗ-ਬਿਰੰਗੇ ਪਹਿਰਾਵੇ ਵਿੱਚ ਡਾਂਸ ਪੇਸ਼ ਕੀਤਾ। ਵੱਖ-ਵੱਖ ਵੰਨਗੀਆਂ ਵਿੱਚ ਗਿੱਧਾ, ਭੰਗੜਾ, ਲੋਕ ਬੋਲੀਆਂ ਨੂੰ ਰਵਾਇਤੀ ਪਹਿਰਾਵੇ ਵਿੱਚ ਬੱਚਿਆਂ ਵੱਲੋਂ ਭਾਗ ਲੈ ਕੇ ਤੀਆਂ ਦੇ ਇਸ ਤਿਉਹਾਰ ਸਬੰਧੀ ਸਮਾਗਮ ਵਿੱਚ ਪੰਜਾਬੀ ਸੱਭਿਆਚਾਰ ਨੂੰ ਉਜਾਗਰ ਕਰਨ ਦੀ ਸਫਲ ਕੋਸ਼ਿਸ਼ ਕੀਤੀ।ਪ੍ਰਿੰਸੀਪਲ ਆਸ਼ਾ ਰਾਣੀ ਨੇ ਤੀਆਂ ਦੇ ਤਿਉਹਾਰ ਦੀ ਮਹੱਤਤਾ ਸਬੰਧੀ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਇਹ ਤਿਉਹਾਰ ਸਾਡੀ ਸੰਸਕ੍ਰਿਤ ਅਤੇ ਪਰੰਪਰਾਵਾਂ ਨੂੰ ਦਰਸਾਉਂਦਾ ਹੈ। ਇਸ ਮੌਕੇ ਬੱਚਿਆਂ ਲਈ ਖਾਣ ਪੀਣ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ।

## ਨਡਾਲੋਂ ਤੋਂ ਸੰਗਤਾਂ ਦਾ ਜਥਾ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਪਹੁੰਚਿਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਸੰਤ ਬਾਬਾ ਨਿਧਾਨ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਨੂੰ ਸਮਰਪਿਤ ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਸੰਤ ਬਾਬਾ ਨਰਿੰਦਰ ਸਿੰਘ -ਸੰਤ ਬਾਬਾ ਬਲਵਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਅਗਵਾਈ ਵਿੱਚ 2 ਤੋਂ 4




ਅਗਸਤ ਤੱਕ ਮਨਾਏ ਜਾ ਰਹੇ 3 ਰੋਜ਼ਾ ਸਾਲਾਨਾ ਧਾਰਮਿਕ ਜੋੜ ਮੇਲੇ 'ਚ ਸ਼ਿਰਕਤ ਕਰਨ ਲਈ ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਪਿੰਡ ਨਡਾਲੋਂ ਤੋਂ ਜਥੇਦਾਰ ਇਕਬਾਲ ਸਿੰਘ ਖੇੜਾ, ਸਾਬਕਾ ਸਰਪੰਚ ਜਥੇਦਾਰ ਜਸਵੀਰ ਸਿੰਘ ਨਡਾਲੋਂ ਤੇ ਬਾਪੂ ਗੁਰਚਰਨ ਸਿੰਘ ਗੋਬਿੰਦਪੁਰੀ ਦੀ ਦੇਖ-ਰੇਖ ਵਿੱਚ ਗਿਆ ਸੰਗਤਾਂ ਦਾ ਵੱਡਾ ਜਥਾ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਪਹੁੰਚਿਆ। ਜਥੇ ਦਾ ਸੰਤ ਬਾਬਾ ਨਰਿੰਦਰ ਸਿੰਘ -ਸੰਤ ਬਾਬਾ ਬਲਵਿੰਦਰ ਸਿੰਘ ਮੁਖੀ ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਦੀ ਅਗਵਾਈ ਵਿੱਚ ਸੰਗਤਾਂ ਨੇ ਭਰਵਾਂ ਸਵਾਗਤ ਕੀਤਾ। ਜਥੇਦਾਰ ਇਕਬਾਲ ਸਿੰਘ ਖੇੜਾ ਨੇ ਦੱਸਿਆ ਕਿ ਸੰਗਤਾਂ ਦਾ ਜਥਾ 2, 3 ਤੇ 4 ਅਗਸਤ ਨੂੰ ਮਨਾਏ ਜਾ ਰਹੇ ਧਾਰਮਿਕ ਜੋੜ ਮੇਲੇ ਵਿੱਚ ਹਾਜ਼ਰੀਆਂ ਭਰਨ ਦੇ ਨਾਲ-ਨਾਲ ਲੋਕਲ ਗੁਰਦੁਆਰਾ ਸਾਹਿਬ ਤੇ ਗੁਰਦੁਆਰਾ ਨਾਨਕ ਝੀਰਾ ਬਿਦਰ (ਕਰਨਾਟਕ) ਦੇ ਵੀ ਦਰਸ਼ਨ ਕਰੇਗਾ। ਇਸ ਮੌਕੇ ਕਿਰਪਾਲ ਸਿੰਘ ਅਜਨੋਹਾ, ਨਿਰਮਲ ਸਿੰਘ ਬੋੜਾ, ਵਰਿੰਦਰਜੀਤ ਸਿੰਘ ਚੱਕ ਸਿੰਘਾ, ਰਣਜੀਤ ਸਿੰਘ ਮਹਿਤਪੁਰ-ਚੱਗਰਾਂ, ਸੁਖਚੈਨ ਸਿੰਘ ਮਹਿਤਪੁਰ -ਚੱਗਰਾਂ, ਕੁਲਦੀਪ ਸਿੰਘ ਅਜਨੋਹਾ, ਅਵਤਾਰ ਸਿੰਘ ਬਿੰਜੋ, ਕੁਲਦੀਪ ਸਿੰਘ ਅਜਨੋਹਾ, ਬਲਵੰਤ ਕੌਰ ਭਾਣਾ, ਡਾਕਟਰ ਸੁਖਦੇਵ ਸਿੰਘ ਬੱਡੋਂ, ਸੋਨੂੰ ਖਾਲਸਾ ਬੱਡੋਂ, ਨਿਰਮਲ ਸਿੰਘ ਭੀਲੋਵਾਲ, ਮੇਜਰ ਸਿੰਘ ਲਹਿਲੀ, ਅਮਨਦੀਪ ਸਿੰਘ ਨੰਗਲ ਖਿਲਾੜੀਆਂ, ਜਸਵੰਤ ਸਿੰਘ ਪੰਜੌੜ, ਗੁਰਚਰਨ ਸਿੰਘ ਗੋਬਿੰਦਪੁਰ, ਲੱਖਾ ਸਿੰਘ ਪਾਲਦੀ, ਹਰਭਜਨ ਕੌਰ, ਭਗਤ ਸਿੰਘ ਮਹਿਤਪੁਰ, ਅਮਰੀਕ ਸਿੰਘ ਜੱਟਪੁਰ, ਸੁਖਚੈਨ ਸਿੰਘ, ਨਿਰਮਲ ਸਿੰਘ ਮਹਿਤਪੁਰ, ਸੁਖਦੇਵ ਸਿੰਘ ਨਵਾਂਸ਼ਹਿਰ ਆਦਿ ਹਾਜ਼ਰ ਸਨ।

## ਬਹੂਆ ਵਿਖੇ ਮਹਾਂਮਾਈ ਦਾ ਸਾਲਾਨਾ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)**- ਬੰਗਾ ਹਲਕੇ ਦੇ ਪਿੰਡ ਬਹੂਆ ਦੇ ਪੁਰਾਤਨ ਮਹਾਂਮਾਈ ਦੇ ਮੰਦਰ ਵਿੱਚ ਸਾਵਣ ਮਹੀਨੇ ਦੀ ਅਸ਼ਟਮੀ ਦਾ ਤਿਉਹਾਰ, ਮੇਲਾ ਪ੍ਰਬੰਧਕ ਅਮਰਜੀਤ ਸਿੰਘ ਅੰਬਾ ਮੈਂਬਰ ਪੰਚਾਇਤ ਬਹੂਆ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਪੰਜਾਬ ਦੇ ਮਸ਼ਹੂਰ ਕਲਾਕਾਰ ਮੁਸਕਾਨ ਚੋਪੜਾ, ਸਾਬਰੀ ਸਾਬ, ਅਰਮਾਨ ਤੇਹਿੰਗ, ਕੌਰ ਸਿਸਟਰਜ਼, ਅਵਤਾਰ ਤਾਰੀ ਬਹੂਆ ਆਦਿ ਕਲਾਕਾਰਾਂ ਨੇ ਮਹਾਂਮਾਈ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਮੇਲਾ ਪ੍ਰਬੰਧਕ ਅਮਰਜੀਤ ਸਿੰਘ ਅੰਬਾ ਨੇ ਸੰਗਤ ਨੂੰ ਮੇਲੇ ਦੀਆਂ ਵਧਾਈਆਂ ਦਿੰਦਿਆਂ ਕਿਹਾ ਕੇ ਮੇਲੇ ਕਰਾਉਣ ਨਾਲ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ। ਸਾਨੂੰ ਗੁਰੂਆਂ, ਪੀਰਾਂ ਦੇ ਮੇਲੇ ਰਲਮਿਲ ਕੇ ਮਨਾਉਣੇ ਚਾਹੀਦੇ ਹਨ। ਇਸ ਮੌਕੇ ਅਮਰਜੀਤ ਸਿੰਘ ਅੰਬਾ, ਕਮਲਜੀਤ ਸਿੰਘ ਦੁਬਈ, ਅਵਤਾਰ ਸਿੰਘ ਕੈਨੇਡਾ, ਸੁਖਵਿੰਦਰ ਸਿੰਘ ਦੁਬਈ, ਰਘਬੀਰ ਸਿੰਘ, ਪਰਵਿੰਦਰ ਸਿੰਘ, ਬਲਵਿੰਦਰ ਸਿੰਘ, ਸਤਵਿੰਦਰ ਸਿੰਘ, ਮਾਸਟਰ ਗੁਰਨਾਮ, ਸੁਲੱਖਣ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ, ਬਲਵਿੰਦਰ ਸਿੰਘ, ਸੋਨੂ ਬਹੂਆ, ਅਮਰੀਕ ਸਿੰਘ ਮੀਕਾ, ਬਿੱਟੂ ਪ੍ਰਧਾਨ, ਤਾਰਾ ਆਦਿ ਹਾਜ਼ਰ ਸਨ। ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ।

## ਖ਼ਾਲਸਾ ਕਾਲਜ 'ਚ ਸੈਸ਼ਨ ਦੀ ਆਰੰਭਤਾ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ

**ਸੁਲਤਾਨਪੁਰ ਲੋਧੀ (ਹਨੀ)** ਗੁਰੂ ਨਾਨਕ ਖ਼ਾਲਸਾ ਕਾਲਜ ਵਿਖੇ ਨਵੇਂ ਵਿਦਿਅਕ ਸੈਸ਼ਨ ਦੀ ਆਰੰਭਤਾ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਭਾਈ ਹਰਜਿੰਦਰ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਬੇਰ ਸਾਹਿਬ ਅਤੇ ਭਾਈ ਸੁਖਚੈਨ ਸਿੰਘ ਨੇ ਪਾਠ ਦੀ ਸੇਵਾ ਨਿਭਾਈ। ਉਪਰੰਤ ਰਾਗੀ ਸਿੰਘ ਭਾਈ ਹਰਕੀਰਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਕੀਰਤਨੀ ਜਥੇ ਦੁਆਰਾ ਰਸ ਭਿੰਨਾਂ ਕੀਰਤਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਸੰਗੀਤ ਵਿਭਾਗ ਵੱਲੋਂ ਸਾਵਣ ਮਹੀਨੇ ਦੀ ਬਾਣੀ ਵਿੱਚੋਂ ਸ਼ਬਦ ਦਾ ਉਚਾਰਨ ਕੀਤਾ ਗਿਆ। ਇਸੇ ਦੌਰਾਨ ਹੀ ਕਾਲਜ ਦੇ ਬੀ.ਏ ਭਾਗ ਪਹਿਲਾ ਦੇ ਵਿਦਿਆਰਥੀ ਸੁਖਜੀਵਨ ਸਿੰਘ ਵੱਲੋਂ ਵੀ ਕਵੀਸ਼ਰੀ ਪੇਸ਼ ਕੀਤੀ ਗਈ। ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ ਨੇ ਨਵੇਂ ਵਿਦਿਅਕ ਵਰ੍ਹੇ ਦੀ ਆਰੰਭਤਾ ਮੌਕੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦੇਣ ਦੇ ਨਾਲ ਨਾਲ, ਜ਼ਿੰਦਗੀ ਵਿੱਚ ਸਬਰ ਤੇ ਸੰਤੋਖ ਤੋਂ ਕੰਮ ਲੈ ਕੇ ਉੱਚ ਮੁਕਾਮ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਦੇ ਸਕੱਤਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ, ਇੰਜੀਨੀਅਰ ਨਿਮਰਤਾ ਕੌਰ, ਐਡਵੋਕੇਟ ਬਲਜੀਤ ਸਿੰਘ ਬਾਜਵਾ, ਗੁਰਦਿਆਲ ਸਿੰਘ, ਬੀਬੀ



ਬਲਬੀਰ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਮੰਚ ਦਾ ਸੰਚਾਲਨ ਪ੍ਰੋ. ਅਰਸ਼ਪ੍ਰੀਤ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਉਚੇਰੀਆਂ ਪ੍ਰਾਪਤੀਆਂ ਕਰਨ ਲਈ ਪ੍ਰੇਰਿਆ ਅਤੇ ਦੱਸਿਆ ਕਿ ਰੂਹ ਨੂੰ ਅਮੀਰ ਕਰਨਾ ਵੀ ਸਾਡਾ ਨੈਤਿਕ ਫਰਜ਼ ਹੈ, ਤਾਂ ਹੀ ਅਸੀਂ ਆਉਣ ਵਾਲੇ ਸਮੇਂ ਦੀਆਂ ਚੁਣੌਤੀਆਂ ਦਾ ਮਜ਼ਬੂਤੀ ਨਾਲ ਮੁਕਾਬਲਾ ਕਰ ਸਕਦੇ ਹਾਂ। ਉਨ੍ਹਾਂ ਪ੍ਰੀਖਿਆ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਰੇਨੂੰ ਅਰੋੜਾ ਪ੍ਰਿੰਸੀਪਲ ਸ੍ਰੀ ਗੁਰੂ ਹਰਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਨਿਧੀ ਸੰਗੋਤਰਾ ਪ੍ਰਿੰਸੀਪਲ ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਬਲਜੀਤ ਕੌਰ, ਪ੍ਰੋ. ਸੁਖਪਾਲ ਸਿੰਘ ਲੜਕੀਆਂ ਵਿੰਗ, ਡਾ. ਮਨੀ ਛਾਬੜਾ, ਪ੍ਰੋ. ਰਾਜਦੀਪ ਕੌਰ ਜੋਸਨ, ਰਾਜਪ੍ਰੀਤ ਕੌਰ, ਗੁਰਪ੍ਰੀਤ ਕੌਰ, ਜੁਗਰਾਜ ਸਿੰਘ, ਸਰਬਜੀਤ ਕੌਰ, ਰਿਸ਼ੂ ਬਾਲਾ, ਕੋਮਲਪ੍ਰੀਤ ਕੌਰ, ਇਸ਼ਿਤਾ ਸ਼ਰਮਾ, ਨਿਵਿਆ ਸ਼ਰਮਾ, ਦਿਕਸ਼ਾ ਡੋਗਰਾ, ਜਸਪ੍ਰੀਤ ਕੌਰ, ਹਰਪ੍ਰੀਤ ਸਿੰਘ, ਸੰਦੀਪ ਕੌਰ, ਜਸਵੀਰ ਕੌਰ, ਹਰਜਾਪ ਸਿੰਘ, ਹਰਿੰਦਰ ਕੌਰ, ਪ੍ਰਵੀਨ ਕੌਰ, ਰਮਨਦੀਪ ਕੌਰ, ਰਮਨਪ੍ਰੀਤ ਕੌਰ, ਅਮਨਪ੍ਰੀਤ ਕੌਰ, ਨਰਿੰਦਰ ਕੌਰ, ਹਰਪ੍ਰੀਤ ਕੌਰ, ਰਾਜਕੁਮਾਰੀ, ਸ਼ਰਨਜੀਤ ਕੌਰ, ਮਮਤਾ, ਰਜਿੰਦਰ ਸਿੰਘ ਆਦਿ ਸਟਾਫ਼ ਮੈਂਬਰ ਹਾਜਰ ਸਨ।

## ਸੁੱਤੀ ਪਈ ਮਹਿਲਾ ਨੂੰ ਮਾਰਨ ਵਾਲੇ ਮੁਲਜ਼ਮ ਨੂੰ ਜ਼ਿਲ੍ਹਾ ਪੁਲਸ ਨੇ ਕੀਤਾ ਕਾਬੂ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪਿੰਡ ਚਰਾਨ ਵਿੱਚ ਘਰ ਵਿੱਚ ਸੁੱਤੀ ਪਈ ਮਹਿਲਾਂ ਨੂੰ ਮਾਰਨ ਵਾਲੇ ਕਥਿਤ ਮੁਲਜ਼ਮ ਨੂੰ ਜ਼ਿਲ੍ਹਾ ਪੁਲਸ ਨੇ ਕੁਝ ਘੰਟਿਆਂ ਵਿੱਚ ਕਾਬੂ ਕਰ ਲਿਆ । ਕਾਬੂ ਮੁਲਜ਼ਮ ਕੋਲੋਂ ਮਹਿਲਾਂ ਦੀ ਚੋਰੀ ਕੀਤੀ ਗਈ ਕੰਨ ਦੀ ਸੋਨੇ ਦੀ ਵਾਲੀ, ਵਾਰਦਾਤ ਵਿੱਚ ਪ੍ਰਯੋਗ ਕੀਤਾ ਗਿਆ ਦਾਤ ਅਤੇ ਮੋਟਰਸਾਈਕਲ ਬ੍ਰਾਮਦ ਕੀਤਾ ਗਿਆ ਹੈ। ਇਸ ਸਬੰਧ ਵਿੱਚ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਡੀ ਐਸ ਪੀ ਰਾਜ ਕੁਮਾਰ ਬਜਾੜ ਨੇ ਦੱਸਿਆ ਕਿ ਪਿੰਡ ਚਰਾਨ ਨਿਵਾਸੀ ਬਲਜੀਤ ਕੌਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਨ੍ਹਾਂ ਦੇ ਘਰ ਦੇ ਕੋਲ ਹੀ ਉਨ੍ਹਾਂ ਦੀ ਚਾਚੀ ਆਸ਼ਾ ਰਾਣੀ ਅਤੇ ਉਸ ਦਾ ਚਾਚਾ ਮਨਜੀਤ ਸਿੰਘ ਰਹਿੰਦੇ ਹਨ । ਜਦਕਿ ਉਨ੍ਹਾਂ ਦਾ ਬੇਟਾ ਫੌਜ ਵਿੱਚ ਨੌਕਰੀ ਕਰਦਾ ਹੈ । ਉਨ੍ਹਾਂ ਦੇ ਚਾਚੇ ਦੀ ਦਿਮਾਗੀ ਸਥਿਤੀ ਠੀਕ ਨਾ ਹੋਣ ਕਰਕੇ ਉਹ ਘਰ ਘੱਟ ਹੀ ਰਹਿੰਦੇ ਹਨ । ਜਿਸ ਦੇ ਚੱਲਦੇ ਚਾਚੀ ਆਸ਼ਾ ਰਾਣੀ ਜ਼ਿਆਦਾਤਰ ਇਕੱਲੀ ਹੀ ਘਰ ਰਹਿੰਦੀ ਹੈ । ਬੀਤੀ ਰਾਤ 11 ਵਜੇ ਦੇ ਕਰੀਬ ਅਚਾਨਕ ਉਨ੍ਹਾਂ ਦੀ ਚਾਚੀ ਆਸ਼ਾ ਰਾਣੀ ਦੀ ਚੀਕਾਂ ਦੀ ਆਵਾਜ਼ ਸੁਣਾਈ ਦਿੱਤੀ । ਜਦੋਂ ਉਨ੍ਹਾਂ ਨੇ ਜਾ ਕੇ ਦੇਖਿਆਂ ਤਾ ਪਿੰਡ ਦਾ ਰਹਿਣ ਵਾਲਾ ਕਥਿਤ ਮੁਲਜ਼ਮ ਮੱਖਣ ਸਿੰਘ ਬੇਰਹਿਮੀ ਨਾਲ ਕਥਿਤ ਤੌਰ 'ਤੇ ਉਸ ਦੀ ਚਾਚੀ ਦਾ ਗਲਾ ਗੁੱਟ ਰਿਹਾ ਸੀ । ਜਦੋਂ ਉਹ ਲੋਕ ਚਾਚੀ ਦੇ ਘਰ ਪਹੁੰਚੇ ਤਾਂ ਮੱਖਣ ਸਿੰਘ ਉਨ੍ਹਾਂ ਨੂੰ ਤੇਜ਼ਧਾਰ ਹਥਿਆਰ ਦਾ ਡਰਾਵਾ ਦੇ ਕੇ ਮੌਕੇ ਤੋਂ ਫਰਾਰ ਹੋ ਗਿਆ । ਡੀ ਐਸ ਪੀ ਰਾਜ ਕੁਮਾਰ ਬਜਾੜ ਨੇ ਦੱਸਿਆ ਕਿ ਕਥਿਤ ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਉਸ ਨੂੰ ਅੱਜ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਗਿਆ । ਉਨ੍ਹਾਂ ਨੇ ਦੱਸਿਆ ਕਿ ਕਥਿਤ ਮੁਲਜ਼ਮ 'ਤੇ ਪਹਿਲਾਂ ਵੀ ਦੋ ਐਨ ਡੀ ਪੀ ਐਸ ਤੇ ਚੋਰੀ ਦੇ ਮਾਮਲੇ ਦਰਜ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਐਸ ਐਚ ਓ ਸਦਰ ਅਸ਼ੋਕ ਕੁਮਾਰ ਵੀ ਮੌਜੂਦ ਰਹੇ ।





## ਭਾਰੀ ਮੀਂਹ ਤੋਂ ਬਾਅਦ ਨੀਵੇਂ ਇਲਾਕਿਆਂ 'ਚ ਭਰਿਆ ਪਾਣੀ

**ਅਲਾਵਲਪੁਰ (ਮਦਨ ਬੰਗੜ)**- ਬੀਤੇ ਦਿਨ ਕਸਬਾ ਅਲਾਵਲਪੁਰ ਅਤੇ ਆਸ ਪਾਸ ਦੇ ਇਲਾਕੇ ਵਿੱਚ ਰੁਕ ਰੁਕ ਕੇ ਪੈ ਰਹੇ ਮੀਂਹ ਤੋਂ ਬਾਅਦ ਜਿੱਥੇ ਲੋਕਾਂ ਨੇ ਹਮਸ ਅਤੇ ਗਰਮੀ ਤੋਂ ਰਾਹਤ ਮਹਿਸੂਸ ਕੀਤੀ ਹੈ ਉਥੇ ਹੀ ਅਚਾਨਕ ਲਗਾਤਾਰ ਦੋ ਘੰਟੇ ਤੱਕ ਭਾਰੀ ਮੀਂਹ ਸ਼ੁਰੂ ਹੋਣ ਤੋਂ ਬਾਅਦ ਕਸਬਾ ਅਲਾਵਲਪੁਰ ਦੇ ਵੱਖ-ਵੱਖ ਮੁਹੱਲਿਆਂ ਦੇ ਨੀਵੇਂ ਇਲਾਕਿਆਂ ਵਿੱਚ ਮੀਂਹ ਦਾ ਪਾਣੀ ਭਰਨ ਕਾਰਨ ਜਨ ਜੀਵਨ ਪ੍ਰਭਾਵਿਤ ਹੋ ਗਿਆ। ਕੁਝ ਲੋਕਾਂ ਦੇ ਘਰਾਂ ਅੰਦਰ ਮੀਂਹ ਦਾ ਪਾਣੀ ਵੜ ਗਿਆ ਜਿਸ ਨਾਲ ਸਮਾਨ ਵੀ ਭਿੱਜ ਗਿਆ।ਮੇਨ ਬਾਜ਼ਾਰ ਦੇ ਮੂਹਰੇ ਵੀ ਬਾਜ਼ਾਰ ਨੂੰ ਜਾਣ ਵਾਲਾ ਰਸਤਾ ਮੀਂਹ ਦੇ ਪਾਣੀ ਵਿੱਚ ਡੁੱਬ ਗਿਆ। ਮੁਹੱਲਾ ਪ੍ਰੇਮ ਨਗਰ ਵਿੱਚ ਵੀ ਮੀਂਹ ਦਾ ਪਾਣੀ ਖੜ੍ਹਾ ਹੋਣ ਕਾਰਨ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇਸ ਤਰ੍ਹਾਂ ਹੀ ਮੁਹੱਲਾ ਸ਼ਾਹ ਪਰਵਨਾ ਅਤੇ ਬਿਆਸ ਪਿੰਡ ਰੋਡ ਵੀ ਮੀਂਹ ਦੇ ਪਾਣੀ ਵਿੱਚ ਡੁੱਬਣ ਕਾਰਨ ਇੱਥੋਂ ਲੰਘਣ ਵਾਲੇ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਬੇਸ਼ੱਕ ਨਗਰ ਕੌਂਸਲ ਵੱਲੋਂ ਗੰਦੇ ਪਾਣੀ ਦੇ ਨਿਕਾਸੀ ਲਈ ਨਾਲਿਆਂ ਦੀ ਸਫਾਈ ਕਰਵਾਈ ਗਈ ਸੀ, ਬਾਵਜੂਦ ਇਸਦੇ ਮੀਂਹ ਦਾ ਪਾਣੀ ਕਈ ਘੰਟੇ ਤੱਕ ਖੜ੍ਹਾ ਰਹਿਣ ਕਾਰਨ ਲੋਕਾਂ ਨੂੰ ਭਾਰੀ ਪਰੇਸ਼ਾਨੀ ਝੱਲਣੀ ਪਈ।

## ਪੰਜਾਬ ਦੇ ਜੀ ਐਸ ਟੀ ਮਾਲੀਆ 'ਚ ਰਿਕਾਰਡ ਤੋੜ ਵਾਧਾ ਦਰਜ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਥੇ ਐਲਾਨ ਕੀਤਾ ਕਿ ਸੂਬੇ ਨੇ ਇੱਕ ਵਾਰ ਫਿਰ ਟੈਕਸ ਮਾਲੀਆ ਵਾਧੇ ਦੇ ਮਾਮਲੇ ਵਿੱਚ ਰਿਕਾਰਡ ਤੋੜਦਿਆਂ ਜੁਲਾਈ 2025 ਵਿੱਚ ਵਸੂਲੇ ਗਏ ਵਸਤੂਆਂ ਅਤੇ ਸੇਵਾਵਾਂ ਕਰ (ਜੀਐਸਟੀ) ਵਿੱਚ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 32.08 ਫੀਸਦੀ ਦਾ ਸ਼ੁੱਧ ਵਾਧਾ ਦਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸ਼ਾਨਦਾਰ ਕਾਰਗੁਜ਼ਾਰੀ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਟੈਕਸ ਮਾਲੀਏ ਵਿੱਚ ਸਾਲ-ਦਰ-ਸਾਲ ਅਤੇ ਮਹੀਨਾ-ਦਰ-ਮਹੀਨਾ ਰਿਕਾਰਡ-ਤੋੜ ਵਾਧਾ ਦਰਜ ਕਰਨ ਦੇ ਸੂਬੇ ਦੇ ਨਿਰੰਤਰ ਰੁਝਾਨ ਦਾ ਹਿੱਸਾ ਹੈ।ਚੀਮਾ ਨੇ ਦੱਸਿਆ ਕਿ ਜੁਲਾਈ 2025 ਵਿੱਚ ਵਸੂਲਿਆ ਗਿਆ ਸ਼ੁੱਧ ਜੀਐਸਟੀ ਮਾਲੀਆ 2357.78 ਕਰੋੜ ਰੁਪਏ ਰਿਹਾ, ਜੋ ਜੁਲਾਈ 2024 ਵਿੱਚ ਵਸੂਲੇ ਗਏ 1785.07 ਕਰੋੜ ਰੁਪਏ ਦੇ ਮੁਕਾਬਲੇ 572.71 ਕਰੋੜ ਰੁਪਏ ਦਾ ਮਹੱਤਵਪੂਰਨ ਵਾਧਾ ਦਰਸ਼ਾਉਂਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਪ੍ਰਭਾਵਸ਼ਾਲੀ ਵਿਕਾਸ ਪੰਧ ਦਾ ਇਸ ਵਿੱਤੀ ਸਾਲ ਦੇ ਅੰਕੜਿਆਂ ਤੋਂ ਵੀ ਪਤਾ ਲੱਗਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਵਿੱਤੀ ਸਾਲ ਦੇ ਜੁਲਾਈ ਮਹੀਨੇ ਤੱਕ ਸ਼ੁੱਧ ਜੀਐਸਟੀ ਮਾਲੀਆ 9188.18 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ, ਜੋ ਵਿੱਤੀ ਸਾਲ 2024-25 ਦੀ ਇਸੇ ਮਿਆਦ ਦੌਰਾਨ ਵਸੂਲੇ ਗਏ 7162.82 ਕਰੋੜ ਰੁਪਏ ਦੇ ਮੁਕਾਬਲੇ 2025.36 ਕਰੋੜ ਰੁਪਏ ਵੱਧ ਹੈ।ਵਿੱਤ ਮੰਤਰੀ ਚੀਮਾ ਨੇ ਇਸ ਸ਼ਾਨਦਾਰ ਵਾਧੇ ਦਾ ਸਿਹਰਾ 'ਆਮ ਆਦਮੀ ਪਾਰਟੀ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੁਆਰਾ ਲਾਗੂ ਕੀਤੀਆਂ ਪ੍ਰਭਾਵਸ਼ਾਲੀ ਨੀਤੀਆਂ ਨੂੰ ਦਿੱਤਾ, ਜਿਨ੍ਹਾਂ ਨੇ ਕਾਰੋਬਾਰ ਲਈ ਅਨੁਕੂਲ ਮਾਹੌਲ ਪੈਦਾ ਕਰਨ ਦੇ ਨਾਲ-ਨਾਲ ਕਰਪਾਲਣਾ ਨੂੰ ਉਤਸ਼ਾਹਿਤ ਕੀਤਾ ਹੈ।



## ਕਣਕ ਨਾਲ ਭਰਿਆ ਟਰੱਕ ਪਲਟਿਆ

**ਫਿਲੌਰ (ਨਿਰਮਲ)**- ਸਰਕਾਰੀ ਡੀਪੂ ਦੀ ਕਣਕ ਨਾਲ ਭਰਿਆ ਟਰੱਕ ਪੀ ਬੀ 10 ਸੀ ਐਲ 9191 ਮੁਠੱਡਾ ਖੁਰਦ ਨੇੜੇ ਅਚਾਨਕ ਪਲਟ ਗਿਆ, ਇਸ ਸੰਬੰਧ ਵਿੱਚ ਨਿਤਿਨ ਡਿਪੂ ਹੋਲਡਰ ਨੇ ਦੱਸਿਆ ਕਿ ਟਰੱਕ ਵਿੱਚ 210 ਦੇ ਕਰੀਬ ਕਣਕ ਦੀਆਂ ਬੋਰੀਆਂ ਲੱਦੀਆਂ ਹੋਈਆਂ ਸਨ ਜੋ ਕਿ ਨੀਲੇ ਕਾਰਡ ਧਾਰਕ ਲੋਕਾਂ ਨੂੰ ਵੰਡਣ ਲਈ ਲੈ ਕੇ ਜਾ ਰਿਹਾ ਸੀ ਜਾਨੀ ਨੁਕਸਾਨ ਹੋਣ ਤੋਂ ਬਚਾਓ ਹੋ ਗਿਆ ਲੇਬਰ ਮੰਗਵਾ ਕੇ ਟਰੱਕ ਨੂੰ ਸਿੱਧਾ ਕੀਤਾ ਅਤੇ ਪਿੰਡ 'ਚੋਂ ਟਰਾਲੀਆਂ ਮੰਗਵਾ ਕੇ ਡੀਪੂਆਂ 'ਤੇ ਸਹੀ ਸਲਾਮਤ ਪਹੁੰਚਾ ਦਿੱਤੀ ਗਈ।



## 6 ਨੂੰ ਫੂਕੇ ਜਾਣਗੇ ਪੰਜਾਬ ਸਰਕਾਰ ਦੇ ਪੁਤਲੇ



**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਸਰਕਾਰ ਵੱਲੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਨਾਲ ਵਾਰ-ਵਾਰ ਮੀਟਿੰਗ ਕਰਨ ਤੋਂ ਭੱਜਣ ਦੇ ਵਿਰੁੱਧ ਰੋਸ ਦਾ ਪ੍ਰਦਰਸ਼ਨ ਕਰਨ ਦੇ ਦਿੱਤੇ ਗਏ ਸੱਦੇ ਅਨੁਸਾਰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਜ਼ਿਲ੍ਹਾ ਜਲੰਧਰ ਦੀ ਮੀਟਿੰਗ ਜ਼ਿਲ੍ਹਾ ਕਨਵੀਨਰ ਪੁਸ਼ਪਿੰਦਰ ਕੁਮਾਰ ਵਿਰਦੀ, ਸੁਭਾਸ਼ ਮੱਟੂ, ਪ੍ਰੇਮ ਲਾਲ , ਕੁਲਦੀਪ ਵਾਲੀਆ ਅਤੇ ਮਾਸਟਰ ਮਨਹੋਰ ਲਾਲ ਦੀ ਅਗਵਾਈ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ 06 ਅਗਸਤ ਨੂੰ ਠੀਕ 2.00 ਵਜੇ ਤਹਿਸੀਲ ਜਲੰਧਰ ਦੇ ਸਾਥੀ ਪੁੱਡਾ ਗਰਾਊਂਡ ਵਿਖੇ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ। ਇਸ ਦੇ ਨਾਲ ਹੀ 12 ਅਗਸਤ ਨੂੰ ਤਹਿਸੀਲ ਫਿਲੌਰ ਦੇ ਸਾਥੀ 2.30 ਵਜੇ ਪਾਣੀ ਵਾਲੀ ਟੈਂਕੀ 'ਤੇ ਇੱਕਠੇ ਹੋ ਕੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਪੰਜਾਬ ਸਰਕਾਰ ਦਾ ਪੁਤਲਾ ਫੂਕਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੂਬਾਈ ਆਗੂ ਤੀਰਥ ਸਿੰਘ ਬਾਸੀ, ਕਰਮਜੀਤ ਸਿੰਘ ਸੋਨੂ ਰਘਵੀਰ ਸਿੰਘ, ਜਗਦੇਵ ਸਿੰਘ ਆਦਮਪੁਰ,ਬਲਵੀਰ ਸਿੰਘ ਗੁਰਾਇਆ, ਪੁਰਾਣੀ ਪੈਨਸ਼ਨਰ ਬਹਾਲੀ ਸੰਘਰਸ਼ ਕਮੇਟੀ ਦੇ ਅਨਿਲ ਸ਼ਰਮਾ, ਦਲਬੀਰ ਸਿੰਘ ਬਿਲਗਾ, ਮਾਸਟਰ ਧਰਮਪਾਲ, ਪੈਨਸ਼ਨਰ ਆਗੂ ਜੋਗਿੰਦਰ ਸਿੰਘ ਅਤੇ ਕੁਲਦੀਪ ਸਿੰਘ ਕੌੜਾ ਹਾਜ਼ਰ ਸਨ।


## ਸ੍ਰੀ ਹਨੂਮਤ ਆਈ ਐਮ ਟੀ ਵਿਖੇ ਨਵੇਂ ਅਕਾਦਮਿਕ ਸੈਸ਼ਨ ਦੀ ਆਰੰਭਤਾ



**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਹਨੂਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਖੇ 'ਪ੍ਰਾਰੰਭ' ਸਿਰਨਾਵੇਂ ਨਾਲ ਓਰੀਐਂਟ ਪ੍ਰੋਗਰਾਮ 2025 ਦੇ ਆਯੋਜਨ ਰਾਹੀਂ ਨਵੇਂ ਅਕਾਦਮਿਕ ਸੈਸ਼ਨ ਦੀ ਆਰੰਭਤਾ ਕੀਤੀ ਗਈ । ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਦੀ ਪ੍ਰਧਾਨਗੀ ਹੇਠ ਆਯੋਜਿਤ ਸਮਾਗਮ ਦੌਰਾਨ, ਕਾਲਜ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਗਿਰੀਸ਼ ਗੁਪਤਾ, ਪ੍ਰਧਾਨ ਨਰੇਸ਼ ਗੁਪਤਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਕੰਗ ਅਤੇ ਅਕਾਦਮਿਕ ਡੀਨ ਦੀਪਕ ਠਾਕੁਰ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਇਸ ਦੌਰਾਨ ਵਿਦਿਆਰਥੀਆਂ ਦੇ ਮਨੋਰੰਜਨ ਲਈ ਖੇਡਾਂ ਅਤੇ ਪ੍ਰਤਿਭਾ ਪ੍ਰਦਰਸ਼ਨ ਵਰਗੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਨੂੰ ਪ੍ਰੇਰਨਾਦਾਇਕ ਲਘੂ ਫਿਲਮਾਂ ਵੀ ਦਿਖਾਈਆਂ ਗਈਆਂ। ਇਸ ਤੋਂ ਇਲਾਵਾ, ਕਾਲਜ ਦੇ ਨਿਯਮਾਂ ਅਤੇ ਸਾਲ ਭਰ ਹੋਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਤੋਂ ਜਾਣੂ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ. ਸ਼ੈਲੀ ਰੇਖੀ ਸ਼ਰਮਾ ਨੇ ਕਿਹਾ ਕਿ ਇਹ ਸਾਰੇ ਉਹ ਖੁਸ਼ਕਿਸਮਤ ਵਿਦਿਆਰਥੀ ਹਨ ਜਿਹਨਾਂ ਨੂੰ ਉੱਤਰੀ ਭਾਰਤ ਦੀ ਵੱਕਾਰੀ ਵਿਦਿਅਕ ਅਦਾਰੇ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲਿਆ ਹੈ। ਮੁੱਖ ਮਹਿਮਾਨ ਗਿਰੀਸ਼ ਗੁਪਤਾ ਅਤੇ ਹਰਨਾਂ ਨੇ ਵੀ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਉਹਨਾਂ ਨੇ ਕਿਹਾ ਕਿ ਸ਼ਿਮਟ ਕਾਲਜ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਪ੍ਰੈਕਟੀਕਲ ਸਿਖਲਾਈ ਅਤੇ ਪਲੇਸਮੈਂਟ ਦੇ ਵਧੀਆ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ। ਅਕਾਦਮਿਕ ਡੀਨ ਦੀਪਕ ਠਾਕੁਰ ਨੇ ਵੀ ਵਿਦਿਆਰਥੀਆਂ ਨੂੰ ਤਕਨੀਕੀ ਸਿੱਖਿਆ ਪ੍ਰਾਪਤ ਕਰਨ ਦੇ ਇਸ ਨਵੇਂ ਸਫ਼ਰ ਲਈ ਸ਼ੁੱਭ ਇੱਛਾਵਾਂ ਦਿੱਤੀਆਂ ।

## ਖਟਕੜ ਕਲਾਂ ਵਿਖੇ ਗ਼ਦਰੀ ਬੀਬੀ ਗੁਲਾਬ ਕੌਰ ਦੀ ਯਾਦ 'ਚ ਸਮਾਗਮ ਅੱਜ

**ਬੰਗਾ (ਅਵਤਾਰ ਕਲੇਰ)**- ਗ਼ਦਰੀ ਬੀਬੀ ਗੁਲਾਬ ਕੌਰ ਦੀ ਵਿਛੋੜਾ ਸ਼ਤਾਬਦੀ ਮੌਕੇ ਸਮਾਗਮ 3 ਅਗਸਤ ਨੂੰ ਖਟਕੜ ਕਲਾਂ ਵਿਖੇ ਸਵੇਰੇ 11 ਵਜੇ ਹਾਜ਼ਰੀ ਭਰਨ ਲਈ ਸਾਰੀਆਂ ਹੀ ਲੋਕਪੱਖੀ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਹੈ।ਸਾਲ 2025 ਗ਼ਦਰ ਪਾਰਟੀ ਦੀ ਮਹਾਨ ਵੀਰਾਂਗਣਾ ਬੀਬੀ ਗੁਲਾਬ ਕੌਰ ਦਾ ਸ਼ਤਾਬਦੀ ਵਰ੍ਹਾ ਹੈ। ਬੀਬੀ ਗੁਲਾਬ ਕੌਰ 1914-15 'ਚ ਅਮਰੀਕਾ, ਕੈਨੇਡਾ ਤੇ ਹੋਰ ਮੁਲਕਾਂ ਤੋਂ ਭਾਰਤ ਵਿਚ ਗ਼ਦਰ ਕਰਨ ਲਈ ਆਏ ਗ਼ਦਰੀਆਂ (ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ 8000 ਸਾਥੀਆਂ) ਵਿਚ ਇਕੱਲੀ ਔਰਤ ਸੀ ਜੋ ਗ਼ਦਰੀਆਂ ਨਾਲ ਭਾਰਤ ਆਈ ਸੀ। ਉਸ ਨੇ ਗ਼ਦਰ ਲਹਿਰ ਵਿਚ ਦਿਨ-ਰਾਤ ਕੰਮ ਕੀਤਾ, ਜੇਲ੍ਹਾਂ ਕੱਟੀਆਂ, ਤਸੀਹੇ ਝੱਲੇ ਅਤੇ ਗ਼ਦਰੀਆਂ ਦੇ ਉੱਘੇ ਪਿੰਡ ਕੋਟਲਾ ਨੌਧ ਸਿੰਘ (ਗ਼ਦਰੀ ਯੋਧੇ ਹਰਨਾਮ ਸਿੰਘ ਟੁੰਡੀਲਾਟ ਦਾ ਪਿੰਡ, ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਰਹਿੰਦਿਆਂ ਅਤੇ ਸਰਗਰਮੀ ਕਰਦਿਆਂ ਇੱਥੇ ਹੀ ਅੰਤਮ ਸਵਾਸ ਲਏ। ਇਸ ਮਹਾਨ ਵੀਰਾਂਗਣਾਂ ਦੀ ਇਨਕਲਾਬੀ ਘਾਲਣਾ ਨੂੰ ਸਲਾਮ ਕਰਨ ਲਈ ਸਮਾਂ ਜ਼ਰੂਰ ਕੱਢੋ।



## ਫੇਫੜਿਆਂ ਦਾ ਕੈਂਸਰ ਸਭ ਤੋਂ ਆਮ ਤੇ ਘਾਤਕ : ਡਾ. ਸੋਨਲ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਫੇਫੜਿਆਂ ਦਾ ਕੈਂਸਰ ਦੁਨੀਆ ਭਰ ਵਿੱਚ ਸਭ ਤੋਂ ਆਮ ਕੈਂਸਰ ਹੈ। ਸਾਲ 2022 ਵਿੱਚ, 24 ਲੱਖ ਮਾਮਲੇ ਸਾਹਮਣੇ ਆਏ। ਚੀਨ, ਅਮਰੀਕਾ, ਜਾਪਾਨ ਅਤੇ ਭਾਰਤ ਫੇਫੜਿਆਂ ਦੇ ਕੈਂਸਰ ਕਾਰਨ ਸਭ ਤੋਂ ਵੱਧ ਮੌਤ ਦਰ ਵਾਲੇ ਚੋਟੀ ਦੇ 4 ਦੇਸ਼ਾਂ ਵਿੱਚੋਂ ਇੱਕ ਹੈ। ਲਿਵਾਸਾ ਹਸਪਤਾਲ ਦੇ ਪਲਮਨਰੀ ਮੈਡੀਸਨ ਸਲਾਹਕਾਰ ਡਾ. ਸੋਨਲ ਨੇ ਕਿਹਾ ਕਿ ਕੈਂਸਰ ਨਾਲ ਹੋਣ ਵਾਲੀਆਂ ਸਾਰੀਆਂ ਮੌਤਾਂ ਵਿੱਚੋਂ, ਹਰ ਪੰਜ ਵਿੱਚੋਂ ਇੱਕ ਫੇਫੜਿਆਂ ਦੇ ਕੈਂਸਰ ਕਾਰਨ ਹੁੰਦੀ ਹੈ। ਫੇਫੜਿਆਂ ਦਾ ਕੈਂਸਰ ਇੱਕ ਕਿਸਮ ਦਾ ਕੈਂਸਰ ਹੈ ਜੋ ਫੇਫੜਿਆਂ ਵਿੱਚ ਸ਼ੁਰੂ ਹੁੰਦਾ ਹੈ, ਆਮ ਤੌਰ 'ਤੇ ਸਾਹ ਨਾਲੀਆਂ ਦੇ ਸੈੱਲਾਂ ਵਿੱਚ। ਇਹ ਦੁਨੀਆ ਭਰ ਵਿੱਚ ਕੈਂਸਰ ਦੀਆਂ ਸਭ ਤੋਂ ਆਮ ਅਤੇ ਘਾਤਕ ਕਿਸਮਾਂ ਵਿੱਚੋਂ ਇੱਕ ਹੈ, ਜਿਸ ਵਿੱਚ ਸਿਗਰਟਨੋਸ਼ੀ 80% ਮੌਤਾਂ ਲਈ ਮੁੱਖ ਜੋਖਮ ਕਾਰਕ ਹੈ।ਫੇਫੜਿਆਂ ਦੇ ਕੈਂਸਰ ਦੇ ਲੱਛਣਾਂ ਬਾਰੇ ਗੱਲ ਕਰਦੇ ਹੋਏ, ਮੋਹਾਲੀ ਦੇ ਲਿਵਾਸਾ ਹਸਪਤਾਲ ਦੇ ਪਲਮਨਰੀ ਮੈਡੀਸਨ ਸਲਾਹਕਾਰ ਡਾ. ਕ੍ਰਿਤਾਰਥ ਨੇ ਕਿਹਾ ਕਿ ਫੇਫੜਿਆਂ ਦੇ ਕੈਂਸਰ ਵਿੱਚ ਅਕਸਰ ਲਗਾਤਾਰ ਖੰਘ, ਛਾਤੀ ਵਿੱਚ ਦਰਦ, ਸਾਹ ਚੜ੍ਹਨਾ ਅਤੇ ਖੰਘ ਨਾਲ ਖੂਨ ਆਉਣਾ ਸ਼ਾਮਲ ਹੁੰਦਾ ਹੈ। ਸਫਲ ਇਲਾਜ ਦੀਆਂ ਸੰਭਾਵਨਾਵਾਂ ਨੂੰ ਬਿਹਤਰ ਬਣਾਉਣ ਲਈ ਜਲਦੀ ਪਤਾ ਲਗਾਉਣਾ ਮਹੱਤਵਪੂਰਨ ਹੈ, ਹਾਲਾਂਕਿ ਸ਼ੁਰੂਆਤੀ ਪੜਾਵਾਂ ਵਿੱਚ ਲੱਛਣਾਂ ਦੀ ਅਣਹੋਂਦ ਕਾਰਨ ਇਹ ਮੁਸ਼ਕਲ ਹੋ ਸਕਦਾ ਹੈ। ਫੇਫੜਿਆਂ ਦੇ ਕੈਂਸਰ ਦੀ ਸ਼ੁਰੂਆਤੀ ਪਛਾਣ ਵਿੱਚ ਸਕ੍ਰੀਨਿੰਗ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਡਾ. ਕ੍ਰਿਤਾਰਥ ਨੇ ਸਮਝਾਇਆ ਕਿ ਸ਼ੁਰੂਆਤੀ ਜਾਂਚ ਅਤੇ ਇਲਾਜ ਜੀਵਨ ਦੀ ਸੰਭਾਵਨਾ ਵਧਾ ਸਕਦਾ ਹੈ। ਸਕ੍ਰੀਨਿੰਗ ਦੁਆਰਾ ਸ਼ੁਰੂਆਤੀ ਪਛਾਣ ਜਾਨਾਂ ਬਚਾਉਣ ਲਈ ਸਭ ਤੋਂ ਸ਼ਕਤੀਸ਼ਾਲੀ ਸਾਧਨਾਂ ਵਿੱਚੋਂ ਇੱਕ ਹੈ। ਬਦਕਿਸਮਤੀ ਨਾਲ, ਡਾ. ਸੋਨਲ ਨੇ ਕਿਹਾ ਕਿ ਦੁਨੀਆ ਦੇ ਕਈ ਹਿੱਸਿਆਂ ਵਿੱਚ ਇਹਨਾਂ ਸਕ੍ਰੀਨਿੰਗ ਪ੍ਰੋਗਰਾਮਾਂ ਤੱਕ ਪਹੁੰਚ ਇੱਕ ਚੁਣੌਤੀ ਬਣੀ ਹੋਈ ਹੈ।




## ਨਨਾਂ ਵਿਰੁੱਧ ਧਰਮ ਪਰਿਵਰਤਨ ਤੇ ਮਨੁੱਖੀ ਤਸਕਰੀ ਦੇ ਦੋਸ਼ ਝੂਠੇ : ਜਾਰਜ ਸੋਨੀ

**ਜਲੰਧਰ (ਸ਼ੈਲੀ ਐਲਬਰਟ)**: ਹਾਲ ਹੀ ਵਿੱਚ ਛੱਤੀਸਗੜ੍ਹ ਵਿੱਚ ਧਰਮ ਪਰਿਵਰਤਨ ਅਤੇ ਮਨੁੱਖੀ ਤਸਕਰੀ ਦੇ ਮਾਮਲੇ ਵਿੱਚ ਦੋ ਨਨਾਂ ਸਮੇਤ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਇਸ ਦੇ ਨਾਲ ਹੀ 'ਆਪ' ਘੱਟ ਗਿਣਤੀ ਵਿੰਗ ਪੰਜਾਬ ਦੇ ਮੁਖੀ ਜਾਰਜ ਸੋਨੀ ਨੇ ਵੀ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਕਿਹਾ ਕਿ, ਨਨਾਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਈਸਾਈ ਭਾਈਚਾਰੇ ਵਿੱਚ ਗੁੱਸਾ ਹੈ।ਦੋ ਕੈਥੋਲਿਕ ਨਨਾਂ ਨੂੰ ਉਨ੍ਹਾਂ ਦੇ ਵਿਸ਼ਵਾਸ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਜੇਲ੍ਹ ਭੇਜਿਆ ਗਿਆ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਨਨਾਂ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ। ਨਨਾਂ 'ਤੇ ਧਰਮ ਪਰਿਵਰਤਨ ਅਤੇ ਮਨੁੱਖੀ ਤਸਕਰੀ ਦੇ ਝੂਠੇ ਦੋਸ਼ ਲਗਾਏ ਗਏ ਹਨ। ਹੁਣ ਇਸ ਮਾਮਲੇ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ।



## ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਲਈ 15 ਦਿਨਾਂ ਦਾ ਵਾਧੂ ਮੌਕਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਨਗਰ ਨਿਗਮ ਕਮਿਸ਼ਨਰ ਜੋਤੀ ਬਾਲਾ ਮੱਟੂ ਨੇ ਦੱਸਿਆ ਕਿ ਪ੍ਰਾਪਰਟੀ ਟੈਕਸ ਦੀ ਇਕ ਵਾਰ ਨਿਪਟਾਰਾ ਯੋਜਨਾ ਤਹਿਤ ਲੋਕਾਂ ਵੱਲੋਂ ਦਿਖਾਏ ਗਏ ਭਾਰੀ ਉਤਸ਼ਾਹ ਨੂੰ ਦੇਖਦੇ ਹੋਏ ਇਸ ਸਕੀਮ ਦੀ ਮਿਆਦ 15 ਦਿਨ ਹੋਰ ਵਧਾ ਦਿੱਤੀ ਹੈ। ਹੁਣ ਬਿਨਾਂ ਜੁਰਮਾਨੇ ਅਤੇ ਵਿਆਜ ਦੇ ਪ੍ਰਾਪਰਟੀ ਟੈਕਸ ਦਾ ਜੋ ਸ਼ਹਿਰ ਵਾਸੀ ਪਹਿਲਾਂ ਟੈਕਸ ਜਮ੍ਹਾ ਨਹੀਂ ਕਰਵਾ ਸਕੇ ਸਨ, ਉਹ ਹੁਣ ਅਗਲੇ 15 ਦਿਨਾਂ ਲਈ ਬਿਨਾਂ ਕਿਸੇ ਜੁਰਮਾਨੇ ਅਤੇ ਵਿਆਜ ਦੇ ਆਪਣਾ ਬਕਾਇਆ ਪ੍ਰਾਪਰਟੀ ਟੈਕਸ ਦਾ ਭੁਗਤਾਨ ਕਰ ਸਕਦੇ ਹਨ। ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਇਸ ਮਿਆਦ ਦੇ ਦੌਰਾਨ ਪ੍ਰਾਪਰਟੀ ਟੈਕਸ ਕਾਊਂਟਰ ਰੋਜ਼ਾਨਾ (ਸ਼ਨੀਵਾਰ ਅਤੇ ਐਤਵਾਰ ਸਮੇਤ) ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਖੁੱਲ੍ਹੇ ਰਹਿਣਗੇ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਦਾ ਲਾਭ ਚੁੱਕ ਕੇ ਸਮੇਂ ਸਿਰ ਆਪਣਾ ਪ੍ਰਾਪਰਟੀ ਟੈਕਸ ਜਮ੍ਹਾ ਕਰਵਾਉਣ।

## ਕਬੱਡੀ ਫਾਈਨਲ ਮੁਕਾਬਲੇ 'ਚ ਅਜਨੋਹਾ ਸਕੂਲ ਦੀ ਟੀਮ ਨੇ ਜ਼ਿਲ੍ਹੇ ਲਈ ਕੀਤਾ ਕੁਆਲੀਫਾਈ



**ਮਹਿਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਸਿੱਖਿਆ ਵਿਭਾਗ ਵੱਲੋਂ ਸ਼ੁਰੂ ਹੋਏ ਜ਼ੋਨਲ ਮੁਕਾਬਲਿਆਂ ਦੌਰਾਨ ਕੱਬਡੀ ਜ਼ੋਨ ਵਿੱਚ ਕਬੱਡੀ ਦੇ ਫਾਈਨਲ ਮੁਕਾਬਲੇ ਕਰਵਾਏ ਗਏ।ਇਸ ਕਬੱਡੀ ਮੈਚ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਅਤੇ ਖਾਲਸਾ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬੱਡੋਂ ਦੀਆਂ ਅੰਡਰ ਸੈਵਨਟੀਨ ਟੀਮਾਂ ਨੇ ਭਾਗ ਲਿਆ।ਇਸ ਕਬੱਡੀ ਮੁਕਾਬਲੇ ਵਿੱਚ ਅਜਨੋਹਾ ਦੀ ਟੀਮ ਨੇ ਬੱਡੋਂ ਸਕੂਲ ਦੀ ਟੀਮ ਨੂੰ 35-27 ਸਕੋਰ ਨਾਲ ਹਰਾ ਕੇ ਜ਼ੋਨ ਆਪਣੇ ਨਾਂਅ ਕਰ ਲਿਆ। ਜ਼ੋਨਲ ਮੁਕਾਬਲੇ ਉਪਰੰਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਦੀ ਟੀਮ ਜ਼ਿਲ੍ਹਾ ਮੁਕਾਬਲੇ ਵਿੱਚ ਇੰਟਰ ਹੋ ਗਈ।ਇਸ ਮੌਕੇ ਸਕੂਲ ਪ੍ਰਿੰਸੀਪਲ ਹਰਮਨੇਜ ਕੁਮਾਰ ਅਤੇ ਸਮੂਹ ਸਟਾਫ ਨੇ ਗਾਈਡ ਅਧਿਆਪਕ ਰਾਜਵਿੰਦਰ ਕੌਰ ਲੈਕਚਰਾਰ ਫਿਜ਼ੀਕਲ ਐਜੂਕੇਸ਼ਨ ਅਤੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ। ਅਜਨੋਹਾ ਸਕੂਲ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਮੱਲਾਂ ਮਾਰ ਰਿਹਾ ਹੈ।ਇਸ ਮੌਕੇ ਪ੍ਰਿੰਸੀਪਲ ਹਰਮਨੇਜ ਕੁਮਾਰ, ਪ੍ਰਿੰਸੀਪਲ ਸੁਖਵਿੰਦਰ ਸਿੰਘ, ਹੈੱਡ-ਮਾਸਟਰ ਸੁਰਜੀਤ ਸਿੰਘ, ਸਤਵਿੰਦਰ ਸਿੰਘ, ਡਿੰਪਲ ਰਾਜਾ, ਰਾਜਵਿੰਦਰ ਕੌਰ, ਅਬਿਨਾਸ਼ ਕੌਰ, ਨਰਿੰਦਰ ਅਜਨੋਹਾ, ਜਗਜੀਤ ਸਿੰਘ, ਸੁਰਿੰਦਰ ਸਿੰਘ ਜਗਦੀਪ ਸਹੋਤਾ, ਰਕੇਸ਼ ਕੁਮਾਰ, ਤਰਲੋਚਨ ਸਿੰਘ, ਗੁਰਦੀਪ ਸਿੰਘ ਅਤੇ ਸਕੂਲ ਵਿਦਿਆਰਥੀ ਹਾਜ਼ਰ ਸਨ।

## ਕੈਬਨਿਟ ਮੰਤਰੀ ਹਰਦੀਪ ਮੁੰਡੀਆ ਨੇ ਫੇਸ 11 ਮੋਹਾਲੀ 'ਚ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਮੋਹਾਲੀ ਦੇ ਫੇਸ 11 ਵਿੱਚ ਪਿਛਲੇ ਕਈਆਂ ਸਾਲਾਂ ਤੋਂ ਬਰਸਾਤੀ ਪਾਣੀ ਦਾ ਸੰਤਾਪ ਭੋਗ ਰਹੇ ਇਥੋਂ ਦੇ ਨਿਵਾਸੀਆਂ ਨੂੰ ਇਸ ਮੁਸ਼ਕਿਲ ਤੋਂ ਛੁਟਕਾਰਾ ਦਿਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ 2.05 ਕਰੋੜ ਰੁਪਏ ਦੇ ਪ੍ਰੋਜੈਕਟ ਦੇ ਕੰਮ ਦਾ ਜਾਇਜ਼ਾ ਲੈਣ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਪੰਜਾਬ ਹਰਦੀਪ ਸਿੰਘ ਮੁੰਡੀਆ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਅਤੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਐਸ.ਐਸ. ਆਹਲੂਵਾਲੀਆ ਨੇ ਅੱਜ ਵਿਸ਼ੇਸ਼ ਤੌਰ 'ਤੇ ਦੌਰਾ ਕੀਤਾ। ਇਸ ਦੌਰਾਨ ਮਾਰਕੀਟ ਕਮੇਟੀ ਮੋਹਾਲੀ ਦੇ ਚੇਅਰਮੈਨ ਐਡਵੋਕੇਟ ਗੋਵਿੰਦਰ ਮਿੱਤਲ ਅਤੇ ਏਜੀ ਦਫਤਰ ਪੰਜਾਬ ਤੋਂ ਧਰਮਿੰਦਰ ਸਿੰਘ ਲਾਂਬਾ ਵੀ ਮੌਜੂਦ ਰਹੇ।ਕੈਬਨਿਟ ਮੰਤਰੀ ਮੁੰਡੀਆ ਨੇ ਇਸ ਮੌਕੇ ਦੱਸਿਆ ਕਿ ਇਸ ਪ੍ਰੋਜੈਕਟ ਦਾ ਕੰਮ ਕਾਫ਼ੀ ਹੱਦ ਤੱਕ ਪੂਰਾ ਕਰ ਲਿਆ ਗਿਆ ਹੈ, ਜਿਸ ਕਾਰਨ ਇਸ ਸਾਲ ਬਰਸਾਤ ਦੇ ਦਿਨਾਂ ਵਿੱਚ ਫੇਸ 11 ਵਾਸੀਆਂ ਨੂੰ ਬਰਸਾਤੀ ਪਾਣੀ ਦੀ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪਿਆ। ਉਨ੍ਹਾਂ ਇਸ ਮੌਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਪ੍ਰੋਜੈਕਟ ਦੇ ਬਾਕੀ ਰਹਿੰਦੇ ਕੰਮਾਂ ਨੂੰ ਅਗਲੇ 45 ਦਿਨਾਂ 'ਚ ਮੁਕੰਮਲ ਕਰਨ ਦੇ ਸਖਤ ਨਿਰਦੇਸ਼ ਦਿੱਤੇ।ਡਾ. ਐਸ.ਐਸ. ਆਹਲੂਵਾਲੀਆ ਨੇ ਇਸ ਮੌਕੇ ਦੱਸਿਆ ਕਿ ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਫੇਸ 11 ਵਿੱਚ ਬਰਸਾਤੀ ਪਾਣੀ ਦੀ ਸਮੱਸਿਆ ਪੂਰੀ ਤਰ੍ਹਾਂ ਨਾਲ ਖਤਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਇਥੋਂ ਦੇ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ।ਇਸ ਦੌਰਾਨ ਫੇਸ 11 ਨਿਵਾਸੀ ਆਪ ਮਹਿਲਾ ਵਿੰਗ ਦੇ ਜ਼ਿਲ੍ਹਾ ਸਕੱਤਰ ਸਵਰਨ ਲਤਾ, ਬਲਾਕ ਪ੍ਰਧਾਨ ਤਰਨਜੀਤ ਸਿੰਘ ਪੱਪੂ, ਗੁੰਜਣ ਸਿੰਘ, ਕੈਪਟਨ ਕਰਨੈਲ ਸਿੰਘ ਤੋਂ ਇਲਾਵਾ ਇਲਾਕਾ ਨਿਵਾਸੀਆਂ ਵੱਲੋਂ ਕੰਮ ਪ੍ਰਤੀ ਸੰਤੁਸ਼ਟੀ ਦਰਸਾਈ ਗਈ ਅਤੇ ਕੈਬੀਨਟ ਮੰਤਰੀ ਸ. ਹਰਦੀਪ ਸਿੰਘ ਮੁੰਡੀਆ ਅਤੇ ਚੇਅਰਮੈਨ ਡਾ. ਐਸ.ਐਸ. ਆਹਲੂਵਾਲੀਆ ਵੱਲੋਂ ਚੱਲ ਰਹੇ ਕੰਮਾਂ ਦਾ ਜਾਇਜ਼ਾ ਲੈਣ ਲਈ ਧੰਨਵਾਦ ਕੀਤਾ ਗਿਆ।



## ਮਾਤਾ ਚਿੰਤਪੁਰਨੀ 'ਤੇ ਲੰਗਰ ਲਗਾਇਆ



**ਅਲਾਵਲਪੁਰ (ਮਦਨ ਬੰਗੜ)**- ਮਾਤਾ ਚਿੰਤਪੁਰਨੀ ਦੇ ਹਿਮਾਚਲ ਪ੍ਰਦੇਸ਼ ਵਿਖੇ ਚੱਲ ਰਹੇ ਮੇਲੇ ਨੂੰ ਸਮਰਪਿਤ ਬੱਸ ਸਟੈਂਡ ਅਲਾਵਲਪੁਰ ਵਿਖੇ ਲੰਗਰ ਲਗਾਇਆ ਗਿਆ।ਇਲਾਕੇ ਭਰ ਦੇ ਸਾਰੇ ਸੰਗੀਤ ਪ੍ਰੇਮੀਆਂ ਐਨ ਆਰ ਆਈ ਵੀਰਾਂ, ਮਾਂ ਸਰਸਵਤੀ ਸੰਗੀਤ ਪਰਵਾਰ, ਅਲਾਵਲਪੁਰ (ਜਲੰਧਰ) ਅਤੇ ਸਮੂਹ ਇਲਾਕੇ ਦੇ ਵਿਸ਼ੇਸ਼ ਸਹਿਯੋਗ ਨਾਲ ਤੀਸਰਾ ਵਿਸ਼ਾਲ ਲੰਗਰ ਮੇਨ ਬੱਸ ਸਟੈਂਡ, ਅਲਾਵਲਪੁਰ ਵਿਖੇ ਲਗਾਇਆ ਗਿਆ।ਸੇਵਾਦਾਰਾਂ ਵੱਲੋਂ ਹਿਮਾਚਲ ਜਾਣ ਵਾਲੇ ਸੰਗਤ ਲਈ ਰਾਜਮਾਂਹ ਚਾਵਲ, ਕੜੀ ਚਾਵਲ, ਚਾਹ ਪਕੌੜਿਆਂ ਦਾ ਲੰਗਰ ਵਰਤਾਇਆ ਗਿਆ।

## ਪੰਜਾਬ 'ਚ ਮੇਲੇ ਏਕਤਾ ਦਾ ਸਬੂਤ : ਗੁਰੂ ਮਾਂ ਸਵਰਨ ਦੇਵਾ



**ਅੱਪਰਾ (ਨਿਰਮਲ ਗੁੜਾ)**- ਕਸਬਾ ਅੱਪਰਾ ਦੇ ਸ਼ਨੀ ਦੇਵ ਮੰਦਿਰ ਵਿਖੇ ਪੰਡਿਤ ਕਿਸ਼ੋਰ ਕੁਮਾਰ ਸ਼ਾਸ਼ਤਰੀ ਦੇ ਉਦਮ ਸਦਕਾ ਪਿੰਡ ਦੀਆਂ ਔਰਤਾਂ ਵਲੋਂ ਤੀਆਂ ਦੇ ਤਿਓਹਾਰ ਦਾ ਆਯੋਜਨ ਕੀਤਾ ਗਿਆ। ਜਿਥੇ ਮਾਂ ਵੈਸ਼ਨੋ ਦਰਬਾਰ ਦੁੱਖ ਖੰਡਨ ਨਿਵਾਸ ਮੰਦਿਰ ਮੋਰੋਂ ਦੇ ਗੱਦੀ ਨਸ਼ੀਨ ਗੁਰੂ ਸਵਰਨ ਦੇਵਾ ਯੂ ਕੇ ਵਾਲੇ ਸੰਗਤ ਸਮੇਤ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਹੋ ਰਹੇ ਮੇਲੇ ਭਾਈਚਾਰਕ ਸਾਂਝ ਤੇ ਏਕਤਾ ਦਾ ਸਬੂਤ ਹਨ। ਉਹਨਾਂ ਅੱਗੇ ਕਿਹਾ ਕਿ ਇਹਨਾਂ ਮੇਲਿਆਂ ਵਿੱਚ ਲੱਚਰਤਾ ਤੋਂ ਪ੍ਰਹੇਜ ਕਰ ਕੇ ਸੱਭਿਅਕ ਗੀਤ ਅਤੇ ਪਹਿਰਾਵੇ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਇਸ ਮੌਕੇ ਪਿੰਡ ਦੀਆਂ ਔਰਤਾਂ ਵਲੋਂ ਨੱਚ ਗਾ ਤੇ ਪੀਂਘਾਂ ਝੂਟ ਕੇ ਖੂਬ ਮਨੋਰੰਜਨ ਕੀਤਾ।

## ਐਸ ਡੀ ਐਮ ਕੰਪਲੈਕਸ 'ਚ ਪਟਵਾਰਖਾਨੇ ਨੂੰ ਜਾਂਦਾ ਰਾਹ ਬਣਿਆ ਬਰਸਾਤੀ ਚੋਅ !

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪ੍ਰਸ਼ਾਸਨਿਕ ਅਣਗਹਿਲੀ ਦੇ ਚੱਲਦਿਆਂ ਬਰਸਾਤੀ ਮੌਸਮ ਵਿੱਚ ਆਮ ਲੋਕਾਂ ਨੂੰ ਐਸ ਡੀ ਐਮ ਹੁਸ਼ਿਆਰਪੁਰ ਕੰਪਲੈਕਸ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਦਾ ਕੋਈ ਪੁਖਤਾ ਪ੍ਰਬੰਧ ਨਾ ਹੋਣ ਕਾਰਨ ਬੇਸ਼ੁਮਾਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਹਮੇਸ਼ਾ ਵਾਂਗ ਖਾਸ ਕਰਕੇ ਐਸ ਡੀ ਐਮ ਪ੍ਰਸ਼ਾਸਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਇਸ ਪਾਸੇ ਵੱਲ ਕੋਈ ਧਿਆਨ ਨਹੀਂ ਹੈ ਅਤੇ ਆਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਅਵੇਸਲੇਪਣ ਕਾਰਨ ਲੋਕਾਂ ਦੀਆਂ ਸਮੱਸਿਆਵਾਂ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਭਾਵੇਂ ਸਾਰੇ ਐਸ ਡੀ ਐਮ ਦਫਤਰ ਕੰਪਲੈਕਸ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਦਾ ਬੁਰਾ ਹਾਲ ਹੈ ਪਰ ਖਾਸ ਕਰਕੇ ਪਟਵਾਰਖਾਨੇ ਵੱਲ ਜਾਂਦੇ ਰਸਤੇ 'ਤੇ ਲਗਾਤਾਰ ਪਾਣੀ ਖੜ੍ਹਾ ਰਹਿਣ ਕਾਰਨ ਆਉਣ-ਜਾਣ ਵਾਲੇ ਲੋਕਾਂ ਨੂੰ ਗੰਭੀਰ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਐਸਡੀਐਮ ਕੰਪਲੈਕਸ ਦੀ ਨਵੀਂ ਬਿਲਡਿੰਗ ਤਿਆਰ ਹੋਣ ਉਪਰੰਤ ਵਰਤੋਂ ਵਿੱਚ ਲਿਆਂਦੀ ਜਾ ਰਹੀ ਹੈ। ਇਸ ਨਵੀਂ ਬਣਾਈ ਗਈ ਇਮਾਰਤ ਦੀ ਕੁਰਸੀ ਹੋਰਨਾਂ ਇਮਾਰਤਾਂ ਨਾਲੋਂ ਉੱਚੀ ਰੱਖੀ ਹੋਣ ਕਾਰਣ ਬਾਕੀ ਸਾਰੀ ਇਮਾਰਤ ਅਤੇ ਵੱਖ ਵੱਖ ਸਥਾਨਾਂ ਵੱਲ ਜਾਂਦੇ ਰਸਤੇ ਨੀਵੇਂ ਹੋ ਗਏ ਹਨ। ਥੋੜੀ ਜਿਹੀ ਬਰਸਾਤ ਹੋਣ ਕਾਰਨ ਇਹਨਾਂ ਰਸਤਿਆਂ ਵਿੱਚ ਪਾਣੀ ਭਰ ਜਾਂਦਾ ਹੈ ਜਿਸ ਦੀ ਕਈ ਕਈ ਦਿਨ ਨਿਕਾਸੀ ਨਹੀਂ ਹੁੰਦੀ । ਆਮ ਕਰਕੇ ਪਿੰਡਾਂ ਅਤੇ ਸ਼ਹਿਰਾਂ ਦੇ ਆਮ ਲੋਕਾਂ ਦਾ ਪਟਵਾਰਖਾਨੇ ਵੱਲ ਆਉਣਾ ਜਾਣਾ ਲੱਗਾ ਰਹਿੰਦਾ ਹੈ ਪਰ ਸਿਤਮ ਜਰੀਫੀ ਇਹ ਹੈ ਕਿ ਪਟਵਾਰਖਾਨੇ ਨੂੰ ਜਾਂਦਾ ਰਸਤਾ ਵੀ ਨੀਵਾਂ ਹੋਣ ਕਾਰਣ ਬਰਸਾਤੀ ਮੌਸਮ ਵਿੱਚ ਛੱਪੜ ਦਾ ਰੂਪ ਧਾਰ ਜਾਂਦਾ ਹੈ। ਇਸ ਰਸਤੇ ਦੇ ਐਨ ਵਿਚਕਾਰ ਇੱਕ ਸੀਵਰੇਜ ਦਾ ਗਟਰ ਵੀ ਪੈਂਦਾ ਹੈ ਜਿਸ ਦਾ ਢੱਕਣ ਟੁੱਟਿਆ ਹੋਇਆ ਹੈ ਅਤੇ ਬਰਸਾਤੀ ਪਾਣੀ ਭਰਨ ਕਾਰਨ ਲੰਘਣ ਵਾਲੇ ਨੂੰ ਬਿਲਕੁਲ ਦਿਖਾਈ ਨਹੀਂ ਦਿੰਦਾ ਜਿਸ ਕਾਰਨ ਆਮ ਲੋਕਾਂ ਤੇ ਵਾਹਨ ਚਾਲਕਾਂ ਨੂੰ ਇਸ ਵਿੱਚ ਡਿੱਗਣ ਤੋਂ ਬਚਾਉਣ ਲਈ ਕਿਸੇ ਸੁਹਿਰਦ ਭੱਦਰਪੁਰਸ਼ ਵੱਲੋਂ ਇਸ ਉੱਪਰ ਫੱਟੇ ਰੱਖ ਕੇ ਲੋਕਾਂ ਦੇ ਲੰਘਣ ਲਈ ਰਸਤਾ ਬਣਾਉਣ ਦਾ ਯਤਨ ਕੀਤਾ ਗਿਆ ਹੈ। ਬਰਸਾਤੀ ਪਾਣੀ ਵਿੱਚ ਇਹ ਫੱਟੇ ਖਿਸਕ ਕਿਸੇ ਗੰਭੀਰ ਦੁਰਘਟਨਾ ਦਾ ਕਾਰਨ ਵੀ ਬਣ ਸਕਦੇ ਹਨ। ਇਸ ਰਸਤੇ 'ਤੇ ਬਰਸਾਤੀ ਪਾਣੀ ਲੰਮੇ ਸਮੇਂ ਤੋਂ ਜਮ੍ਹਾਂ ਹੋਣ ਕਰਕੇ ਗੰਦੇ ਪਾਣੀ ਤੇ ਚਿੱਕੜ ਵਿੱਚੋਂ ਆਮ ਲੋਕਾਂ ਲਈ ਲੰਘਣ ਵਿਚ ਨਾਂ ਸਿਰਫ ਗੰਭੀਰ ਸਮੱਸਿਆਵਾਂ ਪੈਦਾ ਕਰ ਰਿਹਾ ਹੈ ਸਗੋਂ ਬੁਜ਼ੁਰਗਾਂ, ਮਹਿਲਾਵਾਂ ਅਤੇ ਬੱਚਿਆਂ ਲਈ ਜਾਨਲੇਵਾ ਬਣ ਚੁੱਕਾ ਹੈ। ਇਸ ਸਮੱਸਿਆ ਬਾਰੇ ਵਾਰ ਵਾਰ ਸਥਾਨਕ ਪ੍ਰਸ਼ਾਸਨ ਖਾਸ ਕਰਕੇ ਐਸ ਡੀ ਐਮ ਹੁਸ਼ਿਆਰਪੁਰ ਨੂੰ ਸੂਚਿਤ ਕਰਨ ਦੇ ਬਾਵਜੂਦ ਵੀ ਉਹਨਾਂ ਦੇ ਕੰਨਾਂ 'ਤੇ ਕੋਈ ਜੂੰਅ ਨਹੀਂ ਸਰਕ ਰਹੀ ਲੱਗਦੀ । ਲੋਕਾਂ ਦੀ ਮੰਗ ਹੈ ਕਿ ਜਲਦੀ ਤੋਂ ਜਲਦੀ ਪਾਣੀ ਦੀ ਨਿਕਾਸੀ ਦੀ ਢੁਕਵੀਂ ਵਿਵਸਥਾ ਕੀਤੀ ਜਾਵੇ ਤਾਂ ਜੋ ਪਟਵਾਰਖਾਨੇ ਨੂੰ ਰੋਜ਼ਾਨਾ ਆਉਣ-ਜਾਣ ਵਾਲੇ ਲੋਕਾਂ ਨੂੰ ਸਹੂਲਤ ਪ੍ਰਾਪਤ ਹੋ ਸਕੇ।





## ਹਰ ਹਫ਼ਤੇ ਦੀ ਡੇਂਗੂ ਰੋਕੂ ਮੁਹਿੰਮ ਨਾਲ ਵਧ ਰਿਹਾ ਜਾਗਰੂਕਤਾ ਦਾ ਦਰਜਾ

**ਮਹਿਤਪੁਰ (ਰਾਜਾ)** ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਸਾਫ਼ ਦਿਸ਼ਾ-ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਮਹੇਸ਼ ਕੁਮਾਰ ਪ੍ਰਭਾਕਰ ਦੀ ਰਾਹਨੁਮਾਈ ਹੇਠ, ਪ੍ਰਾਇਮਰੀ ਹੈਲਥ ਸੈਂਟਰ ਮਹਿਤਪੁਰ ਵੱਲੋਂ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਹਰ ਸ਼ੁੱਕਰਵਾਰ ਨੂੰ ਵਿਸ਼ੇਸ਼ ਸਰਗਰਮੀਆਂ ਕਰਵਾਈਆਂ ਜਾ ਰਹੀਆਂ ਹਨ। ਇਹ ਮੁਹਿੰਮ ਨਵੇਂ ਜੋਸ਼ ਨਾਲ ਜਾਰੀ ਹੈ, ਜਿਸ ਵਿੱਚ ਸਿਹਤ ਵਿਭਾਗ ਦੀ ਪੂਰੀ ਟੀਮ ਆਸ਼ਾ ਵਰਕਰ, ਏ.ਐਨ.ਐਮ., ਅਤੇ ਮਲਟੀਪਰਪਜ਼ ਹੈਲਥ ਵਰਕਰ ਘਰ-ਘਰ ਪਹੁੰਚ ਰਹੀਆਂ ਹਨ। ਲੋਕਾਂ ਨੂੰ ਸਮਝਾਇਆ ਜਾ ਰਿਹਾ ਹੈ ਕਿ ਡੇਂਗੂ ਦਾ ਮੱਛਰ ਠੰਢੇ ਅਤੇ ਸਾਫ਼ ਪਾਣੀ ਵਿੱਚ ਪੈਦਾ ਹੁੰਦਾ ਹੈ, ਇਸ ਲਈ ਉਹਨਾਂ ਨੂੰ ਟੰਕੀਆਂ, ਕੂਲਰ, ਗਮਲੇ ਅਤੇ ਹੋਰ ਪਾਣੀ ਇਕੱਠਾ ਕਰਦੇ ਸਾਧਨਾਂ ਦੀ ਰੋਜ਼ਾਨਾ ਜਾਂ ਹਫ਼ਤਾਵਾਰੀ ਜਾਂਚ ਅਤੇ ਸਫ਼ਾਈ ਕਰਨ ਦੀ ਅਪੀਲ ਕੀਤੀ ਗਈ। ਇਸ ਹਫ਼ਤੇ, ਲੋਕਾਂ ਦੀ ਭਾਰੀ ਭਾਗੀਦਾਰੀ ਅਤੇ ਸਹਿਯੋਗ ਦੇਖਣ ਨੂੰ ਮਿਲਿਆ। ਜ਼ਮੀਨੀ ਪੱਧਰ 'ਤੇ ਹੋ ਰਹੀ ਇਹ ਲਗਾਤਾਰ ਮਿਹਨਤ ਜਨਤਾ ਵਿਚ ਡੇਂਗੂ ਬਾਰੇ ਜਾਣਕਾਰੀ ਅਤੇ ਰੋਕਥਾਮ ਲਈ ਜ਼ਿੰਮੇਵਾਰੀ ਵਾਲਾ ਰਵੱਈਆ ਪੈਦਾ ਕਰ ਰਹੀ ਹੈ।ਬਲਾਕ ਐਕਸਟੈਂਸ਼ਨ ਐਜੂਕੇਟਰ ਹਿਮਾਲਿਆ ਪ੍ਰਕਾਸ਼ ਨੇ ਕਿਹਾ ਕਿ ਮੁਹਿੰਮ ਦਾ ਪ੍ਰਭਾਵ ਸਿਰਫ ਸਫ਼ਾਈ ਤੱਕ ਸੀਮਿਤ ਨਹੀਂ, ਸਗੋਂ ਇਹ ਲੋਕਾਂ ਦੇ ਸੋਚਣ ਦੇ ਢੰਗ ਵਿੱਚ ਵੀ ਬਦਲਾਅ ਲੈ ਕੇ ਆ ਰਿਹਾ ਹੈ।



## ਕੋਟਲੀ-ਮਲਸੀਆਂ ਸੜਕ ਦਾ ਹਾਲ ਮੰਦਾ

**ਸ਼ਾਹਕੋਟ (ਗਿਆਨ ਸੈਦਪੁਰੀ)** ਪਿੰਡ ਕੋਟਲੀ ਗਾਜਰਾਂ -ਮਲਸੀਆਂ ਸੜਕ ਥਾਂ ਥਾਂ ਤੋਂ ਟੁੱਟੀ ਹੋਈ ਹੈ। ਇਥੇ ਟੋਇਆਂ 'ਚ ਸੜਕ' ਵਾਲੀ ਗੱਲ ਵੀ ਪੂਰੀ ਤਰ੍ਹਾਂ ਢੁਕਵੀਂ ਹੈ। ਇਲਾਕੇ ਦਾ ਮਸ਼ਹੂਰ ਇੱਕ ਨਿੱਜੀ ਸਕੂਲ ਵੀ ਇਸੇ ਸੜਕ 'ਤੇ ਸਥਿਤ ਹੈ। ਇਸ ਸੜਕ ਤੋਂ ਲੰਘਣ ਵਾਲੇ ਸਕੂਲੀ ਬੱਚਿਆਂ ਨੂੰ ਬੜੀ ਪਰੇਸ਼ਾਨੀ ਆਉਂਦੀ ਹੈ।ਸਕੂਲ ਦੇ ਪ੍ਰਬੰਧਕਾਂ ਅਤੇ ਬੱਚਿਆਂ ਦੇ ਮਾਪਿਆਂ ਦੀ ਮੰਗ ਹੈ ਕਿ ਇਸ ਸੜਕ ਨੂੰ ਜਲਦੀ ਬਣਾਇਆ ਜਾਵੇ।



## ਭਾਰਤੀ ਖੇਤ ਮਜ਼ਦੂਰ ਯੂਨੀਅਨ ਵੱਲੋਂ ਸੋਹੀ ਪਰਵਾਰ ਨਾਲ ਸੰਵੇਦਨਾ ਦਾ ਪ੍ਰਗਟਾਵਾ

**ਸ਼ਾਹਕੋਟ (ਗਿਆਨ ਸੈਦਪੁਰੀ)** ਪਿਛਲੇ ਦਿਨੀ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਕੌਮੀ ਕੌਂਸਲ ਦੇ ਮੈਂਬਰ ਐਡਵੋਕੇਟ ਸੁਰਜੀਤ ਸਿੰਘ ਸੋਹੀ( ਬਠਿੰਡਾ) ਨੂੰ ਗਹਿਰਾ ਸਦਮਾ ਪੁੱਜਾ, ਜਦੋਂ ਉਨਾਂ ਦੇ ਪੁੱਤਰ ਨਿਰਮਲ ਸਿੰਘ ਸੋਹੀ ਸਦੀਵੀ ਵਿਛੋੜਾ ਦੇ ਗਏ। ਉਹ ਪਿਛਲੇ ਕੁਝ ਸਮੇਂ ਤੋਂ ਕਿਡਨੀ ਦੀ ਬਿਮਾਰੀ ਤੋਂ ਪੀੜਤ ਸਨ। ਉਨ੍ਹਾਂ ਦੀ ਬੇਵਕਤ ਮੌਤ ਨਾਲ ਜਿੱਥੇ ਸੋਹੀ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਮਜ਼ਦੂਰ ਲਹਿਰ ਨੂੰ ਵੀ ਸੱਟ ਵੱਜੀ ਹੈ।ਇਸ ਮੌਕੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਐਡਵੋਕੇਟ ਸੁਰਜੀਤ ਸਿੰਘ ਸੋਹੀ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਯੂਨੀਅਨ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਗੁਲਜਾਰ ਸਿੰਘ ਗੋਰੀਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਪ੍ਰਧਾਨ ਕਾਮਰੇਡ ਪ੍ਰੀਤਮ ਸਿੰਘ ਨਿਆਮਤਪੁਰ, ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਅਤੇ ਸੂਬਾ ਕਮੇਟੀ ਦੇ ਸਮੂਹ ਮੈਂਬਰਾਂ ਨੇ ਸੋਹੀ ਪਰਵਾਰ ਨਾਲ ਦੁੱਖ ਪ੍ਰਗਟ ਕਰਦਿਆਂ ਹਮਦਰਦੀ ਜ਼ਹਿਰ ਕੀਤੀ ਹੈ।ਮਜ਼ਦੂਰ ਆਗੂਆਂ ਨੇ ਕਿਹਾ ਕਿ ਨਿਰਮਲ ਸਿੰਘ ਸੋਹੀ ਦੇ ਅਚਾਨਕ ਵਿਛੋੜੇ ਨਾਲ ਸੋਹੀ ਪਰਵਾਰ ਗਹਿਰੇ ਸਦਮੇ ਵਿੱਚ ਹੈ। ਅਸੀਂ ਕਾਮਨਾ ਕਰਦੇ ਹਾਂ ਕਿ ਸੋਹੀ ਪਰਵਾਰ ਸਦਮੇ ਵਿੱਚੋਂ ਜਲਦੀ ਬਾਹਰ ਆਵੇ।ਪਰਵਾਰਕ ਸੂਤਰਾਂ ਅਨੁਸਾਰ ਨਿਰਮਲ ਸਿੰਘ ਸੋਹੀ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 7 ਅਗਸਤ ਨੂੰ ਬਠਿੰਡਾ ਵਿਖੇ ਹੋਵੇਗੀ।



## ਖੀਵੇਵਾਲ 'ਚ ਨਸ਼ਾ ਮੁਕਤੀ ਕੈਂਪ ਲਗਾ ਕੇ ਲੋਕਾਂ ਨੂੰ ਕੀਤਾ ਜਾਗਰੂਕ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਪਿੰਡ ਖੀਵੇਵਾਲ ਵਿਖੇ ਪੁਲਸ ਅਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਇੱਕ ਵਿਸ਼ਾਲ ਨਸ਼ਾ ਮੁਕਤੀ ਯਾਤਰਾ ਅਤੇ ਲੋਕ ਸੰਪਰਕ ਅਭਿਆਨ ਕੈਂਪ ਦਾ ਆਯੋਜਨ ਕੀਤਾ। ਇਸ ਮੌਕੇ ਕਟਾਰੀਆ ਨੇ ਪਿੰਡ ਵਾਸੀਆਂ ਨੂੰ ਨਸ਼ਿਆਂ ਦੀ ਭਿਆਨਕ ਸਮੱਸਿਆ ਪ੍ਰਤੀ ਜਾਗਰੂਕ ਕਰਦਿਆਂ ਨਸ਼ਾ ਮੁਕਤੀ ਦੀ ਸਹੁੰ ਚੁਕਵਾਈ।ਕੈਂਪ ਵਿੱਚ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਨੇ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਦੀ ਇਸ ਮੁਹਿੰਮ ਦੀ ਸ਼ਲਾਘਾ ਕੀਤੀ। ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਕਿਹਾ, ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਖਤਮ ਕਰਨਾ ਸਾਡੀ ਪਹਿਲੀ ਤਰਜੀਹ ਹੈ। ਅਸੀਂ ਸਮਾਜ ਨੂੰ ਨਸ਼ਾ ਮੁਕਤ ਕਰਨ ਲਈ ਹਰ ਪਿੰਡ ਅਤੇ ਹਰ ਵਿਅਕਤੀ ਨੂੰ ਜੋੜਨ ਦੀ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦੀ ਅਪੀਲ ਕੀਤੀ।ਇਸ ਦੌਰਾਨ ਪਿੰਡ ਵਾਸੀਆਂ ਨੇ ਨਸ਼ਾ ਮੁਕਤੀ ਮੁਹਿੰਮ ਵਿੱਚ ਪੂਰਨ ਸਹਿਯੋਗ ਦੇਣ ਦਾ ਵਾਅਦਾ ਕੀਤਾ। ਪੁਲਸ ਅਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਵੀ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਆਪਣੀ ਵਚਨਬੱਧਤਾ ਜਤਾਈ। ਕਟਾਰੀਆ ਨੇ ਕਿਹਾ ਕਿ ਅਜਿਹੇ ਕੈਂਪ ਸੂਬੇ ਦੇ ਹਰ ਪਿੰਡ ਅਤੇ ਸ਼ਹਿਰ ਵਿੱਚ ਲਗਾਏ ਜਾਣਗੇ, ਤਾਂ ਜੋ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਇਆ ਜਾ ਸਕੇ।ਪਿੰਡ ਖੀਵੇਵਾਲ ਅਤੇ ਬੱਲੋਵਾਲ ਸੌਂਖੜੀ ਦੇ ਇਸ ਕੈਂਪ ਨੂੰ ਸਥਾਨਕ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।




## ਸੈਨਿਕ ਇੰਸਟੀਚਿਊਟ ਵਿਖੇ ਬੇਸਿਕ ਕੰਪਿਊਟਰ ਕੋਰਸ ਲਈ ਦਾਖ਼ਲਾ ਸ਼ੁਰੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵਿਖੇ ਚੱਲ ਰਹੇ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਹੁਸ਼ਿਆਰਪੁਰ ਕੈਂਪਸ ਵਿਚ ਤਿੰਨ ਮਹੀਨੇ ਦਾ ਬੇਸਿਕ ਕੰਪਿਊਟਰ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਇੰਸਟੀਚਿਊਟ ਦੇ ਡਾਇਰੈਕਟਰ ਲੈਫ: ਕਰਨਲ ਸਰਬਜੀਤ ਸਿੰਘ ਸੈਣੀ (ਰਿਟਾ) ਨੇ ਦੱਸਿਆ ਕਿ ਇਸ ਕੋਰਸ ਲਈ ਘੱਟ ਤੋਂ ਘੱਟ ਯੋਗਤਾ 10ਵੀਂ ਪਾਸ ਹੋਣੀ ਚਾਹੀਦੀ ਹੈ। ਇਸ ਵਿਚ 75 ਫੀਸਦੀ ਜ਼ਿਲ੍ਹੇ ਦੇ ਸਾਬਕਾ ਸੈਨਿਕ ਅਤੇ ਇਨ੍ਹਾਂ ਤੋਂ ਇਲਾਵਾ 25 ਫੀਸਦੀ ਬਾਕੀ ਰਿਜ਼ਰਵ ਕੈਟੇਗਰੀ (ਐਸ.ਸੀ/ਐਸ.ਟੀ/ਬੀ.ਸੀ) ਅਤੇ ਹੋਰ ਗਰੀਬ ਪਰਵਾਰਾਂ ਦੇ ਵਿਦਿਆਰਥੀ ਵੀ ਦਾਖਲਾ ਲੈ ਸਕਦੇ ਹਨ। ਇੰਸਟੀਚਿਊਟ ਦੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਸੈਣੀ ਨੇ ਦੱਸਿਆ ਕਿ ਇਨ੍ਹਾਂ ਕੋਰਸਾਂ ਵਿਚ ਬੱਚਿਆਂ ਨੂੰ ਐਮ.ਐਸ.ਵਰਡ, ਐਮ.ਐਸ. ਐਕਸਲ, ਐਮ.ਐਸ. ਪਾਵਰਪੁਆਇੰਟ, ਪ੍ਰੋਗਰੈਮਿੰਗ ਇਨ ਜਾਵਾ, ਪ੍ਰੋਗਰੈਮਿੰਗ ਇਨ ਸੀ ਪਲੱਸ ਪਲੱਸ, ਐਚ ਟੀ ਐਮ ਐਲ, ਪ੍ਰਿੰਟਿੰਗ, ਸਕੈਨਿੰਗ, ਈ-ਮੇਲਿੰਗ ਆਦਿ ਤੋਂ ਇਲਾਵਾ ਪੰਜਾਬੀ ਅਤੇ ਅੰਗਰੇਜੀ ਟਾਈਪਿੰਗ ਵੀ ਸਿਖਾਈ ਜਾਵੇਗੀ। ਇੱਥੇ ਵਿਦਿਆਰਥੀਆਂ ਲਈ ਲਿਖਤੀ ਪੜ੍ਹਾਈ ਦੇ ਨਾਲ-ਨਾਲ ਪ੍ਰੈਕਟੀਕਲ ਕਲਾਸਾਂ 'ਤੇ ਖਾਸ ਧਿਆਨ ਦਿੱਤਾ ਜਾਂਦਾ ਹੈ। ਕੋਰਸ ਖਤਮ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਆਈ.ਐਸ.ਓ ਤੋਂ ਪ੍ਰਮਾਣਿਤ ਸਰਟੀਫਿਕੇਟ ਵੀ ਦਿੱਤਾ ਜਾਂਦਾ ਹੈ, ਤਾਂ ਜੋ ਉਹ ਕਿਸੀ ਵੀ ਸਰਕਾਰੀ ਨੌਕਰੀ ਦੀ ਮੁੱਢਲੀ ਲੋੜ (120 ਘੰਟੇ ਦੀ ਪੜ੍ਹਾਈ) ਨੂੰ ਪੂਰਾ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਆਪਣੀ ਜ਼ਿੰਦਗੀ ਦਾ ਨਿਰਬਾਹ ਚੰਗੇ ਢੰਗ ਨਾਲ ਕਰ ਸਕਣ।ਇਨ੍ਹਾਂ ਕੋਰਸਾਂ ਵਿਚ ਦਾਖਲੇ ਸਬੰਧੀ ਜਾਣਕਾਰੀ ਦਫ਼ਤਰ ਵਿੱਚੋਂ ਕਿਸੇ ਵੀ ਕੰਮ-ਕਾਜ ਵਾਲੇ ਦਿਨ ਲਈ ਜਾ ਸਕਦੀ ਹੈ। ਉਹਨਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਫੋਨ ਨੰ: 94786-18790, 98157-05178, 01882-246812 'ਤੇ ਸੰਪਰਕ ਵੀ ਕੀਤਾ ਜਾ ਸਕਦਾ ਹੈ।

## ਥਾਣੇਦਾਰ ਜੁਝਾਰ ਸਿੰਘ ਨੂੰ ਸਦਮਾ, ਮਾਤਾ ਦੀ ਮੌਤ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਪੁਲਸ ਵਿੱਚ ਨੰਗਲ ਵਿਖੇ ਤਾਇਨਾਤ ਥਾਣੇਦਾਰ ਜੁਝਾਰ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੀ ਮਾਤਾ ਦੇਵ ਕੌਰ 75 ਪਤਨੀ ਚੂਹੜ ਸਿੰਘ ਵਾਸੀ ਬੱਢਲ ਲੋਅਰ ਅਕਾਲ ਚਲਾਣਾ ਕਰ ਗਈ। ਉਹਨਾਂ ਦਾ ਅੰਤਿਮ ਦਾ ਸੰਸਕਾਰ ਕੀਰਤਪੁਰ ਸਾਹਿਬ ਦੇ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ। ਉਨ੍ਹਾਂ ਦੀ ਸਿਹਤ ਪਿਛਲੇ ਦਿਨਾਂ ਤੋਂ ਕਾਫ਼ੀ ਨਾਜ਼ੁਕ ਸੀ।ਇਸ ਮੌਕੇ 'ਤੇ ਗੁਰਮੀਤ ਸਿੰਘ ਜਸਵੀਰ ਸਿੰਘ ਅਮਰ ਸਿੰਘ ਗੁਰਸੇਵਕ ਸਿੰਘ ਸਰਪੰਚ ਬਲਵੀਰ ਸਿੰਘ ਬੱਡਲ ਗੁਰਦਿਆਲ ਸਿੰਘ ਹਾਜ਼ਰ ਸਨ। ਵੱਖ ਵੱਖ ਆਗੂਆਂ ਅਤੇ ਪੁਲਸ ਮੁਲਾਜਮਾਂ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਤੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ,ਸਾਬਕਾ ਸੰਸਦੀ ਸਕੱਤਰ ਰਾਣਾ ਕੰਵਰਪਾਲ ਸਿੰਘ,ਸੀਪੀ ਆਈ ਐਮ ਤੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂ ਮਨਜਿੰਦਰ ਸਿੰਘ ਬਰਾੜ, ਜਥੇਦਾਰ ਸੰਦੀਪ ਸਿੰਘ ਕਲੋਤਾ,ਜਥੇਦਾਰ ਮੋਹਣ ਸਿੰਘ ਢਾਹੇ, ਰਾਜਪਾਲ ਆਂਗਰਾ,ਸੀ ਪੀ ਆਈ ਦੇ ਜ਼ਿਲ੍ਹਾ ਆਗੂ ਗੁਰਨਾਮ ਸਿੰਘ ਔਲਖ, ਬਰਜਿੰਦਰ ਸਿੰਘ ਡੋਡ,ਕਾਂਗਰਸੀ ਆਗੂ ਹਰਬੰਸ ਲਾਲ ਮਹਿੰਦਲੀ, ਕਮਲਜੀਤ ਕੌਰ ਸੈਣੀ, ਪ੍ਰੇਮ ਸਿੰਘ ਬਾਸੋਵਾਲ, ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ, ਡੀ ਐਸ ਪੀ ਅਜੇ ਰਾਣਾ ਸ੍ਰੀ ਆਨੰਦਪੁਰ ਸਾਹਿਬ, ਡੀ ਐਸ ਪੀ ਕੁਲਵੀਰ ਸਿੰਘ ਸੰਧੂ ਨੰਗਲ, ਐਸ ਐਚ ਓ ਦਾਨਿਸ਼ ਵੀਰ ਸਿੰਘ,ਐਸ ਐਚ ਓ ਸਿਮਰਨਜੀਤ ਸਿੰਘ, ਐਸ ਆਈ ਸਿਰਤਾਜ ਸਿੰਘ, ਥਾਣੇਦਾਰ ਮਹਿੰਦਰ ਸਿੰਘ, ਥਾਣੇਦਾਰ ਹਰਜਾਪ ਸਿੰਘ, ਨਿਰਮਲ ਸਿੰਘ ਸੁਮਨ ਸਮੇਤ ਹੋਰ ਮੁਲਾਜ਼ਮਾਂ ਨੇ ਥਾਣੇਦਾਰ ਜੁਝਾਰ ਸਿੰਘ ਦੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਮਾਤਾ ਜੀ ਦੀ ਅੰਤਿਮ ਅਰਦਾਸ 6 ਅਗਸਤ ਦਿਨ ਬੁੱਧਵਾਰ ਨੂੰ ਹੋਵੇਗੀ।



## ਪੰਜਾਬੀ ਪੱਤਰਕਾਰ ਸਦਨ ਨੇ ਕੀਤਾ ਕੰਵਰਪ੍ਰੀਤ ਸਿੰਘ ਬੇਦੀ ਦਾ ਸਨਮਾਨ



**ਜਲੰਧਰ (ਨਵਾਂ ਜ਼ਮਾਨਾ ਸਰਵਿਸ)** ਪੰਜਾਬੀ ਪੱਤਰਕਾਰ ਸਦਨ ਵੱਲੋਂ ਆਪਣੀ ਪਰੰਪਰਾਗਤ ਰਵਾਇਤ ਅਨੁਸਾਰ ਪੰਜਾਬੀ ਦੇ ਪੱਤਰਕਾਰ ਕੰਵਰਪ੍ਰੀਤ ਸਿੰਘ ਬੇਦੀ ਸੰਪਾਦਕ ਮਧੂਸਾਰ ਪਟਿਆਲਾ ਨੂੰ ਉਨ੍ਹਾਂ ਦੀਆਂ ਪੰਜਾਬੀ ਪੱਤਰਕਾਰਤਾ ਦੇ ਖੇਤਰ ਵਿਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੇ ਸਤਿਕਾਰ ਵਜੋਂ ਸਨਮਾਨਿਤ ਕੀਤਾ ਗਿਆ। ਸਨਮਾਨ ਵਿੱਚ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਮੋਮੈਂਟੋ, ਦੋਸ਼ਾਲਾ ਤੇ ਸਿਰਪਾਓ ਨਾਲ ਨਿਵਾਜਿਆ ਗਿਆ। ਪੰਜਾਬੀ ਪੱਤਰਕਾਰ ਸਦਨ ਦੇ ਜਨਰਲ ਸਕੱਤਰ ਜਸਪਾਲ ਸਿੰਘ ਵਿਰਦੀ ਨੇ ਪ੍ਰੈੱਸ ਨੂੰ ਇਹ ਜਾਣਕਾਰੀ ਦਿੱਤੀ। ਇਸ ਮੌਕੇ ਸਦਨ ਦੇ ਸਰਪ੍ਰਸਤ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਸਦਨ ਦੀ ਇਹ ਪੁਰਾਤਨ ਪਰੰਪਰਾ ਰਹੀ ਹੈ ਕਿ ਪੱਤਰਕਾਰਤਾ ਅਤੇ ਸਾਹਿਤਕ ਖੇਤਰ ਵਿਚ ਨਿਵੇਕਲਾ ਤੇ ਸ਼ਾਨਦਾਰ ਯੋਗਦਾਨ ਪਾਉਣ ਵਾਲੇ ਪੱਤਰਕਾਰਾਂ ਨੂੰ ਸਮੇਂ-ਸਮੇਂ ਸਨਮਾਨਿਤ ਕੀਤਾ ਜਾਂਦਾ ਹੈ। ਇਸ ਤੋਂ ਪਹਿਲਾਂ ਪੱਤਰਕਾਰ ਤੇ ਉੱਘੇ ਲੇਖਕ ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ ਯੂ.ਕੇ. ਨੂੰ ਸਨਮਾਨਤ ਕੀਤਾ ਜਾ ਚੁੱਕਿਆ ਹੈ।ਸਦਨ ਦੇ ਚੇਅਰਮੈਨ ਜੋਗਿੰਦਰਪਾਲ ਸਿੰਘ ਕੁੰਦਰਾ ਨੇ ਕਿਹਾ ਕਿ ਸਦਨ ਵੱਲੋਂ ਪੱਤਰਕਾਰਾਂ ਦੀਆਂ ਮੰਗਾਂ ਸੈਂਟਰ ਸਰਕਾਰ ਤਕ ਪੁੱਜਦੀਆਂ ਕੀਤੀਆਂ ਹਨ, ਰਾਬਤਾ ਕਾਇਮ ਹੈ, ਆਉਣ ਵਾਲੇ ਸਮੇਂ ਵਿੱਚ ਪੱਤਰਕਾਰਾਂ ਦੀਆਂ ਮੰਗਾਂ ਪ੍ਰਤੀ ਜੇ ਲੋੜ ਪਈ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਸਨਮਾਨਤ ਸ਼ਖ਼ਸੀਅਤ ਕੰਵਰਪ੍ਰੀਤ ਸਿੰਘ ਬੇਦੀ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸਵ: ਪਿਤਾ ਪੱਤਰਕਾਰ ਬਲਬੀਰ ਸਿੰਘ ਬੇਦੀ ਵੱਲੋਂ ਦੀਆਂ ਸੇਵਾਵਾਂ ਨੂੰ ਵੀ ਯਾਦ ਕੀਤਾ। ਜਤਿੰਦਰ ਸਿੰਘ ਢਿੱਲੋਂ ਪ੍ਰਧਾਨ ਨੇ ਕਿਹਾ ਕਿ ਸਥਾਨਕ ਪੱਤਰਕਾਰ ਭਾਈਚਾਰਾ ਆਪਣੀਆਂ ਸੇਵਾਵਾਂ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਅ ਰਿਹਾ ਹੈ। ਅਗਲੇਰੇ ਸਮਾਗਮਾਂ ਵਿੱਚ ਪ੍ਰਸ਼ਾਸਨ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਵੀ ਕੰਵਰਪ੍ਰੀਤ ਸਿੰਘ ਨੂੰ ਵਧਾਈ ਪੇਸ਼ ਕੀਤੀ। ਸਮਾਗਮ ਵਿੱਚ ਅਮਰੀਕ ਵੱਲਾ, ਕੁਲਬੀਰ ਸਿੰਘ, ਨਰਿੰਦਰ ਸਿੰਘ, ਤਰੁਣ ਮਹਿਰਾ, ਰਜੇਸ਼ ਸ਼ਰਮਾ, ਸੰਦੀਪ ਸਿੰਘ, ਹਰਜਿੰਦਰ ਸਿੰਘ, ਸੰਦੀਪ ਸਿੰਘ, ਪਰਮਜੀਤ ਸਿੰਘ ਬਾਜਵਾ, ਲੱਕੀ ਮਹਿਰਾ, ਲਖਵਿੰਦਰ ਸ਼ਰਮਾ, ਡਾ. ਹਰਵਿੰਦਰ ਸਿੰਘ, ਡਾ. ਗੁਰਜਿੰਦਰ ਸਿੰਘ ਆਦਿ ਹਾਜ਼ਰ ਸਨ।

## ਸਿਲਵਰ ਓਕ ਸਕੂਲ 'ਚ ਮਨਾਇਆ ਤੀਆਂ ਦਾ ਤਿਉਹਾਰ



**ਟਾਂਡਾ ਉੜਮੁੜ (ਓਂਕਾਰ ਸਿੰਘ ਜਸਵਿੰਦਰ ਸੰਧੂ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਵਿਖੇ ਮਿਸ ਤੀਜ ਮੁਕਾਬਲਾ 2025 ਆਯੋਜਿਤ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਦੇਖ-ਰੇਖ ਦੇ ਵਿੱਚ ਇਹ ਮੁਕਾਬਲਾ ਕਰਵਾਇਆ ਗਿਆ।ਇਸ ਮੌਕੇ ਸੰਸਥਾ ਦੇ ਵਾਈਸ ਚੇਅਰਪਰਸਨ ਸ਼੍ਰੀਮਤੀ ਕਮਲੇਸ਼ ਕੌਰ ਅਤੇ ਮੈਡਮ ਇਸ਼ਿਤਾ ਪਾਸੀ ਸੈਣੀ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰੀ ਭਰ ਕੇ ਬੱਚਿਆਂ ਦਾ ਹੌਸਲਾ ਵਧਾਇਆ।ਖਾਸ ਮਹਿਮਾਨ ਦੇ ਤੌਰ ਤੇ ਗੁਰਪ੍ਰੀਤ ਸਿੰਘ, ਐਡਵੋਕੇਟ (ਪੰਜਾਬ ਹਰਿਆਣਾ ਹਾਈਕੋਰਟ) ਬੱਚਿਆਂ ਨੂੰ ਆਸ਼ੀਰਵਾਦ ਦੇਣ ਲਈ ਪਹੁੰਚੇ।ਇਸ ਮੁਕਾਬਲੇ ਵਿੱਚ ਮਿਸ ਤੀਜ 2025 ਦਾ ਤਾਜ ਗਿਆਰਵੀਂ ਕਲਾਸ ਦੀ ਜਸਨੂਰ ਕੌਰ ਦੇ ਸਿਰ ਸਜਿਆ, ਇਸ ਤੋਂ ਇਲਾਵਾ ਨਮਨੀਤ ਕੌਰ ਨੇ ਦੂਜਾ ਸਥਾਨ ਅਤੇ ਹਰਮਨਜੋਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਪੰਜਾਬੀ ਵਿਭਾਗ ਦੇ ਅਧਿਆਪਕਾਂ ਅਤੇ ਸੀ ਈ ਟੀਮ ਦੇ ਅਧਿਆਪਕਾਂ ਦੇ ਸਹਿਯੋਗ ਨਾਲ ਗਿਆਰ੍ਹਵੀਂ ਕਲਾਸ ਦੀਆਂ ਬੱਚੀਆਂ ਨੇ ਕਈ ਦਿਨਾਂ ਦੀ ਮਿਹਨਤ ਨਾਲ ਆਪਣੀਆਂ ਪ੍ਰਫੋਰਮੈਂਸ ਤਿਆਰ ਕੀਤੀਆਂ ਅਤੇ ਪੰਜਾਬੀ ਵਿਰਸੇ ਦੇ ਵਿੱਚ ਹਰ ਪਹਿਲੂ ਨੂੰ ਪੇਸ਼ ਕੀਤਾ।ਆਪਣੀ ਪੂਰੀ ਤਿਆਰੀ ਦੇ ਨਾਲ ਉਨ੍ਹਾਂ ਨੇ ਇਸ ਮੁਕਾਬਲੇ ਦੇ ਵਿੱਚ ਭਾਗ ਲਿਆ ਅਤੇ ਹਰ ਇੱਕ ਦੀ ਪ੍ਰਫੋਰਮੈਂਸ ਇੱਕ ਤੋਂ ਵੱਧ ਕੇ ਸੀ। ਪ੍ਰਿੰਸੀਪਲ ਮਨੀਸ਼ਾ ਸੰਗਰ ਨੇ ਦੱਸਿਆ ਕਿ ਜਿੰਨਾ ਜ਼ਰੂਰੀ ਆਪਣੀ ਪੜ੍ਹਾਈ ਵੱਲ ਧਿਆਨ ਦੇਣਾ ਹੈ ਉਨ੍ਹਾਂ ਹੀ ਜ਼ਰੂਰੀ ਆਪਣੇ ਸੱਭਿਆਚਾਰ ਦੇ ਬਾਰੇ ਜਾਣਕਾਰੀ ਹਾਸਲ ਕਰਨਾ ਵੀ ਹੈ।ਉਹਨਾਂ ਦੱਸਿਆ ਕਿ ਸਾਡਾ ਇਹ ਉਪਰਾਲਾ ਬੱਚਿਆਂ ਨੂੰ ਆਪਣੇ ਸੱਭਿਆਚਾਰ ਦੇ ਨਾਲ ਜੋੜਨ ਦੀ ਇੱਕ ਕੋਸ਼ਿਸ਼ ਮਾਤਰ ਹੈ ਤੇ ਸਾਨੂੰ ਉਮੀਦ ਹੈ ਕਿ ਬੱਚੇ ਇਸ ਮੁਕਾਬਲੇ ਦੇ ਜ਼ਰੀਏ ਇਸ ਟੀਚੇ ਨੂੰ ਹਾਸਲ ਕਰਨਗੇ। ਇਸ ਮੌਕੇ ਗਜਿੰਦਰ ਪਾਲ ਸਿੰਘ, ਬਿਕਰਮਜੀਤ ਸਿੰਘ ਭੋਲਾ, ਸੰਜੀਵ ਕੁਮਾਰ ਸ਼ਰਮਾ, ਅਮਰਜੀਤ ਕੌਰ ਸੈਣੀ, ਜਸਬੀਰ ਸਿੰਘ, ਬਲਜੀਤ ਕੌਰ, ਪੂਜਾ, ਅਰਚਨਾ, ਗੁਰਪ੍ਰੀਤ, ਆਰਤੀ, ਰਾਜਵੀਰ ਕੌਰ, ਰਾਜਵਿੰਦਰ, ਹਰਜੀਤ, ਪਰਮਜੀਤ, ਰੁਪਿੰਦਰ ਕੌਰ ਤੇ ਬਾਕੀ ਸਟਾਫ ਮੈਂਬਰ ਮੌਜੂਦ ਸਨ।

## ਭੋਗ 'ਤੇ ਵਿਸ਼ੇਸ਼ — ਗੁਰਮਤਿ ਵਿਚਾਰਧਾਰਾ ਤੇ ਸਮਾਜ ਸੇਵਾ ਦੇ ਧਾਰਨੀ ਸਨ ਮਾਤਾ ਜਸਪਾਲ ਕੌਰ



ਇਸ ਫਾਨੀ ਦੁਨੀਆ 'ਤੇ ਜੋ ਵੀ ਇਨਸਾਨ ਆਇਆ ਹੈ, ਉਸ ਨੇ ਇਕ ਨਾ ਇਕ ਦਿਨ ਚਲੇ ਜਾਣਾ ਹੈ, ਪ੍ਰੰਤੂ ਕਈ ਸ਼ਖ਼ਸੀਅਤਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਵੀ ਸਮਾਜ ਉਨ੍ਹਾਂ ਨੂੰ ਸਦਾ ਯਾਦ ਕਰਦਾ ਹੈ। ਹਰਮੀਤ ਸਿੰਘ ਪਠਾਨਮਾਜਰਾ ਐੱਮ.ਐੱਲ. ਏ. ਦੇ ਪੀ.ਏ. ਗੁਰਪ੍ਰੀਤ ਸਿੰਘ ਗੁਰੀ ਦੀ ਨਾਨੀ ਜਸਪਾਲ ਕੌਰ ਜੀ ਇਕ ਅਜਿਹੀ ਸ਼ਖ਼ਸੀਅਤ ਸਨ, ਜੋ ਗੁਰਮਤਿ ਵਿਚਾਰਧਾਰਾ ਤੇ ਸਮਾਜ ਸੇਵਾ ਦੇ ਧਾਰਨੀ ਸਨ। ਉਹ ਆਪਣੇ ਪਿੱਛੇ ਪਤੀ ਸ੍ਰ. ਜਗਦੇਵ ਸਿੰਘ ਤੋਂ ਇਲਾਵਾ ਤਿੰਨ ਪੁੱਤਰੀਆਂ ਬਲਵਿੰਦਰ ਕੌਰ, ਚਰਨਜੀਤ ਕੌਰ ਤੇ ਰਾਣੀ ਤੋਂ ਇਲਾਵਾ ਆਪਣੇ ਜਵਾਈਆਂ ਤੇ ਵਿਦੇਸ਼ 'ਚ ਰਹਿੰਦੇ ਦੋਹਤਿਆਂ ਦੀ ਹਸਦੀ-ਵਸਦੀ ਫੁੱਲਵਾੜੀ ਨੂੰ ਪਿੱਛੇ ਛੱਡ ਗਏ ਹਨ।ਬੇਸ਼ੱਕ ਉਹ ਇਕ ਘਰੇਲੂ ਤੇ ਸਧਾਰਨ ਔਰਤ ਸਨ, ਪ੍ਰੰਤੂ ਉਨ੍ਹਾਂ ਦੀ ਦੂਰ ਅੰਦੇਸ਼ੀ ਤੇ ਪ੍ਰੇਰਨਾ ਸਦਕਾ ਉਨ੍ਹਾਂ ਦਾ ਪਰਿਵਾਰ ਅੱਜ ਸਮਾਜ ਦੇ ਹਰ ਖੇਤਰ ਵਿੱਚ ਬੁਲੰਦੀਆਂ ਨੂੰ ਛੂਹ ਰਿਹਾ ਹੈ।ਜਸਪਾਲ ਕੌਰ ਇੱਕ ਗੁਰਮੁੱਖ ਪਰਵਾਰ ਨਾਲ ਸਬੰਧਤ ਸਨ।ਉਹ ਇਕ ਸਧਾਰਨ ਤੇ ਧਾਰਮਿਕ ਖਿਆਲਾਂ ਵਾਲੀ ਸ਼ਖ਼ਸੀਅਤ ਸਨ।ਉਨ੍ਹਾਂ ਦੀ ਪ੍ਰੇਰਨਾ ਸਦਕਾ ਉਨ੍ਹਾਂ ਦਾ ਦੋਹਤਾ ਗੁਰਪ੍ਰੀਤ ਸਿੰਘ ਗੁਰੀ ਅੱਜ ਵਿਧਾਇਕ ਪਠਾਨਮਾਜਰਾ ਦੇ ਪੀ.ਏ. ਵਜੋਂ ਸਮਾਜ ਤੇ ਲੋਕਾਂ ਦੀ ਸੇਵਾ ਬੜੀ ਲਗਨ, ਮਿਹਨਤ ਤੇ ਇਮਾਨਦਾਰੀ ਨਾਲ ਕਰਦੇ ਹੋਏ ਆਪਣੀ ਨਾਨੀ ਵੱਲੋਂ ਦਰਸਾਏ ਮਾਰਗ 'ਤੇ ਚੱਲ ਰਹੇ ਹਨ।ਉਨ੍ਹਾਂ ਦੀ ਅੰਤਿਮ ਅਰਦਾਸ ਮੌਕੇ ਮੈਂ ਆਪਣੀ ਸ਼ਰਧਾ ਦੇ ਫੁੱਲ ਉਨ੍ਹਾਂ ਨੂੰ ਭੇਟ ਕਰਦਾ ਹੋਇਆ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ।

**-ਰਾਜਿੰਦਰ ਸਿੰਘ ਥਿੰਦ**

## ਟੈਕਨੀਕਲ ਸਰਵਿਸਿਜ਼ ਯੂਨੀਅਨ ਦੀ ਸਬ ਡਵੀਜ਼ਨ ਨੰਗਲ ਦੇ ਪ੍ਰਧਾਨ ਬਣੇ ਬਹਾਦਰ ਸਿੰਘ



**ਨੰਗਲ (ਸੁਰਜੀਤ ਸਿੰਘ ਢੇਰ)** ਟੈਕਨੀਕਲ ਸਰਵਿਸਿਜ਼ ਯੂਨੀਅਨ ਦੀ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਸਬ ਡਵੀਜ਼ਨ ਨੰਗਲ ਦੀ ਚੋਣ ਨਿਗਰਾਨ ਕਮੇਟੀ ਡਵੀਜ਼ਨ ਪ੍ਰਧਾਨ ਗੁਰਦਿਆਲ ਸਿੰਘ ਮਾਵੀ, ਡਵੀਜ਼ਨ ਸੱਕਤਰ ਮੋਹਿਤ ਸ਼ਰਮਾ ਦੀ ਨਿਗਰਾਨੀ ਹੇਠ ਕੀਤੀ ਗਈ।ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸਾਬਕਾ ਜੋਨ ਪ੍ਰਧਾਨ ਬਜਿੰਦਰ ਪੰਡਤ, ਸਾਬਕਾ ਡਵੀਜ਼ਨ ਸੱਕਤਰ ਰਾਕੇਸ਼ ਬਾਲੀ ਕਲਸੇੜਾ ਹਾਜ਼ਰ ਹੋਏ।ਇਸ ਮੀਟਿੰਗ ਵਿੱਚ ਸਬ ਡਵੀਜ਼ਨ ਕੈਸ਼ੀਅਰ ਵੱਲੋਂ ਆਪਣੀ ਰਿਪੋਰਟ ਪੇਸ਼ ਕੀਤੀ ਅਤੇ ਸਬ ਡਵੀਜ਼ਨ ਸੱਕਤਰ ਵਲੋਂ ਆਪਣੀ ਕਾਰਵਾਈ ਰਿਪੋਰਟ ਪੇਸ਼ ਕੀਤੀ ਗਈ।ਜਿਸ ਨੂੰ ਸਾਥੀਆ ਵੱਲੋਂ ਆਪਣੇ ਵਿਚਾਰ ਸਾਂਝੇ ਕਰਦਿਆਂ ਸਰਬਸਮਤੀ ਨਾਲ ਪਾਸ ਕੀਤਾ ਗਿਆ।ਇਸ ਤੋਂ ਬਾਅਦ ਸਬ ਡਵੀਜ਼ਨ ਪ੍ਰਧਾਨ ਵੱਲਭ ਸਿੰਘ ਵੱਲੋਂ ਮੌਜੂਦਾ ਕਮੇਟੀ ਨੂੰ ਭੰਗ ਕਰਕੇ ਰਜਿਸਟਰ ਚੋਣ ਨਿਗਰਾਨ ਕਮੇਟੀ ਨੂੰ ਦੇ ਦਿੱਤਾ ਅਤੇ ਚੋਣ ਕਰਵਾਉਣ ਸੰਬੰਧੀ ਅਧਿਕਾਰਿਤ ਕੀਤਾ ਗਿਆ। ਇਸ ਉਪਰੰਤ ਚੋਣ ਨਿਗਰਾਨ ਕਮੇਟੀ ਵੱਲੋਂ ਸਾਥੀਆ ਨੂੰ ਸਬ ਡਵੀਜ਼ਨ ਕਮੇਟੀ ਲਈ ਪੈਨਲ ਪੇਸ਼ ਕਰਨ ਲਈ ਮੰਗ ਕੀਤੀ ਅਤੇ ਸਾਥੀ ਕੇਵਲ ਕ੍ਰਿਸ਼ਨ ਜੇ ਈ ਅਤੇ ਸਾਥੀ ਅਵਤਾਰ ਸਿੰਘ ਨੇ ਵਿਗਾਨਿਕ ਗਰੁੱਪ ਵੱਲੋਂ ਪੈਨਲ ਪੇਸ਼ ਕੀਤਾ ਗਿਆ।ਜਿਸ ਵਿੱਚ ਪ੍ਰਧਾਨ ਬਹਾਦੁਰ ਸਿੰਘ, ਸ਼ਿਵ ਕੁਮਾਰ ਜੇ ਈ ਸੱਕਤਰ, ਚਮਨ ਲਾਲ ਮੀਤ ਪ੍ਰਧਾਨ, ਦੀਪਕ ਕੁਮਾਰ ਜੁਆਇੰਟ ਸੱਕਤਰ, ਅਜੈ ਕੁਮਾਰ ਕੈਸ਼ੀਅਰ ਦੇ ਅਹੁਦੇ ਲਈ ਪੇਸ਼ ਕੀਤਾ ਗਿਆ।ਇਸ ਤੋਂ ਇਲਾਵਾ ਹੋਰ ਕੋਈ ਵੀ ਪੈਨਲ ਪੇਸ਼ ਨਹੀਂ ਕੀਤਾ ਗਿਆ।ਜਿਸ ਤੋਂ ਬਾਅਦ ਸਰਬਸਮਤੀ ਨਾਲ ਇਸ ਪੈਨਲ ਦੀ ਚੋਣ ਕੀਤੀ ਗਈ।ਇਸ ਤੋਂ ਬਾਅਦ ਚੋਣ ਨਿਗਰਾਨ ਕਮੇਟੀ ਵੱਲੋਂ ਚੁਣੀ ਸਬ ਡਵੀਜ਼ਨ ਕਮੇਟੀ ਨੂੰ ਵਧਾਈ ਦਿੱਤੀ ਗਈ ਅਤੇ ਚੁਣੀ ਹੋਈ ਕਮੇਟੀ ਵੱਲੋਂ ਵਿਸ਼ਵਾਸ ਦਿੱਤਾ ਗਿਆ ਕਿ ਉਹ ਪੂਰੇ ਤਨ ਮਨ ਧਨ ਨਾਲ ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਸੂਬਾ ਕਮੇਟੀ ਅਤੇ ਸਰਕਲ ਤੇ ਡਵੀਜ਼ਨ ਕਮੇਟੀ ਦੇ ਦਿੱਤੇ ਸੰਘਰਸ਼ ਨੂੰ ਲਾਗੂ ਕਰਨਗੇ ਅਤੇ ਸਾਥੀਆ ਦੇ ਕੰਮ ਪੂਰੀ ਇਮਨਦਾਰੀ ਨਾਲ ਕਰਨਗੇ।ਮੀਟਿੰਗ ਵਿੱਚ ਹਾਜ਼ਰ ਅਵਤਾਰ ਸਿੰਘ, ਜਤਿਨ ਉਪਲ, ਜਗਤਾਰ ਸਿੰਘ, ਰਾਮਲਾਲ, ਕੇਵਲ ਕ੍ਰਿਸ਼ਨ, ਪਰਵੀਨ ਕੁਮਾਰ, ਪਰਮੋਧ ਕੁਮਾਰ, ਗਗਨ ਘਈ, ਗੁਰਮੀਤ ਸਿੰਘ, ਜਸਪ੍ਰੀਤ ਸਿੰਘ, ਰਾਜੇਸ਼ ਕੁਮਾਰ, ਅਨਿਲ ਕੁਮਾਰ, ਰਮਨ ਕੁਮਾਰ, ਵੀਰ ਸਿੰਘ, ਤਰਨਜੀਤ ਸਿੰਘ ਆਦਿ ਸਾਥੀ ਹਾਜ਼ਰ ਸਨ।

## ਭਾਮ 'ਚ ਜੋੜ ਮੇਲੇ ਮੌਕੇ 5ਵਾਂ ਮੁਫ਼ਤ ਮੈਡੀਕਲ ਕੈਂਪ ਲਗਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਭਾਮ ਵਿਖੇ ਮਾਂ ਦੁਰਗਾ ਮੰਦਰ ਦੇ ਅਸਥਾਨ 'ਤੇ ਸਮੂਹ ਸਾਧ ਸੰਗਤ ਅਤੇ ਮਾਂ ਭਾਮੇਸ਼ਵਰੀ ਮਿਸ਼ਨਰੀ ਟਰੱਸਟ ਭਾਮ ਵੱਲੋਂ ਮਾਂ ਭਾਮੇਸ਼ਵਰੀ ਜੀ ਦਾ ਸਲਾਨਾ ਜੋੜ ਮੇਲਾ ਮੰਦਰ ਦੇ ਚੇਅਰਪਰਸਨ ਭੈਣ ਵਿਨੋਦ ਕੁਮਾਰੀ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਸੇਵਾਦਾਰ ਗੁਰਨਾਮ ਜਸਵਾਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੇਲੇ ਦੌਰਾਨ ਦਾਦਰਾ ਹਸਪਤਾਲ ਭਾਮ ਵੱਲੋਂ ਸਲਾਨਾ 5ਵਾਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਡਾਕਟਰ ਸੰਦੀਪ ਕੁਮਾਰ ਦਾਦਰਾ ਦੀ ਸਮੁੱਚੀ ਟੀਮ ਨੇ 200 ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ। ਇਸ ਮੌਕੇ ਮੰਦਰ ਵੱਲੋਂ ਡਾਕਟਰਾਂ ਦੀ ਟੀਮ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾਕਟਰ ਸੰਦੀਪ ਕੁਮਾਰ ਦਾਦਰਾ, ਇਸ਼ੂ, ਜਸਮੀਨ ਕੌਰ, ਭਾਵਨਾ, ਹਰਜੋਤ ਸਿੰਘ, ਮਾਨਸੀ, ਕੁਲਦੀਪ ਕੁਮਾਰ ਦੀਪਾ ਲੁਧਿਆਣਾ, ਡਾਕਟਰ ਟੋਨੀ ਭਾਮ ਆਦਿ ਹਾਜ਼ਰ ਸਨ।

## ਲਾਈਨਮੈਨ ਸੁਖਪਾਲ ਸਿੰਘ ਲੌਹਕਾ ਨੂੰ ਸਟਾਫ ਨੇ ਦਿੱਤੀ ਨਿੱਘੀ ਵਿਦਾਇਗੀ ਪਾਰਟੀ



**ਪੱਟੀ (ਬਲਦੇਵ ਸਿੰਘ ਸੰਧੂ)**- ਕਸਬਾ ਹਰੀਕੇ ਵਿਖੇ ਸੁਖਪਾਲ ਸਿੰਘ ਖਹਿਰਾ ਲਾਈਨਮੈਨ ਦੀ ਸੇਵਾਮੁਕਤੀ 'ਤੇ ਇੱਕ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ।ਸਮਾਗਮ ਵਿੱਚ ਬਿਜਲੀ ਬੋਰਡ ਦੇ ਮੁਲਾਜ਼ਮਾਂ ਤੋਂ ਇਲਾਵਾ ਐਕਸ ਸਰਵਿਸਮੈਨ, ਕਿਸਾਨ ਆਗੂਆਂ ਅਤੇ ਸਾਕ ਸਬੰਧੀਆਂ ਨੇ ਸ਼ਿਰਕਤ ਕੀਤੀ।ਇਸ ਸਮੇਂ ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਸਾਬਕਾ ਸੂਬਾ ਜਨਰਲ ਸਕੱਤਰ ਜਗਤਾਰ ਸਿੰਘ ਉੱਪਲ, ਸਰਕਲ ਪ੍ਰਧਾਨ ਦੀਪਕ ਕੁਮਾਰ, ਜਨਰਲ ਸਕੱਤਰ ਜਗਜੀਤ ਸਿੰਘ ਪੰਨੂ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ, ਜਮਹੂਰੀ ਕਿਸਾਨ ਸਭਾ ਦੇ ਸੂਬਾਈ ਆਗੂ ਰੇਸ਼ਮ ਸਿੰਘ ਫੈਲੋਕੇ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਸੁਖਪਾਲ ਸਿੰਘ ਲੌਹਕਾ ਇਮਾਨਦਾਰੀ ਨਾਲ ਸੁੱਚੀ-ਸੱਚੀ ਨੌਕਰੀ ਕਰਕੇ ਆਪਣੇ ਪਰਿਵਾਰ ਵਿੱਚ ਘਰ ਜਾ ਰਿਹਾ ਹੈ।ਇਨ੍ਹਾਂ ਆਗੂਆਂ ਨੇ ਕਿਹਾ ਕਿ ਸੁਖਪਾਲ ਆਪਣੇ ਫਰਜ਼ਾਂ ਦੀ ਪਾਲਣਾ ਕਰਦੇ ਹੋਏ ਹਰ ਵਕਤ ਡਿਊਟੀ ਤੇ ਤਤਪਰ ਰਹੇ ਅਤੇ ਬਿਜਲੀ ਕਾਮਿਆਂ ਨਾਲ ਸਰਕਾਰਾਂ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਦੇ ਖਿਲਾਫ ਅਤੇ ਮਜ਼ਦੂਰਾਂ/ਕਿਸਾਨਾਂ ਦੇ ਘੋਲ ਵਿੱਚ ਆਪਣਾ ਬਣਦਾ ਯੋਗਦਾਨ ਵੀ ਪਾਉਂਦੇ ਰਹੇ। ਇਲਾਕੇ ਭਰ ਦੇ ਕਿਸਾਨ, ਆਮ ਵਰਗ ਜਿੱਥੇ ਉਨ੍ਹਾਂ ਦੇ ਪਰਿਵਾਰ ਨਾਲ ਰਿਟਾਇਰਮੈਂਟ 'ਤੇ ਖੁਸ਼ੀ ਜ਼ਾਹਰ ਕਰ ਰਿਹਾ ਉਥੇ ਉਨ੍ਹਾਂ ਵੱਲੋਂ ਕੀਤੇ ਕੰਮਾਂ ਨੂੰ ਸਦਾ ਯਾਦ ਰੱਖਣਗੇ।ਇਸ ਮੌਕੇ ਕਰਮ ਸਿੰਘ ਪੰਡੋਰੀ, ਸਵਿੰਦਰ ਸਿੰਘ ਭੱਠਲ, ਮੋਹਨ ਸਿੰਘ ਨੌਸ਼ਹਿਰਾ ਪੰਨੂਆਂ ਤੋਂ ਇਲਾਵਾ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਮੁਬਾਰਕਬਾਦ ਪੇਸ਼ ਕੀਤੀ ।ਸਟੇਜ ਦੇ ਫਰਜ਼ ਯੂਨੀਅਨ ਦੇ ਨਿਧੜਕ ਆਗੂ ਗੁਰਨਿਸ਼ਾਨ ਸਿੰਘ ਨੇ ਬਾਖੂਬੀ ਨਿਭਾਏ।

## ਸ਼ੇਰੋਂ ਟੋਲ ਪਲਾਜ਼ਾ 'ਤੇ ਸਥਾਨਕ ਲੋਕਾਂ ਨਾਲ ਹੁੰਦਾ ਧੱਕਾ ਬੰਦ ਕੀਤਾ ਜਾਵੇ : ਕਿਸਾਨ ਸਭਾ




**ਚੋਹਲਾ ਸਾਹਿਬ (ਰਮਨ ਚੱਢਾ)**- ਕੁੱਲ ਹਿੰਦ ਕਿਸਾਨ ਸਭਾ ਦੀ ਇਲਾਕਾ ਕਮੇਟੀ ਮੀਟਿੰਗ ਸਥਾਨਕ ਗੁਰਦੁਆਰਾ ਵਿਖੇ ਪਰਮਜੀਤ ਸਿੰਘ ਚੋਹਲਾ ਤੇ ਬਲਵਿੰਦਰ ਸਿੰਘ ਦਦੇਹਰ ਦੀ ਪ੍ਰਧਾਨਗੀ ਹੇਠ ਹੋਈ।ਜ਼ਿਲ੍ਹਾ ਕਮੇਟੀ ਵੱਲੋਂ ਬਲਕਾਰ ਸਿੰਘ ਵਲਟੋਹਾ ਤੇ ਦਵਿੰਦਰ ਸੋਹਲ ਸ਼ਾਮਲ ਹੋਏ।ਇਸ ਮੀਟਿੰਗ ਵਿੱਚ ਇਹ ਮਸਲਾ ਮੁੱਖ ਤੌਰ ਤੇ ਆਇਆ ਕਿ ਸ਼ੇਰੋਂ ਟੋਲ ਪਲਾਜ਼ਾ 'ਤੇ ਅੱਜਕੱਲ ਵੀਹ ਕਿਲੋਮੀਟਰ ਅੰਦਰਲੇ ਪਿੰਡਾਂ ਦੇ ਲੋਕਾਂ ਨੂੰ ਮੁਫ਼ਤ ਲੰਘਣ ਤੋਂ ਰੋਕਿਆ ਜਾ ਰਿਹਾ ਹੈ ਜਦੋਂਕਿ ਪਿਛਲੇ ਕਈ ਸਾਲਾਂ ਤੋਂ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਗੱਡੀਆਂ ਲੰਘਾਉਣ ਦੀ ਖੁੱਲ੍ਹ ਸੀ ਪਰ ਹੁਣ ਪਾਸ ਬਣਾਉਣ ਲਈ ਦਬਾਅ ਪਾਇਆ ਜਾ ਰਿਹਾ ਹੈ।ਉਨ੍ਹਾਂ ਸਬੰਧਤ ਅਥਾਰਟੀ ਤੋਂ ਮੰਗ ਕੀਤੀ ਕਿ ਪਹਿਲਾਂ ਦੀ ਤਰ੍ਹਾਂ ਨੇੜਲੇ ਪਿੰਡਾਂ ਦੇ ਲੋਕਾਂ ਬਿਨਾਂ ਪਾਸ ਜਾਂ ਫਾਸਟਟੈਗ ਦੇ ਲੰਘਣ ਦਿੱਤਾ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਨਾਮ ਸਿੰਘ, ਸੇਵਾ ਸਿੰਘ, ਪਰਸਿੰਨ ਸਿੰਘ, ਉਮਰਾ ਸਿੰਘ ਚੰਬਾ ਵੀ ਹਾਜ਼ਰ ਸਨ।

## ਸੋਹਾਣਾ ਫਾਊਂਡੇਸ਼ਨ ਨੇ ਤੀਆਂ ਦੇ ਤਿਉਹਾਰ ਨੂੰ ਸਮਰਪਤ ਰੰਗਾਰੰਗ ਸਮਾਗਮ ਕਰਵਾਇਆ





**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬੀ ਸੱਭਿਆਚਾਰ ਅਤੇ ਰੀਤ-ਰਿਵਾਜਾਂ ਨੂੰ ਸਾਂਭ ਕੇ ਰੱਖਣ ਦੀ ਕੋਸ਼ਿਸ਼ ਵਜੋਂ ਸੋਹਾਣਾ ਫਾਊਂਡੇਸ਼ਨ ਵੱਲੋਂ ਮੋਹਾਲੀ ਦੇ ਸੈਕਟਰ 78 ਵਿਚ ਤੀਆਂ ਨੂੰ ਸਮਰਪਿਤ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਫਾਊਂਡੇਸ਼ਨ ਦੀ ਪ੍ਰਧਾਨ ਹਰਜਿੰਦਰ ਕੌਰ ਸੋਹਾਣਾ ਦੀ ਅਗਵਾਈ ਹੇਠ ਕਰਵਾਏ ਸਮਾਗਮ ਵਿੱਚ ਇਲਾਕੇ ਦੀਆਂ ਸੈਂਕੜੇ ਮੁਟਿਆਰਾਂ ਨੇ ਭਾਗ ਲੈ ਕੇ ਤਿਉਹਾਰ ਦੀ ਰੌਣਕ ਵਧਾਈ।ਇਸ ਤਿਉਹਾਰ ਦੀ ਵਿਸ਼ੇਸ਼ਤਾ ਇਹ ਰਹੀ ਕਿ ਔਰਤਾਂ ਨੇ ਰਵਾਇਤੀ ਪੁਸ਼ਾਕਾਂ ਧਾਰਣ ਕਰਕੇ ਗਿੱਧੇ-ਭੰਗੜੇ ਰਾਹੀਂ ਸੱਭਿਆਚਾਰਕ ਪਛਾਣ ਨੂੰ ਉਜਾਗਰ ਕੀਤਾ।ਸਮਾਰੋਹ ਦੌਰਾਨ ਮਿਸ ਤੀਜ ਅਤੇ ਮਿਸ ਪੰਜਾਬਣ ਦੇ ਮੁਕਾਬਲੇ ਵੀ ਹੋਏ, ਜਿਨ੍ਹਾਂ ਵਿੱਚ ਜਸਮੀਨ ਕੌਰ ਨੇ ਮਿਸ ਤੀਜ ਅਤੇ ਰਾਜਵੀਰ ਕੌਰ ਨੇ ਮਿਸ ਪੰਜਾਬਣ ਦਾ ਖਿਤਾਬ ਜਿੱਤਿਆ।ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਸੋਹਾਣਾ ਹਾਜ਼ਰ ਹੋਏ।ਉਨ੍ਹਾਂ ਨੇ ਆਪਣੀ ਸੰਬੋਧਨ ਵਿਚ ਕਿਹਾ ਕਿ ਤੀਆਂ ਸਿਰਫ਼ ਤਿਉਹਾਰ ਨਹੀਂ, ਸਾਡੀ ਮਾਂ-ਧੀ ਦੀ ਮਿੱਠੀ ਵਿਰਾਸਤ ਹਨ।ਇਹ ਤਿਉਹਾਰ ਸਾਡੇ ਪੰਜਾਬੀ ਸਭਿਆਚਾਰ ਦੀ ਰੂਹ ਹਨ, ਜਿੱਥੇ ਧੀਆਂ ਨੂੰ ਸਨਮਾਨ, ਪਿਆਰ ਅਤੇ ਖੁਸ਼ੀਆਂ ਮਿਲਦੀਆਂ ਹਨ।ਅਸੀਂ ਤੀਆਂ ਨੂੰ ਮਨਾਕੇ ਨਾ ਸਿਰਫ਼ ਆਪਣੀ ਰਵਾਇਤ ਨੂੰ ਸੰਭਾਲ ਕੇ ਰੱਖਦੇ ਹਾਂ, ਸਗੋਂ ਨਵੀਂ ਪੀੜ੍ਹੀ ਨੂੰ ਵੀ ਆਪਣੇ ਵਿਰਸਿਆਂ 'ਤੇ ਵਿਰਾਸਤ ਨਾਲ ਜੋੜ ਕੇ ਰੱਖਣ ਦਾ ਯਤਨ ਕਰਦੇ ਹਾਂ। ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਸੋਹਾਣਾ ਫਾਊਂਡੇਸ਼ਨ ਵੱਲੋਂ ਕੀਤਾ ਗਿਆ ਇਹ ਉਪਰਾਲਾ ਸਿਰਫ਼ ਤਿਉਹਾਰ ਮਨਾਉਣ ਤੱਕ ਸੀਮਿਤ ਨਹੀਂ, ਸਗੋਂ ਇਸ ਨੇ ਸਮਾਜ ਵਿੱਚ ਔਰਤਾਂ ਦੀ ਭੂਮਿਕਾ, ਉਨ੍ਹਾਂ ਦੇ ਅਧਿਕਾਰ ਅਤੇ ਵਿਰਾਸਤ ਬਾਰੇ ਵੀ ਵੱਡਾ ਸੁਨੇਹਾ ਦਿੱਤਾ ਹੈ। ਸਮਾਰੋਹ ਦੀ ਰੌਣਕ ਨੂੰ ਚਾਰ ਚੰਨ ਲਗਾਏ ਪੰਜਾਬ ਦੀ ਮਸ਼ਹੂਰ ਲੋਕ ਗਾਇਕਾ ਜਸਵਿੰਦਰ ਬਰਾੜ ਨੇ, ਜਿਨ੍ਹਾਂ ਨੇ ਆਪਣੇ ਸ਼ਾਨਦਾਰ ਗੀਤਾਂ ਨਾਲ ਹਾਜ਼ਰ ਲੋਕਾਂ ਨੂੰ ਨੱਚਣ 'ਤੇ ਮਜਬੂਰ ਕਰ ਦਿੱਤਾ। ਇਸ ਮੌਕੇ ਵੱਖ ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਮੋਹਣੀ ਤੂਰ, ਰਾਜ ਧਾਲੀਵਾਲ ਅਤੇ ਗੁਰਪ੍ਰੀਤ ਕੌਰ ਭੰਗੂ ਨੂੰ ਸੋਹਾਣਾ ਫਾਊਂਡੇਸ਼ਨ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਹੋਰ ਵਿਸ਼ੇਸ਼ ਮਹਿਮਾਨਾਂ ਵਿੱਚ ਬੀਬੀ ਪਰਮਜੀਤ ਕੌਰ ਲਾਂਡਰਾਂ (ਸਾਬਕਾ ਚੇਅਰਮੈਨ, ਵੂਮਨ ਕਮਿਸ਼ਨ ਪੰਜਾਬ), ਐਮ.ਸੀ ਨਿਰਮਲ ਕੌਰ ਢਿੱਲੋਂ, ਐਮ.ਸੀ ਗੁਰਪ੍ਰੀਤ ਕੌਰ, ਅਮਨਜੋਤ ਕੌਰ ਰਾਮੂਵਾਲੀਆ ਸਾਬਕਾ ਚੇਅਰਮੈਨ ਯੋਜਨਾ ਬੋਰਡ ਮੋਹਾਲੀ, ਜਗਜੀਤ ਕੌਰ ਕਾਹਲੋਂ, ਸਤਵੰਤ ਕੌਰ ਜੌਹਲ, ਹਰਦੀਪ ਕੌਰ (ਦਿਸ਼ਾ ਵੂਮੈਨ ਟਰਸਟ) ਆਦਿ ਹਾਜ਼ਰ ਸਨ।

## ਬਲਾਕ ਭਗਤਾ ਬਹਾਲ ਨਾ ਕੀਤਾ ਤਾਂ ਕਾਂਗਰਸ ਸੰਘਰਸ਼ ਵਿੱਢੇਗੀ : ਕਾਂਗੜ



**ਬਠਿੰਡਾ (ਰਾਜੀਵ ਗੋਇਲ)**- ਪੰਜਾਬ ਸਰਕਾਰ ਵੱਲੋਂ ਭਗਤਾ ਭਾਈਕਾ ਬਲਾਕ ਦਫ਼ਤਰ ਨੂੰ ਖਤਮ ਕਰਕੇ ਫੂਲ ਨਾਲ ਜੋੜਨ ਦਾ ਫੈਸਲਾ ਬਲਾਕ ਭਗਤਾ ਭਾਈ ਦੇ ਸਮੂਹ ਲੋਕਾਂ ਲਈ ਸਭ ਤੋਂ ਵੱਡਾ ਝਟਕਾ ਹੈ। ਇਹ ਕਦਮ ਲੋਕਾਂ ਨੂੰ ਸੁਵਿਧਾਵਾਂ ਦੇਣ ਦੀ ਥਾਂ ਉਨ੍ਹਾਂ ਤੋਂ ਪਹਿਲਾਂ ਮਿਲਦੀਆਂ ਸਹੂਲਤਾਂ ਖੋਹਣ ਵਾਲਾ ਹੈ। ਆਮ ਆਦਮੀ ਪਾਰਟੀ ਸਰਕਾਰ ਦੀ ਇਹ ਕਾਰਵਾਈ ਬਦਲਾਅ ਨਹੀਂ, ਸਿੱਧਾ ਤਾਨਾਸ਼ਾਹੀ ਰਵੱਈਆ ਵਰਤ ਕੇ ਬਦਲਾਅ ਦੀ ਨਵੀਂ ਝਲਕ ਦਿਖਾਈ ਗਈ ਹੈ, ਜਿਹੜੀ ਲੋਕ ਵਿਰੋਧੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾਂ ਗੁਰਪ੍ਰੀਤ ਸਿੰਘ ਕਾਂਗੜ ਸਾਬਕਾ ਮੰਤਰੀ ਅਤੇ ਸੀਨੀਅਰ ਆਗੂ ਪ੍ਰਦੇਸ਼ ਕਾਂਗਰਸ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕੀਤਾ। ਇਸ ਮੌਕੇ ਕਾਂਗੜ ਨੇ ਕਿਹਾ ਕਿ ਭਗਤਾ ਭਾਈਕਾ ਬਲਾਕ ਦਫ਼ਤਰ ਨੇੜਲੇ ਪਿੰਡਾਂ ਲਈ ਸਰਕਾਰੀ ਯੋਜਨਾਵਾਂ ਦੀ ਜੀਵਨ-ਰੇਖਾ ਸੀ। ਮਨਰੇਗਾ, ਸ਼ਗਨ ਸਕੀਮ, ਬੁਢਾਪਾ ਪੈਨਸ਼ਨ, ਬੀ.ਪੀ.ਐਲ. ਕਾਰਡ ਵਰਗੀਆਂ ਸੇਵਾਵਾਂ ਲੋਕਾਂ ਦੇ ਦਰਵਾਜ਼ੇ 'ਤੇ ਮਿਲਦੀਆਂ ਸਨ। ਹੁਣ ਜੇ ਇਹ ਦਫ਼ਤਰ ਫੂਲ ਨਾਲ ਜੋੜਿਆ ਗਿਆ, ਤਾਂ ਆਮ ਲੋਕਾਂ ਨੂੰ 25-30 ਕਿਲੋਮੀਟਰ ਵਾਧੂ ਸਫ਼ਰ ਕਰਨਾ ਪਵੇਗਾ। ਇਸ ਨਾਲ ਸਮੇਂ ਦੀ ਬੇਹਿਸਾਬ ਬਰਬਾਦੀ ਅਤੇ ਵਾਧੂ ਖਰਚਾ ਹੋਵੇਗਾ ਅਤੇ ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਹੇ ਲੋਕਾਂ ਲਈ ਇਹ ਨਵਾਂ ਫੈਸਲਾ ਇਕ ਵੱਡਾ ਜ਼ਖ਼ਮ ਸਿੱਧ ਹੋਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਭਗਤਾ ਭਾਈਕਾ ਬਲਾਕ ਨੂੰ ਬੰਦ ਕਰਨਾ ਗਰੀਬ, ਕਿਸਾਨ ਤੇ ਮਜ਼ਦੂਰ ਵਿਰੋਧੀ ਫੈਸਲਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਗਾਇਆ ਕਿ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਸੁਪਨੇ ਵੇਚਣ ਵਾਲੀ ਆਮ ਆਦਮੀ ਪਾਰਟੀ ਹੁਣ ਉਹਨਾਂ ਦੇ ਜੀਵਨ ਨੂੰ ਹੋਰ ਮੁਸ਼ਕਲ ਬਣਾ ਰਹੀ ਹੈ। ਕਾਂਗੜ ਨੇ ਚੇਤਾਵਨੀ ਦਿੱਤੀ ਜੇਕਰ ਸਰਕਾਰ ਇਹ ਲੋਕ ਵਿਰੋਧੀ ਫੈਸਲਾ ਤੁਰੰਤ ਵਾਪਸ ਨਹੀਂ ਲੈਂਦੀ ਤਾਂ ਪੰਜਾਬ ਕਾਂਗਰਸ ਲੋਕਾਂ ਦੇ ਹੱਕਾਂ ਲਈ ਵੱਡਾ ਸੰਘਰਸ਼ ਕਰੇਗੀ।

## ਮਾਇਆ ਗਾਰਡਨ 'ਚ ਤੀਜ ਦਾ ਤਿਉਹਾਰ ਮਨਾਇਆ



**ਸੁਨਾਮ (ਅਸ਼ੋਕ ਬਾਂਸਲ,ਹਾਕਮ ਭੱਟੀ)**- ਮਾਇਆ ਗਾਰਡਨ 'ਚ ਮਨਾਏ ਗਏ ਤੀਜ ਉਤਸਵ ਦੀਆਂ ਰੰਗਾ-ਰੰਗ ਝਲਕਾਂ ਨੇ ਪੂਰੇ ਮਾਹੌਲ ਨੂੰ ਖੁਸ਼ੀ ਤੇ ਪੰਜਾਬੀ ਰੰਗਾਂ ਨਾਲ ਰੰਗ ਦਿੱਤਾ।ਇਸ ਮੌਕੇ ਔਰਤਾਂ ਨੇ ਰਵਾਇਤੀ ਪੰਜਾਬੀ ਲਿਬਾਸ ਪਾ ਕੇ ਸਮਾਗਮ ਦੀ ਸ਼ੋਭਾ ਵਧਾਈ।ਸਮਾਗਮ ਵਾਲੀ ਥਾਂ ਨੂੰ ਪੰਜਾਬੀ ਸਭਿਆਚਾਰ ਦੀ ਝਲਕ ਵੇਖਾਉਣ ਵਾਲੇ ਸੋਹਣੇ ਬੈਕਡਰਾਪਸ ਨਾਲ ਸਜਾਇਆ ਗਿਆ ਸੀ, ਜਿੱਥੇ ਔਰਤਾਂ ਨੇ ਫੋਟੋ ਸ਼ੈਸ਼ਨ ਕਰਵਾ ਕੇ ਯਾਦਗਾਰ ਪਲ ਕੈਦ ਕੀਤੇ। ਪੰਜਾਬੀ ਸਭਿਆਚਾਰਕ ਗੀਤਾਂ ਦੀਆਂ ਧੁਨਾਂ 'ਤੇ ਪੰਜਾਬੀ ਬੋਲੀਆਂ 'ਤੇ ਔਰਤਾਂ ਨੇ ਗਿੱਧਾ ਪਾ ਕੇ ਜਸ਼ਨ ਮਨਾਇਆ।ਮਨੋਰੰਜਨ ਲਈ ਫਨੀ ਗੇਮਾਂ ਦਾ ਵੀ ਆਯੋਜਨ ਕੀਤਾ ਗਿਆ। ਔਰਤਾਂ ਨੇ ਪੂਰੇ ਜੋਸ਼-ਖਰੋਸ਼ ਨਾਲਤੀਜ ਦੇ ਰਵਾਇਤੀ ਤਿਉਹਾਰ ਨੂੰ ਆਧੁਨਿਕ ਢੰਗ ਨਾਲ ਮਨਾਇਆ।ਇਸ ਸਮਾਰੋਹ ਵਿੱਚ ਸੁਨੀਤਾ ਸ਼ਰਮਾ, ਮੀਨੂ ਕਾਂਸਲ, ਯੋਗਿਤਾ ਕਾਂਸਲ,ਰਿਤਿਕਾ ਬਾਂਸਲ, ਨਿਰਮਲਾ ਸ਼ਰਮਾ, ਮਾਧਵੀ ਸਿੰਗਲਾ, ਰੀਟਾ ਜਿੰਦਲ, ਸੁਮਨ ਜੈਨ, ਮੋਨਾ ਗੋਇਲ, ਰਿਤੂ ਬਾਂਸਲ, ਆਸ਼ਿਮਾ ਗੋਇਲ, ਸ਼ਿਲਪਾ ਗੋਇਲ, ਤਾਨਿਆ ਗੋਇਲ, ਨੀਰੂ ਗਰਗ, ਵਨੀਤਾ ਰਿਸ਼ੀ, ਸੰਤੋਸ਼ ਜਿੰਦਲ, ਕਾਮਿਨੀ ਗਰਗ, ਰਿਤੂ ਗਰਗ, ਅੰਜੂ ਗੋਯਲ, ਅੰਜੂ ਕਾਂਸਲ, ਖੁਸ਼ੀ ਕਾਂਸਲ, ਇੰਦੂ ਗਰਗ, ਸੁਦਰਸ਼ਨਾ ਗਰਗ, ਲਿਪਸੀ ਜਿੰਦਲ, ਨੀਲਮ ਸਿੰਗਲਾ, ਮੀਨਾ, ਬਬੀਤਾ, ਸੁਮਨ ਸਿੰਗਲਾ, ਸਵੀਟੀ ਛਾਜਲੀ, ਨੀਨਾ ਬਾਵਾ, ਰਿਤੂ ਗਰਗ, ਨਿਸ਼ਾ, ਨਿਰਮਲਾ ਗੋਇਲ, ਲਤਾ ਜਿੰਦਲ, ਸ਼ਿਵਾਨੀ, ਖੁਸ਼ਬੂ ਸ਼ਰਮਾ, ਮੋਨਿਕਾ ਜਿੰਦਲ, ਕੰਚਨ ਜਿੰਦਲ, ਡਿੰਪਲ, ਰਿਆ, ਸੁਨੀਤਾ ਗੋਇਲ, ਸੀਮਾ, ਕਮਲੇਸ਼ ਅਮਰ, ਸੁਮਨ, ਅੰਜੂ ਲਹਿਰਾ ਗਾਗਾ ਸਮੇਤ ਅਨੇਕ ਔਰਤਾਂ ਹਾਜ਼ਰ ਰਹੀਆਂ।

## ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਆਪ ਸਰਕਾਰ ਨੇ ਸਖ਼ਤ ਕਾਨੂੰਨ ਲਿਆਂਦਾ : ਢਿੱਲੋਂ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**- ਪੰਜਾਬ ਰਾਜ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਅਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਡਰੱਗ ਮਾਫੀਆ ਨੂੰ ਪਿਛਲੀਆਂ ਸਰਕਾਰਾਂ ਨੇ ਸਰਪ੍ਰਸਤੀ ਦਿੱਤੀ ਹੋਈ ਸੀ ਪਰ ਆਪ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਛੇੜੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਤਰੇ ਨੂੰ ਠੱਲ੍ਹ ਪਾਉਣ ਲਈ ਸੁਚੱਜੀ ਯੋਜਨਾਬੰਦੀ ਕੀਤੀ ਗਈ ਹੈ ਅਤੇ ਹੁਣ ਨਸ਼ਿਆਂ ਵਿਰੁੱਧ ਜੰਗ ਪੂਰੀ ਤਰ੍ਹਾਂ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਤੋਂ ਇਲਾਵਾ ਇਸ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਡੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕਰਕੇ ਢਾਹੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਬੇਅਦਬੀ ਨੂੰ ਰੋਕਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਵਿਧਾਨ ਸਭਾ ਵਿੱਚ ਪੰਜਾਬ ਪ੍ਰੀਵੈਂਸ਼ਨ ਆਫ ਕ੍ਰਾਈਮ ਅਗੇਂਸਟ ਰਿਲੀਜੀਅਸ ਸਕ੍ਰਿਪਚਰਜ਼ ਬਿਲ, 2025 ਲਿਆਂਦਾ ਹੈ, ਜੋ ਇਹ ਸੰਵੇਦਨਸ਼ੀਲ ਅਤੇ ਗੰਭੀਰ ਮੁੱਦਾ ਸਾਰੇ ਪੰਜਾਬੀਆਂ ਲਈ ਪ੍ਰਮੁੱਖ ਹੈ ਅਤੇ ਮੌਜੂਦਾ ਤੇ ਆਉਣ ਵਾਲੀਆਂ ਪੀੜ੍ਹੀਆਂ ਦੋਵਾਂ ਲਈ ਦੂਰਗਾਮੀ ਪ੍ਰਭਾਵ ਰੱਖਦਾ ਹੈ।ਉਨ੍ਹਾਂ ਕਿਹਾ ਕਿ ਜਿਸ ਵੇਲੇ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਅਹੁਦਾ ਸੰਭਾਲਿਆ ਸੀ, ਉਸ ਵੇਲੇ ਨਹਿਰੀ ਪਾਣੀ ਦਾ ਸਿਰਫ਼ 21 ਫੀਸਦੀ ਸਿੰਚਾਈ ਲਈ ਵਰਤਿਆ ਜਾ ਰਿਹਾ ਸੀ ਪਰ ਅੱਜ ਇਹ ਵਧ ਕੇ 63 ਫੀਸਦੀ ਹੋ ਗਿਆ ਹੈ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਦੇ ਜਲ ਸਰੋਤਾਂ ਨੂੰ ਸਫਲਤਾਪੂਰਵਕ ਸੁਰੱਖਿਅਤ ਰੱਖਿਆ ਹੈ। 'ਮੁੱਖ ਮੰਤਰੀ ਸਿਹਤ ਯੋਜਨਾ' ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇਹ ਦੇਸ਼ ਦੀ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ, ਜੋ ਪੰਜਾਬ ਦੇ ਹਰੇਕ ਪਰਿਵਾਰ ਲਈ 10 ਲੱਖ ਤੱਕ ਦਾ ਨਕਦ ਰਹਿਤ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ।ਉਨ੍ਹਾਂ ਕਿਹਾ ਕਿ 2022 ਵਿੱਚ ਮੁਫ਼ਤ ਬਿਜਲੀ ਗਰੰਟੀ ਦੀ ਸ਼ੁਰੂਆਤ ਤੋਂ ਬਾਅਦ 90 ਫੀਸਦੀ ਪਰਵਾਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ ਉਨ੍ਹਾਂ ਦੇ ਬਿੱਲ ਜ਼ੀਰੋ ਆ ਰਹੇ ਹਨ, ਜਿਸ ਨਾਲ ਪਰਿਵਾਰਾਂ 'ਤੇ ਵਿੱਤੀ ਬੋਝ ਕਾਫ਼ੀ ਘੱਟ ਹੋਇਆ ਹੈ।

## ਸਾਲ 'ਚ ਤਿੰਨ ਵਾਰ ਬਦਲੀਆਂ ਕਰਨ ਵਾਲੇ ਸਿੱਖਿਆ ਮੰਤਰੀ ਤੋਂ ਇੱਕ ਵਾਰ ਬਦਲੀਆਂ ਦੀ ਉਮੀਦ ਵੀ ਖ਼ਤਮ : ਜਿੰਦਰ ਪਾਇਲਟ



**ਜਲੰਧਰ (ਰਾਜੇਸ਼ ਥਾਪਾ)** ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸਰਪ੍ਰਸਤ ਚਰਨ ਸਿੰਘ ਸਰਾਭਾ,ਸਲਾਹਕਾਰ ਬਲਕਾਰ ਸਿੰਘ ਵਲਟੋਹਾ,ਪ੍ਰੇਮ ਚਾਵਲਾ,ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ,ਕਾਰਜਕਾਰੀ ਜਨਰਲ ਸਕੱਤਰ ਪ੍ਰਵੀਨ ਕੁਮਾਰ ਲੁਧਿਆਣਾ,ਜਿੰਦਰ ਪਾਇਲਟ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ,ਅਡੀਸ਼ਨਲ ਜਨਰਲ ਸਕੱਤਰ ਬਾਜ ਸਿੰਘ ਭੁੱਲਰ,ਵਿੱਤ ਸਕੱਤਰ ਨਵੀਨ ਸਚਦੇਵਾ,ਮੀਡੀਆ ਸਕੱਤਰ ਗੁਰਪ੍ਰੀਤ ਮਾੜੀ ਮੇਘਾ ਅਤੇ ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ,ਮਨਦੀਪ ਸਿੰਘ ਥਿੰਦ ਅਤੇ ਅਜ਼ੀਤ ਪੰਧੂ ਵੱਲੋਂ ਸਕੂਲ ਸਿੱਖਿਆ ਵਿਭਾਗ ਵੱਲੋਂ ਬੀਤੇ ਇੱਕ ਸਾਲ ਤੋਂ ਅਧਿਆਪਕਾਂ ਦੀਆਂ ਬਦਲੀਆਂ ਨਾ ਕਰਨ ਦੀ ਦਿਖਾਈ ਜਾ ਰਹੀ ਨਲਾਇਕੀ ਦੀ ਨਿਖੇਧੀ ਕਰਦਿਆ ਬਦਲੀ ਪੋਰਟਲ 'ਤੇ ਸਟੇਸ਼ਨ ਚੋਣ ਤੁਰੰਤ ਦੇਣ ਦੀ ਮੰਗ ਕੀਤੀ।ਉਨ੍ਹਾਂ ਦੱਸਿਆ ਕਿ ਪੰਜਾਬ ਪੋਰਟਲ ਉੱਪਰ ਬਦਲੀ ਪ੍ਰਕਿਰਿਆ 6 ਜੂਨ 2025 ਤੋਂ ਸ਼ੁਰੂ ਕਰ ਕੇ ਅਗਸਤ ਮਹੀਨਾ ਤੱਕ ਅਧਿਆਪਕਾਂ ਲਈ ਸਟੇਸ਼ਨ ਚੋਣ ਕਰਨ ਲਈ ਨਹੀ ਖੋਲ੍ਹਿਆ ਗਿਆ, ਜਿਸ ਕਾਰਨ ਲੰਬੇ ਸਮੇ ਤੋਂ ਬਦਲੀਆਂ ਉਡੀਕ ਰਹੇ ਅਧਿਆਪਕ ਮਾਨਸਿਕ ਤੌਰ 'ਤੇ ਪਰੇਸ਼ਾਨ ਹੋ ਰਹੇ ਹਨ।ਆਗੂਆਂ ਨੇ ਕਿਹਾ ਕਿ ਸਕੂਲ ਸਿੱਖਿਆ ਵਿਭਾਗ ਵੱਲੋਂ ਸਮੇ ਸਿਰ ਬਦਲੀਆਂ ਨਾ ਕਰਨਾ ਮਹਾਂ-ਨਲਾਇਕੀ ਸਾਬਿਤ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਮੰਤਰੀ ਪੰਜਾਬ ਨੇ ਕਦੇ ਬਿਆਨ ਦਿੱਤਾ ਸੀ ਕਿ ਸਾਲ ਵਿੱਚ ਤਿੰਨ ਵਾਰ ਬਦਲੀਆਂ ਕੀਤੀਆਂ ਜਾਣਗੀਆਂ ਪਰੰਤੂ ਹਾਲਾਤ ਇਹ ਬਣ ਗਏ ਕਿ ਇੱਕ ਸਾਲ ਵਿੱਚ ਇੱਕ ਵਾਰ ਵੀ ਬਦਲੀਆਂ ਨਹੀਂ ਹੋ ਸਕੀਆਂ।ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਆਨਲਾਈਨ ਬਦਲੀਆਂ ਦੇ ਪੋਰਟਲ ਤੇ ਅਣ-ਐਲਾਨੀ ਬੰਦਿਸ਼ ਨੂੰ ਤੁਰੰਤ ਹਟਾਕੇ ਪੋਰਟਲ ਤੇ ਸਟੇਸ਼ਨ ਚੋਣ ਦਾ ਮੌਕਾ ਦਿੱਤਾ ਜਾਵੇ।ਇਸ ਉਪਰੋਕਤ ਆਗੂਆਂ ਤੋਂ ਇਲਾਵਾ ਸੁਮੀਤ ਸਿੰਘ, ਵਰਿਆਮ ਘੁਲ੍ਹਾ, ਸੁਰਜੀਤ ਸਿੰਘ, ਰਮੇਸ਼ ਚੰਦਰ, ਧਰਮ ਚੰਦ, ਰਾਜ ਲਾਧੂਕਾ।

## ਜਸਵਿੰਦਰ ਕੌਰ ਇੰਸਪੈਕਟਰ ਬਣੇ




**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**- ਥਾਣਾ ਸਦਰ ਸੰਗਰੂਰ ਵਿਚ ਮੁੱਖ ਅਫ਼ਸਰ ਵਜੋਂ ਸੇਵਾਵਾਂ ਨਿਭਾ ਰਹੀ ਥਾਣੇਦਾਰ ਜਸਵਿੰਦਰ ਕੌਰ ਨੂੰ ਪੰਜਾਬ ਪੁਲਸ ਵਿਭਾਗ ਵਲੋਂ ਤਰੱਕੀ ਦੇ ਕੇ ਇੰਸਪੈਕਟਰ ਬਣਾਇਆ ਗਿਆ ਹੈ।ਉਨ੍ਹਾਂ ਦੀ ਤਰੱਕੀ ਮੌਕੇ ਵਿਸ਼ੇਸ਼ ਰੂਪ ਵਿੱਚ ਸਟਾਰ ਲਗਾਉਣ ਦੀ ਰਸਮ ਜ਼ਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਹਿਲ ਅਤੇ ਕਪਤਾਨ ਪੁਲਸ ਸੰਗਰੂਰ ਦਵਿੰਦਰ ਸਿੰਘ ਅੱਤਰੀ ਵਲੋਂ ਨਿਭਾਈ ਗਈ।ਇਸ ਮੌਕੇ ਉਨ੍ਹਾਂ ਨੇ ਜਸਵਿੰਦਰ ਕੌਰ ਨੂੰ ਨਵੇਂ ਅਹੁਦੇ ਦੀ ਵਧਾਈ ਦਿੰਦਿਆਂ ਕਿਹਾ ਕਿ ਇੰਸਪੈਕਟਰ ਵਜੋਂ ਉਹ ਹੋਰ ਵੀ ਵਧੀਆ ਢੰਗ ਨਾਲ ਸੇਵਾ ਨਿਭਾਉਣਗੇ।ਜਸਵਿੰਦਰ ਕੌਰ ਨੇ ਤਰੱਕੀ ਤੋਂ ਬਾਅਦ ਆਪਣੀ ਭਾਵਨਾ ਸਾਂਝੀ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਰਹੇਗੀ ਕਿ ਨਵੇਂ ਅਹੁਦੇ 'ਤੇ ਉਹ ਲੋਕਾਂ ਦੀ ਨਿਆਂ ਪ੍ਰਾਪਤੀ ਲਈ ਹੋਰ ਚੋਖੀ ਡਿਊਟੀ ਨਿਭਾਉਣ। ਉਨ੍ਹਾਂ ਨੇ ਆਪਣੀ ਤਰੱਕੀ ਦਾ ਸਿਹਰਾ ਆਪਣੇ ਸੀਨੀਅਰ ਅਧਿਕਾਰੀਆਂ ਅਤੇ ਟੀਮ ਦੇ ਸਹਿਯੋਗ ਨੂੰ ਦਿੰਦਿਆਂ ਕਿਹਾ ਕਿ ਪੁਲਸ ਦੀ ਸੇਵਾ ਕਰਨਾ ਉਨ੍ਹਾਂ ਲਈ ਸੇਵਾ ਤੋਂ ਵੀ ਵੱਧ ਇੱਕ ਧਰਮ ਹੈ।

## ਸ਼ੈਰੀ ਕਲਸੀ ਦੇ ਯਤਨਾਂ ਸਦਕਾ ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ 'ਚ ਖੜ੍ਹੇ ਪਾਣੀ ਦੀ ਸਮੱਸਿਆ ਹੱਲ



**ਬਟਾਲਾ (ਤਰਲੋਕ ਬੱਗਾ)**- ਪਿਛਲੇ ਦਿਨਾਂ ਤੋਂ ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ ਵਿੱਚ ਮੀਂਹ ਦਾ ਪਾਣੀ ਖੜ੍ਹਨ ਨਾਲ ਦੁਕਾਨਦਾਰਾਂ ਨੂੰ ਕਾਫੀ ਦਿੱਕਤ ਆ ਰਹੀ ਸੀ ਪਰ ਵਿਧਾਇਕ ਸ਼ੈਰੀ ਕਲਸੀ ਦੇ ਯਤਨਾਂ ਸਦਕਾ ਪੰਪ ਲਾ ਕੇ ਪਾਣੀ ਦੀ ਨਿਕਾਸੀ ਕੀਤੀ ਗਈ ਅਤੇ ਸਮੱਸਿਆ ਦੇ ਪੱਕੇ ਹੱਲ ਲਈ ਨਵੇਂ ਮੈਨਹੋਲ (ਹੌਦੀਆਂ) ਬਣਵਾ ਕੇ ਪਾਣੀ ਦੀ ਨਿਕਾਸੀ ਕੀਤੀ ਜਾਵੇਗੀ। ਇਸ ਮੌਕੇ ਦੁਕਾਨਦਾਰਾਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਨ੍ਹਾਂ ਦੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਉਸੇ ਵੇਲੇ ਹੱਲ ਕੀਤੀਆਂ ਜਾਣ। ਬਟਾਲਾ ਸ਼ਹਿਰ ਸਾਡਾ ਆਪਣਾ ਸ਼ਹਿਰ ਹੈ ਅਤੇ ਸ਼ਹਿਰ ਨੂੰ ਖੂਬਸੂਰਤ ਬਣਾਉਣ ਅਤੇ ਵਿਕਾਸ ਪੱਖੋਂ ਮੋਹਰੀ ਬਣਾਉਣ ਲਈ ਉਹ ਲਗਾਤਾਰ ਯਤਨਸ਼ੀਲ ਹਨ।ਇਸ ਮੌਕੇ ਰੋਹਿਤ ਉਪਲ ਐੱਸਡੀਓ ਕਾਰਪੋਰੇਸ਼ਨ ਨੇ ਦੱਸਿਆ ਕਿ ਮੀਂਹ ਦੇ ਪਾਣੀ ਨੂੰ ਪੰਪ ਲਗਾ ਕੇ ਹੁਣ ਤਾਂ ਕਢਵਾ ਦਿੱਤਾ ਗਿਆ ਪਰ ਇਸ ਪਾਣੀ ਦੀ ਨਿਕਾਸੀ ਲਈ ਇੱਕ ਵੱਖਰਾ ਨਵਾਂ ਸਟਰਾਂਗ ਸੀਵਰ ਪਾਇਆ ਜਾਵੇਗਾ, ਜਿਸ ਲਈ ਮਤਾ ਤਿਆਰ ਕੀਤਾ ਗਿਆ ਹੈ।ਇਸੇ ਤਰ੍ਹਾਂ ਸੀਵਰੇਜ ਬੋਰਡ ਦੇ ਜੇਈ ਅਮਨ ਸ਼ਰਮਾ ਨੇ ਦੱਸਿਆ ਕਿ ਪਾਣੀ ਦੀ ਨਿਕਾਸੀ ਲਈ ਨਵੇਂ ਮੈਨਹੋਲ (ਹੌਦੀਆਂ) ਬਣਾਏ ਜਾ ਰਹੇ ਹਨ ਤਾਂ ਜੋ ਮੀਂਹ ਕਾਰਨ ਇਕੱਠੇ ਹੋਣ ਵਾਲੀ ਪਾਣੀ ਦੀ ਆਸਾਨੀ ਨਾਲ ਨਿਕਾਸੀ ਹੋ ਸਕੇ।

## ਪੰਜਾਬ ਸਰਕਾਰ ਵੱਲੋਂ ਆਮ ਬਦਲੀਆਂ/ ਤੈਨਾਤੀ ਲਈ ਤੈਅ ਸਮਾਂ ਸੀਮਾ 'ਚ ਵਾਧਾ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ ਇਕ ਪੱਤਰ ਜਾਰੀ ਕਰ ਕੇ ਸੂਬੇ ਦੇ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਆਮ ਬਦਲੀਆਂ/ਤੈਨਾਤੀਆਂ ਕਰਨ ਸੰਬੰਧੀ ਹਦਾਇਤਾਂ ਅਤੇ ਸਮਾਂ-ਸੀਮਾ ਸੰਬੰਧੀ ਵਾਧਾ ਕਰਨ ਬਾਰੇ ਇਕ ਪੱਤਰ ਜਾਰੀ ਕੀਤਾ ਗਿਆ ਹੈ।ਜਾਰੀ ਕੀਤੇ ਗਏ ਪੱਤਰ ਅਨੁਸਾਰ ਪ੍ਰਸੋਨਲ ਵਿਭਾਗ ਵੱਲੋਂ ਪਹਿਲਾਂ ਜਾਰੀ ਪੱਤਰ ਨੰਬਰ 07/01/2014-1ਪੀ.ਪੀ.2 (3ਪੀ. ਪੀ2) /382-385 ਮਿਤੀ 05.06.2025 ਦੀ ਲਗਾਤਾਰਤਾ ਵਿਚ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਦੇ ਸਮੂਹ ਵਿਭਾਗਾਂ/ ਅਦਾਰਿਆਂ ਵਿੱਚ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਆਮ ਬਦਲੀਆਂ ਅਤੇ ਤੈਨਾਤੀਆਂ ਕਰਨ ਦਾ ਸਮਾਂ ਜੋ ਕਿ ਮਿਤੀ 23.06.2025 ਤੋਂ 01.08.2025 ਨਿਰਧਾਰਤ ਕੀਤਾ ਗਿਆ ਸੀ ਪ੍ਰੰਤੂ ਹੁਣ ਇਹ ਪੱਤਰ ਜਾਰੀ ਕਰਕੇ ਆਮ ਬਦਲੀਆਂ/ਤੈਨਾਤੀਆਂ ਦੇ ਸਮੇਂ ਵਿੱਚ ਮਿਤੀ 20.08.2025 ਤੱਕ ਦਾ ਵਾਧਾ ਕੀਤਾ ਗਿਆ ਹੈ।ਬੁਲਾਰੇ ਨੇ ਦੱਸਿਆ ਕਿ ਮਿਤੀ 20.08.2025 ਤੋਂ ਬਾਅਦ ਆਮ ਬਦਲੀਆਂ ਤੇ ਸੰਪੂਰਨ ਰੋਕ ਹੋਵੇਗੀ ਅਤੇ ਇਸ ਉਪਰੰਤ ਬਦਲੀ/ਤੈਨਾਤੀ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਟਰਾਂਸਫਰ ਪਾਲਿਸੀ ਮਿਤੀ 23.04.2018 ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਹੀ ਕੀਤੀ ਜਾ ਸਕੇਗੀ।

## ਪੀ ਟੀ ਈ ਨਤੀਜਿਆਂ 'ਚ 'ਦਿ ਐੱਜ' ਦੇ ਵਿਦਿਆਰਥੀਆਂ ਰਚਿਆ ਇਤਿਹਾਸ




**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**- ਸ਼ਹਿਰ ਦੇ ਏ.ਪੀ. ਇਨਕਲੇਵ ਵਿਖੇ ਸਥਿਤ 'ਦਿ ਐੱਜ ਓਵਰਸੀਜ਼ ਕੰਸਲਟੈਂਟਸ' ਵਿਦੇਸ਼ ਜਾਣ ਦੇ ਇੱਛੁਕ ਵਿਦਿਆਰਥੀਆਂ ਲਈ ਮਾਲਵਾ ਖੇਤਰ ਦੀ ਪਹਿਲੀ ਪਸੰਦ ਬਣ ਚੁੱਕੀ ਹੈ। ਇਲਾਕੇ ਦੀ ਇਹ ਨਾਮਵਰ ਸੰਸਥਾ ਨਾ ਸਿਰਫ਼ ਵਿਦੇਸ਼ ਜਾਣ ਵਾਲਿਆਂ ਲਈ ਇਕ ਵਿਸ਼ਵਾਸਯੋਗ ਪਲੇਟਫਾਰਮ ਸਾਬਿਤ ਹੋਈ ਹੈ, ਸਗੋਂ ਆਈਲੈਟਸ ਅਤੇ ਪੀ ਟੀ ਈ ਕੋਚਿੰਗ ਦੇ ਨਤੀਜਿਆਂ ਵਿੱਚ ਵੀ ਵਿਦਿਆਰਥੀਆਂ ਨੇ ਰਿਕਾਰਡ ਤੋੜ ਪ੍ਰਦਰਸ਼ਨ ਕਰਦਿਆਂ ਆਪਣਾ ਸੁਪਨਾ ਸਾਕਾਰ ਕੀਤਾ ਹੈ।ਸੰਸਥਾ ਦੇ ਸੀ.ਐੱਮ.ਡੀ. ਜਗਸੀਰ ਸਿੰਘ ਜੱਗੀ ਢੀਂਡਸਾ ਨੇ ਦੱਸਿਆ ਕਿ ਹਾਲ ਹੀ ਦੌਰਾਨ ਵਿਦਿਆਰਥਣ ਗੁਰਨੂਰ ਕੌਰ ਨੇ ਸਪੀਕਿੰਗ ਵਿੱਚੋਂ 90, ਲਿਸਨਿੰਗ ਵਿੱਚੋਂ 89, ਵਰਾਈਟਿਗਿ ਵਿੱਚੋਂ 83, ਰੀਡਿੰਗ 86 ਅਤੇ ਓਵਰਾਲ 86 ਅੰਕ ਪ੍ਰਾਪਤ ਕੀਤੇ ਹਨ। ਹਾਲ ਹੀ ਵਿੱਚ ਆਏ ਨਤੀਜਿਆਂ ਵਿੱਚ ਦਰਜਨਾਂ ਵਿਦਿਆਰਥੀਆਂ ਨੇ ਮਿਆਰੀ ਆਈਲੈਟਸ ਬੈਂਡ ਅਤੇ ਉੱਚੇ ਪੀ ਟੀ ਈ ਸਕੋਰ ਹਾਸਲ ਕਰਕੇ ਵਿਦੇਸ਼ ਜਾਣ ਦਾ ਰਸਤਾ ਸਾਫ਼ ਕੀਤਾ ਹੈ।ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਜਗਸੀਰ ਸਿੰਘ ਜੱਗੀ ਢੀਂਡਸਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ ਲਈ ਮੁਬਾਰਕਬਾਦ ਦਿੰਦੇ ਹੋਏ ਉਨ੍ਹਾਂ ਦੇ ਚਮਕਦੇ ਭਵਿੱਖ ਦੀ ਕਾਮਨਾ ਕੀਤੀ।ਉਨ੍ਹਾਂ ਦੱਸਿਆ ਕਿ ਕੰਪਨੀ ਕੈਨੇਡਾ, ਆਸਟਰੇਲੀਆ, ਯੂ.ਕੇ. ਅਤੇ ਨਿਊਜ਼ੀਲੈਂਡ ਲਈ ਸਟੱਡੀ ਵੀਜ਼ਾ, ਸਪਾਊਸ ਓਪਨ ਵਰਕ ਪਮਿਟ, ਵਿਜ਼ਟਰ ਅਤੇ ਸੁਪਰ ਵੀਜ਼ਾ ਜਿਹੇ ਮੁੱਦਿਆਂ 'ਤੇ ਵਿਸ਼ਵਾਸਯੋਗ ਸੇਵਾਵਾਂ ਪ੍ਰਦਾਨ ਕਰ ਰਹੀ ਹੈ।ਉਨ੍ਹਾਂ ਦਾਅਵਾ ਕੀਤਾ ਕਿ ਸੰਸਥਾ ਦੇ ਸਟੱਡੀ ਅਤੇ ਸਪਾਊਸ ਵੀਜ਼ਿਆਂ ਦੇ ਨਤੀਜੇ 100% ਤੱਕ ਸਫਲ ਰਹੇ ਹਨ।ਉਨ੍ਹਾਂ ਅਪੀਲ ਕੀਤੀ ਕਿ ਹੋਰ ਲੋਕ ਵੀ ਇਨ੍ਹਾਂ ਦੀਆਂ ਸੇਵਾਵਾਂ ਲੈਣ ਅਤੇ ਆਪਣੇ ਸੁਪਨੇ ਸਾਕਾਰ ਕਰਨ ਲਈ ਸੰਪਰਕ ਕਰਨ।

### ਜਨਮ ਦਿਨ ਮੁਬਾਰਕ



ਹਰਜਪ ਸਿੰਘ ਚੀਮਾ
ਪਿਤਾ : ਰਣਬੀਰ ਸਿੰਘ ਚੀਮਾ
ਮਾਤਾ : ਪ੍ਰਦੀਪ ਕੌਰ
ਵਾਸੀ : ਧਾਰੀਵਾਲ ਕਲਾਂ



ਦਾਦਰ ਪੰਡੋਰਵੀ ਦੀਆਂ ਗ਼ਜ਼ਲਾਂ

(ਆਖਰੀ ਤੋਂ ਪਹਿਲੇ ਸਫੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ

ਤੈਨੂੰ ਤੈਥੋਂ ਵੱਖ ਕਰਕੇ ਵੀ ਵੇਖਾਂਗੇ
ਲੈ ਫਿਰ ਨੰਗੀ ਅੱਖ ਕਰਕੇ ਵੀ ਵੇਖਾਂਗੇ
ਵੇਖਾਂਗੇ ਤੂੰ ਕਿੱਥੋਂ ਕੁ ਤੱਕ ਨਿਭਦਾ ਏਂ,
ਆਪਣੇ ਆਪ ਨੂੰ ਕੱਖ ਕਰਕੇ ਵੀ ਵੇਖਾਂਗੇ।
- ਗੁਰਸੇਵਕ ਲੰਬੀ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 3 ਅਗਸਤ 2025 | www.nawanzamana.in | ਕੀਮਤ 5.00 ਰੁਪਏ


# ਬੇਰੁਜ਼ਗਾਰੀ : ਫਾਸ਼ੀਵਾਦ ਬਨਾਮ ਸਮਾਜਵਾਦ !

ਜਗਰੂਪ

**'ਬੇਰੁਜ਼ਗਾਰੀ'**

(1) 'ਬੇਰੁਜ਼ਗਾਰੀ' ਸਰਮਾਏਦਾਰੀ 'ਪੈਦਾਵਾਰੀ ਸੰਬੰਧਾਂ' ਦੀ ਉਪਜ ਹੈ। ਬੁਰਜੂਆਜੀ ਦੀ ਵਿਸ਼ੇਸ਼ ਉਪਜ ਹੈ। ਉਸ ਦੇ ਵਿਕਾਸ ਦੀ ਅਟੱਲ ਸੱਚਾਈ ਹੈ।

ਪੈਦਾਵਾਰੀ-ਸੰਬੰਧ, ਸਮਾਜਿਕ-ਸੰਬੰਧਾਂ ਦਾ ਚੋਲਾ ਪਹਿਨ ਲੈਂਦੇ ਹਨ। ਇਸ ਦੀ ਖਾਸੀਅਤ ਨੂੰ ਲੁਕੋਣ ਲਈ, ਬੁਰਜੂਆ ਸਿਧਾਂਤਕਾਰਾਂ ਵੱਲੋਂ ਇਸ ਨੂੰ ਆਮ 'ਸਮਾਜਿਕ ਵਰਤਾਰਾ' ਪ੍ਰਚਾਰਿਆ ਜਾਂਦਾ ਹੈ।

**'ਫਾਸ਼ੀਵਾਦ ਅਤੇ ਸਮਾਜਵਾਦ'**

(2) ਇਹ 'ਸਮਾਜਿਕ-ਵਰਤਾਰੇ' ਦਾ ਰਾਜਸੀ ਨਾਮਕਰਨ ਹੈ। ਸਮਾਜਿਕ ਵਿਕਾਸ ਵਿੱਚ ਇਹ ਉਲਟ-ਦਿਸ਼ਾਵੀ ਵਰਤਾਰਾ ਹੈ।

# ਆਓ ਇਸ ਦੀ 'ਦਿੱਖ ਅਤੇ ਸਾਰ' ਵਿੱਚ ਪ੍ਰਵੇਸ਼ ਕਰੀਏ। 'ਦਿੱਖ ਵਿੱਚ ਸਾਰ ਹੁੰਦੈ, ਸਾਰ ਦਾ ਜਮਾਓ ਹੀ ਦਿੱਖ ਬਣਦਾ ਹੈ'। ਇਸ ਦਵੰਦਵਾਦ ਨੂੰ ਜਾਣੇ ਤੋਂ ਬਗੈਰ 'ਬੇਰੁਜ਼ਗਾਰੀ' ਨੂੰ ਸਮਝਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ। ਦਿੱਖ ਪ੍ਰਗਟਾਓ ਹੈ। ਸਾਰ ਉਸ ਦਾ ਰਹੱਸ ਹੈ।

**'ਬੇਰੁਜ਼ਗਾਰੀ' ਦਿੱਖ (ਪ੍ਰਗਟਾਓ) ਹੈ। ਉਸ ਦਾ ਸਾਰ (ਰਹੱਸ) ਜਾਨਣਾ ਜ਼ਰੂਰੀ ਹੈ। 'ਬੇਰੁਜ਼ਗਾਰੀ' ਕਿੱਥੋਂ ਜਨਮਦੀ ਹੈ ?**

ਇਸ ਦਾ ਸਿੱਧਾ ਸੰਬੰਧ 'ਪੈਦਾਵਾਰੀ-ਸ਼ਕਤੀਆਂ' ਦੇ ਵਾਧੇ ਨਾਲ ਹੈ। ਸਮਾਜਿਕ ਵਿਕਾਸ ਦੇ ਪੜਾਅ ਜਗੀਰੂ ਪ੍ਰਬੰਧ ਸਮੇਂ, ਪੈਦਾਵਾਰੀ-ਸ਼ਕਤੀਆਂ ਵਿਚ ਵਾਧਾ ਹੋਇਆ। ਖੇਤੀ ਉਪਜਾਂ ਨੇ ਪ੍ਰਮੁਖਤਾ ਹਾਸਲ ਕੀਤੀ। ਮਨੁੱਖੀ ਤਜਰਬਾ ਗਿਆਨ ਬਣਿਆ, ਖੇਤੀ ਵਿੱਚ ਪਸ਼ੂ-ਬਲ ਦਾ ਪ੍ਰਯੋਗ, ਖੇਤੀ ਲਈ ਪਾਣੀਆਂ ਦਾ ਪ੍ਰਬੰਧਨ ਆਦਿ ਨੇ ਮਿਲਵੇਂ ਰੂਪ ਵਿੱਚ ਸਮਾਜ ਦੀਆਂ ਖੁਰਾਕੀ ਲੋੜਾਂ ਦੀ ਪੂਰਤੀ ਵਿਚ ਓੜਕਾਂ ਦਾ ਵਾਧਾ ਕੀਤਾ। ਨਤੀਜਨ, ਸਮਾਂ ਪਾ ਕੇ ਖੇਤੀਬਾੜੀ ਵਿੱਚ ਮਨੁੱਖਾਂ ਦੀ ਲੋੜ ਘਟੀ। ਇਹਨਾਂ (ਵਾਧੂ) ਮਨੁੱਖਾਂ ਦੀ ਵਰਤੋਂ ਵਿਕਾਸ ਦੇ ਨਵੇਂ ਕੰਮਾਂ ਵਿੱਚ ਆਰੰਭ ਹੋਈ, ਵਧਦੀ ਗਈ। ਦਸਤਕਾਰੀ ਪ੍ਰਫੁੱਲਤ ਹੋਈ। ਵਪਾਰ ਵਧਿਆ, ਸੰਸਾਰ ਰੂਪੀ ਹੋਇਆ।

ਹਕੂਮਤੀ-ਰੂਪ, ਰਾਜ-ਤੰਤਰ ਸੀ। ਰਾਜਿਆਂ ਨੇ ਖੇਤੀਬਾੜੀ ਤੋਂ ਵਾਧੂ ਹੋ ਰਹੀ ਵਸੋਂ ਨੂੰ ਕਿਲ੍ਹੇ ਬਣਾਉਣ ਅਤੇ ਸੜਕਾਂ ਦਾ ਨਿਰਮਾਣ ਕਰਨ ਵਿੱਚ ਲਾਇਆ, ਵੱਡੇ ਰਾਜ ਮਾਰਗ ਬਣੇ। ਫੌਜਾਂ ਵਿੱਚ ਲੋੜੀਂਦੇ ਹਥਿਆਰਾਂ ਦੀ ਪੂਰਤੀ ਨੇ ਦਸਤਕਾਰੀ ਘੇਰੇ ਨੂੰ ਵੱਡਾ ਕੀਤਾ। ਫੌਜਾਂ ਵਿੱਚ ਵਰਤੇ ਜਾਂਦੇ ਘੋੜੇ, ਊਠਾਂ ਅਤੇ ਹਾਥੀਆਂ ਦੀਆਂ ਕਾਠੀਆਂ ਬਣਾਉਣ ਨੇ ਕਾਰੀਗਰੀ ਨੂੰ ਵਧਾਇਆ। ਊਠਾਂ, ਘੋੜਿਆਂ, ਹਾਥਿਆਂ ਲਈ ਚਾਰਾ, ਘਾਹ ਖੋਤਣਾ ਹਰ ਰੋਜ਼ ਦਾ ਵੱਡਾ ਕੰਮ ਧੰਦਾ ਸੀ। ਫੌਜੀਆਂ ਲਈ ਖਾਣਾ (ਲਾਂਗਰੀ), ਕੱਪੜਿਆਂ ਦੀ ਧੁਆਈ (ਧੋਬੀ) ਅਤੇ ਸਿਹਤਯਾਬੀ ਲਈ ਵੈਦ ਆਦਿ, ਕਿੱਤਿਆਂ ਵਿਚ ਖੇਤੀਬਾੜੀ ਤੋਂ ਵਾਧੂ ਹੋ ਰਹੀ ਵਸੋਂ ਖਪਦੀ ਰਹੀ।ਇਹੀ ਕਾਰਨ ਸੀ ਜਦੋਂ ਫੌਜ ਥਾਂ ਬਦਲੀ ਕਰਦੀ ਸੀ ਤਾਂ ਉਹਨਾਂ ਦਾ ਸਹਾਇਕ, ਸਮਾਜਿਕ ਸਮੂਹ ਵੀ, ਨਾਲ ਹੀ ਥਾਂ ਬਦਲੀ ਕਰਦਾ ਸੀ। ਸਮਾਜਿਕ ਵਿਕਾਸ ਦੇ ਜਗੀਰੂ ਦੌਰ ਵਿੱਚ ਬੇਰੁਜ਼ਗਾਰੀ ਦਾ ਨਾਮੋ-ਨਿਸ਼ਾਨ, 'ਦਿੱਖ' ਨਹੀਂ ਸੀ।

'ਬੇਰੁਜ਼ਗਾਰੀ' ਸਮਾਜਿਕ ਵਿਕਾਸ ਦੇ ਸਰਮਾਏਦਾਰੀ ਦੌਰ ਦੀ ਉਪਜ ਹੈ। ਇਤਿਹਾਸ ਵਿੱਚ ਦਰਜ ਹੈ, 1825 ਤੋਂ ਪਹਿਲਾਂ 'ਬੇਰੁਜ਼ਗਾਰੀ' ਦੀ ਦਿੱਖ ਨਹੀਂ ਸੀ। ਸਮਾਜਿਕ ਲੋੜਾਂ ਦੀ ਪੂਰਤੀ ਲਈ ਕਾਰਖਾਨੇ-ਦੌਰ ਵਿੱਚ ਵੀ 'ਬੇਰੁਜ਼ਗਾਰੀ' ਨਹੀਂ ਸੀ। ਪੈਦਾਵਾਰ ਦੇ ਫੈਕਟਰੀ ਪ੍ਰਬੰਧ ਨੇ ਇਸ ਦੇ ਸਾਰ ਨੂੰ ਪੈਦਾ ਕੀਤਾ।

'ਭਾਫ ਦੀ ਸ਼ਕਤੀ' ਦੀ ਖੋਜ ਨੇ ਇੰਜਨ ਦੀ ਕਾਢ ਨੂੰ ਜਨਮ ਦਿੱਤਾ।ਇੰਜਨ ਦੀ ਉਪਜਾਊ ਵਰਤੋਂ ਨਾਲ ਕਾਰਖਾਨੇਦਾਰੀ, ਫੈਕਟਰੀ ਪ੍ਰਬੰਧ ਵਿੱਚ ਬਦਲਦੀ ਗਈ। ਮਨੁੱਖੀ ਤਜਰਬਾ ਹੁਨਰ ਵਿੱਚ ਤਬਦੀਲ ਹੋਣ ਲੱਗਾ। ਸੰਦਾਂ ਦੇ ਮੇਲ ਨੇ ਮਸ਼ੀਨਾਂ ਨੂੰ ਜਨਮ ਦਿੱਤਾ। ਮਸ਼ੀਨਾਂ ਇੰਜਣਾਂ ਨਾਲ ਚੱਲਣ ਲੱਗੀਆਂ, ਜਿਸ ਨਾਲ ਪੈਦਾਵਾਰੀ ਸ਼ਕਤੀਆਂ ਨੇ ਨਵੀਂ ਛਾਲ ਮਾਰੀ। ਪੈਦਾਵਾਰੀ-ਸੰਬੰਧ ਮਨੁੱਖ ਨੂੰ ਸਮਾਜਿਕ ਬਣਾਉਂਦੇ ਹਨ। ਉਸ ਨੇ ਕੁਦਰਤੀ ਵਿਗਿਆਨ ਨੂੰ ਜਾਣਿਆ, ਉਸ ਨੂੰ ਆਪਣੀਆਂ ਸਮਾਜਿਕ ਲੋੜਾਂ ਵਿੱਚ ਵਰਤਣ ਵਿੱਚ ਮੁਹਾਰਤ ਹਾਸਲ ਕੀਤੀ, ਜਿਸ ਨਾਲ ਪੈਦਾਵਾਰੀ ਸ਼ਕਤੀਆਂ ਨੇ ਨਵੇਂ ਸਿਫਤੀ ਗੁਣ ਹਾਸਲ ਕੀਤੇ ਤੇ ਫਿਰ ਸ਼ੁਰੂ ਹੋਇਆ ; **'ਸਰਮਾਏਦਾਰੀ ਪੈਦਾਵਾਰੀ ਢੰਗ'।**

ਸਰਮਾਏਦਾਰੀ ਪੈਦਾਵਾਰੀ ਢੰਗ ਦੇ ਆਰੰਭ, ਵਿਕਾਸ ਅਤੇ ਵਿਨਾਸ਼ ਦੀ ਸਮੁੱਚੀ ਖੋਜ ਦਾ ਵਿਗਿਆਨਕ, ਵਿਖਿਆਨ-ਕਰਤਾ, 'ਇਨਕਲਾਬ- ਵਿਗਿਆਨੀ' ਕਾਰਲ ਮਾਰਕਸ ਹੈ।ਪਰ ਉਹ ਆਪਣੀ ਯੁਗ ਪਲਟਾਊ ਲਿਖਤ 'ਕਮਿਊਨਿਸਟ ਮੈਨੀਫੈਸਟੋ' ਵਿੱਚ ਇਸ ਨੂੰ 'ਬੇਰੁਜ਼ਗਾਰੀ' ਸ਼ਬਦ ਨਾਲ ਸੰਬੋਧਨ ਨਹੀਂ ਹੁੰਦਾ, ਬਲਕਿ ਉਹ ਵਿਗਿਆਨਕ ਸ਼ਬਦ 'ਵਾਧੂ ਕਾਮਾ' (Surplus proletarian) ਦਾ ਲਕਬ (ਖਿਤਾਬ) ਦਿੰਦਾ ਹੈ।

ਬਹੁਤ ਸਾਰੇ ਖੱਬੇ ਪੱਖੀ ਭੌਂਦੂ, 'ਬੇਰੁਜ਼ਗਾਰ' ਅਤੇ 'ਪਰੋਲੇਤਾਰੀ' ਲਕਬਾ ਨੂੰ ਸਮਝਣ ਵਿੱਚ ਅਸਮਰਥ ਮਿਲਦੇ ਹਨ। ਨਤੀਜੇ ਵਜੋਂ ਸਰਮਾਏਦਾਰੀ ਦੇ ਸਿਧਾਂਤਕਾਰ: 'ਬੇਰੁਜ਼ਗਾਰੀ', 'ਸੀਜ਼ਨਲ-ਬੇਰੁਜ਼ਗਾਰੀ', 'ਲੁਕਮੀ-ਬੇਰੁਜ਼ਗਾਰੀ' ਆਦਿ ਦੇ ਝਮੇਲੇ ਨਾਲ ਸਮਾਜਿਕ ਗਤੀ ਨੂੰ ਭੁਲਾਂਦਰਾਵਾਦ ਦਾ ਸ਼ਿਕਾਰ ਬਣਾਉਂਦੇ ਹਨ। ਉਹ ਤਾਂ ਬੇਰੁਜ਼ਗਾਰੀ ਨੂੰ ਲਾਭਦਾਇਕ ਵੀ ਦਰਸਾਉਂਦੇ ਹਨ ਅਤੇ ਚਾਰ ਫੀਸਦੀ (4%) ਤੱਕ 'ਬੇਰੁਜ਼ਗਾਰੀ' ਹੋਣ ਨੂੰ ਚੰਗਾ 'ਸ਼ੁੱਭ' ਪ੍ਰਚਾਰਦੇ ਹਨ, ਜਿਸ ਦੇ ਹੁੰਦਿਆਂ ਮਜ਼ਦੂਰ ਬੇਰੁਜ਼ਗਾਰ ਹੋ ਜਾਣ ਦੇ ਡਰ ਕਾਰਨ, ਮਾਲਕ (ਪ੍ਰਬੰਧ) ਦੇ ਕਾਬੂ ਵਿਚ ਰਹਿੰਦਾ ਹੈ।ਉਹ 'ਕੰਮ-ਚੋਰ' ਨਹੀਂ ਹੁੰਦਾ, ਵਧੇਰੇ ਪੈਦਾਵਾਰ ਦਿੰਦਾ ਹੈ, ਆਦਿ, ਆਦਿ।

'ਬੇਰੁਜ਼ਗਾਰ' ਜਾਂ 'ਬੇਰੁਜ਼ਗਾਰੀ' ਲਕਬ ਬੁਰਜੂਆ-ਦ੍ਰਿਸ਼ਟੀਕੋਨ ਦਾ ਸ਼ਬਦ ਹੈ,ਜੋ ਉਸ ਦੀ ਵਿਚਾਰ-ਧਰਾਈ ਕਰਦਾ ਹੈ, ਜਦੋਂ ਕਿ ਵਾਧੂ-ਕਿਰਤੀ (surplus-labour) ਪਰੋਲੇਤਾਰੀ ਵਿਚਾਰਧਾਰਾ ਦਾ ਸ਼ਬਦ ਹੈ।

ਜਿਸ ਕਿਸੇ ਨੂੰ 'ਤਰਕ ਦੇ ਵਿਗਿਆਨ' ਦੀ ਸਮੁੱਚੀ ਸਮਝ ਨਹੀਂ, ਉਹ ਇਸ ਨੂੰ ਸਮਝਣ ਵਿੱਚ ਅਸਮਰੱਥ ਰਹਿੰਦਾ ਹੈ। ਉਹ ਫਲਸਫੇ ਅਤੇ ਵਿਚਾਰਧਾਰਾ ਦੇ ਪੱਖਪਾਤੀ ਹੋਣ ਨੂੰ ਨਹੀਂ ਸਮਝਦਾ ਅਤੇ ਭੁਲਾਂਦਰਾਵਾਦੀ ਭਟਕਣ ਦਾ ਸ਼ਿਕਾਰ ਬਣਿਆ ਰਹਿੰਦਾ ਹੈ। ਉਹ ਅਗਵਾਈ ਕਰਨ ਵਿੱਚ ਵੀ ਅਸਮਰੱਥ ਰਹਿੰਦਾ ਹੈ। ਉਹ ਵਿਰੋਧ-ਵਿਕਾਸਵਾਦੀ ਨਹੀਂ, ਸਗੋਂ ਅਧਿਆਤਮਵਾਦੀ (ਚੱਕਰੀ-ਗੇੜ ਦੀ ਸਰਗਰਮੀ ਵਾਲਾ) ਬਣਿਆ ਰਹਿੰਦਾ ਹੈ। 'ਰਾਜਨੀਤਿਕ-ਅਧਿਆਤਮਵਾਦ' ਉਸ ਦੀ ਖਾਸੀਅਤ ਬਣ ਜਾਂਦਾ ਹੈ।

ਸਰਮਾਏਦਾਰੀ ਪੈਦਾਵਾਰੀ ਢੰਗ, ਵਾਧੂ-ਕਾਮੇ (ਬੇਰੁਜ਼ਗਾਰ) ਨੂੰ ਕਿਵੇਂ ਪੈਦਾ ਕਰਦਾ ਹੈ? ਇਸ ਦਾ ਸਾਰਾ, ਦਿੱਖ ਨੂੰ ਕਿਵੇਂ ਪ੍ਰਗਟਾਉਂਦਾ ਹੈ ?

**ਸਰਮਾਏਦਾਰੀ ਪੈਦਾਵਾਰੀ ਢੰਗ :**

ਇਹ ਸਰਮਾਏ ਦੇ ਅਮਲ (ਸਰਮਾਏਦਾਰੀ) ਨੂੰ ਬਿਆਨ ਕਰਦਾ ਹੈ, ਭਾਵ; ਇਹ ਸਰਮਾਏ ਨਾਲ 'ਪੈਦਾਵਾਰ ਦੇ ਸਾਧਨ' ਅਤੇ 'ਕਿਰਤ ਸ਼ਕਤੀ' ਨੂੰ ਖਰੀਦ ਕੇ ਉਤਪਾਦਨ ਪ੍ਰਕਿਰਿਆ ਨੂੰ ਪੂਰਾ ਕਰਨ ਦਾ ਅਮਲ ਹੈ। ਇਹ ਜਗੀਰੂ ਪੈਦਾਵਾਰੀ ਢੰਗ ਤੋਂ ਬਿਲਕੁਲ ਵੱਖਰਾ ਹੈ। ਜਗੀਰੂ ਪੈਦਾਵਾਰੀ ਢੰਗ ਵਿੱਚ ਜਿਨਸ-ਵਟਾਂਦਰਾ ਭਾਰੂ ਸੀ।

ਪਹਿਲਾਂ 'ਜਿਨਸ ਨਾਲ ਜਿਨਸ ਦਾ ਵਟਾਂਦਰਾ' ਜਿਸ ਨੂੰ ਬਾਰਟਰ ਸਿਸਟਮ ਸੱਦਿਆ ਜਾਂਦਾ ਸੀ। ਫਿਰ ਵਟਾਂਦਰੇ ਦਾ ਵਿਸਤ੍ਰਿਤ ਰੂਪ ਵਿਕਸਤ ਹੋਇਆ, ਜੋ ਵਟਾਂਦਰੇ ਦੇ ਮੁਦਰਾ ਰੂਪ ਤੱਕ ਪੁੱਜਿਆ।

ਵਟਾਂਦਰੇ ਦੇ ਇਤਿਹਾਸ ਨੇ ਸਭ ਲੋੜਾਂ ਪੂਰਦੀ ਧਾਤ 'ਸੋਨੇ' ਨੂੰ ਮੁਦਰ ਰੂਪ ਵਿਚ, ਵਟਾਂਦਰੇ ਦੇ ਕੇਂਦਰ ਵਿੱਚ ਲੈ ਆਂਦਾ। ਸੋਨਾ ਤੁਲ ਬਣ ਗਿਆ। ਹੁਣ ਸੋਨੇ ਨਾਲ ਵਟਾਂਦਰਾ ਸ਼ੁਰੂ ਹੋ ਗਿਆ। ਧਾਤਾਂ; ਸੋਨੇ, ਚਾਂਦੀ ਦੇ ਸਿੱਕੇ ਘੜਨ ਦਾ ਅਮਲ ਆਰੰਭ ਹੋਇਆ। ਸੋਨੇ ਦੀ ਘਸਾਈ ਨੂੰ ਬਚਾਉਂਦਿਆਂ, ਤਾਂਬੇ, ਪਿੱਤਲ ਅਤੇ ਕਹਿ ਦੇ ਸਿੱਕੇ, 'ਪ੍ਰਤੀਕ-ਮੁਦਰਾ' ਦੇ ਰੂਪ ਵਿੱਚ ਅੱਗੇ ਆਏ। ਵਪਾਰ ਵਿੱਚ ਧਾਤੂ-ਸਿੱਕਿਆਂ ਦੇ ਭਾਰ ਦੀ ਥਾਂ, ਆਖਰ ਕਾਗਜ਼ੀ ਮੁਦਰਾ ਨੇ ਮੱਲੀ। ਸੋਨਾ ਮੁੱਲ ਰੱਖਦਾ ਹੈ। ਕਾਗਜ਼ੀ ਮੁਦਰਾ ਕੇਵਲ ਉਸ ਮੁੱਲ ਦਾ ਪ੍ਰਤੀਕ, ਗਰੰਟੀ ਹੈ।ਇਸ ਲਈ ਇਹ ਪ੍ਰਤੀਕ-ਮੁਦਰਾ ਹੈ।

ਮੁਦਰਾ ਜਮ੍ਹਾਂ ਹੋਣ ਦੇ ਗੁਣ ਵਾਲੀ ਹੈ।ਹਾਕਮਾਂ, ਵਪਾਰੀਆਂ, ਜਗੀਰਦਾਰਾਂ ਅਤੇ ਅਫਸਰਾਂ ਕੋਲ ਮੁਦਰਾ ਜਮ੍ਹਾਂ ਹੁੰਦੀ ਗਈ। ਜਮ੍ਹਾਂ ਹੋਈ ਮੁਦਰਾ, ਜਿਨਸ-ਗੇੜ (ਜਿਨਸ-ਮੁਦਰਾ-ਜਿਨਸ) ਦੀ ਥਾਂ, ਮੁਦਰਾ-ਗੇੜ (ਮੁਦਰਾ-ਜਿਨਸ-ਮੁਦਰਾ) ਵਿੱਚ ਬਦਲਦੀ ਹੈ।

ਜਗੀਰੂ ਦੌਰ ਦਾ 'ਜਿਨਸ-ਵਟਾਂਦਰਾ' ਸਰਮਾਏਦਾਰੀ ਦੌਰ ਵਿਚ 'ਜਿਨਸ ਉਤਪਾਦਨ' ਵਿੱਚ ਬਦਲ ਜਾਂਦਾ ਹੈ। ਸਰਮਾਏਦਾਰੀ ਪੈਦਾਵਾਰੀ ਢੰਗ, 'ਜਿਨਸ-ਉਤਪਾਦਨ' ਢੰਗ ਹੈ।

ਮੁਦਰਾ ਦਾ ਉਹ ਭਾਗ ਜੋ 'ਪੈਦਾਵਾਰ ਦੇ ਸਾਧਨ' ਅਤੇ 'ਕਿਰਤ ਸ਼ਕਤੀ' ਖਰੀਦਣ ਉਤੇ (ਲਾਗਤੀ) ਖਰਚ ਹੈ, ਵਿਸ਼ੇਸ਼ ਨਾਮ ਵਜੋਂ, ਉਸ ਮੁਦਰਾ ਰੂਪ ਨੂੰ 'ਸਰਮਾਇਆ' ਸੱਦਿਆ ਜਾਂਦਾ ਹੈ।

**ਵਸਤਾਂ ਅਤੇ ਜਿਨਸਾਂ ਦਾ ਅੰਤਰ :**

ਸਰਮਾਏਦਾਰੀ ਪੈਦਾਵਾਰੀ ਢੰਗ ਜਿਨਸ ਉਤਪਾਦਨ ਢੰਗ ਹੈ। ਇਹ (ਜਿਨਸ), ਵਸਤਾਂ ਨਾਲੋਂ ਕਿਵੇਂ ਭਿੰਨ ਹੈ?

ਇਹ ਇਤਿਹਾਸਕ ਵਰਤਾਰਾ ਹੈ। ਮਨੁੱਖ, ਕੁਦਰਤ ਦੀ ਸਰਵੋਤਮ ਸਿਰਜਣਾ ਹੈ। ਮਨੁੱਖੀ ਗਿਆਨ ਦੇ ਵਿਕਾਸ ਦਾ ਇਤਿਹਾਸ ਹੈ। ਇਹ ਸਭ ਪਦਾਰਥਕ ਹੈ। ਮਨੁੱਖੀ ਗੁਣ; ਬੋਲੀ ਦਾ ਇਤਿਹਾਸ, ਨਾਮਕਰਨ ਨਾਲ ਨੱਥੀ ਹੈ। ਬੋਲ ਅਤੇ ਮੂਰਤ ਦਾ ਮੇਲ ਇਸ ਦੀ ਬੁਨਿਆਦ ਹੈ।

ਮਨੁੱਖ ਦੇ ਦੁਆਲੇ ਪਦਾਰਥਕ ਪਸਾਰੇ ਦਾ ਬੇਅੰਤ ਭੰਡਾਰਾ ਹੈ। ਇਸ ਵਿੱਚੋਂ ਮਨੁੱਖ ਲਈ ਜੋ ਲਾਭਦਾਇਕ ਹੈ, ਉਹ ਹੀ 'ਵਸਤੂ' ਹੈ। ਉਸ ਦਾ ਵਰਤੋਂ ਮੁੱਲ ਹੈ। ਵਸਤਾਂ ਦਾ ਗੁਣ ਹੈ, ਉਹ 'ਵਰਤੋਂ ਮੁੱਲ' (use value) ਰੱਖਦੀਆਂ ਹਨ। ਉਹਨਾਂ ਦੀ ਵਰਤੋਂ ਮਨੁੱਖ ਲਈ ਲਾਭਦਾਇਕ ਹੈ। ਬਾਕੀ ਪਦਾਰਥਕ ਪਸਾਰਾ ਹੈ ਪਰ ਉਹ ਵੀ ਭਵਿੱਖ ਵਿਚ ਵਸਤਾਂ (Goods) ਬਣਨ ਦਾ ਗੁਣ ਰੱਖਦਾ ਹੈ।

ਸਰਮਾਏਦਾਰੀ ਪੈਦਾਵਾਰੀ ਢੰਗ, ਜਿਸ ਨੂੰ 'ਜਿਨਸ ਉਤਪਾਦਨ ਢੰਗ' ਵੀ ਸੱਦਿਆ ਜਾਂਦਾ ਹੈ, ਇਹ ਵਟਾਂਦਰੇ ਲਈ, ਵਿਕਣ ਲਈ, ਉਤਪਾਦਨ ਕੀਤਾ ਜਾਂਦਾ ਹੈ। ਵਟਾਂਦਰੇ ਦਾ ਉੱਚਤਮ ਰੂਪ, ਮੁਦਰਾ-ਰੂਪ ਹੈ। ਮੁਦਰਾ ਜਿਨਸਾਂ ਦੀ ਜਿਨਸ ਹੈ, ਜਿਸ ਨਾਲ ਹਰ ਜਿਨਸ ਵਟਾਈ ਜਾ ਸਕਦੀ ਹੈ।ਵਟਾਂਦਰੇ ਦੇ ਭੁਗਤਾਨ ਨੂੰ, 'ਵਟਾਂਦਰਾ-ਮੁੱਲ' ਸੱਦਿਆ ਜਾਂਦਾ ਹੈ। ਵਟਾਂਦਰੇ ਦੀ ਵਸਤੂ ਨੂੰ 'ਜਿਨਸ' ਸੱਦਿਆ ਜਾਂਦਾ ਹੈ। ਇਹ ਦੋਹਰਾ ਗੁਣ (ਵਰਤੋਂ-ਮੁੱਲ ਅਤੇ ਵਟਾਂਦਰਾ-ਮੁੱਲ) ਰੱਖਦੀ ਹੈ।ਵਟਾਂਦਰਾ ਤਾਂ ਹੀ ਸੰਭਵ ਹੋਵੇਗਾ, ਜੇ ਵਸਤੂ, ਉਪਯੋਗੀ ਹੋਵੇਗੀ, ਭਾਵ ਉਸ ਦਾ 'ਵਰਤੋਂ-ਮੁੱਲ' ਹੋਵੇਗਾ।ਸਪੱਸ਼ਟ ਹੈ ਜਿਨਸ, ਵਸਤੂ ਗੁਣ ਵੀ ਰੱਖਦੀ ਹੈ, ਪਰ ਭੁਗਤਾਣ ਕਰਕੇ ਹੀ, ਵਰਤੋਂ ਕਰ ਸਕਦੇ ਹਾਂ। ਸੋ 'ਜਿਨਸ' ਦੇ ਦੋਹਰੇ ਗੁਣ ਵਿੱਚ, 'ਵਸਤੂ' ਗੁਣ ਵੀ ਮੌਜੂਦ ਹੁੰਦਾ ਹੈ, ਜਦ ਕਿ, ਵਸਤੂ (Goods) ਕੇਵਲ ਇਕਹਿਰਾ, 'ਵਰਤੋਂ-ਗੁਣ' ਰੱਖਦੀ ਹੈ।

**ਵਸਤੂ=ਵਰਤੋਂ ਮੁੱਲ ਰੱਖਦੀ ਹੈ !**


**ਜਿਨਸ=ਵਰਤੋਂ ਮੁੱਲ+ਵਟਾਂਦਰਾ ਮੁੱਲ ਰੱਖਦੀ ਹੈ !!**

**ਵਟਾਂਦਰੇ ਦਾ ਨਿਯਮ :**

ਇਹ ਬਰਾਬਰੀ ਬਗੈਰ ਨਹੀਂ ਹੁੰਦਾ। ਵਟਾਂਦਰਾ, ਬਾਜ਼ਾਰ (ਮੰਡੀ) ਰਚਦਾ ਹੈ। ਵਟਾਂਦਰੇ ਦਾ ਇਤਿਹਾਸਕ ਨਾਮਕਰਨ 'ਵਪਾਰ' ਹੈ, ਜੋ ਬਰਾਬਰੀ ਦੇ ਆਧਾਰ 'ਤੇ ਹੁੰਦਾ ਹੈ। ਵਪਾਰ ਕਰਦੀਆਂ ਧਿਰਾਂ ਵਿੱਚ ਲਾਭ ਜਾਂ ਹਾਨੀ ਤਾਂ ਸੰਭਵ ਹੈ, ਪਰ ਸਮਾਜ ਵਿਚ ਵਪਾਰਕ-ਗੇੜ ਦਾ ਕੁੱਲ ਜੋੜ-ਮੁੱਲ ਬਰਾਬਰ ਭਾਵ ਇਕ ਸਮਾਨ ਰਹਿੰਦਾ ਹੈ।ਇਸ ਨਾਲ ਨਵੇਂ ਮੁੱਲ ਦੀ ਸਿਰਜਣਾ ਨਹੀਂ ਹੁੰਦੀ।ਵਪਾਰ ਅਤੇ ਵਪਾਰਕ-ਗੇੜ ਦੇ ਬਾਵਜੂਦ, 'ਮੁੱਲ ਦੇ ਸਰੋਤ' ਦੀ ਸਮਝਦਾਰੀ ਦਾ ਰਹੱਸ ਕਾਇਮ ਸੀ।

ਫਰਾਂਸੀਸੀ ਵਿਦਵਾਨ ਪਰੂਦੋਂ ਅਤੇ ਕਾਰਲ ਮਾਰਕਸ ਦੀਆਂ ਲੰਬੀਆਂ ਬਹਿਸਾਂ (1846) ਵਿੱਚੋਂ, ਮਾਰਕਸ ਉਹ ਪਹਿਲਾ ਵਿਅਕਤੀ ਬਣਿਆ, ਜਿਸ ਨੇ ਮੁੱਲ ਦਾ ਸਿਧਾਂਤ (Theory of Value) ਖੋਜਿਆ : 'ਕਿਰਤ ਸ਼ਕਤੀ ਮੁੱਲ ਸਿਰਜਕ ਹੈ, ਅਤੇ ਕਿਰਤ-ਸ਼ਕਤੀ ਦਾ ਵਟਾਂਦਰਾ-ਮੁੱਲ, 'ਉਜਰਤ' ਨਾਮਕਰਨ ਨਾਲ ਜਾਣਿਆ ਜਾਂਦਾ ਹੈ।

ਕਿਰਤ-ਸ਼ਕਤੀ, ਉਜਰਤ ਨਾਲ ਵਟਾਏ ਜਾਣ ਪਿੱਛੋਂ 'ਉਜਰਤੀ-ਕਿਰਤ' ਸਦੀ ਜਾਂਦੀ ਹੈ। ਵਟਾਂਦਰੇ ਵਿੱਚ ਆਉਣ ਕਾਰਨ ਇਹ ਜਿਨਸ ਬਣ ਜਾਂਦੀ ਹੈ।




'ਕਿਰਤ-ਸ਼ਕਤੀ' ਇਕਲੌਤੀ, ਖਾਸ ਜਿਨਸ ਹੈ, ਜੋ ਖਪਤ ਦੌਰਾਨ ਵਧਦੀ ਹੈ। (Labour power creats value and it creats greater than its own] ਇਸੇ ਗੁਣ ਕਾਰਨ ਸਰਮਾਏਦਾਰ ਦੀ ਰੁਚੀ ਕਿਰਤ-ਸ਼ਕਤੀ ਖਰੀਦਣ ਅਤੇ ਖਪਤ ਕਰਨ ਵਿੱਚ ਹੁੰਦੀ ਹੈ ਤਾਂ ਕਿ ਵਾਧੂ ਮੁੱਲ ਨਿਚੋੜ ਸਕੇ।

'ਕੈਪੀਟਲ ਮੁਰਦਾ ਕਿਰਤ ਹੈ, ਜਿਹੜੀ ਸ਼ੈਤਾਨ ਵਾਂਗ, ਸਿਰਫ 'ਜਿਉਂਦੀ-ਕਿਰਤ' (ਕਿਰਤੀ) ਦਾ ਲਹੂ ਪੀ ਕੇ ਜਿਉਂਦੀ ਹੈ ਅਤੇ ਇਹ ਕਿਰਤੀ ਦਾ ਜਿੰਨਾ ਵੱਧ ਲਹੂ ਚੂਸੇ, ਓਨੀ ਹੀ ਵੱਧ ਜਿਉਂਦੀ ਹੈ।'—(ਸਰਮਾਇਆ, ਸਫਾ 242)

ਇਸ ਲੱਭਤ ਪਿੱਛੋਂ ਕਾਰਲ ਮਾਰਕਸ ਨੇ ਆਪਣੇ ਯੁੱਗ ਪਲਟਾਊ ਸਿਧਾਂਤ; 'ਵਾਧੂ ਮੁੱਲ ਦਾ ਸਿਧਾਂਤ' (Theory of Surplus Value) ਦਾ ਵਿਖਿਆਣ ਕੀਤਾ। ਇਸ ਦੀ ਸਮਝਦਾਰੀ ਹਾਸਲ ਕੀਤੇ ਬਗੈਰ, 'ਬੇਰੁਜ਼ਗਾਰੀ' ਦੇ ਵਰਤਾਰੇ ਅਤੇ ਉਸ ਤੋਂ ਅਗਲੇ ਗੁੰਝਲਦਾਰ ਸਮਾਜਿਕ ਵਰਤਾਰਿਆਂ ਦੀ ਅਟੱਲਤਾ (ਆਧਾਰ ਅਤੇ ਉਸਾਰ ਦੇ ਦਵੰਦਵਾਦ) ਨੂੰ, ਨਹੀਂ ਸਮਝਿਆ ਜਾ ਸਕਦਾ। ਧਿਆਨ ਵਿੱਚ ਰਹੇ ਮਾਰਕਸ 'ਬੇਰੁਜ਼ਗਾਰ' ਜਾਂ 'ਬੇਰੁਜ਼ਗਾਰੀ' ਸ਼ਬਦ ਦੀ ਵਰਤੋਂ ਨਹੀਂ ਕਰਦਾ, ਉਹ 'ਵਾਧੂ-ਕਾਮਾ', 'ਪਰੋਲਤਾਰੀ', 'ਵਾਧੂ ਫੌਜ' ਸ਼ਬਦ ਦੀ ਵਰਤੋਂ ਕਰਦਾ ਹੈ।

ਉਸ ਦਾ ਮੰਨਣਾ ਹੈ, 'ਫਲਸਫਾ ਅਤੇ ਉਸ ਦੀ ਵਿਚਾਰਧਾਰਾ, ਦੋਵੇਂ ਪੱਖਪਾਤੀ ਹੁੰਦੇ ਹਨ।' ਵਿਚਾਰਧਾਰਾ, ਸ਼ਬਦਾਂ ਰਾਹੀਂ ਬਿਆਨ ਹੁੰਦੀ ਹੈ। ਸ਼ਬਦ ਵੀ ਪੱਖ-ਪੂਰਕ ਹੁੰਦੇ ਹਨ।ਇਸ ਲਈ ਮਾਰਕਸ ਸੱਚ ਨੂੰ ਪ੍ਰਗਟਾਉਣ ਲਈ ਕਿਰਤ ਦੀ ਧਿਰ ਦੇ ਪੱਖ-ਪੂਰਕ ਸ਼ਬਦਾਂ ਦੀ ਵਰਤੋਂ ਕਰਦਾ ਹੈ।

**'ਵਾਧੂ-ਕਾਮੇ' ਜਾਂ 'ਬੇਰੋਜ਼ਗਾਰ' ?**

ਸਰਮਾਏਦਾਰੀ ਪੈਦਾਵਾਰੀ ਢਾਂਗ, ਵਾਧੂ ਮੁੱਲ ਨਿਚੋੜਨ ਨਾਲ ਆਰੰਭ ਹੁੰਦਾ ਹੈ। ਆਪਣੇ ਵਿਕਾਸ ਦੇ ਇੱਕ ਖਾਸ ਪੜਾਅ, ਪੈਦਾਵਾਰ ਦੇ ਅਜਾਰੇਦਾਰੀ ਰੂਪ ਸਮੇਂ, ਵਾਧੂ-ਕਾਮੇ ਦਾ ਵਰਤਾਰਾ ਅਮਲ ਧਾਰਦਾ ਹੈ। ਪਹਿਲਾਂ-ਪਹਿਲ ਇਹ ਆਰਜ਼ੀ ਵਰਤਾਰਾ ਲੱਗਦਾ, ਪਰ ਕਿਰਤ ਉਤਪਾਦਕਤਾ ਦਾ ਲਗਾਤਾਰ ਵਾਧਾ ਇਸ ਨੂੰ ਪੱਕਾ ਵਰਤਾਰਾ ਬਣਾ ਦਿੰਦਾ ਹੈ।

ਮਾਰਕਸ ਇਸ ਨੂੰ ਜਮਾਤੀ-ਘੋਲ ਦੇ ਸੌਂ ਜਾਣ ਦਾ ਵਰਤਾਰਾ ਬਿਆਨ ਕਰਦਾ ਹੈ। ਇਹ ਇੱਕ-ਪਾਸੜ ਸਰਮਾਏ ਦੇ ਵਿਗਿਆਨ ਦਾ ਨਤੀਜਾ ਹੁੰਦਾ ਹੈ। ਮਾਰਕਸਵਾਦੀ ਚੋਲੇ ਵਾਲੇ ਚੇਤਨ ਲੁਕਮੇ ਵਿਰੋਧੀ ਇਸ ਸੱਚ ਨੂੰ ਮੰਨਣ ਤੋਂ ਇਨਕਾਰੀ ਹਨ। ਆਓ ਜਮਾਤੀ ਘੋਲ ਦੀ ਬੁਨਿਆਦ 'ਤੇ ਝਾਤੀ ਮਾਰੀਏ !

**ਬੁਰਜੂਆ ਬਨਾਮ ਪਰੋਲੇਤਾਰੀ**

ਦੋਵਾਂ ਵਿਚਕਾਰ ਘੋਲ, ਉਜਰਤੀ ਕਿਰਤ ਦੀ ਖਪਤ ਦੇ ਵਰਤਾਰੇ ਉਤੇ ਹੈ। ਇਸ ਦੀ ਖਪਤ, ਤੈਹ ਕੀਤੇ ਕਿਰਤ ਕੰਮ ਸਮੇਂ ਵਿੱਚ ਹੋਣੀ ਹੁੰਦੀ ਹੈ। ਇਹ ਸਮਾਂ 'ਕਿਰਤ ਦਿਨ' ਸੱਦਿਆ ਜਾਂਦਾ ਹੈ। ਇਹ ਕਿਰਤ-ਦਿਨ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ; **'ਜ਼ਰੂਰੀ ਕਿਰਤ ਸਮਾਂ' ਅਤੇ 'ਵਾਧੂ ਕਿਰਤ ਸਮਾਂ'।**

ਕਿਰਤ ਸ਼ਕਤੀ ਦੀ ਵਰਤੋਂ ਮੁੱਲ ਸਿਰਜਦੀ ਹੈ, ਜਦੋਂ ਤੱਕ ਉਹ, ਉਜਰਤ ਬਰਾਬਰ ਮੁੱਲ ਸਿਰਜਦੀ ਹੈ, ਉਸ ਨੂੰ 'ਜ਼ਰੂਰੀ ਕਿਰਤ ਸਮਾਂ' ਅਤੇ ਬਾਕੀ ਭਾਗ ਨੂੰ 'ਵਾਧੂ ਕਿਰਤ ਸਮਾਂ' ਦਾ ਨਾਂਅ ਦਿੱਤਾ ਗਿਆ ਹੈ।

ਕਾਰਲ ਮਾਰਕਸ ਦਰਸਾਉਂਦੇ ਹਨ ਜਦੋਂ ਤੋਂ ਕਿਰਤੀ ਜਮਾਤ ਨੇ, ਕਿਰਤ-ਦਿਨ ਦੀ ਕਨੂੰਨੀ ਸੀਮਾ ਦਾ ਹੱਕ ਜਿੱਤ ਲਿਆ ਹੈ, ਉਦੋਂ ਤੋਂ ਹੀ ਸਰਮਾਏਦਾਰ ਨੇ ਆਪਣੇ ਮੁਨਾਫੇ ਨੂੰ ਵਧਾਉਣ ਲਈ 'ਸਪੇਖ ਵਾਧੂ ਕਿਰਤ ਸਮਾਂ' ਪੈਦਾ ਕਰਨ ਲਈ, 'ਜ਼ਰੂਰੀ ਕਿਰਤ ਸਮੇਂ' ਨੂੰ ਛੋਟਾ ਕਰਨ ਦਾ ਰਾਹ ਚੁਣ ਲਿਆ ਹੈ। ਇਹ ਕਿਰਤ ਉਤਪਾਦਕਤਾ ਦੇ ਵਾਧੇ ਦਾ ਰਾਹ ਹੈ।

ਕਿਰਤ ਉਤਪਾਦਕਤਾ ਦੋ ਗੁਣਾ ਹੋਣ ਤੇ 'ਜ਼ਰੂਰੀ-ਕਿਰਤ-ਸਮਾਂ' ਅੱਧਾ ਰਹਿ ਜਾਂਦਾ ਹੈ। ਭਾਵ ਪਹਿਲਿਆਂ ਦੇ ਮੁਕਾਬਲੇ ਅੱਧੇ ਕਿਰਤੀਆਂ ਦੀ ਲੋੜ ਰਹਿ ਜਾਂਦੀ ਹੈ।ਬਾਕੀ ਅੱਧ 'ਵਾਧੂ-ਕਾਮੇ' ('ਬੇਰੁਜ਼ਗਾਰ') ਬਣ ਜਾਂਦੇ ਹਨ।ਕਿਰਤ ਉਤਪਾਦਕਤਾ ਵਾਧਾ ਲਗਾਤਾਰ ਜਾਰੀ ਰਹਿੰਦਾ ਹੈ। ਜਿਸ ਨਾਲ ਕਿਰਤੀਆਂ ਦੀ ਲੋੜ ਲਗਾਤਾਰ ਘਟਦੀ ਹੈ। ਇੰਜ 'ਵਾਧੂ-ਕਾਮੇ' ਵਾਧਾ ਵਰਤਾਰਾ ਵਾਪਰਦਾ ਹੈ। ਵਿਗਿਆਨਕ ਤਕਨੀਕੀ ਇਨਕਲਾਬ ਨਾਲ ਕਿਰਤ ਉਤਪਾਦਕਤਾ ਕਈ ਗੁਣਾ ਵਧ ਜਾਂਦੀ ਹੈ, ਜਿਸ ਨਾਲ ਵਾਧੂ ਕਾਮਿਆਂ ਦੀ ਬਹੁਤਾਤ, 'ਵਾਧੂ ਵਸੋਂ' ਵਰਤਾਰਾ ਬਣ ਜਾਂਦਾ ਹੈ।

ਕਾਰਲ ਮਾਰਕਸ ਵਾਧੂ ਕਾਮਿਆਂ ਨੂੰ 'ਪਰੋਲੇਤਾਰੀ' ਸੱਦਦਾ ਹੈ। ਵਾਧੂ ਕਾਮੇ, ਪਰੋਲਤਾਰੀ ਅਤੇ ਬੇਰੁਜ਼ਗਾਰਾਂ ਬਾਰੇ ਦਾਸ ਕੈਪੀਟਲ ਵਿਚ ਕਾਰਲ ਮਾਰਕਸ ਲਿਖਦਾ ਹੈ : 'ਸਾਡਾ 'ਪਰੋਲੇਤਾਰੀਆ' ਆਰਥਿਕ ਪੱਖ ਤੋਂ ਉਜਰਤੀ ਮਜ਼ਦੂਰ ਤੋਂ ਵੱਖਰਾ ਨਹੀਂ, ਜੋ ਸਰਮਾਏ ਨੂੰ ਪੈਦਾ ਕਰਦਾ ਅਤੇ ਵਧਾਉਂਦਾ ਹੈ। ਜਦੋਂ ਉਹ ਸ੍ਰੀਮਾਨ ਸਰਮਾਏ ਦੀਆਂ ਲੋੜਾਂ ਲਈ ਫਾਲਤੂ (ਵਾਧੂ-ਕਾਮਾ=ਬੇਰੁਜ਼ਗਾਰ) ਹੋ ਜਾਂਦਾ ਹੈ ਤਾਂ ਉਸ ਨੂੰ ਗਲੀਆਂ ਵਿੱਚ ਸੁੱਟ ਦਿੱਤਾ ਜਾਂਦਾ ਹੈ।' (ਸਫਾ-661)

ਇਹ ਸਰਮਾਏ ਦੇ ਵਿਗਿਆਨ ਦਾ ਨਤੀਜਾ ਹੈ। ਇਹ ਕਿਰਤ ਦੀ ਧਿਰ ਦੇ ਜਮਾਤੀ-ਘੋਲ ਨੂੰ ਨਜ਼ਰ-ਅੰਦਾਜ਼ ਕਰਨ ਜਾਂ ਸੌਂ ਜਾਣ ਦਾ ਹਰਜਾਨਾ ਹੈ। ਇਸ ਦਾ ਜਾਰੀ ਰਹਿਣਾ ਸਮਾਜ ਅੰਦਰ ਆਰਥਿਕ ਕਾਣੀ ਵੰਡ ਨੂੰ ਵਧਾਉਂਦਾ ਹੈ। ਜਾਇਦਾਦ ਅਤੇ ਆਮਦਨ ਉਪਰ ਨਿੱਤ ਦਿਨ ਘਟਦੀ ਗਿਣਤੀ ਦਾ ਕਾਬਜ਼ ਹੋਣਾ ਅਤੇ ਬਹੁ-ਗਿਣਤੀ ਦਾ ਇਸ ਦੀ ਮੁਥਾਜੀ ਵਿੱਚ ਜਿਉਣਾ ਅਟਲ ਕਰ ਦਿੰਦਾ ਹੈ।

**ਫਾਸ਼ੀਵਾਦ (fascism) ਕਿਵੇਂ ?**

ਵਧਦੇ ਗੈਰ-ਬਰਾਬਰੀ ਦੇ ਆਰਥਕ ਆਧਾਰ ਉਪਰ ਇਹ ਸਰਮਾਏਦਾਰੀ ਦੇ ਆਰੰਭਲੇ (ਆਜ਼ਾਦੀ, ਬਰਾਬਰੀ ਅਤੇ ਭਰਪਾ) ਹਕੂਮਤੀ ਉਸਾਰ ਰੂਪ 'ਬੁਰਜੂਆ-ਜਮਹੂਰੀਅਤ' ਤੋਂ ਵੀ ਪਿਛਲ ਖੁਰੀ ਮੋੜਾ ਕੱਟ ਜਾਂਦਾ ਹੈ। ਇਸ ਦੀ ਇੱਕਾਇਕਤਾ (singularity), ਇਕਪਾਸੜਪੁਣਾ, ਪੈਦਾਵਾਰ ਦੀਆਂ ਸ਼ਕਤੀਆਂ ਦੇ ਵਾਧੇ ਤੋਂ ਪ੍ਰਭਾਵਿਤ ਹੁੰਦਾ ਹੈ। ਪੈਦਾਵਾਰ ਦੇ ਸੰਬੰਧਾਂ ਨੂੰ ਅਣਡਿੱਠ ਕੀਤਾ ਜਾਂਦਾ ਹੈ। ਉਦਾਹਰਨ ਵਜੋਂ 20ਵੀਂ ਸਦੀ ਦੇ ਅੱਠਵੇਂ ਦਹਾਕੇ ਵਿੱਚ ਵਾਪਰੇ ਵਿਗਿਆਨਕ ਤਕਨੀਕੀ ਇਨਕਲਾਬ ਨੇ ਪੈਦਾਵਾਰੀ ਸ਼ਕਤੀਆਂ ਨੂੰ ਵੱਡਾ ਹਲਾਰਾ ਦਿੱਤਾ, ਜਿਸ ਦੇ ਨਤੀਜੇ ਵਜੋਂ 'ਕੰਮ-ਰਹਿਤ ਵਿਕਾਸ' (Jobless growth) ਦਾ ਸੰਕਲਪ ਪ੍ਰਚਾਰਿਆ ਗਿਆ। ਜਿਸ ਵਿਕਾਸ ਵਿਚ ਮਨੁੱਖੀ ਮੂੰਹ ਧੁਆਖਿਆ ਗਿਆ। ਅਗਲੇ ਦਹਾਕਿਆਂ ਵਿੱਚ ਨਵੇਂ ਕੰਮ ਮਿਲਣੇ ਬੰਦ ਹੋ ਗਏ। ਪਹਿਲੇ ਕਾਰਖਾਨਿਆਂ ਨੇ ਮੁਕਾਬਲੇਬਾਜ਼ੀ ਲਈ ਆਪਣੀ ਮਸ਼ੀਨਰੀ ਬਦਲੀ। ਨਵੀਂ ਮਿਸ਼ਨਰੀ ਉੱਪਰ ਘੱਟ ਕਾਮਿਆਂ ਦੀ ਜ਼ਰੂਰਤ ਸੀ, ਇਸ ਲਈ ਉਹਨਾਂ ਨੇ ਵੱਡੀ ਪੱਧਰ 'ਤੇ ਛਾਂਟੀਆਂ ਕੀਤੀਆਂ। ਹਕੂਮਤੀ ਰੂਪ ਨੂੰ ਗੈਰ-ਜਮਹੂਰੀ ਅਮਲ ਦੇ ਰਾਹ ਪੈਂਦਿਆਂ ਸਭ ਨੇ ਦੇਖਿਆ ਅਤੇ ਕਾਮਿਆਂ ਨੇ ਹੰਢਾਇਆ ਹੈ। ਇਹ ਸੀਮਤ-ਜਮਹੂਰੀਅਤ (Restricted-democracy) ਦਾ ਦੌਰ ਬਣਿਆ, ਜਿਸ ਵਿਚ ਤਾਨਾਸ਼ਾਹ ਪ੍ਰਵਿਰਤੀ ਦੀ ਆਹਟ ਸੀ।

ਹੁਣ 21ਵੀਂ ਸਦੀ ਦੇ ਪਹਿਲੀ ਚੌਥਾਈ ਦੇ ਖਾਤਮੇ ਤੇ, ਆਰਟੀਫਿਸ਼ੀਅਲ ਇੰਟੈਲੀਜੈਂਸ (19) ਨੇ ਸੰਸਾਰ ਨੂੰ 'ਕਿਰਤ ਮੁਕਤ ਉਤਪਾਦਨ' (Labour free production=LFP) ਦੇ ਦੌਰ ਵਿਚ ਪ੍ਰਵੇਸ਼ ਦਾ ਐਲਾਨ ਕਰ ਦਿੱਤਾ ਹੈ, ਜਿਸ ਨਾਲ ਸਰਮਾਏ ਦਾ ਵਿਗਿਆਨ ਸਿਖਰਾਂ ਛੂਹ ਰਿਹਾ ਹੈ। ਜਿਸ ਨਾਲ ਸਰਮਾਏ ਦੇ ਵਾਧੇ ਦੀ ਦਰ, ਘਟਦੀ ਪ੍ਰਵਿਰਤੀ ਵਾਲੀ ਹੋਣ ਕਾਰਨ, ਹੁਣ ਦਸ਼ਮਲਵ ਰੂਪ ਵੱਲ ਜਾ ਰਹੀ ਹੈ। ਇਹ ਗਲੋਬਲ ਵਰਤਾਰਾ ਹੈ।

ਇਸ ਦਾ ਇਕਪਾਸੜ-ਜਮਾਤੀ ਰੂਪ ਕੁਦਰਤੀ ਅਤੇ ਸਮਾਜਕ, ਪੈਦਾਵਾਰ ਦੇ ਸਭੇ ਸਰੋਤਾਂ ਉਪਰ ਮੁੱਠੀ ਭਰ ਲੁਟੇਰਿਆਂ



ਦੇ ਕਬਜ਼ੇ ਨੂੰ ਬਣਾਈ ਰੱਖਣ ਲਈ, ਰਾਜ ਦੇ ਤਿੰਨੋਂ ਅੰਗਾਂ (ਵਿਧਾਨ ਘੜਨੀ, ਲਾਗੂ ਕਰਨੀ ਅਤੇ ਇਨਸਾਫ ਕਰਨੀ) ਨੂੰ, ਸਰਮਾਏ ਦੇ ਅਧੀਨ ਕਰਨ ਲਈ ਨਿੱਤ ਤੇਜ਼ੀ ਫੜ ਰਿਹਾ ਹੈ।

ਇੰਜ ਬੁਰਜੂਆਜੀ, 'ਬੁਰਜੂਆ ਜਮਹੂਰੀਅਤ' (ਜੋ ਗੈਰ ਬਰਾਬਰੀ ਦੀ ਜਮਹੂਰੀਅਤ ਹੀ ਹੁੰਦੀ ਹੈ) ਤੋਂ 'ਸੀਮਤ-ਜਮਹੂਰੀਅਤ', ਫਿਰ ਤਾਨਾਸ਼ਾਹ ਹਕੂਮਤੀ ਰੂਪ ਅਤੇ ਅੰਤ ਫਾਸ਼ੀਵਾਦੀ ਹਕੂਮਤੀ ਰੂਪ ਧਾਰਦੀ ਹੈ। ਇਹ ਸਰਮਾਏ ਦੇ ਵਿਗਿਆਨ ਵਿੱਚੋਂ ਉਪਜਦੀ ਜਮਾਤੀ ਹਕੂਮਤ ਦੀ ਸਿਖਰ ਹੈ। ਜਿਸ ਵਿੱਚ ਮਨੁੱਖਵਾਦ ਦੀ ਅਣਹੋਂਦ ਅਟਲ ਹੈ। ਪੂੰਜੀਵਾਦ ਮਨੁੱਖ ਵਿਰੋਧੀ ਹੈ।

'ਇਹ ਸਰਮਾਇਆ' (Das Capital) ਵਿਚ ਕਾਰਲ ਮਾਰਕਸ ਸਰਮਾਏਦਾਰੀ ਦੇ ਆਰੰਭ ਹੋਣ, ਵਿਕਾਸ ਦੇ ਸਿਖਰੀਂ ਪੁੱਜਣ ਅਤੇ ਉਸ ਦੇ ਸਵੈ ਖਾਤਮੇ (ਜਦੋਂ ਸਰਮਾਇਆ, ਸਰਮਾਇਆ ਨਹੀਂ ਰਹਿੰਦਾ, ਉਹ ਆਪਣੇ ਵਾਧੇ 'ਚੋਂ ਹੀ, ਆਪਣਾ ਵਾਧਾ ਗੁਣ ਗਵਾ ਲੈਂਦਾ ਹੈ) ਤੱਕ ਦਾ ਮੁਕੰਮਲ ਵਿਸ਼ਲੇਸ਼ਣ ਹੈ ਅਤੇ ਨਾਲ ਦੀ ਨਾਲ ਹੀ ਇਹ, ਸਰਮਾਏਦਾਰੀ ਤੋਂ ਉਚੇਰੇ, ਬਿਹਤਰ ਸਮਾਜਿਕ ਪ੍ਰਬੰਧ; ਸਮਾਜਵਾਦੀ ਸਮਾਜ ਦੀ ਉਸਾਰੀ ਦਾ ਭਵਿੱਖ ਨਕਸ਼ਾ ਵੀ ਹੈ। ਇਸ ਪੁਸਤਕ ਦਾ ਸਹੀ ਅਧਿਅਨ, ਪਾਠਕ ਦੇ ਮਨ ਵਿੱਚ, ਇਸ ਅਦੁੱਤੀ ਦੇਣ ਲਈ, ਇਸ ਦੇ ਕਰਤਾ ਪ੍ਰਤੀ ਮਾਣ-ਸਤਿਕਾਰ ਨੂੰ ਬੁਲੰਦੀਆਂ ਪ੍ਰਦਾਨ ਕਰਦਾ ਹੈ।

**ਨਾਲ ਦੀ ਨਾਲ ਹੀ ?**

ਇਹ ਪੁਸਤਕ ਕੇਵਲ 'ਵਾਧੂ ਮੁੱਲ ਦੇ ਸਿਧਾਂਤ' ਨੂੰ ਹੀ ਨਹੀਂ, ਇਹ, ਉਸ ਦੇ ਦਵੰਦਵਾਦ ਨੂੰ ਪੇਸ਼ ਕਰਦੀ ਹੈ। ਇਹ ਸਰਮਾਏ ਦੀ ਧਿਰ ਅਤੇ ਕਿਰਤ ਦੀ ਧਿਰ ਦੀ ਟੱਕਰ ਹੈ, ਜਿਸ ਨੂੰ ਸੰਖੇਪ ਵਿੱਚ 'ਸਰਮਾਇਆ ਬਨਾਮ ਕਿਰਤ' ਦੀ ਟੱਕਰ ਵੀ ਕਿਹਾ ਜਾਂਦਾ ਹੈ।

'ਵਾਧੂ ਮੁੱਲ', ਕਿਰਤ-ਸ਼ਕਤੀ ਦੀ 'ਵਾਧੂ ਕਿਰਤ ਸਮਾਂ' ਖਪਤ ਦੀ ਸਿਰਜਨਾ (ਉਪਜ) ਹੈ।ਕਿਰਤ-ਸ਼ਕਤੀ ਦਾ ਉਜਰਤ ਨਾਲ ਵਟਾਂਦਰਾ, ਉਸ ਨੂੰ 'ਉਜਰਤੀ-ਕਿਰਤ' ਦਾ ਲਕਬ (ਪਦ) ਦਿੰਦਾ ਹੈ।

ਉਜਰਤੀ-ਕਿਰਤ ਉਪਲੱਬਧ ਰਹੇ, ਸਰਮਾਏਦਾਰ ਅਜਿਹਾ ਸਮਾਜ ਬਣਾਉਂਦਾ ਹੈ। ਮਾਰਕਸ, ਉਜਰਤੀ ਕਿਰਤ ਨੂੰ 'ਉਜਰਤੀ-ਗੁਲਾਮੀ' ਸੱਦਦਾ ਹੈ ਅਤੇ ਉਹ 'ਉਜਰਤੀ ਗੁਲਾਮੀ' ਦੇ ਖਾਤਮੇ ਦਾ ਖਾਲੀ ਨਾਹਰਾ ਹੀ ਬੁਲੰਦ ਨਹੀਂ ਕਰਦਾ, ਸਗੋਂ ਖਾਤਮੇ ਦਾ ਰਾਹ-ਦਸੇਰਾ ਅਤੇ ਕਰਤਾ ਵੀ ਬਣਦਾ ਹੈ। ਉਸ ਦੇ ਦਰਸਾਏ ਮਾਰਗ ਤੋਂ ਹਟ ਕੇ, ਕੋਈ ਵੀ 'ਮਾਰਕਸਵਾਦੀ', ਮਾਰਕਸਵਾਦੀ ਨਹੀਂ ਹੋ ਸਕਦਾ।

**'ਵਾਧੂ ਮੁੱਲ ਦੇ ਸਿਧਾਂਤ' ਦਾ ਦਵੰਦਵਾਦ :**

ਇਹ ਦਵੰਦਵਾਦ, ਸਰਮਾਏਦਾਰੀ ਮਾਰਗ ਦਾ ਵਿਖਿਆਨ ਵੀ ਕਰਦਾ ਹੈ ਅਤੇ ਦਰਸਾਉਂਦਾ ਹੈ ਕਿ ਇੱਕ ਸਟੇਜ (ਸਿਖਰ) 'ਤੇ ਪੁੱਜ ਕੇ ਸਰਮਾਇਆ ਵਧਣਾ ਬੰਦ ਹੋ ਜਾਂਦਾ। ਦੂਜੇ ਬੰਨੇ; ਇਹ ਉਜਰਤੀ ਗੁਲਾਮੀ ਦੇ ਖਾਤਮੇ ਦੇ ਮਾਰਗ ਨੂੰ ਦਰਸਾਉਂਦਿਆਂ ਸਮਾਜਵਾਦੀ ਸਮਾਜ ਦੀ ਉਸਾਰੀ ਦੀ ਬੁਨਿਆਦ ਵੀ ਬਣਦਾ ਹੈ। 'ਕੰਮ ਦਿਹਾੜੀ ਸਮੇਂ ਦੀ ਕਾਨੂੰਨੀ' ਸੀਮਾ, ਜਿਸ ਅਨੁਸਾਰ ਉਜਰਤੀ ਕਿਰਤੀ ਦੀ ਕਿਰਤ ਸ਼ਕਤੀ ਦੀ ਖਪਤ ਹੁੰਦੀ ਹੈ ; ਉਹ ਦੋ ਭਾਗਾਂ ਵਿੱਚ ਵੰਡੀ ਜਾਂਦੀ ਹੈ। 'ਜ਼ਰੂਰੀ ਕਿਰਤ ਸਮਾਂ' ਅਤੇ 'ਵਾਧੂ ਕਿਰਤ ਸਮਾਂ।' ਇਹ ਝਮੇਲਾ (ਗੁੰਝਲ) ਤਰਕ ਦੇ ਵਿਗਿਆਨ ਦੀ ਸਮਝ ਬਗੈਰ ਸੁਲਝਦਾ ਨਹੀਂ।

# ਸਰਮਾਏ ਦੇ ਪੱਖ ਤੋਂ ਇਹ ਉਲਟ ਅਨੁਪਾਤੀ ਹੈ।ਜ਼ਰੂਰੀ ਕਿਰਤ ਸਮੇਂ ਨੂੰ ਛੋਟਾ ਕਰਕੇ, ਵਾਧੂ ਕਿਰਤ ਸਮੇਂ ਨੂੰ ਵੱਡਾ ਕੀਤਾ ਜਾਂਦਾ ਹੈ। ਜਿਸ ਵਿੱਚੋਂ 'ਮੁਨਾਫਾ' ਬਟੋਰਿਆ ਜਾਂਦਾ ਹੈ। ਜ਼ਰੂਰੀ ਕਿਰਤ ਸਮੇਂ ਨੂੰ ਛੋਟਾ ਕਰਨ ਦਾ, ਉਲਟ ਅਨੁਪਾਤੀ ਹੋਣ ਕਾਰਨ, ਇੱਕੋ ਇੱਕ ਰਾਹ ਕਿਰਤ ਉਤਪਾਦਕਤਾ ਵਿਚ ਵਾਧਾ ਕਰਨਾ ਹੈ। ਕਿਰਤ ਉਤਪਾਦਕਤਾ ਵਾਧਾ ਮੁੱਖ ਤੌਰ 'ਤੇ ਪੈਦਾਵਾਰੀ ਔਜ਼ਾਰਾਂ, ਸੰਦਾਂ, ਮਸ਼ੀਨਾਂ ਦੀ ਬਿਹਤਰੀ, ਨਵੀਨਤਾ ਉੱਤੇ ਨਿਰਭਰ ਕਰਦਾ ਹੈ।

# ਕਿਰਤ ਦੇ ਪੱਖ ਤੋਂ ਇਹ ਵਧੇਰੇ ਗੁੰਝਲਦਾਰ, ਸਾਪੇਖ, ਉਲਟ ਅਨੁਪਾਤੀ ਹੈ। ਇਹ ਪੱਖ ਕਿਰਤ ਉਤਪਾਦਕਤਾ ਦੇ ਵਾਧੇ ਵਿਰੁੱਧ ਨਹੀਂ ਲੜ ਸਕਦਾ, ਇਹ ਖੜੋਤ ਨੂੰ ਵੀ ਪ੍ਰਵਾਨ ਨਹੀਂ ਕਰ ਸਕਦਾ। ਇਸ ਨੂੰ ਆਪਣੀ ਪੱਖ ਪੂਰਤੀ ਲਈ, ਜ਼ਰੂਰੀ ਕਿਰਤ ਸਮਾਂ ਵੱਡਾ ਕਰਨ ਲਈ, 'ਕਿਰਤ ਦਿਹਾੜੀ ਸਮੇਂ' ਦੀ ਕਾਨੂੰਨੀ ਸੀਮਾ ਨੂੰ ਛੋਟਾ ਕਰਨ ਲਈ ਮੈਦਾਨ ਮੱਲਣਾ ਪੈਂਦਾ ਹੈ, ਜਿਸ ਨਾਲ ਸਾਪੇਖ ਰੂਪ ਵਿਚ ਜ਼ਰੂਰੀ ਕਿਰਤ ਸਮਾਂ ਵੱਡਾ ਹੋ ਜਾਂਦਾ ਹੈ।ਮਾਰਕਸ ਇਸ ਨੂੰ 'ਛੁਟੇਰੀ ਕੰਮ ਦਿਹਾੜੀ' ਦੇ ਨੇਮ ਨਾਲ ਪੇਸ਼ ਕਰਦਾ ਹੈ।

ਕਿਰਤ ਉਤਪਾਦਕਤਾ ਦਾ ਵਾਧਾ; ਰੁਜ਼ਗਾਰ ਘਟਾਉਂਦਾ ਹੈ ਅਤੇ 'ਮੁਨਾਫਾ' ਵਧਾਉਂਦਾ ਹੈ।ਜਦ ਕਿ ਇਸ ਦੇ ਉਲਟ 'ਛੁਟੇਰੀ ਕੰਮ ਦਿਹਾੜੀ' ਦੀ ਕਾਨੂੰਨੀ ਸੀਮਾ; ਰੁਜ਼ਗਾਰ, ਫੁਰਸਤ ਦੇ ਪਲ ਅਤੇ ਉਜਰਤਾਂ ਵਧਾਉਂਦੀ ਹੈ। ਇਹ ਉਜਰਤੀ ਗੁਲਾਮੀ ਨੂੰ ਕੱਟਦੀ ਅਤੇ ਉਸ ਦੇ ਖਾਤਮੇ ਲਈ ਚੇਤਨ ਕਰਦੀ ਹੈ।

ਜਮਾਤੀ ਘੋਲ ਦੇ ਇਹ ਦੋ ਕਾਟਵੇਂ ਯੁੱਧ-ਪੈਂਤੜੇ, ਇੱਕੋ ਪੱਤਰੇ (ਸਿੱਕੇ) ਦੇ ਦੋ ਪਾਸੇ ਵਾਂਗ ਹਨ; ਜੋ ਅੱਗੋਂ ਦੋਵਾਂ ਧਿਰਾਂ ਲਈ 'ਆਧਾਰ ਅਤੇ ਉਸਾਰ' ਮੁਹੱਈਆ ਕਰਦੇ ਹਨ। ਸਮਾਜਿਕ-ਆਰਥਿਕ ਆਧਾਰ ਦੇ ਅਨੁਸਾਰ ਉਪਰਲਾ ਉਸਾਰ (Superstructure) ਉਸਰਦਾ ਹੈ। ਉਸਾਰ ਵਿੱਚ ਸ਼ਾਮਲ ਹੈ ; ਦਰਸ਼ਨ, ਰਾਜ, ਕਾਨੂੰਨ, ਧਰਮ, ਸੱਭਿਆਚਾਰ, ਰਸਮੋ-ਰਿਵਾਜ ਆਦਿ, ਆਦਿ। 'ਆਧਾਰ ਅਤੇ ਉਸਾਰ' ਸਥਿਰ ਨਹੀਂ ਹੁੰਦੇ। ਇਹ ਜਮਾਤੀ ਘੋਲ ਦੇ ਭਾਰੂ ਪੱਖ ਅਨੁਸਾਰ ਬਦਲਦੇ ਹਨ।ਜਦੋਂ ਸਮਾਜਿਕ-ਆਰਥਿਕ ਆਧਾਰ ਬਦਲਦਾ ਹੈ ਤਾਂ ਉਸਾਰ ਵੀ ਉਹਦੇ ਅਨੁਸਾਰ ਬਦਲਦਾ ਹੈ।

ਕੁਝ 'ਵਿਦਵਾਨ' ਮਾਰਕਸ ਦੀ ਦਾਰਸ਼ਨਿਕ ਖੋਜ 'ਆਧਾਰ, ਉਸਾਰ ਮੁਹੱਈਆ ਕਰਦਾ ਹੈ ਅਤੇ ਉਸਾਰ, ਆਧਾਰ ਨੂੰ ਤਬਦੀਲ (+ −) ਕਰਨ ਵਿਚ ਅਸਰ ਪਾਉਂਦਾ, ਪ੍ਰਭਾਵਤ ਕਰਦਾ ਹੈ', ਤੋਂ ਉਲਟ ਨੂੰ ਅਜ਼ਮਾਉਣ ਵਿਚ ਗ੍ਰਸਤ ਹਨ।ਉਹ ; 'ਉਸਾਰ, ਆਧਾਰ ਤੋਂ ਬਿਨਾਂ ਹੋ ਹੀ ਨਹੀਂ ਸਕਦਾ' ਦੇ ਕਥਨ ਨੂੰ ਅਣਡਿੱਠ ਕਰਦੇ ਹਨ। ਉਸਾਰ, ਆਧਾਰ-ਹੀਣ ਨਹੀਂ ਹੁੰਦਾ ਅਤੇ ਆਧਾਰ ਹੀਣ ਉਸਾਰ 'ਤੇ ਵਿਰੋਧੀ ਕਾਬਜ਼ ਨਹੀਂ ਰਹਿੰਦਾ।

ਉਸਾਰ ਵਿਰੋਧੀ ਸਰਗਰਮੀਆਂ, ਸੱਤਾਧਾਰੀਆਂ ਨੂੰ ਉਖਾੜ ਸੁੱਟਣ ਵਿਚ ਅਸਮਰੱਥ ਰਹਿੰਦੀਆਂ ਹਨ, ਜਦੋਂ ਕਿ ਸਮਾਜਿਕ, ਆਰਥਿਕ ਆਧਾਰ ਵਿਚ ਤਬਦੀਲੀਆਂ ਦੀ ਸਰਗਰਮੀ, ਸੱਤਾਧਾਰੀ ਨੂੰ ਉਖਾੜ ਸੁੱਟਣ ਦੇ ਵਧੇਰੇ ਸਮਰੱਥ ਹੁੰਦੀ ਹੈ।

ਮਾਰਕਸ ਅਤੇ ਏਂਗਲਜ਼ ਨੇ ਦਾਰਸ਼ਨਿਕ ਪਦਾਰਥਵਾਦ 'ਚੋਂ ਨਤੀਜੇ ਕੱਢਦਿਆਂ ਕਿਹਾ; ਹਾਲਤਾਂ ਦੇ 'ਵਿਸ਼ਲੇਸ਼ਣ ਅਤੇ ਸੰਸਲੇਸ਼ਣ ਦੀ ਏਕਤਾ' ਬਗੈਰ ਕੋਈ ਸਮਾਜਿਕ ਲਹਿਰ ਸਫਲਤਾ ਦੇ ਵਿਸ਼ਵਾਸ ਨਾਲ ਅੱਗੇ ਨਹੀਂ ਵਧ ਸਕਦੀ।

ਸੰਸਾਰ ਅਤੇ ਵੱਖ-ਵੱਖ ਦੇਸ਼ਾਂ ਸਮੇਤ ਭਾਰਤ ਵਿਚ ਬੁਰਜੂਆ ਵਿਕਾਸ ਮਾਰਗ ਅਤੇ ਸਾਂਝੀਵਾਲ ਵਿਕਾਸ ਮਾਰਗ ਵਿਚਕਾਰ ਟੱਕਰ ਹੈ।

ਬੁਰਜੂਆ ਵਿਕਾਸ ਮਾਰਗ ਆਰਥਿਕ ਕਾਣੀ ਵੰਡ ਦੇ ਸਿਖਰ ਵੱਲ ਜਾ ਰਿਹਾ, ਇਸ ਆਰਥਿਕ ਅਧਾਰ ਉਤੇ ਇਸ ਦਾ ਉਸਾਰ, ਰਾਜ-ਰੂਪ (State form) ਦੁਮੇਲ ਉਤੇ ਖੜਾ ਹੈ।

ਸਰਮਾਏ ਦੇ ਪੱਖ ਤੋਂ ਇਹ ਫਾਸ਼ੀਵਾਦੀ ਰੁਝਾਨ ਵਾਲਾ ਹੈ।ਉਸ ਦੀ ਲੋੜ ਹੈ; ਲੋਕਾਂ ਦੇ ਉੱਠ ਰਹੇ ਵਿਦਰੋਹ ਨੂੰ ਰਾਜ ਦੇ ਫਾਸ਼ੀਵਾਦੀ ਪੈਂਤੜੇ ਤੋਂ ਹੀ ਕੁਚਲਿਆ ਜਾ ਸਕਦਾ ਹੈ। ਰਾਜਨੀਤਕ ਬਰਾਬਰੀ (ਸਭ ਨੂੰ ਬਰਾਬਰ ਵੋਟ, ਲਿਖਣ, ਬੋਲਣ, ਇਕੱਠੇ ਹੋਣ ਦਾ ਹੱਕ ਆਦਿ) ਵੀ ਸਰਮਾਏ ਦੀ ਸੱਤਾ ਧਿਰ ਨੂੰ ਰਾਸ ਨਹੀਂ ਆ ਰਿਹਾ।ਇਸ ਲਈ ਉਹ ਰਾਜਸੀ ਡੈਮੋਕਰੇਸੀ (ਬਰਾਬਰੀ) ਤੋਂ ਵੀ ਟਾਲਾ ਵੱਟ ਰਹੀ ਹੈ।ਰਾਜਸੀ ਬਰਾਬਰੀ, ਹੱਕਾਂ ਨੂੰ ਸੀਮਤ ਕਰਨ, ਖੋਹਣ ਸਮੇਤ ਸੰਵਿਧਾਨਕ ਅਦਾਰਿਆਂ ਦੇ ਨਿਯਮ ਬਦਲ ਦੇਣਾ ਚਹੁੰਦੀ ਹੈ।

ਉਹ ਘੱਟ ਗਿਣਤੀ (ਮੁੱਠੀਭਰ ਲੁਟੇਰਿਆਂ) ਦੀ ਪੁਸ਼ਤ ਪਨਾਹੀ ਕਰਨ ਵਾਲੀ ਸੱਤਾ ਹੈ। ਉਹ ਸਮਾਜਿਕ, ਆਰਥਿਕ ਆਧਾਰ ਪੱਖੋਂ ਬਹੁਤ ਖਰਾਬ ਸਥਿਤੀ ਵਿਚ ਹੈ, ਪਰ ਉਹ ਆਪਣੀ ਟੇਕ ਸਮਾਜਿਕ ਫਿਰਕਿਆਂ ਵਿੱਚੋਂ ਵੱਡੇ (80 ਫੀਸਦੀ) 'ਹਿੰਦੂ' ਫਿਰਕੇ ਨੂੰ ਗੁੰਮਰਾਹ ਕਰਨ, ਫਿਰਕੂ ਤਣਾਓ ਵਧਾ ਕੇ ਉਸ ਨੂੰ ਨਾਲ ਨੱਥੀ ਕਰਨ, ਪ੍ਰਚਾਰ, ਸੰਚਾਰ ਤੰਤਰ ਦੀ ਅੰਨ੍ਹੀ ਵਰਤੋਂ ਕਰਨ ਅਤੇ ਤੱਥਾਂ ਨੂੰ ਤੋੜਨ-ਮਰੋੜਨ, ਝੂਠ ਬੋਲਣ ਉਪਰ ਹੈ।

ਸਰਮਾਇਆ ਇਕ ਤਾਕਤ ਹੈ, ਜੋ ਉਸ ਕੋਲ ਬੇਅੰਤ ਹੈ। ਬਾਵਜੂਦ ਉਪਰੋਕਤ ਵਰਨਣ ਦੇ, ਉਹ ਆਪਣੇ ਆਰਥਿਕ-ਰਾਜਨੀਤਕ ਆਧਾਰ ਦੇ ਕਮਜ਼ੋਰ ਪੱਖ ਤੋਂ ਲਗਾਤਾਰ ਖਬਰਦਾਰ ਹੈ। ਉਹ ਆਪਣੇ ਹਕੀਕੀ ਵਿਰੋਧੀ, 'ਖੱਬੇ-ਪੱਖੀ' ਵਿਚਾਰਧਾਰਾ ਨੂੰ ਬਹੁਤ ਖਤਰਨਾਕ ਮੰਨਦੀ ਹੈ। ਉਹ ਜਮਾਤੀ ਘੋਲ ਫੁੱਟ ਪੈਣ ਤੋਂ ਡਰਦੀ ਹੈ।ਪ੍ਰਧਾਨ ਮੰਤਰੀ ਦੇ ਮੂੰਹੋਂ ਇਸ ਦਾ ਉਚਾਰਨ ਸਹਿਵਨ ਨਹੀਂ ਹੈ, ਇਹ ਆਪਣੀ ਧਿਰ ਨੂੰ ਚੇਤਨ ਕਰਨ ਲਈ ਹੈ। ਸਰਮਾਏ ਦੇ ਝਰੋਖੇ ਵਿੱਚੋਂ ਇਹ ਤਸਵੀਰ ਦਿਸਦੀ ਹੈ।

ਕਿਰਤ ਧਿਰ ਦੇ ਪੱਖ ਤੋਂ ਸਮਾਜਿਕ-ਆਰਥਿਕ ਆਧਾਰ, ਆਰਥਿਕ ਕਾਣੀ ਵੰਡ ਦਾ ਤੇਜ਼ ਵਾਧਾ, ਕੰਮ ਲੱਭਦੇ ਲੋਕਾਂ, ਖਾਸ ਤੌਰ 'ਤੇ ਜਵਾਨੀ ਦੀਆਂ ਭੀੜਾਂ, ਕਿਰਤੀ ਵਰਗ, ਖੇਤ ਕਾਮੇ, ਕਿਸਾਨੀ, ਮੱਧ ਵਰਗ, ਛੋਟੇ ਕਾਰੋਬਾਰੀ ਸਭ ਖੁਰ-ਭੁਰ ਰਹੇ ਹਨ।ਪਰ ਇਹਨਾਂ ਦਾ ਪਾਰ ਉਤਾਰਾ ਬੁਰਜੂਆ ਮਾਰਗ ਵਿਚ ਨਹੀਂ ਹੈ।ਪ੍ਰੋਲਤਾਰੀਕਰਨ ਤੇਜ਼ੀ ਫੜ ਗਿਆ ਹੈ।19 ਨੇ ਸਭ ਕੁਝ ਰਿੜਕ ਦਿੱਤਾ ਹੈ।ਸਮਾਜਵਾਦੀ ਰੁਝਾਨ ਵੱਲ ਮੋੜਾ ਕੱਟੇ ਬਗੈਰ ਸਮਾਜ ਕੋਲ ਕੋਈ ਬਦਲਵਾਂ ਹੱਲ ਨਹੀਂ ਹੈ।ਇਹੀ ਦੁਮੇਲ 'ਫਾਸ਼ੀਵਾਦ ਬਨਾਮ ਸਮਾਜਵਾਦ' ਹੈ।

**ਵਿਚਾਰਧਾਰਕ ਘੋਲ ?**

ਇਸ ਬਾਰੇ ਵੱਡਾ ਘਚੋਲਾ ਬਣਾ ਧਰਿਆ ਹੈ। ਸੱਤਾ ਧਿਰ ਆਪਣੇ ਮਿਸ਼ਨ ਦੀ ਪੂਰਤੀ ਲਈ ਜੋ ਕਰਦੀ ਹੈ, ਉਹ ਉਸ ਦੀ ਵਿਚਾਰਧਾਰਾ ਦਾ ਅਮਲ ਹੈ।ਕੁਝ ਵਿਦਵਾਨ ਉਸ ਦੇ ਵਿਰੋਧ ਨੂੰ ਹੀ ਵਿਚਾਰਧਾਰਕ ਘੋਲ ਦਾ ਨਾਂਅ ਦਿੰਦੇ ਅਤੇ ਵਕਾਲਤ ਕਰਦੇ ਹਨ।

ਉਹ ਭੁੱਲ ਜਾਂਦੇ ਹਨ ਕਿ ਇਹ ਧਾਰਨਾ ਦਵੰਦਵਾਦ ਵਿਰੋਧੀ ਬਣ ਜਾਂਦੀ ਹੈ ਅਤੇ ਇਝ ਇਕਾਇਕਤਾ (Singularity) ਦਾ ਬੋਲਬਾਲਾ ਹੋ ਜਾਂਦਾ ਹੈ। ਜਿਸ ਨਾਲ ਵਿਰੋਧ ਦਾ ਏਜੰਡਾ ਵੀ ਉਹੀ ਵਿਚਾਰਧਾਰਾ ਬਣੀ ਰਹਿੰਦੀ ਹੈ, ਇਸ ਵਿਰੋਧ ਵਿੱਚੋਂ ਵੀ ਉਹੀ ਭਾਰੂ ਬਣੀ ਰਹਿੰਦੀ ਹੈ ਅਤੇ ਉਸ ਨੂੰ ਕਾਮਯਾਬੀ ਮਿਲਦੀ ਰਹਿੰਦੀ ਹੈ।

ਧਿਆਨ ਦੇਣਯੋਗ ਹੈ 'ਘੋਲ' ਦੋ ਵਿਰੋਧੀਆਂ ਵਿਚ ਹੁੰਦਾ ਹੈ। ਵਰਤਮਾਨ ਵਿਚਾਰਧਾਰਕ ਘੋਲ ਵੀ ਦੋ-ਵਿਚਾਰਧਾਰਾ : 'ਫਾਸ਼ੀਵਾਦੀ ਬਨਾਮ ਸਮਾਜਵਾਦੀ' ਵਿਚਕਾਰ ਹੈ।ਫਾਸ਼ੀਵਾਦੀ ਕੀ ਕਰਨਾ ਚਾਹੁੰਦੇ ਹਨ? ਕੇਵਲ ਇਹ ਪ੍ਰਚਾਰੀ ਜਾਣਾ, ਇਹ ਵਿਚਾਰਧਾਰਕ ਘੋਲ ਨਹੀਂ ਹੈ।ਸਾਡੀਆਂ ਸਮੱਸਿਆਵਾਂ ਦਾ ਹੱਲ ਕੀ ਅਤੇ ਕਿਵੇਂ ਹੈ? ਇਹ ਦੱਸਣਾ, ਇਸ ਲਈ ਸਰਗਰਮੀ ਕਰਨੀ, ਜਥੇਬੰਦਕ ਅਮਲ ਕਰਨਾ, ਅਤੇ ਰਾਜਸੀ ਏਜੰਡਾ (ਚੋਣ ਮੁੱਦਾ) ਬਣਾਉਣਾ, ਵਿਚਾਰਧਾਰਕ ਘੋਲ ਦੀ ਸਰਗਰਮੀ ਹੈ, ਜੋ ਸੱਤਾ ਦੇ ਫਿਰਕੂ ਪਰਚਾਰ ਨੂੰ, ਗੈਰ-ਫਿਰਕੂ (secular) ਆਧਾਰ 'ਤੇ ਪਛਾੜ ਦੇਣਯੋਗ ਹੈ।

ਉਦਾਹਰਨ ਵਜੋ; ਸਭ ਲਈ ਰੁਜ਼ਗਾਰ ਦੀ ਕਾਨੂੰਨੀ ਗਰੰਟੀ ਦਾ ਰਾਜਨੀਤਕ ਪ੍ਰਚਾਰ ਤੇ ਰਾਜਸੀ ਏਜੰਡਾ (ਚੋਣ ਮੁੱਦਾ) ਹੋਣ 'ਤੇ : ਕੀ ਸੱਤਾਧਾਰੀ ਧਿਰ ਦੇ ਆਧਾਰ ਨੂੰ ਖੋਰਾ, ਕਮਜ਼ੋਰ ਕਰਨਾ ਅਤੇ ਗੈਰ-ਫਿਰਕੂ (Sacular) ਮਹੌਲ ਸਿਰਜਨ ਦਾ ਅਮਲ, ਉਸ ਦਾ ਅਮੂਰਤ ਰੂਪ, ਕਲਪਣਾ 'ਚ ਨਹੀਂ ਆਉਂਦਾ? ਅਵੱਛ ਆਉਂਦਾ ਹੈ। ਅਜਿਹੇ ਹਨ; ਵਿਚਾਰਧਾਰਕ ਘੋਲ ਦੇ ਕਲਪਤ-ਰੂਪ, ਜਿਨ੍ਹਾਂ ਨੂੰ ਅਭਿਆਸ ਨੇ ਯਥਾਰਥ ਵਿੱਚ ਬਦਲਣਾ ਹੈ।

ਬੁਰਜੂਆਜੀ ਨੇ ਆਪਣੇ ਵਿਕਾਸ ਦੀ ਚਰਮ ਸੀਮਾ ਛੂਹ ਕੇ, ਉਹ ਸਾਰੇ ਵਸੀਲੇ ਮੁਹੱਈਆ ਕਰ ਦਿੱਤੇ ਹਨ, ਜੋ ਉਸ ਦੀ ਹੋਂਦ ਬਣਾਈ ਰੱਖਣ ਲਈ ਵੱਸੋਂ ਬਾਹਰ ਹੋ ਰਹੇ ਹਨ। ਜੋ ਪ੍ਰਗਟਾਉਂਦੇ ਹਨ, ਸਭ ਅੰਕੜਾਂ ਦੇ ਬਾਵਜੂਦ, ਭਵਿੱਖ ਵਿਗਿਆਨਕ ਸਾਂਝੀਵਾਲਤਾ ਦਾ ਹੈ, ਜਿਸ ਨੂੰ ਪ੍ਰਭਾਸ਼ਤ ਕਰਦਿਆਂ ਕਾਰਲ ਮਾਰਕਸ ਨੇ 'ਗੋਥਾ ਪ੍ਰੋਗਰਾਮ ਦੀ ਆਲੋਚਨਾ' ਵਿੱਚ ਸਪੱਸ਼ਟ ਕੀਤਾ ਸੀ : 'ਜਦੋਂ ਕਿਰਤ ਕੇਵਲ ਜੀਵਨ ਦਾ ਇੱਕ ਸਾਧਨ ਹੀ ਨਹੀਂ, ਸਗੋਂ ਜੀਵਨ ਦੀ ਮੁੱਖ ਲੋੜ ਬਣ ਗਈ ਹੈ, ਜਿੱਥੇ ਵਿਅਕਤੀ ਦੇ ਸਰਬਪੱਖੀ ਵਿਕਾਸ ਦੇ ਨਾਲ-ਨਾਲ ਉਤਪਾਦਕ ਸ਼ਕਤੀਆਂ ਵੀ ਵਧ ਗਈਆਂ ਹਨ.... ਉਦੋਂ.. ਸਮਾਜ ਆਪਣੇ ਝੰਡੇ 'ਤੇ ਅੰਕਤ ਕਰ ਸਕਦਾ ਹੈ :

**'ਹਰ ਇੱਕ ਤੋਂ ਉਸ ਦੀ ਯੋਗਤਾ ਅਨੁਸਾਰ, ਹਰ ਇੱਕ ਨੂੰ ਉਸ ਦੀਆਂ ਲੋੜਾਂ ਅਨੁਸਾਰ !'**

ਇਸ ਸਮਾਜਿਕ ਸਿਖਰ ਵੱਲ ਜਾਣ ਲਈ ਮੁਢਲਾ ਪੜਾਅ ਸਮਾਜਵਾਦ ਹੈ, ਜਿਸ ਦਾ ਨੇਮ ਹੈ :

**'ਹਰ ਇੱਕ ਤੋਂ ਕੰਮ ਉਸ ਦੀ ਯੋਗਤਾ ਅਨੁਸਾਰ ਅਤੇ ਉਜਰਤ ਕੰਮ ਅਨੁਸਾਰ।'**

**ਚੇਤਨ ਵਿਰੋਧਵਿਕਾਸ—ਜ਼ਿੰਦਾਬਾਦ !**

**ਪਦਾਰਥਵਾਦੀ ਵਿਚਾਰਧਾਰਾ—ਜ਼ਿੰਦਾਬਾਦ !!**

**ਸੰਪਰਕ : 94174-09216**

# ਡੋਨਾਲਡ ਟਰੰਪ ਨਾਲ ਨਿੱਜੀ ਸਾਂਝ ਅਤੇ ਨਿੱਜੀ ਕੌੜ ਦੀ ਨੀਤੀ ਨੇ ਕਿੱਥੇ ਜਾ ਪੁਚਾਇਐ ਭਾਰਤ ਨੂੰ!

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਹਾਲਾਤ ਕੋਈ ਹੋਣ ਅਤੇ ਦੇਸ਼ ਕੋਈ ਹੋਵੇ, ਅੱਤ ਦੀਆਂ ਕੁੜੱਤਣਾਂ ਦੇ ਦੌਰ ਵਿੱਚ ਵੀ ਅਸੀਂ ਇਸ ਗੱਲ ਨਾਲ ਕਦੀ ਸਹਿਮਤ ਨਹੀਂ ਹੋ ਸਕੇ ਕਿ ਫਲਾਣੇ ਦੇਸ਼ ਨਾਲ ਪੱਕੇ ਤੌਰ ਉੱਤੇ ਸੰਬੰਧ ਤੋੜ ਲੈਣੇ ਚਾਹੀਦੇ ਹਨ। ਜਿੰਨੀ ਕੁੜੱਤਣ ਦਾ ਦੌਰ ਪਾਕਿਸਤਾਨ ਨਾਲ ਰਿਹਾ ਅਤੇ ਅੱਜ ਤੱਕ ਚੱਲਦਾ ਆਉਂਦਾ ਹੈ, ਓਦੋਂ ਵੱਧ ਕੁੜੱਤਣ ਦਾ ਅਹਿਸਾਸ ਤਾਂ ਚੀਨ ਵਰਗੇ ਦੇਸ਼ ਬਾਰੇ ਵੀ ਲੋਕਾਂ ਦੇ ਮਨ ਵਿੱਚ ਨਹੀਂ ਹੋਣਾ, ਪਰ ਅਸੀਂ ਇਨ੍ਹਾਂ ਦੋਵਾਂ ਨਾਲ ਪੱਕੇ ਤੋੜ-ਵਿਛੋੜੇ ਦੀ ਥਾਂ ਵੇਲੇ ਮੁਤਾਬਕ ਨੀਤੀ ਰੱਖਣ ਦੀ ਗੱਲ ਕਹਿੰਦੇ ਆਏ ਹਾਂ। ਇਸ ਲਈ ਅਮਰੀਕਾ ਵਰਗੇ ਮਹਾਂ-ਸ਼ਕਤੀ ਮੰਨੇ ਜਾਂਦੇ ਦੇਸ਼ ਬਾਰੇ ਵੀ ਇਹ ਤਾਂ ਨਹੀਂ ਕਹਿੰਦੇ ਕਿ ਉਸ ਨਾਲ ਕੋਈ ਨੇੜ ਹੋਣਾ ਹੀ ਨਹੀਂ ਚਾਹੀਦਾ, ਪਰ ਇਹ ਕਹਿਣ ਦੀ ਕੋਈ ਝਿਜਕ ਨਹੀਂ ਚਾਹੀਦੀ ਕਿ ਉਸ ਦੇਸ਼ ਦੇ ਪੈਂਤੜਿਆਂ ਤੋਂ ਭਾਰਤ ਨੂੰ ਚੌਕਸ ਹੋਣਾ ਚਾਹੀਦਾ ਹੈ। ਪਿਛਲੇ ਸਾਲਾਂ ਵਿੱਚ ਭਾਰਤ ਨੇ ਅਮਰੀਕਾ ਵੱਲ ਵੱਧ ਉਲਾਰ ਹੋਣ ਅਤੇ ਉਸ ਨਾਲ ਸਾਂਝ ਦੇ ਭਰਮ ਹੇਠ ਪੁਰਾਣੇ-ਪਰਖੇ ਹੋਏ ਮਿੱਤਰ ਦੇਸ਼ ਤੋਂ ਦੂਰੀ ਪਾਉਣ ਦਾ ਜਿਹੜਾ ਵਿਹਾਰ ਸ਼ੁਰੂ ਕੀਤਾ ਸੀ, ਉਸ ਦੇ ਗਲਤ ਸਿੱਟੇ ਨਿਕਲਣੇ ਸਨ ਤੇ ਨਿਕਲੇ ਵੀ ਹਨ। ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਾਰਤ ਵਿਰੋਧੀ ਤਾਜ਼ਾ ਪੈਂਤੜਿਆਂ ਨੇ ਇਹ ਸੱਚ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ।

ਮੁਲਕਾਂ ਦੇ ਸੰਬੰਧ ਮੁਲਕਾਂ ਨਾਲ ਹੋਣੇ ਚਾਹੀਦੇ ਹਨ, ਆਗੂ ਕੋਈ ਕਿੰਨਾ ਵੱਡਾ ਵੀ ਹੋਵੇ, ਉਸ ਦੇ ਨਿੱਜੀ ਪੱਧਰ ਦੇ ਸੰਬੰਧ ਹੰਢਣਸਾਰ ਹੋਣ ਦੀ ਗਾਰੰਟੀ ਕਦੇ ਨਹੀਂ ਹੋ ਸਕਦੇ। ਕੱਲ੍ਹ-ਕਲੋਤਰ ਨੂੰ ਜਦੋਂ ਦੇਸ਼ ਦਾ ਨੇਤਾ ਬਦਲ ਜਾਵੇ ਤਾਂ ਏਦਾਂ ਦੇ ਨਿੱਜੀ ਸੰਬੰਧਾਂ ਦੀ ਨੀਂਹ ਜਿਹੜੇ ਦੇਸ਼ ਨਾਲ ਉਹ ਰੱਖੀ ਫਿਰਦਾ ਹੋਵੇ, ਉਸ ਦੇਸ਼ ਨਾਲ ਨਵੇਂ ਆਗੂ ਦੇ ਓਦਾਂ ਦੇ ਸੰਬੰਧ ਰਹਿਣ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੁਝ ਦੇਸ਼ਾਂ ਦੇ ਮੁਖੀਆਂ ਨਾਲ ਨਿੱਜੀ ਸੰਬੰਧ ਹੋਣ ਦੇ ਦਾਅਵੇ ਕੀਤੇ ਅਤੇ ਵੱਡੀਆਂ ਆਸਾਂ ਰੱਖੀਆਂ ਸਨ, ਜਿਹੜੀਆਂ ਬਾਅਦ ਵਿੱਚ ਓਥੋਂ ਦੇ ਲੋਕਾਂ ਵੱਲੋਂ ਨਵਾਂ ਆਗੂ ਚੁਣ ਲੈਣ ਉੱਤੇ ਕਾਇਮ ਨਹੀਂ ਰਹਿ ਸਕੀਆਂ। ਅਮਰੀਕਾ ਵਿੱਚ ਵੀ ਇਹੋ ਕੁਝ ਵਾਪਰਿਆ ਅਤੇ ਸਭ ਤੋਂ ਵੱਧ ਉਸ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਹੁੰਦਿਆਂ ਵਾਪਰ ਗਿਆ ਹੈ, ਜਿਸ ਦੇ ਰਾਜ ਦੀ ਪਹਿਲੀ ਵਾਰੀ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿੱਜੀ ਸੰਬੰਧ ਏਨੇ ਵਧਾ ਲਏ ਸਨ ਕਿ ਉਸ ਦੀ ਚੋਣ ਵਾਸਤੇ ਓਥੇ ਭਾਰਤੀ ਲੋਕਾਂ ਦੀ ਰੈਲੀ ਕਰ ਕੇ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਛੱਟਾ ਦੇ ਆਏ ਸਨ। ਉਸ ਦੇਸ਼ ਦੇ ਲੋਕਾਂ ਨੇ ਏਦਾਂ ਦੇ ਨਾਅਰੇ ਉੱਤੇ ਵੋਟਾਂ ਪਾਉਣ ਦੀ ਥਾਂ ਵਿਰੋਧੀ ਪਾਰਟੀ ਦੇ ਆਗੂ ਜੋ ਬਾਇਡਨ ਨੂੰ ਨਵਾਂ ਰਾਸ਼ਟਰਪਤੀ ਚੁਣ ਲਿਆ ਅਤੇ ਉਸ ਦਾ ਰਾਜ ਆਉਣ ਪਿੱਛੋਂ ਭਾਰਤ ਨੂੰ ਕੁੜੱਤਣਾਂ ਘਟਾਉਣ ਤੇ ਨਵੀਂਆਂ ਸਾਂਝਾਂ ਪਾਉਣ ਨੂੰ ਡੇਢ ਸਾਲ ਲੱਗ ਗਿਆ ਸੀ। ਮੋੜਾ ਪੈਣ ਲੱਗ ਪਿਆ ਤਾਂ ਫਿਰ ਭਾਰਤੀ ਆਗੂ ਉਹਦੇ ਵੱਲ ਉਲਾਰ ਹੋ ਗਏ ਅਤੇ ਸੋਚ ਲਿਆ ਕਿ ਕਦੇ ਰਾਜ ਬਦਲੇਗਾ ਤਾਂ ਦੂਸਰਾ ਕੋਈ ਵੀ ਆ ਜਾਵੇ, ਮੁੜ ਕੇ ਟਰੰਪ ਨਹੀਂ ਆਉਣਾ। ਓਧਰ ਝਾਕਣ ਦੀ ਥਾਂ ਡੈਮੋਕਰੇਟਾਂ ਨਾਲ ਸੰਬੰਧ ਵਧਾ ਲਏ, ਪਰ ਅਮਰੀਕੀ ਲੋਕ ਫਿਰ ਭਾਰਤ ਦੀ ਆਸ ਦੇ ਉਲਟ ਡੋਨਾਲਡ ਟਰੰਪ ਵੱਲ ਭੁਗਤ ਗਏ। ਨਰਿੰਦਰ ਮੋਦੀ ਨਾਲ ਦੋਸਤੀ ਦੇ ਦਾਅਵੇ ਕਰਨ ਵਾਲੇ ਡੋਨਾਲਡ ਟਰੰਪ ਤੋਂ ਭਾਰਤ ਨੂੰ ਆਸਾਂ ਜੋ ਵੀ ਹੋਣ, ਟਰੰਪ ਨੂੰ ਇਹ ਗੱਲ ਰੜਕਦੀ ਹੋਵੇਗੀ ਕਿ ਚਾਰ ਸਾਲ ਭਾਰਤੀ ਲੀਡਰਸ਼ਿਪ ਉਸ ਤੋਂ ਪਾਸਾ ਵੱਟਦੀ ਰਹੀ ਸੀ, ਏਸੇ ਲਈ ਉਹ ਇਸ ਵਾਰ ਪੁਰਾਣੀ ਦੋਸਤੀ ਚੇਤੇ ਕਰਨ ਦੀ ਥਾਂ ਦੁਨੀਆ ਦੇ ਬਾਕੀ ਦੇਸ਼ਾਂ ਵਾਂਗ ਇਸ ਦੇ ਖਿਲਾਫ ਵੀ ਟੈਰਿਫ ਲਾਉਣ ਦਾ ਮੋਰਚਾ ਵਿੱਢ ਬੈਠਾ ਹੈ। ਹਾਲਾਤ ਦਿਨੋ-ਦਿਨ ਇਹੋ ਜਿਹੇ ਬਣਦੇ ਗਏ ਕਿ ਭਾਰਤ ਨਾਲੋਂ ਫਾਸਲਾ ਪਾ ਕੇ ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਨਵੀਂ ਸਰਕਾਰ ਅਚਾਨਕ ਪਾਕਿਸਤਾਨ ਦੇ ਨੇੜੇ ਜਾਣ ਲੱਗ ਪਈ ਤੇ ਭਾਰਤ ਇਸ ਤਬਦੀਲੀ ਨੂੰ ਵੇਖਦਾ ਰਹਿ ਗਿਆ ਹੈ।

ਅਮਰੀਕਾ ਹੋਵੇ ਜਾਂ ਕੋਈ ਹੋਰ, ਪਾਕਿਸਤਾਨ ਨਾਲ ਉਸ ਦੇ ਕਿੱਦਾਂ ਦੇ ਸੰਬੰਧ ਹੋਣ, ਭਾਰਤ ਕੋਈ ਇਤਰਾਜ਼ ਨਹੀਂ ਕਰ ਸਕਦਾ, ਅੰਤਰਰਾਸ਼ਟਰੀ ਹੱਦਾਂ ਵਿੱਚ ਰਹਿਣਾ ਪੈਂਦਾ ਹੈ ਅਤੇ ਭਾਰਤ ਰਹੇਗਾ, ਪਰ ਇਹ ਗੱਲ ਦੇਸ਼ ਦੇ ਅੰਦਰ ਆਪਣੇ ਲੋਕਾਂ ਵਿੱਚ ਚਰਚਾ ਦਾ ਮੁੱਦਾ ਬਣੀ ਹੈ ਕਿ ਇਹ ਹਾਲਾਤ ਪੈਦਾ ਕਿਹੜੀ ਗੱਲ ਨਾਲ ਹੋਏ ਹਨ! ਪਾਕਿਸਤਾਨ ਦੇ ਬਣਨ ਵੇਲੇ ਤੋਂ ਜਿਹੜਾ ਅਮਰੀਕਾ ਉਸ ਨਾਲ ਖੜੋਂਦਾ ਅਤੇ ਭਾਰਤ ਨੂੰ ਠਿੱਬੀ ਲਾਉਂਦਾ ਰਿਹਾ, ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਉਹ ਉਸ ਦੇਸ਼ ਨਾਲੋਂ ਦੂਰੀ ਪਾ ਕੇ ਭਾਰਤ ਨਾਲ ਖੜਾ ਹੋਣ ਲੱਗ ਪਿਆ, ਪਰ ਅਜੋਕੀ ਭਾਰਤ ਸਰਕਾਰ ਦੇ ਮੁਖੀ ਦੇ ਪੈਂਤੜੇ ਫਿਰ ਅਮਰੀਕਾ ਨੂੰ ਭਾਰਤ ਤੋਂ ਦੂਰ ਧੱਕਣ ਦਾ ਕਾਰਨ ਬਣ ਗਏ। ਅਮਰੀਕਾ ਨੇ ਪਾਕਿਸਤਾਨ ਨਾਲ ਖੜੋਣਾ ਹੈ ਤਾਂ ਖੜਾ ਰਹੇ, ਪਰ ਭਾਰਤ ਦੇ ਖਿਲਾਫ ਟੈਰਿਫ ਲਾਗੂ ਕਰਨ ਦੀ ਸਖਤੀ ਆਦਿ ਗੱਲਾਂ ਸੰਕੇਤ ਦੇਂਦੀਆਂ ਹਨ ਕਿ ਟਰੰਪ ਨੇ ਮੋਦੀ ਸਾਹਿਬ ਨਾਲ ਨਿੱਜੀ ਦੋਸਤੀ ਦਾ ਵਰਕਾ ਪਾੜ ਦਿੱਤਾ ਜਾਪਦਾ ਹੈ। ਇਹ ਆਖਰ ਨੂੰ ਹੋਣਾ ਸੀ, ਕਿਉਂਕਿ ਜਿਹੜੀ ਝਾਕ ਵਿੱਚ ਭਾਰਤ ਸਰਕਾਰ ਨੇ ਇਹ ਨੀਤੀ ਸ਼ੁਰੂ ਕੀਤੀ ਸੀ, ਇਹ ਨਰਿੰਦਰ ਮੋਦੀ ਰਾਜ ਵਿੱਚ ਨਹੀਂ, ਸਗੋਂ ਇਸ ਤੋਂ ਵੀ ਬੜਾ ਪਹਿਲਾਂ ਜਦੋਂ ਇਹ ਨੀਤੀ ਸ਼ੁਰੂ ਹੋਣ ਲੱਗੀ ਤਾਂ ਵਿਦਵਾਨਾਂ ਨੇ ਓਦੋਂ ਵੀ ਕਿਹਾ ਸੀ, ਪਰ ਇਹ ਲੋਕ ਮੰਨੇ ਨਹੀਂ ਸਨ।

ਸਭ ਨੂੰ ਪਤਾ ਹੈ ਕਿ ਆਜ਼ਾਦੀ ਮਿਲਣ ਪਿੱਛੋਂ ਦੇ ਪਹਿਲੇ ਤੀਹ ਸਾਲ ਭਾਰਤ ਤੇ ਅਮਰੀਕਾ ਵਿਚਾਲੇ ਫਾਸਲਾ ਬਹੁਤ ਜ਼ਿਆਦਾ ਰਿਹਾ ਸੀ ਅਤੇ ਜਦੋਂ ਹਰ ਔਖੀ ਘੜੀ ਅਮਰੀਕਾ ਹਰ ਥਾਂ ਪਾਕਿਸਤਾਨ ਨਾਲ ਖੜੋਤਾ ਹੁੰਦਾ ਸੀ, ਭਾਰਤ ਦੇ ਨਾਲ ਹਰ ਥਾਂ ਰੂਸ ਖੜਾ ਹੁੰਦਾ ਰਿਹਾ ਸੀ। ਜਨਤਾ ਪਾਰਟੀ ਦੀ ਮੁਰਾਰਜੀ ਡਿਸਾਈ ਸਰਕਾਰ ਜਦੋਂ ਆਈ ਤਾਂ ਵਿਦੇਸ਼ ਮੰਤਰੀ ਦਾ ਅਹੁਦਾ ਸੰਘ ਪਰਵਾਰ ਦਾ ਸਿਆਸੀ ਚਿਹਰਾ ਗਿਣੇ ਜਾਂਦੇ ਅਟਲ ਬਿਹਾਰੀ ਵਾਜਪਾਈ ਨੂੰ ਮਿਲਿਆ ਸੀ ਤੇ ਉਨ੍ਹਾ ਪਹਿਲੇ ਮਹੀਨੇ ਹੀ ਕਹਿ ਦਿੱਤਾ ਸੀ ਕਿ ਸਾਡੀ ਨੀਤੀ ਰੂਸ ਉੱਤੇ ਕੇਂਦਰਤ ਨਹੀਂ ਰਹੇਗੀ, ਇਹ ਹਾਲੇ ਕਹਿਣੋਂ ਗੁਰੇਜ਼ ਕੀਤਾ ਸੀ ਕਿ ਉਲਟਾ ਗੇੜਾ ਕੱਢ ਕੇ ਅਮਰੀਕਾ ਨਾਲ ਜਾ ਜੁੜਨਾ ਹੈ। ਕੂਟਨੀਤਕ ਮਾਹਰਾਂ ਨੇ ਓਦੋਂ ਕਿਹਾ ਸੀ ਕਿ ਨਵੀਂ ਨੀਤੀ ਭਾਰਤ ਦੇ ਨੁਕਸਾਨ ਦਾ ਸਬੱਬ ਬਣ ਸਕਦੀ ਹੈ, ਜਿਸ ਦਾ ਪਹਿਲਾ ਨੁਕਤਾ ਇਹ ਹੈ ਕਿ ਅਮਰੀਕਾ ਕਦੇ ਭਾਰਤ ਨਾਲ ਸੰਸਾਰ ਦੇ ਮੰਚ ਉੱਤੇ ਖੜੋਤਾ ਨਹੀਂ, ਇਸ ਦੇ ਉਲਟ ਭੁਗਤਦਾ ਰਿਹਾ ਅਤੇ ਹਰ ਮੋੜ ਉੱਤੇ ਰੂਸ ਇਸ ਨਾਲ ਨਿਭਦਾ ਰਿਹਾ ਹੈ ਅਤੇ ਜਦੋਂ ਅਮਰੀਕਾ ਦੇ ਸਟੈਂਡ ਦਾ ਕਿਸੇ ਨੂੰ ਪਤਾ ਨਹੀਂ, ਕੂਟਨੀਤੀ ਦਾ ਮੋੜਾ ਰੂਸ ਨੂੰ ਦੂਰ ਧੱਕ ਸਕਦਾ ਹੈ। ਦੂਜਾ ਸੰਕੇਤ ਇਹ ਸੀ ਕਿ ਭਾਰਤ ਦਾ ਰੂਸ ਨਾਲ ਇੱਕ ਜੰਗੀ ਸਮਝੌਤਾ ਹੋਣ ਕਾਰਨ ਬੰਗਲਾਦੇਸ਼ ਦੀ ਜੰਗ ਸਮੇਂ ਅਮਰੀਕਾ ਦਾ ਸਮੁੰਦਰੀ ਬੇੜਾ ਜਦੋਂ ਪਾਕਿਸਤਾਨ ਦੀ ਹਮਾਇਤ ਲਈ ਏਧਰ ਨੂੰ ਚੱਲਿਆ ਤਾਂ ਰੂਸ ਨੇ ਭਾਰਤ ਦੀ ਹਮਾਇਤ ਲਈ ਆਪਣਾ ਬੇੜਾ ਏਧਰ ਤੋਰ ਦਿੱਤਾ ਸੀ ਤੇ ਉਸ ਨੂੰ ਵੇਖ ਕੇ ਅਮਰੀਕੀ ਬੇੜਾ ਪਿੱਛੇ ਮੁੜ ਗਿਆ ਸੀ। ਅਮਰੀਕਾ ਨਾਲ ਭਾਰਤ ਦੇ ਨੇੜ ਕਾਰਨ ਰੂਸ ਨਾਲ ਹੋਇਆ ਜੰਗੀ ਸਮਝੌਤਾ ਵੀ ਕਮਜ਼ੋਰ ਹੋਵੇਗਾ ਤੇ ਭਾਰਤ ਕਿਸੇ ਦਿਨ ਇਕੱਲਾ ਖੜਾ ਦਿੱਸੇਗਾ। ਇਸ ਨਾਲ ਇਹ ਗੱਲ ਵੀ ਕਹੀ ਗਈ ਸੀ ਕਿ ਰੂਸ ਜਦੋਂ ਭਾਰਤ ਨੂੰ ਹਥਿਆਰ ਵੇਚਦਾ ਹੈ ਤਾਂ ਹਥਿਆਰਾਂ ਦੀ ਸਾਰੀ ਤਕਨੀਕ ਨਾਲ ਦੇਣਾ ਮੰਨਦਾ ਹੈ, ਅਮਰੀਕਾ ਨੇ ਇਸ ਤਰ੍ਹਾਂ ਕਰਨਾ ਨਹੀਂ ਅਤੇ ਭਾਰਤ ਦੋ ਧਿਰਾਂ ਵਿਚਾਲੇ ਸੈਂਡਵਿਚ ਬਣ ਕੇ ਏਹੋ ਜਿਹੇ ਹਾਲਾਤ ਵਿੱਚ ਕਸੂਤਾ ਫਸ ਜਾਵੇਗਾ। ਅੱਜ ਦੇ ਹਾਲਾਤ ਵਿੱਚ ਭਾਰਤ ਦੀ ਇਹੋ ਸਥਿਤੀ ਜਾਪਣ ਲੱਗ ਪਈ ਹੈ।

ਅਮਰੀਕਾ ਨਾਲ ਸੰਬੰਧਾਂ ਦੇ ਮਾਮਲੇ ਵਿੱਚ ਇੱਕ ਦਿਲਚਸਪ ਤੱਥ ਹੋਰ ਹੈ ਕਿ ਜਦੋਂ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਨੇ ਅਮਰੀਕਾ ਨਾਲ ਐਟਮੀ ਸਮਝੌਤਾ ਕੀਤਾ ਤਾਂ ਉਸ ਸਰਕਾਰ ਨੂੰ ਹਮਾਇਤ ਦੇਣ ਵਾਲੀ ਖੱਬੇ ਪੱਖੀ ਧਿਰ ਵੱਖਰੇ ਰਾਹ ਪੈ ਗਈ ਅਤੇ ਸਾਫ ਕਹਿ ਦਿੱਤਾ ਕਿ ਉਹ ਸਮਝੌਤੇ ਦਾ ਵਿਰੋਧ ਕਰਨਗੇ। ਜਿਹੜੀ ਭਾਜਪਾ ਤੋਂ ਮਨਮੋਹਨ ਸਿੰਘ ਅਤੇ ਕਾਂਗਰਸੀ ਆਗੂਆਂ ਨੂੰ ਆਸ ਸੀ ਕਿ ਹਮਾਇਤ ਕਰੇਗੀ ਤੇ ਬੰਗਲਾਦੇਸ਼ ਦੀ ਜੰਗ ਦੌਰਾਨ ਓਦੋਂ ਦੀ ਜਨ ਸੰਘ ਦੇ ਮੋਹਰੀ ਆਗੂ ਵਜੋਂ ਅਟਲ ਬਿਹਾਰੀ ਵੱਲੋਂ ਕੀਤੀ ਹਮਾਇਤ ਦਾ ਚੇਤਾ ਉਹ ਵਾਰ-ਵਾਰ ਕਰਦੇ ਸਨ, ਉਸ ਤੋਂ ਉਲਟ ਇਸ ਵਾਰੀ ਭਾਜਪਾ ਇਸ ਸਮਝੌਤੇ ਬਹਾਨੇ ਮਨਮੋਹਨ ਸਿੰਘ ਦੀ ਸਰਕਾਰ ਡੇਗਣ ਤੁਰ ਪਈ। ਭਾਜਪਾ ਦੇ ਮੋਹਰੀ ਆਗੂ ਲਾਲ ਕ੍ਰਿਸ਼ਨ ਅਡਵਾਨੀ ਤੋਂ ਓਦੋਂ ਇੱਕ ਟੀ ਵੀ ਚੈਨਲ ਨਾਲ ਇੰਟਰਵਿਊ ਵਿੱਚ ਇਸ ਬਾਰੇ ਪੁੱਛਿਆ ਗਿਆ ਕਿ ਸਮਝੌਤੇ ਦਾ ਨੁਕਸ ਕੀ ਹੈ! ਉਹ ਕਹਿਣ ਲੱਗੇ ਕਿ ਸਮਝੌਤਾ ਭਾਰਤ ਦੇ ਹਿੱਤ ਵਿੱਚ ਹੈ, ਪਰ ਅਮਰੀਕਾ ਨੇ ਜਿਸ ਸਰਕਾਰ ਨਾਲ ਸਮਝੌਤਾ ਕੀਤਾ ਹੈ, ਉਹ ਸਰਕਾਰ ਭਰੋਸੇ ਦੇ ਕਾਬਲ ਨਹੀਂ, ਇਹੋ ਸਮਝੌਤਾ ਕਰਨਾ ਸੀ ਤਾਂ ਅਮਰੀਕਾ ਅਗਲੀ ਚੋਣ ਉਡੀਕ ਸਕਦਾ ਸੀ। ਉਡੀਕ ਦਾ ਅਰਥ ਪੁੱਛਣ ਉੱਤੇ ਉਨ੍ਹਾ ਸੰਕੇਤ ਦੇ ਦਿੱਤਾ ਸੀ ਕਿ ਅਗਲੀ ਵਾਰ ਅਸੀਂ ਆਉਣ ਵਾਲੇ ਹਾਂ। ਕਹਿਣ ਤੋਂ ਭਾਵ ਇਹ ਸੀ ਕਿ ਸਮਝੌਤਾ ਠੀਕ ਜਾਂ ਗਲਤ ਤੋਂ ਵੱਡਾ ਸਵਾਲ ਇਹ ਜਾਪਦਾ ਸੀ ਕਿ ਕੀਤਾ ਕਿਸ ਦੇ ਨਾਲ ਹੈ! ਓਦੋਂ ਅਡਵਾਨੀ ਜੀ ਵੱਲੋਂ ਦਿੱਤੇ ਗਏ ਇਸ ਸੰਕੇਤ ਦੇ ਹੱਕ ਤੇ ਵਿਰੋਧ ਵਾਸਤੇ ਕਈ ਦਿਨ ਬਹਿਸ ਚੱਲਦੀ ਰਹੀ ਸੀ।

ਕਹਿੰਦੇ ਹਨ ਕਿ ਇੱਕ ਗਲਤੀ ਦੋ ਵਾਰ ਨਹੀਂ ਕਰਨੀ ਚਾਹੀਦੀ, ਪਰ ਨਰਿੰਦਰ ਮੋਦੀ ਸਰਕਾਰ ਨੇ ਆਣ ਕੇ ਦੋਬਾਰਾ ਉਹੀ ਗਲਤੀ ਕਰ ਦਿੱਤੀ ਜਾਪਦੀ ਹੈ। ਵਾਜਪਾਈ ਸਾਹਿਬ ਕਿਸੇ ਵੱਲ ਬਹੁਤਾ ਝੁਕਦੇ ਤਾਂ ਮੋੜਾ ਕੱਟਣਾ ਜਾਣਦੇ ਸਨ ਅਤੇ ਹਮਾਇਤ ਕਰਦੇ ਵਕਤ ਵੀ ਅਗਲੇ ਮੋੜੇ ਦਾ ਰਾਹ ਰੱਖਣਾ ਜਾਣਦੇ ਸਨ। ਮੋਦੀ ਸਾਹਿਬ ਇਸ ਮਾਮਲੇ ਵਿੱਚ ਮਾਹਰ ਨਹੀਂ ਨਿਕਲੇ ਅਤੇ ਅਮਰੀਕਾ ਦੀ ਉਸ ਵਕਤ ਦੀ ਲੀਡਰਸ਼ਿਪ ਨੂੰ ਸਦੀਵੀ ਮੰਨਣ ਵਰਗਾ ਪ੍ਰਭਾਵ ਲੈ ਕੇ ਡੋਨਾਲਡ ਟਰੰਪ ਨਾਲ ਇਸ ਤਰ੍ਹਾਂ ਜੁੜ ਗਏ ਕਿ ਓਥੋਂ ਦੀ ਚੋਣ ਜਿੱਤਣ ਲਈ ਉਸ ਦੀ ਹਮਾਇਤ ਕਰਨ ਲਈ ਚੋਣ ਜਲਸੇ ਵਾਂਗ ਪ੍ਰੋਗਰਾਮ ਕਰ ਕੇ 'ਅਬ ਕੀ ਬਾਰ ਟਰੰਪ ਸਰਕਾਰ' ਦਾ ਨਾਅਰਾ ਦੇ ਆਏ ਸਨ। ਨਤੀਜਾ ਇਸ ਦਾ ਇਹ ਨਿਕਲਿਆ ਕਿ ਉਸ ਵੇਲੇ ਟਰੰਪ ਦੀ ਸਰਕਾਰ ਨਹੀਂ ਸੀ ਬਣ ਸਕੀ, ਜਿਹੜੀ ਬਣੀ, ਉਸ ਨਾਲ ਬੜੇ ਔਖੇ ਹੋ ਕੇ ਸੰਬੰਧ ਸੁਧਾਰੇ ਅਤੇ ਜਦੋਂ ਡੋਨਾਲਡ ਟਰੰਪ ਫਿਰ ਜਿੱਤਿਆ ਤਾਂ ਕੌੜ ਦਾ ਭਰਿਆ ਜਾਪਦਾ ਹੈ। ਕਿੱਥੇ ਓਦੋਂ ਭਾਰਤ ਦਾ ਪ੍ਰਧਾਨ ਮੰਤਰੀ ਤੇ ਅਮਰੀਕਾ ਦਾ ਰਾਸ਼ਟਰਪਤੀ ਜੱਫੀ ਪਾ ਕੇ ਮਿਲਿਆ ਕਰਦੇ ਸਨ ਅਤੇ ਕਿੱਥੇ ਅੱਜ ਦੇ ਦੌਰ ਵਿੱਚ ਭਾਰਤ ਦਾ ਪ੍ਰਧਾਨ ਮੰਤਰੀ ਉਸ ਦੇਸ਼ ਦਾ ਗੇੜਾ ਲਾ ਕੇ ਬਿਨਾਂ ਮਿਲਣ ਵਾਲੇ ਹਾਲਾਤ ਵਿੱਚ ਮੁੜਦਾ ਹੈ ਅਤੇ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਕੀ, ਉਸ ਦੀ ਫੌਜ ਦਾ ਮੁਖੀ ਵੀ ਡੋਨਾਲਡ ਟਰੰਪ ਨਾਲ ਖਾਣੇ ਦੀ ਟੇਬਲ ਉੱਤੇ ਬੈਠਾ ਦਿਖਾਈ ਦਿੰਦਾ ਹੈ। ਇਹ ਹਾਸੋਹੀਣੀ ਸਥਿਤੀ ਹੈ, ਜਿਸ ਦੀ ਆਸ ਭਾਰਤੀ ਲੋਕਾਂ ਨੇ ਕਦੀ ਨਹੀਂ ਸੀ ਕੀਤੀ, ਪਰ ਸਰਕਾਰ ਇਸ ਨੂੰ ਖਾਸ ਨਹੀਂ ਸਮਝਦੀ।

ਹੋਰ ਵੀ ਕਮਾਲ ਦੀ ਗੱਲ ਹੈ ਕਿ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਦੀ ਅੱਖ ਵਿੱਚ ਚੀਨ ਅਤੇ ਰੂਸ ਇੱਕੋ ਜਿਹੇ ਰੜਕਦੇ ਹਨ, ਪਰ ਭਾਰਤ ਨੂੰ ਰੂਸ ਨਾਲ ਲੈਣ-ਦੇਣ ਕਰਨ ਦਾ ਮਿਹਣਾ ਦੇਣ ਵਾਲੇ ਡੋਨਾਲਡ ਟਰੰਪ ਨੇ ਪਾਕਿਸਤਾਨ ਦੇ ਚੀਨ ਨਾਲ ਹਰ ਪੱਖੋਂ ਗਹਿਰੇ ਸੰਬੰਧਾਂ ਦੀ ਗੱਲ ਅਣਗੌਲੀ ਕਰ ਛੱਡੀ ਹੈ। ਇਹ ਰੁਝਾਨ ਦੱਸਦਾ ਹੈ ਕਿ ਟਰੰਪ ਨੂੰ ਰੂਸ ਅਤੇ ਭਾਰਤ ਦੇ ਸੰਬੰਧਾਂ ਦੀ ਗੱਲ ਉਸ ਹੱਦ ਤੱਕ ਸ਼ਾਇਦ ਨਾ ਚੁਭੀ ਹੋਵੇ, ਜਿੰਨੀ ਉਸ ਨਾਲ ਨੇੜ ਕਰਨ ਪਿੱਛੋਂ ਮੋਦੀ ਸਾਹਿਬ ਦੇ ਰੂਸ ਵੱਲ ਝੁਕਣ ਤੇ ਉਸ ਦੇ ਇੱਕ ਚੋਣ ਹਾਰਨ ਪਿੱਛੋਂ ਉਸ ਦੇ ਵਿਰੋਧੀਆਂ ਨਾਲ ਸਾਂਝ ਪਾਉਣ ਦੀ ਗੱਲ ਚੁਭੀ ਹੋਵੇਗੀ। ਜੇ ਸੰਬੰਧਾਂ ਵਿੱਚ ਇੱਕਸਾਰਤਾ ਰੱਖੀ ਜਾਂਦੀ, ਇੱਕ ਤਰ੍ਹਾਂ ਦਾ ਗਿਣਵਾਂ-ਮਿਣਵਾਂ ਤੋਲ ਵੀ ਰੱਖਿਆ ਜਾਂਦਾ ਤਾਂ ਅੱਜ ਇਹ ਨੌਬਤ ਨਹੀਂ ਸੀ ਆਉਣੀ ਕਿ ਅਮਰੀਕਾ ਦਾ ਰਾਸ਼ਟਰਪਤੀ ਪੁਰਾਣੀਆਂ ਯਾਰੀਆਂ ਭੁਲਾ ਕੇ ਇੱਕਦਮ ਦੂਰ ਹੋਣ ਤੱਕ ਹੀ ਨਹੀਂ, ਭਾਰਤ ਦੇ ਵਿਰੋਧੀ ਕੈਂਪ ਨਾਲ ਸਮਝੌਤੇ ਕਰਨ ਤੱਕ ਪਹੁੰਚ ਜਾਂਦਾ ਅਤੇ ਦੁਨੀਆ ਵੇਖਦੀ ਰਹਿ ਜਾਂਦੀ।

ਪਿਛਲੇ ਸਮੇਂ ਵਿੱਚ ਜੋ ਹੋਇਆ ਹੈ, ਉਸ ਤੋਂ ਸਿੱਖਣ ਦੀ ਲੋੜ ਹੈ, ਪਰ ਭਾਰਤੀ ਰਾਜਨੀਤੀ ਜਿਹੋ ਜਿਹੇ ਹੱਥਾਂ ਵਿੱਚ ਖੇਡਦੀ ਹੈ ਤਾਂ ਇਸ ਦੀ ਵਿਦੇਸ਼ੀ ਨੀਤੀ, ਜਿਸ ਨੂੰ ਕੂਟਨੀਤੀ ਕਿਹਾ ਜਾਂਦਾ ਹੈ, ਆਪਣੇ ਦੇਸ਼ ਵਿੱਚ ਚੱਲਦੀ ਏਧਰ-ਓਧਰ ਝੂਲਦੀ ਸਿਆਸਤ ਤੋਂ ਨਿਰਲੇਪ ਨਹੀਂ ਰਹਿ ਸਕਦੀ। ਨੀਤੀਆਂ ਦਾ ਕੋਈ ਸੰਤੁਲਨ ਰੱਖਣ ਲਈ ਭਾਰਤ ਨੇ ਜੇ ਭਵਿੱਖ ਵਿੱਚ ਵੀ ਸਮਝਦਾਰੀ ਨਾ ਵਿਖਾਈ ਤਾਂ ਜਿਹੜੇ ਹਾਲਾਤ ਬਣੇ ਹਨ, ਇਸ ਨਾਲੋਂ ਵੱਧ ਬੁਰੇ ਹੋ ਸਕਦੇ ਹਨ।

# ਆਦਮਪੁਰ ਸਭ ਤੋਂ ਠੰਢਾ

ਪਿੰਡ ਵਸਿਆ-39

ਵਿਜੈ ਬੰਬੇਲੀ

ਆਮ ਤੌਰ 'ਤੇ ਕਿਹਾ-ਸਮਝਿਆ ਇਹ ਜਾਂਦਾ ਹੈ ਕਿ ਅਲਾਵਲ ਖਾਂ ਅਤੇ ਆਦਮ ਖਾਂ ਦੋ ਪਠਾਣ ਭਰਾਵਾਂ ਨੇ ਤਿੰਨ-ਚਾਰ ਮੀਲ ਦੇ ਫਾਸਲੇ 'ਤੇ ਦੋ ਪਿੰਡ ਵਸਾਏ, ਅਲਾਵਲਪੁਰ ਅਤੇ ਆਦਮਪੁਰ, ਪਰ ਪੁਰਾਣੇ ਸਮਿਆਂ 'ਚ ਆਦਮਪੁਰ ਦੀ ਬਜਾਏ, ਕਈ ਕਾਰਨੀਂ ਅਲਾਵਲਪੁਰ ਬੜਾ ਉੱਘਾ ਅਤੇ ਵੱਡਾ ਸੀ, ਜਿਥੇ ਰਾਜ 'ਗਰੇਜ਼ੀ ਸਥਾਪਤ ਹੁੰਦਿਆਂ ਹੀ ਮਿਊਂਸਪਲ ਕਮੇਟੀ ਬਣਾਈ ਗਈ, ਜਦ ਕਿ ਆਦਮਪੁਰ ਉਦੋਂ ਵੀ ਪੰਚਾਇਤ ਹੀ ਰਹੀ ਸੀ। ਜਲੰਧਰ ਗਜ਼ਟੀਅਰ 1884, ਇਹ ਕਥਾ ਇਉਂ ਬਿਆਨਦਾ ਹੈ, ਆਦਮਪੁਰ ਬਿਨਾਂ ਕਿਸੇ ਯੋਜਨਾ ਤੋਂ ਬਣਿਆ ਹੋਇਆ ਇੱਗੜ-ਦੁੱਗੜਾ ਜਿਹਾ ਪਿੰਡ ਹੈ। ਮੰਨੀ ਜਾਂਦੀ ਗਾਥਾ ਅਨੁਸਾਰ ਇਸ ਦੀ ਨੀਂਹ ਲਿੱਟ ਗੋਤਰੀ ਜੱਟਾਂ ਨੇ ਰੱਖੀ ਸੀ। ਬਾਅਦ ਵਿੱਚ ਇਥੇ ਭੈਣੇ ਗੋਤ ਦੇ ਜੱਟ ਆ ਕਾਬਜ਼ ਹੋਏ। ਪ੍ਰਸਥਿਤੀਆਂ ਵੱਸ ਉਹਨਾਂ ਇਸ ਨੂੰ ਧੋਗੜੀ ਦੇ ਅਫਗਾਨ ਕੁਨਬੇ ਨੂੰ ਵੇਚ ਦਿੱਤਾ ਅਤੇ ਉਹਨਾਂ ਦੇ ਜੰਗੀ ਸਰਦਾਰ ਅਲਾਵਲ ਖਾਂ ਦੇ ਛੋਟੇ ਭਰਾ ਆਦਮ ਖਾਂ ਨੇ ਇਸ ਦਾ ਨਾਂਅ ਬਤੌਰ ਆਦਮ ਆਪਣੇ ਨਾਂਅ ਕਰ ਲਿਆ, ਜਿਹੜਾ ਮਗਰੋਂ ਆਦਮਪੁਰ ਵਜੋਂ ਲੋਕ ਮਨਾਂ ਵਿੱਚ ਉੱਘੜ ਗਿਆ।

ਖਾਸ ਗੱਲ; ਜਿਸ ਮੈਨੂੰ 'ਜੰਗ-ਏ-ਆਜ਼ਾਦੀ' ਦਾ ਵਿਦਿਆਰਥੀ ਹੋਣ ਕਾਰਨ ਉਤੇਜਿਤ ਕੀਤਾ, ਉਹ ਇਹ ਕਿ ਬਰਤਾਨਵੀ ਸਾਮਰਾਜ ਨੇ 1846 'ਚ ਲਾਹੌਰ ਦਰਬਾਰ ਨੂੰ ਮਲੀਆ-ਮੇਟ ਕਰਨ ਉਪਰੰਤ ਕਰੀਬ ਸਾਰੇ ਪੰਜਾਬ ਵਿੱਚ ਪੀਢਾ ਪੈਰ ਧਰਾਵਾਂ ਕਰ ਲਿਆ। ਉਦੋਂ ਜਦ ਕਈ 'ਆਪਣੇ' ਵੀ ਗਦਾਰੀ ਕਰ ਗਏ ਤਾਂ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਇੱਕ ਹੋਕਾ ਆਦਮਪੁਰ ਲਾਗਲੇ, ਇਸ ਤੋਂ ਵੀ ਕਿਤੇ ਪ੍ਰਾਚੀਨ ਪਿੰਡ ਸ਼ਾਮਚੁਰਾਸੀ ਦੀ ਸਰ-ਜ਼ਿਮੀਂ ਤੋਂ ਵੀ ਦਿੱਤਾ ਗਿਆ। ਅਜਿਹਾ ਕਰਨ ਵਾਲਾ ਮੋਢੀ ਸੰਗਰਾਮੀਆਂ ਸੀ ਭਾਈ ਮਹਾਰਾਜ ਸਿੰਘ ਨੌਰੰਗਾਬਾਦੀ। ਹੋਇਆ ਇਉਂ ਕਿ ਜਦ ਗੋਰਾਸ਼ਾਹੀ ਗਦਾਰ ਸਿੱਖ ਅਹਿਲਕਾਰਾਂ ਸਮੇਤ ਇਸ ਬਾਗੀ ਰੁਕਨ ਨੂੰ ਫੜਨ ਲਈ ਬਹੁਤ ਸਰਗਰਮ ਹੋ ਗਈ, ਤਦ ਦੋਆਬੇ ਦੀ ਇਸ ਜਰਖੇਜ਼ ਧਰਤੀ 'ਤੇ ਵਿਚਰ ਰਹੇ ਭਾਈ ਮਹਾਰਾਜ ਸਿੰਘ ਨੇ ਤਿੰਨ ਅਤੇ ਚਾਰ ਦਸੰਬਰ 1849 ਦੀ ਦਰਮਿਆਨੀ ਰਾਤ ਨੂੰ ਆਪਣੀ ਆਰਜ਼ੀ ਪਨਾਹ ਸਥਲ ਆਦਮਪੁਰ ਨਜ਼ਦੀਕਲੀ ਸ਼ਾਮਚੁਰਾਸੀ ਤੋਂ ਅੰਗਰੇਜ਼ਾਂ ਵਿਰੁੱਧ ਖੁੱਲ੍ਹੀ ਬਗਾਵਤ ਦਾ ਸੱਦਾ ਦਿੱਤਾ, ਜਿਸ ਤਹਿਤ ਪਹਿਲੇ ਉਦਮ ਵਜੋਂ ਆਦਮਪੁਰ ਦੇ ਦੋਵੇਂ ਪਾਸੇ ਬਰਾਬਰ ਦੂਰੀ 'ਤੇ ਪੈਂਦੀਆਂ ਜਲੰਧਰ ਅਤੇ ਹੁਸ਼ਿਆਰਪੁਰ ਦੀਆਂ ਛਾਉਣੀਆਂ 'ਤੇ 3 ਜਨਵਰੀ 1850 ਨੂੰ ਕਬਜ਼ਾ ਕਰਨ ਦੀ ਵਿਉਂਤ ਵੀ ਗੁੰਦੀ ਗਈ। ਇਹੀ ਨਹੀਂ, ਪੂਰਵ ਯੋਜਨਾ ਤਹਿਤ ਰਾਜ ਕੁਮਾਰ ਦਲੀਪ ਸਿੰਘ ਅਤੇ ਮਹਾਰਾਣੀ ਜ਼ਿੰਦਾਂ ਨੂੰ ਵੀ ਸ਼ਾਹੀ ਕੈਦ ਵਿੱਚੋਂ ਉਡੰਤਰ ਕਰਵਾਇਆ ਜਾਣਾ ਸੀ।

ਆਦਮਪੁਰ ਸੰਦਰਭ, ਇਸ ਕਾਂਡ ਦਾ ਦੁਖਦਾਇਕ ਪਹਿਲੂ ਇਹ ਰਿਹਾ ਕਿ ਭਾਈ ਮਹਾਰਾਜ ਸਿੰਘ ਨੇ ਗੁਰੀਲਾ ਦਾਅਪੇਚ ਵਜੋਂ ਆਪਣੇ ਕੁਝ ਸਿਰਲੱਥ ਜੰਗੀ ਸਾਥੀਆਂ ਸਮੇਤ ਆਦਮਪੁਰ ਦੀ ਝਿੜੀ ਅਤੇ ਲਾਗਲੇ ਪਿੰਡ 'ਕੰਦੋਲਾ' ਦੇ ਸੰਘਣੇ ਕਮਾਦਾਂ ਵਿੱਚ ਆਪਣਾ ਸਦਰ ਕਾਇਮ ਕਰ ਲਿਆ। ਅਫਸੋਸ! 'ਆਪਣਿਆਂ' ਦੇ ਧ੍ਰੋਹ ਅਤੇ ਆਦਮਪੁਰ ਦੀ ਉਦਾਸੀਨਤਾ ਕਾਰਨ ਉਹ 28 ਦਸੰਬਰ 1849 ਨੂੰ ਆਦਮਪੁਰ ਦੀ ਘਣੀ ਜੂਹ ਵਿੱਚੋਂ ਅਚਿੰਤੇ ਫੜੇ ਗਏ। ਘੋਰ ਤਸ਼ੱਦਦ ਅਤੇ ਮੁਕੱਦਮਿਆਂ ਦੇ ਢੌਂਗ ਉਪਰੰਤ ਉਹਨਾ ਨੂੰ 'ਮੁਹੰਮਦ ਸ਼ਾਹ' ਨਾਮੀਂ ਬਹਿਰੀ ਬੇੜੇ ਰਾਹੀਂ 9 ਜੁਲਾਈ 1850 ਨੂੰ ਪਰਾਈ ਧਰਤੀ ਰੰਗੂਨ-ਸਿੰਘਾਪੁਰ ਨੂੰ ਕੈਦ ਤਨਹਾਈ ਤਹਿਤ ਤੋਰ ਦਿੱਤਾ ਗਿਆ, ਜਿਥੇ ਇਹ ਯੋਧਾ ਅਤਿ ਮੰਦੀਆਂ ਹਾਲਤਾਂ ਦਾ ਸਿਦਕਦਿਲੀ ਨਾਲ ਸਾਹਮਣਾ ਕਰਦਾ ਹੋਇਆ 5 ਜੁਲਾਈ 1856 ਨੂੰ ਮੁਕੰਮਲ ਜਰਜਰ ਹੋ ਗਿਆ। ਜੰਗ-ਏ-ਅਜ਼ਾਦੀ ਦੇ ਇਸ ਪਹਿਲ-ਪਲੱਕੜੇ ਸ਼ਹੀਦ ਸਪੂਤ ਦੀ ਇਸ ਧਰਤੀ ਤੋਂ ਹੋਈ ਗ੍ਰਿਫਤਾਰੀ ਦਾ ਮੂਕ ਦਰਦ ਆਦਮਪੁਰ ਅੱਜ ਵੀ ਹੰਢਾ ਰਿਹਾ ਹੈ।

ਸਮਾਂ ਬੀਤਦਾ ਗਿਆ, ਹੁਸ਼ਿਆਰਪੁਰ-ਜਲੰਧਰ ਸ਼ਾਹਮਾਰਗ ਨੇ ਇਸ ਨੂੰ ਪਾਸੇ ਦੇ ਨਾਮਵਰ ਪਿੰਡਾਂ ਤੋਂ ਕਿਤੇ ਵੱਧ ਤਰੱਕੀ ਬਖਸ਼ੀ। ਸੁਤੰਤਰਤਾ ਸੰਗਰਾਮ ਸਮੇਂ ਇਥੇ ਮਹਾਤਮਾ ਗਾਂਧੀ, ਹਰਿਆਣਾ-ਹੁਸ਼ਿਆਰਪੁਰ ਨੂੰ ਜਾਂਦਾ ਹੋਇਆ ਰੁਕਿਆ। ਭਾਰੀ 'ਕੱਠ ਹੋਇਆ ਅਤੇ ਉਸੇ ਦਿਨ 8 ਮਾਰਚ 1921 ਨੂੰ ਉਹਨਾ 'ਸਵਦੇਸ਼ੀ ਅਪਣਾਓ' ਤਹਿਤ ਦੋਆਬੇ ਦੇ ਸਿਰਮੌਰ 'ਖੱਦਰ ਭੰਡਾਰ' ਦੀ ਵੀ ਨੀਂਹ ਰੱਖੀ। ਆਦਮਪੁਰ ਦੀ ਧਰੋਹਰ ਇਹ ਬੁਲੰਦ ਇਮਾਰਤ ਹਾਲੇ ਵੀ ਹਿੱਕ ਤਾਣੇ ਖੜ੍ਹੀ ਹੈ। ਦੇਸ਼ ਭਗਤਕ 'ਬੱਬਰ ਅਕਾਲੀ ਲਹਿਰ' ਸਮੇਂ ਮਈ 1931 'ਚ ਇਥੋਂ ਦੇ ਟੇਸ਼ਨ 'ਤੇ ਵਾਪਰੇ ਚਰਚਿਤ ਬੰਬ ਬਲਾਸਟ, ਜਿਸ ਵਿੱਚ ਕੋਟਲਾ ਨੌਧ ਸਿੰਘ ਦਾ ਜਥੇਦਾਰ ਚੰਨਣ ਸਿੰਘ ਸ਼ਹੀਦ ਹੋ ਗਿਆ ਸੀ, ਪਰ ਗੜ੍ਹਸ਼ੰਕਰ ਦਾ ਬੇਜੋੜ ਇਨਕਲਾਬੀ ਬਾਬਾ ਗੇਂਦਾ ਸਿੰਘ ਬਚ ਨਿਕਲਿਆ ਸੀ, ਨੇ ਇਸ ਨੂੰ ਇਨਕਲਾਬੀ ਦਿੱਖ ਪ੍ਰਦਾਨ ਕਰ ਦਿੱਤੀ। ਇਸ ਕਾਂਡ ਦਾ ਖੁਰਾ-ਖੋਜ ਨੱਪਣ ਗੋਰਾਸ਼ਾਹੀ ਗ਼ਦਰੀਆਂ ਦੇ ਪਿੰਡ ਕੋਟਲਾ ਨੌਧ ਸਿੰਘ ਵੀ ਸਰਗਰਮ ਰਹੀ, ਕਿਉਂਕਿ ਚੰਨਣ ਸਿੰਘ ਗ਼ਦਰੀ ਅਮਰ ਸਿੰਘ ਦਾ ਭਤੀਜਾ ਸੀ ਅਤੇ ਉਹ ਗ਼ਦਰੀ ਹਰਨਾਮ ਸਿੰਘ ਟੁੰਡੀਲਾਟ, ਬੀਬੀ ਗੁਲਾਬ ਕੌਰ ਅਤੇ ਸ਼ਿਵ ਸਿੰਘ ਤੋਂ ਬੜਾ ਪ੍ਰਭਾਵਤ ਸੀ। ਇਸ ਬਲਾਸਟ ਦੀਆਂ ਹੋਰ ਵੀ ਕਈ ਤੰਦਾਂ ਹਨ, ਕਿਤੇ ਫੇਰ ਸਹੀ।

ਸਵਦੇਸ਼ੀ ਅਤੇ ਨਾਮਿਲਵਰਤਨ ਲਹਿਰ ਅਤੇ ਇਸ ਕਾਂਡ ਨੇ ਆਦਮਪੁਰ ਨੂੰ ਢੇਰ ਪ੍ਰਸਿੱਧੀ ਦਵਾਈ। ਉਪਰੰਤ ਆਜ਼ਾਦੀ ਤੋਂ ਕਿਤੇ ਪਹਿਲਾਂ ਘੋਰ 'ਜਲ ਸੰਕਟ' ਸਮੇਂ ਜਦ ਖੂਹਾਂ ਦੇ ਪਾਣੀ ਤੱਕ ਸੁੱਕ ਗਏ ਸਨ, ਵੇਲੇ ਖੱਬੀਆਂ ਅਤੇ ਇਨਕਲਾਬੀ ਧਿਰਾਂ ਵੱਲੋਂ 'ਦੋਆਬੇ ਮੇਂ ਨਹਿਰ ਨਿਕਾਲੋ' ਮੋਰਚੇ 1938 ਉਪਰੰਤ ਆਜ਼ਾਦੀ ਬਾਅਦ 1952 'ਚ ਆਦਮਪੁਰ ਨਾਲ ਖਹਿ ਕੇ ਲੰਘੀ 'ਬਿਸਤ ਦੋਆਬ ਨਹਿਰ' ਦਾ ਨਾਂਅ ਹੀ 'ਆਦਮਪੁਰ ਵਾਲੀ ਨਹਿਰ' ਪ੍ਰਚਲਤ ਹੋ ਗਿਆ, ਭਾਵੇਂ ਕਿ ਰੋਪੜੋਂ ਚੱਲ ਕੇ ਕਰੀਬ ਭੋਗਪੁਰ ਦੀ ਜੂਹ ਤੱਕ ਇਹ ਨਹਿਰ ਕਈ ਹੋਰ ਨਾਮਣੇ ਵਾਲੀਆਂ ਵਸੇਵਾਂ ਕੋਲ ਦੀ ਜਾਂ ਵਿੱਚ ਦੀ ਲੰਘਦੀ ਹੈ। ਆਜ਼ਾਦੀ ਉਪਰੰਤ ਇਥੇ ਸਥਾਪਤ ਹੋਏ ਭਾਰਤ ਦੇ ਸਭ ਤੋਂ ਵੱਡੇ 'ਏਅਰ ਫੋਰਸ ਬੇਸ' ਨੇ ਤਾਂ ਇਸ ਖੇੜੇ ਦੀ ਕਲਗੀ ਹੋਰ ਉੱਚੀ ਕਰ ਦਿੱਤੀ। ਇਸੇ ਬੇਸ ਦੀ 'ਮੌਸਮ ਗੇਜ਼' ਨੂੰ ਆਧਾਰ ਬਣਾ ਸਭ ਤੋਂ ਘੱਟ ਡਿਗਰੀ ਤਾਪਮਾਨ ਤਹਿਤ ਮੌਸਮ ਵਿਭਾਗ ਵੱਲੋਂ ਜਦੋਂ ਦੱਸਿਆ ਜਾਂਦਾ ਹੈ, 'ਅੱਜ ਆਦਮਪੁਰ ਸਭ ਤੋਂ ਠੰਢਾ ਰਿਹਾ ਤਾਂ ਦੂਰ ਦੁਵੇਲ ਦੇ ਚੇਤਿਆਂ ਵਿੱਚ ਇਹ ਆਦਮਪੁਰ ਤੁਰੰਤ ਸਾਕਾਰ ਹੋ ਉਠਦਾ ਹੈ।

**ਸੰਪਰਕ** 94634-39075

# ਮਾਏ ! ਮੇਰਾ ਦਿਲ ਕੰਬਿਆ

ਸ਼ੀਸ਼ੇ ਦੇ ਫੁੱਲ ਦੇਖ ਨਾ ਭੌਰੇ-26

ਸੁਰਜੀਤ ਸੁਮਨ

ਖੰਘ, ਜ਼ੁਕਾਮ ਤੇ ਟਾਈਫਾਈਡ ਨਾਲ਼ ਪੀੜਤ ਪਿਆਰਾ ਸਿੰਘ ਕਿੰਨੇ ਦਿਨਾਂ ਤੋਂ ਮੰਜੇ ਨਾਲ਼ ਮੰਜਾ ਹੋਇਆ ਪਿਆ ਸੀ। ਓਹਦੇ ਬਿਨਾਂ ਮੈਨੂੰ ਵੀ ਸਵੇਰ ਦੀ ਸੈਰ ਦਾ ਸੁਆਦ ਨਹੀਂ ਆਉਂਦਾ। ਸੈਰ ਦੇ ਨਾਲ਼ ਨਾਲ਼ ਉਹ ਅਕਸਰ ਗਿਆਨ ਭਰਪੂਰ ਇਤਿਹਾਸ, ਮਿਥਿਹਾਸ, ਸਮਾਜ ਤੇ ਧਰਮ ਸ਼ਾਸਤਰ ਦੀਆਂ ਗੱਲਾਂ ਛੇੜ ਲੈਂਦਾ। ਮੈਨੂੰ ਹੁਣ ਉਹਦੀਆਂ ਗੱਲਾਂ ਵਿੱਚੋਂ ਰਸ ਆਉਣ ਲੱਗਾ ਹੈ। ਮੇਰੀ ਸੈਰ ਹੋਰ ਸੁਆਦਲੀ ਹੋ ਜਾਂਦੀ ਹੈ। ਥੋੜ੍ਹੇ ਕੀਤਿਆਂ ਮੈਂ ਉਸ ਦੀ ਕੋਈ ਗੱਲ ਨਹੀਂ ਕੱਟਦਾ, ਸਗੋਂ ਹੁੰਗਾਰਾ ਭਰਦਾ ਰਹਿੰਦਾ ਹੈ। ਇਨ੍ਹੀਂ-ਦਿਨੀਂ ਸੈਰ ਨਾ ਕਰਨ ਦਾ ਇੱਕ ਹੋਰ ਕਾਰਨ ਕਿ ਅੱਜ ਕੱਲ੍ਹ ਦੂਜੇ-ਚੌਥੇ ਮੀਂਹ ਦੀ ਆਮਦ ਹੋ ਜਾਂਦੀ ਐ। ਟੁੱਟੀਆਂ ਸੜਕਾਂ 'ਚ ਨੱਕੋ-ਨੱਕ ਪਾਣੀ ਤੇ ਹੁੰਮਸ ਭਰਿਆ ਮੌਸਮ। ਅੱਜ ਸਵੇਰੇ ਸਵੇਰੇ ਵੈੱਲ ਵੱਜੀ। ਦੇਖਿਆ ਤਾਂ ਬਾਹਰ ਪਿਆਰਾ ਸਿੰਘ ਖੜ੍ਹੇ ਸਨ। ਫਟਾਫਟ ਮੈਂ ਓਹਦੇ ਨਾਲ਼ ਹੋ ਤੁਰਿਆ। ਤੁਰਨ ਸਾਰ ਹੀ ਉਹ ਸ਼ੁਰੂ ਹੋ ਗਿਆ, 'ਕੈਨੇਡਾ ਰਹਿੰਦੇ ਮੇਰੇ ਪੁੱਤ-ਨੂੰਹ ਤਾਂ ਵਿਚਾਰੇ ਚੰਗੇ ਨੇ।ਤੇਰੇ ਬੇਟ ਵੱਲ ਬਜੀਦਪੁਰ ਵਿਆਹੀ ਹੋਈ ਮੇਰੀ ਧੀ ਵੀ ਸੁਖੀ ਆ। ਸਾਨੂੰ ਤਾਂ ਅਹਿ ਛੋਟੇ ਨੇ ਦੁਖੀ ਕੀਤਾ ਹੋਇਐ। ਓਹਦਾ ਉੱਠਣ-ਬੈਠਣ ਠੀਕ ਨਈਂ। ਓਹਦੇ ਨਾਲ਼ ਸਭ ਸਾਲ਼ੇ ਨਸ਼ਈ ਰਲ਼ੇ ਹੋਏ ਆ। ਮੇਰੀ ਨੂੰਹ ਅੱਡ ਦੁਖੀ, ਪੋਤਾ-ਪੋਤੀ ਅੱਡ। ਰਾਤ ਨੂੰ ਇਹ ਬਾਰਾਂ ਵਜੇ ਦਾਰੂ ਨਾਲ਼ ਰੱਜਿਆ ਘਰ ਵੜ੍ਹਦੈ, ਫਿਰ ਅਗਲੇ ਦਿਨ ਗਿਆਰਾਂ-ਬਾਰਾਂ ਵਜੇ ਫਿਰ ਚਿੱਟਾ ਕੁੜਤਾ-ਪਜਾਮਾ ਪਾ ਕੇ ਗੱਡੀ ਚੁੱਕਦੈ ਤੇ ਘਰੋਂ ਨਿਕਲ਼ ਜਾਂਦੈ। ਇਹਨੂੰ ਕੋਈ ਚੜ੍ਹੀ-ਲੱਥੀ ਦੀ ਨਈਂ। ਦੇਖ ਲੈ ਮੈਂ ਐਨੇ ਦਿਨ ਬਮਾਰ ਰਿਹਾਂ, ਬੱਸ ਇੱਕ ਵਾਰ ਗੱਲ ਕੀਤੀ, ਮੁੜ ਬਾਤ ਨੀਂ ਪੁੱਛੀ। ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ਼ ਪਤਾਸੇ ਪੀਵੇ। ਐਸੀ ਔਲਾਦ ਦਾ ਕੀ ਕਰਨੈ? ਊਂ ਮੇਰੇ ਪੋਤਾ-ਪੋਤੀ ਸਾਹੀਂ ਜਿਊਂਦੇ ਨੇ ਬਈ।'ਪੋਤਾ-ਪੋਤੀ ਦਾ ਨਾਂ ਜ਼ੁਬਾਨ 'ਤੇ ਆਉਂਦਿਆਂ ਹੀ ਓਹਦੇ ਚਿਹਰੇ 'ਤੇ ਹਲਕੀ ਜਿਹੀ ਮੁਸਕਾਨ ਫੈਲ ਗਈ। ਬਿਮਾਰੀ ਨਾਲ਼ ਭੰਨਿਆਂ ਓਹਦਾ ਚਿਹਰਾ ਖਿੜ ਗਿਆ। ਉਹ ਫਿਰ ਬੋਲਿਆ, 'ਸੋਚਦਾਂ ਬੇਟ ਆਲ਼ੀ ਜ਼ਮੀਨ ਦੀ ਵਸੀਅਤ ਇਨ੍ਹਾਂ ਦੇ ਨਾਂ ਸਾਂਝੇ ਤੌਰ 'ਤੇ ਈ ਕਰਾ ਦਿਆਂ। ਘਰਆਲ਼ੀ ਅਲੱਗ ਤੜਫਦੀ ਰਹਿੰਦੀ ਆ। ਅੱਜ ਸਵੇਰੇ ਸਵੇਰੇ ਮੈਂ ਡੱਬਆਲ਼ੀ ਵੱਲ ਦੀ ਇੱਕ ਰੌਂਗਟੇ ਖੜ੍ਹੇ ਕਰਨ ਵਾਲ਼ੀ ਖਬਰ ਪੜ੍ਹ ਕੇ ਸੁੰਨ ਜਿਹਾ ਹੋ ਗਿਆ। ਓਧਰ ਕਿਸੇ ਪਿੰਡ 'ਚ ਕਿਸੇ ਬੰਦੇ ਨੇ ਭਰਾ ਨਾਲ਼ ਰਲ਼ ਕੇ ਆਪਣੀ ਤੀਵੀਂ, ਕੁਹਾੜੀ ਨਾਲ਼ ਵੱਢ ਸੁੱਟੀ। ਦੋਵੇਂ ਭਰਾ ਸਾਲ਼ੇ ਨਸ਼ਈ। ਵੀਹ ਕਿੱਲੇ ਜ਼ਮੀਨ ਵਿੱਚੋਂ ਪਹਿਲਾਂ ਈ ਅੱਠ-ਦਸ ਕਿੱਲੇ ਵੇਚ ਸੁੱਟੇ। ਤੀਵੀਂ ਨੇ ਜਦੋਂ ਵਿਰੋਧ ਕੀਤਾ, ਇਨ੍ਹਾਂ ਇਹ ਕਾਰਾ ਕਰ 'ਤਾ। ਊਂ ਕਹਿੰਦੇ ਜਨਾਨੀ ਅਲੱਗ ਰਹਿੰਦੀ ਸੀ। ਬਹੁਤ ਮਾੜਾ ਸਮਾਂ ਆ ਗਿਆ ਬਈ।'ਗੱਲਾਂ ਕਰਦਾ ਕਰਦਾ ਉਹ ਚੁੱਪ ਹੋ ਗਿਆ। ਮੈਂ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਖਿਲਾਫ ਅੱਜ ਦੇ ਕਿਸਾਨਾਂ ਦੇ ਟਰੈਕਟਰ ਮਾਰਚ ਦੀ ਗੱਲ ਛੇੜੀ ਤਾਂ ਉਹ ਫਿਰ ਛਿੜ ਪਿਆ, 'ਆਹੋ! ਇਹ ਵੀ ਕੱਲ੍ਹ ਦਾ ਲੁਧਿਆਣੇ ਗਿਆ ਹੋਇਐ ਟਰੈਕਟਰ ਲੈ ਕੇ। ਊਂ ਗੱਲ ਤਾਂ ਠੀਕ ਆ ਤੇਰੀ। ਜਿਸ ਸ਼ਹਿਰ ਮਰਜ਼ੀ ਚਲੇ ਜਾਓ, ਜਿੱਧਰ ਦੇਖੋ ਫਲੈਟ ਈ ਫਲੈਟ, ਕਲੋਨੀਆਂ ਈ ਕਲੋਨੀਆਂ। ਬਹੁਤੇ ਫਲੈਟ ਖਾਲੀ, ਪਲਾਟ ਖਾਲੀ। ਜਿਹੜੇ ਬਣ ਗਏ, ਉਨ੍ਹਾਂ 'ਚ ਸਹੂਲਤ ਕੋਈ ਨਈਂ। ਟੁੱਟੀਆਂ ਸੜਕਾਂ। ਪ੍ਰਾਈਵੇਟ ਡਿਵੈਲਪਰਾਂ/ ਡੀਲਰਾਂ ਨੇ ਮਲ਼ਾਈ-ਮਲ਼ਾਈ ਛਕੀ ਫਿਰ ਅਹੁ ਗਏ-ਅਹੁ ਗਏ। ਐਹਦਾ ਸਨੀ ਐਨਕਲੇਵ ਦਾ ਥੋੜ੍ਹਾ ਰੌਲ਼ਾ। ਇੱਕ ਇੱਕ ਪਲਾਟ ਦੀਆਂ ਦੋ-ਦੋ, ਤਿੰਨ-ਤਿੰਨ ਥਾਈਂ ਰਜਿਸਟਰੀਆਂ ਕਰਵਾਈਆਂ ਹੋਈਆਂ। ਲੋਕੀਂ ਵਿਚਾਰੇ ਕੋਰਟਾਂ-ਕਚਹਿਰੀਆਂ ਦੇ ਧੱਕੇ ਖਾ ਰਹੇ ਆ। ਆਪ ਪਤੰਦਰ ਹੁਣ ਅੰਦਰ ਬੈਠੈ। ਯਾਰ ਐਨੀ ਭੁੱਖ, ਕੋਈ ਹੱਦ ਹੁੰਦੀ ਆ ਮੇਰੇ ਆਰ।'ਮੇਰੀਆਂ ਅੱਖਾਂ ਸਾਹਮਣੇ ਬਾਲੀ ਸਾਬ੍ਹ ਦਾ ਮਸੋਸਿਆ ਜਿਹਾ ਚਿਹਰਾ ਆ ਖੜ੍ਹਦਾ ਹੈ। ਉਦੋਂ ਬਾਲੀ ਸਾਬ੍ਹ ਦੇ ਚਿਹਰੇ 'ਤੇ ਉੱਡਦੀਆਂ ਹਵਾਈਆਂ ਦੇਖ, ਮੇਰਾ ਦਿਲ ਵੀ ਕੰਬ ਉੱਠਿਆ ਸੀ। ਉਹਦੀ ਗੱਲ ਪੂਰੀ ਹੋਈ ਤਾਂ ਮੈਂ ਉਸਨੂੰ ਬਾਲੀ ਸਾਬ੍ਹ ਦੀ ਹੱਡ-ਬੀਤੀ ਸੁਣਾਉਣ ਲੱਗ ਪਿਆ, 'ਮੇਰੇ ਇੱਕ ਜਾਣਕਾਰ ਬਾਲੀ ਸਾਬ੍ਹ ਨੇ ਵੀ ਸਨੀ ਐਨਕਲੇਵ ਵਿੱਚ ਕਈ ਸਾਲ ਪਹਿਲਾਂ ਪਲਾਟ ਲਿਆ ਸੀ। ਹੁਣ ਤੱਕ ਲੋਨ ਦੀਆਂ ਕਿਸ਼ਤਾਂ ਮੋੜਦਾ ਰਿਹਾ। ਸਾਰੀ ਉਮਰ ਉਸ ਰਾਜਧਾਨੀ ਦੇ ਉਨਤਾਲੀ ਸੈਕਟਰ ਵਾਲ਼ੇ ਮਕਾਨਾਂ ਵਿੱਚ ਗੁਜ਼ਾਰ ਦਿੱਤੀ। ਸੇਵਾ-ਮੁਕਤੀ ਨੇੜੇ ਵੇਖ ਉਸ ਸੋਚਿਆ ਚਲੋ ਹੁਣ ਮਕਾਨ ਬਣਾ ਲਿਆ ਜਾਵੇ। ਕੌਂਸਲ ਤੋਂ ਨਕਸ਼ਾ ਵੀ ਪਾਸ ਕਰਵਾ ਲਿਆ। ਨੀਂਹਾਂ ਭਰ ਲਈਆਂ। ਘਰ ਦੇ ਸਾਰੇ ਜੀਅ ਖੁਸ਼। ਅਗਲੇ ਦਿਨ ਭਰਤ ਪੈ ਰਿਹਾ ਸੀ, ਜਦੋਂ ਓਪਰੇ ਜਿਹੇ ਬੰਦਿਆਂ ਨਾਲ਼ ਭਰੀਆਂ ਦੋ ਤਿੰਨ ਗੱਡੀਆਂ ਬਾਲੀ ਸਾਬ੍ਹ ਦੇ ਪਲਾਟ ਕੋਲ਼ ਆ ਕੇ ਰੁਕੀਆਂ। ਰੌਲ਼ਾ ਪੈ ਗਿਆ। ਬਾਲੀ ਸਾਬ੍ਹ ਦਾ ਚਿਹਰਾ ਉੱਤਰ ਗਿਆ। ਓਹ ਕਹਿਣ ਬਈ ਇਹ ਪਲਾਟ ਤਾਂ ਸਾਡੈ। ਬਾਲੀ ਸਾਬ੍ਹ ਆਪਣੇ ਕਾਗਜ਼ ਚੁੱਕੀ ਫਿਰਨ।ਫਿਰ ਕੀ? ਅਗਲੇ ਹਫ਼ਤੇ ਉਹ ਸਟੇਅ ਲੈ ਆਏ। ਦਰਅਸਲ ਡਿਵੈਲਪਰ ਨੇ ਇਸੇ ਪਲਾਟ ਦੀ ਦੋ ਥਾਵਾਂ 'ਤੇ ਰਜਿਸਟਰੀ ਕਰਵਾਈ ਹੋਈ ਸੀ। 'ਸਟੇਅ' ਨੇ ਬਾਲੀ ਸਾਬ੍ਹ ਦੇ ਪਰਿਵਾਰ ਦਾ 'ਆਪਣੇ ਘਰ' ਦਾ ਸੁਫਨਾ ਚਕਨਾਚੂਰ ਕਰਕੇ ਰੱਖ ਦਿੱਤਾ। ਹੁਣ ਉਹ ਨੇੜੇ ਹੀ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਹੈ। ਕਈ ਵਾਰ ਕਿੰਨਾ ਕਿੰਨਾ ਚਿਰ ਇਸ ਪਲਾਟ ਕੋਲ਼ ਖੜ੍ਹਾ ਪਤਾ ਨਹੀਂ ਕੀ ਕੀ ਸੋਚਦਾ ਰਹਿੰਦਾ ਹੈ। ਆਲ਼ੇ-ਦੁਆਲ਼ੇ ਦੇ ਘਰਾਂ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ਼ ਦੇਖਦਾ। ਚੁੱਪ-ਚਾਪ ਜਿਹਾ ਮੁੜ ਜਾਂਦਾ ਹੈ। ਇਹ ਹਾਲ ਐ ਪ੍ਰਾਈਵੇਟ ਡਿਵੈਲਪਰਜ਼ ਦਾ। ਯਾਰ ਇਹ ਸਾਰੇ ਧਾੜਵੀ ਨੇ।ਮੁਗਲਾਂ ਤੇ ਅੰਗਰੇਜ਼ਾਂ ਵਾਂਗ ਜਨਤਾ ਨੂੰ ਦਿਨ-ਦਿਹਾੜੇ ਲੁੱਟ ਰਹੇ ਨੇ। ਸਰਕਾਰੇ-ਦਰਬਾਰੇ ਇਨ੍ਹਾਂ ਦੀ ਪੂਰੀ ਚੜ੍ਹਾਈ ਆ। ਇਨ੍ਹਾਂ ਨੂੰ ਪੁੱਛਣ ਵਾਲ਼ਾ ਕੋਈ ਨਹੀਂ।'ਹਫ਼ਿਆ ਜਿਹਾ ਪਿਆਰਾ ਸਿੰਘ ਬੈਂਚ 'ਤੇ ਬੈਠ ਗਿਆ ਤੇ ਮੈਂ ਵੀ। ਲੰਮੀ ਸੈਰ ਦੀ ਥਕਾਨ ਓਹਦੇ ਚਿਹਰੇ 'ਤੇ ਝਲਕ ਰਹੀ ਸੀ। ਟਾਈਫਾਈਡ ਦਾ ਭੰਨਿਆਂ ਹਾਲੇ ਉਹ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਸੀ ਹੋਇਆ। ਬੈਠਦਿਆਂ ਸਾਰ ਹੀ ਉਸਨੇ ਫਿਰ ਗੱਲ ਛੇੜ ਲਈ, 'ਮੇਰੇ ਆਰ ਮੈਂ ਕਈ ਦਿਨ ਚੰਗੀ ਤਰ੍ਹਾਂ ਸੌਂ ਨਈਂ ਸਕਿਆ। ਬੈੱਡ 'ਤੇ ਪਿਆ ਪਿਆ ਦਿਨ-ਰਾਤ ਫੋਨ 'ਤੇ ਲੱਗਿਆ ਰਹਿੰਦਾ। ਜੰਗ ਦੀਆਂ ਵੀਡੀਓਜ਼ ਦੇਖੀ ਗਿਆ। ਹੁਣ ਮੇਰੇ ਦਿਮਾਗ ਵਿੱਚ ਗਾਜ਼ਾ ਦੇ ਭੁੱਖਮਰੀ ਨਾਲ਼ ਜੂਝ ਰਹੇ ਲੋਕਾਂ ਦੀਆਂ ਤਸਵੀਰਾਂ ਘੁੰਮੀ ਜਾਂਦੀਆਂ ਹਨ।ਛੋਟੇ ਛੋਟੇ ਬੱਚਿਆਂ ਦੀਆਂ ਬਾਹਰ ਨਿੱਕਲ਼ੀਆਂ ਪੱਸਲ਼ੀਆਂ ਦਿਖਦੀਆਂ ਹਨ। ਗਾਜ਼ਾ, ਇਜ਼ਰਾਈਲ, ਫਲਸਤੀਨ, ਯੂਕਰੇਨ, ਰੂਸ ਇਹ ਸਾਰੇ ਨਾਂ ਮਨ-ਚਿੱਤ 'ਚ ਆਉਣ ਸਾਰ ਮੇਰਾ ਦਿਲ ਕੰਬ ਜਾਂਦਾ ਹੈ। ਬੰਬਾਰੀ, ਡਰੋਨ, ਮਿਜ਼ਾਈਲਾਂ, ਜਹਾਜ਼ਾਂ ਦੀ ਗੜਗੜਾਹਟ ਚੁਫੇਰੇ ਕੁਰਲਾਹਟ ਮਚਾ ਦਿੰਦੀ ਹੈ। ਘੁੱਗ ਵਸਦੀਆਂ ਉੱਚੀਆਂ ਇਮਾਰਤਾਂ ਵਿੱਚੋਂ ਕਾਲ਼ੇ ਧੂਏਂ ਦੇ ਬੱਦਲ਼ ਉੱਠਣ ਲੱਗਦੇ ਹਨ। ਯੂਟਿਊਬ ਫਰੋਲਦਿਆਂ ਗਾਜ਼ਾ ਦੇ ਲੋਕਾਂ ਦੀਆਂ ਜਿਹੜੀਆਂ ਤਸਵੀਰਾਂ ਉੱਭਰੀਆਂ, ਉਨ੍ਹਾਂ ਨੂੰ ਦੇਖ-ਸੁਣ ਦਿਲ ਨੂੰ ਡੋਬੂ ਪੈਣ ਲਗਦੇ ਹਨ। ਗਾਜ਼ਾ ਦੀ ਜਨਤਾ ਇਸ ਵੇਲ਼ੇ ਭੁੱਖਮਰੀ ਦਾ ਸ਼ਿਕਾਰ ਹੋਈ, ਦਾਣੇ-ਦਾਣੇ ਨੂੰ ਤਰਸ ਰਹੀ ਹੈ। ਕਿਸੇ ਇੱਕ ਘਰ ਦਾ ਵੱਡਾ-ਵਡੇਰਾ ਜੀਅ ਜੇਕਰ ਆਪਣੇ ਪਰਿਵਾਰ ਲਈ ਖਾਧ-ਖੁਰਾਕ ਦਾ ਬੰਦੋਬਸਤ ਕਰਨ ਜਾਂਦਾ ਹੈ ਤਾਂ ਉਸ ਨੂੰ ਅਗਲੇ ਪਲ ਦਾ ਪਤਾ ਨਹੀਂ ਹੁੰਦਾ ਕਿ ਉਸਨੂੰ ਕਦੋਂ, ਕਿੱਥੇ ਗੋਲ਼ੀ ਦਾ ਸ਼ਿਕਾਰ ਹੋਣਾ ਪੈ ਜਾਵੇ। ਕੀ ਪਤਾ ਪਰਿਵਾਰ ਦੀ ਖਾਧ-ਖੁਰਾਕ ਦਾ ਪ੍ਰਬੰਧ ਕਰਦਾ ਹਸਪਤਾਲ ਪਹੁੰਚ ਜਾਵੇ? ਜਾਂ ਬਚੇ ਹੀ ਨਾ।ਪਰ ਉਹ ਘਰ ਵਿੱਚ ਵਿਲਕਦੇ ਛੋਟੇ-ਛੋਟੇ ਬਾਲਾਂ, ਬੁੱਢਿਆਂ ਜਾਂ ਹੋਰ ਜੀਆਂ ਨੂੰ ਭੁੱਖ ਨਾਲ਼ ਮਰਦਿਆਂ ਵੀ ਤਾਂ ਨਹੀਂ ਦੇਖ ਸਕਦਾ? ਪਿੰਜਰ ਬਣੇ ਬੱਚਿਆਂ ਨੂੰ ਚੁੱਕੀ ਖੜ੍ਹੀਆਂ ਔਰਤਾਂ ਦੀਆਂ ਤਸਵੀਰਾਂ ਦਿਲ ਦਹਿਲਾ ਦੇਣ ਵਾਲ਼ੀਆਂ ਹਨ।ਬੱਚੇ, ਨੌਜਵਾਨ, ਬੁੱਢੇ, ਔਰਤਾਂ ਸਭ ਰਾਹਤ ਸਮੱਗਰੀ ਵੰਡ ਰਹੀਆਂ ਟੀਮਾਂ ਅੱਗੇ ਖਾਲੀ ਬਰਤਨ ਫੜੀ ਖੜ੍ਹੇ, ਤੜਫਦੇ ਬੇਵਸ ਦਿਖਾਈ ਦਿੰਦੇ ਹਨ। ਨਿੱਤ ਦੀ ਬੰਬਾਰੀ ਦੀ ਲਪੇਟ ਵਿੱਚ ਆਉਣ ਤੋਂ ਬਚੇ ਲੋਕ ਭੁੱਖ ਨਾਲ਼ ਮਰ ਰਹੇ ਹਨ।ਸੰਯੁਕਤ ਰਾਸ਼ਟਰ ਦੀ ਰਿਪੋਰਟ ਦੱਸਦੀ ਹੈ ਕਿ ਹਰ ਗਾਜ਼ਾ ਵਾਸੀ ਨੂੰ ਕਈ ਕਈ ਦਿਨ ਤੱਕ ਭੁੱਖਾ-ਪਿਆਸਾ ਰਹਿਣਾ ਪੈ ਰਿਹਾ ਹੈ।'ਇਹ ਸਭ ਸੁਣ ਮੇਰਾ ਦਿਲ ਕੰਬਣ ਲਗਦਾ ਹੈ। ਮੈਨੂੰ ਪਿਆਰਾ ਸਿੰਘ ਦੀਆਂ ਗੱਲਾਂ ਸੁਣਨੀਆਂ ਬੰਦ ਹੋ ਜਾਂਦੀਆਂ ਹਨ। ਮੇਰੀਆਂ ਅੱਖਾਂ ਅੱਗਿਉਂ ਭੁੱਖ ਨਾਲ਼ ਵਿਲਕਦੇ ਬੱਚੇ, ਬੁੱਢੇ, ਬੇਘਰ ਹੋਏ ਲੋਕਾਂ ਦੇ ਚਿਹਰੇ, ਬਾਲੀ ਸਾਬ੍ਹ ਦੇ ਚਿਹਰੇ ਨਾਲ਼ ਰਲ਼-ਗੱਡ ਜਿਹੇ ਹੋਏ, ਲੰਘਣ ਲਗਦੇ ਹਨ।ਮੇਰਾ ਦਿਲ ਕੰਬ ਉੱਠਦਾ ਹੈ।ਨਾਲ਼ ਹੀ ਮੇਰੇ ਕੰਨਾਂ ਵਿੱਚ ਮੇਰੇ ਗੀਤ ਦੇ ਬੋਲ ਗੂੰਜਣ ਲਗਦੇ ਹਨ, 'ਮਾਏ ! ਮੇਰਾ ਦਿਲ ਕੰਬਿਆ/ ਖ਼ੌਰੇ ਆਪਣੇ ਚੁਆਤੀਆਂ ਨਾ 'ਲਾਣ/ ਮਾਏ! ਮੇਰਾ ਦਿਲ ਕੰਬਿਆ।'

**ਸੰਪਰਕ** : 98144-30874

# 'ਭਗਵਾਨ' ਦੀ ਰੱਖਿਆ ਲਈ ਖੇਤੀ ਸਤਿਸੰਗ ਸਮੇਂ ਦੀ ਲੋੜ-ਅਵਤਾਰ ਸਿੰਘ

ਅਜੋਕੇ ਯੁੱਗ 'ਚ ਮਨੁੱਖੀ ਜੀਵਨ ਦੇ ਅਰਥ ਹੀ ਬਦਲਦੇ ਜਾ ਰਹੇ ਹਨ। ਸਧਾਰਨ ਮਨੁੱਖੀ ਜੀਵਨ ਜਟਿਲਤਾ ਭਰਪੂਰ ਹੁੰਦਾ ਜਾ ਰਿਹਾ ਹੈ। ਬਣਾਉਟੀ ਵਸਤਾਂ, ਤੇਜ਼ੀ ਨਾਲ ਵਧਦੀ ਤਕਨਾਲੋਜੀ, ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਮਨੁੱਖੀ ਸੋਚ ਨੂੰ ਚਾਰੇ ਪਾਸਿਓਂ ਘੇਰਾ ਪਾਇਆ ਹੋਇਆ ਹੈ। ਮਨੁੱਖੀ ਜੀਵਨ ਚੰਗੇ ਸੁਖਾਵੇਂ ਜੀਵਨ ਤੋਂ ਗੰਭੀਰ ਬਿਮਾਰੀਆਂ, ਭੈੜੀ ਸੋਚ ਕਾਰਨ ਨਰਕ ਜਿਹਾ ਹੋਇਆ ਜਾਪਦਾ ਹੈ, ਕਿਉਂਕਿ 'ਸ਼ੁੱਧ' ਸ਼ਬਦ ਉਸ ਦੇ ਜੀਵਨ 'ਚੋਂ ਗ਼ਾਇਬ ਹੋ ਰਿਹਾ ਹੈ।

ਸ਼ੁੱਧ ਹਵਾ, ਸ਼ੁੱਧ ਪਾਣੀ, ਸ਼ੁੱਧ ਭੋਜਨ ਜੋ ਮਨੁੱਖੀ ਜੀਵਨ ਦਾ ਆਧਾਰ ਹੈ, ਦੀ ਥਾਂ ਜ਼ਹਿਰਾਂ ਨੇ ਲੈ ਲਈ ਹੈ। ਪਾਣੀ ਗੰਧਲ਼ਾ, ਹਵਾ ਦੂਸ਼ਿਤ, ਭੋਜਨ ਮਿਲਾਵਟੀ ਮਿਲਣ ਕਾਰਨ ਮਨੁੱਖੀ ਸਰੀਰ ਜ਼ਰਜ਼ਰਾ ਹੋ ਰਿਹਾ ਹੈ ਅਤੇ 'ਜੈਸਾ ਅੰਨ ਤੈਸਾ ਮਨ' ਲੋਕ ਤੱਥ ਅਨੁਸਾਰ ਦੂਸ਼ਿਤ ਅਤੇ ਮਿਲਾਵਟੀ ਖ਼ੁਰਾਕ ਖਾਣ ਨਾਲ ਮਨੁੱਖ ਦੀ ਸੋਚ ਵੀ ਗੰਧਲ਼ੀ ਤੇ ਭੈੜੀ ਹੁੰਦੀ ਜਾ ਰਹੀ ਹੈ। ਖੇਤੀ ਜੋ ਖੁਰਾਕ ਦਾ ਆਧਾਰ ਹੈ, ਘਾਟੇ ਵਾਲ਼ੀ ਹੋ ਗਈ ਹੈ।ਰੁਜ਼ਗਾਰ ਮਿਲ ਨਹੀਂ ਰਿਹਾ। ਭੋਜਨ ਮਿਲਾਵਟੀ ਅਤੇ ਜ਼ਹਿਰਾਂ ਨਾਲ਼ ਭਰਿਆ ਪਿਆ ਹੈ।

ਇਸ ਸਭ ਨੂੰ ਵਾਚਦਿਆਂ ਨਿੱਗਰ ਸੋਚ ਰੱਖਣ ਵਾਲੇ ਕੁਝ ਸ਼ਖਸ ਖ਼ਾਸ ਤੌਰ 'ਤੇ ਉਪਜਾਊ ਧਰਤੀ ਪੰਜਾਬ ਦੇ ਬਸ਼ਿੰਦਿਆਂ ਨੂੰ ਇੱਕ ਨਵੀਂ ਸੇਧ ਦੇਣ ਲਈ ਇੱਕ ਸਿਧਾਂਤਕ ਸੋਚ ਲੈ ਕੇ ਸਿਰਫ਼ ਗੱਲੀਂਬਾਤੀਂ ਨਹੀਂ, ਸਗੋਂ ਅਮਲੀ ਤੌਰ 'ਤੇ ਕੁਝ ਨਵਾਂ-ਨਿਆਰਾ ਕਰਨ ਲਈ ਯਤਨਸ਼ੀਲ ਹਨ। ਉਹਨਾਂ ਵਿੱਚੋਂ ਫਗਵਾੜਾ ਸ਼ਹਿਰ ਦੇ ਲਾਗਲੇ ਖੇਤਰ 'ਚ ਜੈਵਿਕ ਖੇਤੀ ਨੂੰ ਨਵੇਂ ਢੰਗਾਂ ਨਾਲ ਉਤਸ਼ਾਹ ਤੇ ਹੁਲਾਰਾ ਦੇਣ ਲਈ 'ਸੰਪੂਰਨ ਖੇਤੀ, ਪੂਰਨ ਰੁਜ਼ਗਾਰ, ਪੌਸ਼ਟਿਕ ਆਹਾਰ, ਜ਼ਹਿਰ ਯੁਕਤ ਤੋਂ ਜ਼ਹਿਰ ਮੁਕਤ ਇੱਕ ਸਫਰ' ਦੀ ਪਵਿੱਤਰ ਤੇ ਲੋਕ ਹਿੱਤਕਾਰੀ ਸੋਚ ਲੈ ਕੇ ਕੰਮ ਕਰਨ ਵਾਲੇ ਖੇਤੀ ਮਾਹਰ ਅਵਤਾਰ ਸਿੰਘ ਜੋ 'ਭਗਵਾਨ' ਦੇ ਅਰਥ ਭਾਵ ਭ+ਗ+ਵ+ਆ+ਨ

ਭ - ਭੂਮੀ ਭਾਵ ਮਿੱਟੀ
ਗ - ਗਗਨ ਭਾਵ ਆਕਾਸ਼
ਵ - ਵਾਯੂ ਭਾਵ ਹਵਾ
ਆ - ਆਗ ਭਾਵ ਅਗਨੀ
ਨ - ਨੀਰ ਭਾਵ ਪਾਣੀ, ਕਰਦੇ ਹਨ,

ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ।ਮੁਲਾਕਾਤ ਦੀ ਪਹਿਲੀ ਲੜੀ 'ਚ ਰਸਾਇਣਕ ਖੇਤੀ ਅਤੇ ਜੈਵਿਕ ਖੇਤੀ ਸੰਬੰਧੀ ਚਰਚਾ ਪਾਠਕਾਂ ਦੇ ਰੂਬਰੂ ਹੈ-ਗੁਰਮੀਤ ਸਿੰਘ ਪਲਾਹੀ

**? ਪੰਜਾਬ ਵਿੱਚ ਖੇਤੀ ਨੂੰ ਅੱਜ ਕੱਲ ਘਾਟੇ ਦਾ ਸੌਦਾ ਮੰਨਿਆ ਜਾਂਦਾ ਹੈ, ਕੀ ਵਾਕਿਆ ਹੀ ਖੇਤੀ ਘਾਟੇ ਦਾ ਸੌਦਾ ਹੈ ਜੇ ਹੈ ਤਾਂ ਇਸ ਪਿੱਛੇ ਕਿਹੜੇ ਕਿਹੜੇ ਕਾਰਨ ਹਨ।**

-ਅੱਜ ਤੋਂ ਲੱਗਭੱਗ ਕੋਈ 60-65 ਸਾਲ ਪਹਿਲਾਂ ਦਾ ਸਮਾਂ ਸੀ, ਜਦੋਂ ਖੇਤੀ ਦੇ ਕੰਮ ਨੂੰ ਸਭ ਤੋਂ ਵਧੀਆ ਅਤੇ ਉੱਤਮ ਮੰਨਿਆ ਜਾਂਦਾ ਸੀ। ਦੂਜੇ ਨੰਬਰ 'ਤੇ ਵਪਾਰ ਨੂੰ ਮੰਨਿਆ ਜਾਂਦਾ ਸੀ ਅਤੇ ਸਰਕਾਰੀ ਨੌਕਰੀ ਨੂੰ ਸਭ ਤੋਂ ਹੇਠਾਂ ਭਾਵ ਤੀਜਾ ਸਥਾਨ ਦਿੱਤਾ ਜਾਂਦਾ ਸੀ। ਇਸੇ ਕਰਕੇ ਇਹ ਅਖਾਣ ਆਮ ਵਰਤਿਆ ਜਾਂਦਾ ਸੀ ਕਿ 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ ਭੀਖ ਗਵਾਰ।' ਭਾਵ ਖੇਤੀ ਕਿਸੇ ਸਮੇਂ ਉੱਤਮ ਅਤੇ ਲਾਹੇਵੰਦ ਧੰਦਾ ਸੀ। ਸੋ ਜੇਕਰ ਹੁਣ ਅਸੀਂ ਇਹ ਮੰਨ ਰਹੇ ਹਾਂ ਕਿ ਖੇਤੀ ਘਾਟੇ ਦਾ ਸੌਦਾ ਹੈ ਤਾਂ ਇਹ ਧਾਰਨਾ ਗ਼ਲਤ ਹੈ, ਜ਼ਰੂਰ ਕਿਤੇ ਨਾ ਕਿਤੇ ਅਸੀਂ ਗਲਤ ਹਾਂ ਅਤੇ ਸਾਨੂੰ ਉਹ ਗ਼ਲਤੀ ਲੱਭਣ ਦੀ ਜ਼ਰੂਰਤ ਹੈ। ਜਿਸ ਵਕਤ ਅਸੀਂ ਉਸ ਗ਼ਲਤੀ ਨੂੰ ਲੱਭ ਲਿਆ, ਉਸ ਵਕਤ ਸਾਡੀ ਖੇਤੀ ਬਹੁਤ ਲਾਹੇਵੰਦ ਧੰਦਾ ਤਾਂ ਸਾਬਤ ਹੋਵੇਗੀ ਹੀ, ਸਾਡੇ ਕੁਦਰਤੀ ਸਾਧਨਾਂ ਦਾ ਵੀ ਬਹੁਤ ਬਚਾਅ ਹੋਵੇਗਾ।

**? ਅੱਜਕੱਲ੍ਹ ਖੇਤੀ ਅਧਾਰਤ ਖਾਧ ਉਤਪਾਦਾਂ ਨੂੰ ਸਿਹਤ ਲਈ ਹਾਨੀਕਾਰਕ ਕਹਿ ਕੇ ਪ੍ਰਚਾਰਿਆ ਜਾ ਰਿਹਾ, ਇਸ ਗੱਲ 'ਚ ਕਿੰਨੀ ਕੁ ਸੱਚਾਈ ਹੈ।**

-ਜੀ, ਇਹ ਗੱਲ ਬਿਲਕੁਲ ਸੱਚ ਅਤੇ ਸਹੀ ਹੈ। ਇਹ ਸਹੀ ਹੈ ਕਿ ਇਸ ਵੇਲੇ ਸਾਨੂੰ ਖੁਰਾਕੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਬੇਸ਼ੱਕ ਸਾਡੇ ਕੋਲ ਖੁਰਾਕੀ ਪਦਾਰਥਾਂ ਦੇ ਅੰਬਾਰ ਲੱਗੇ ਪਏ ਹਨ, ਗੋਦਾਮ ਭਰੇ ਪਏ ਹਨ, ਪਰ ਤ੍ਰਾਸਦੀ ਇਹ ਹੈ ਕਿ ਇਹ ਸਾਰਾ ਖਾਣਾ, ਖਾਣਯੋਗ ਹੀ ਨਹੀਂ ਹੈ, ਕਿਉਂਕਿ ਸਾਰੇ ਦਾ ਸਾਰਾ ਖਾਣਾ ਜ਼ਹਿਰ ਯੁਕਤ ਹੈ। ਅਸੀਂ ਬਹੁਤ ਸਾਰੇ ਰਸਾਇਣਾਂ ਦੀ ਵਰਤੋਂ ਕਰਕੇ ਗ਼ੈਰ



ਕੁਦਰਤੀ ਢੰਗ ਵਰਤ ਕੇ ਖੁਰਾਕੀ ਵਸਤਾਂ ਪੈਦਾ ਕਰਦੇ ਹਾਂ, ਇਸ ਕਰਕੇ ਇਹ ਗੱਲ ਬਿਲਕੁਲ ਸੱਚ ਹੈ ਕਿ ਜਿੰਨਾ ਵੀ ਖਾਣਾ ਸਾਨੂੰ ਮਿਲ ਰਿਹਾ, ਉਹ ਸਾਰੇ ਦਾ ਸਾਰਾ ਖਾਣਯੋਗ ਨਹੀਂ ਹੈ ।ਸਿਹਤ ਲਈ ਹਾਨੀਕਾਰਕ ਹੁੰਦਾ ਹੈ।

**? ਹਰੀ ਕ੍ਰਾਂਤੀ ਨੇ ਪੰਜਾਬ ਦੀ ਧਰਤੀ ਨੂੰ ਅਣ-ਉਪਜਾਊ ਅਤੇ ਕੱਲਰ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਇਸ ਬਾਰੇ ਤੁਹਾਡੇ ਕੀ ਵਿਚਾਰ ਹਨ।**

-ਬਿਲਕੁਲ ਜੀ, ਅਸੀਂ ਇਹ ਕਹਿ ਸਕਦੇ ਹਾਂ ਕਿ ਹਰੀ ਕ੍ਰਾਂਤੀ ਜੀਵਨ ਨੂੰ ਖੋਰਾ ਲਾਇਆ ਹੈ। ਹਰੀ ਕ੍ਰਾਂਤੀ, ਗ੍ਰੀਨ ਰੇਵੋਲਿਊਸ਼ਨ ਅਸਲ ਵਿੱਚ 'ਗ਼ਰੀਡ ਰੇਵੋਲਿਊਸ਼ਨ' ਕਹਿਣਾ ਚਾਹੀਦਾ ਹੈ, ਇਸ ਦਾ ਮੁੱਖ ਉਦੇਸ਼ ਪ੍ਰਤੀ ਏਕੜ ਵੱਧ ਤੋਂ ਵੱਧ ਝਾੜ ਲੈਣ ਦਾ ਲਾਲਚ ਸੀ। ਅਸੀਂ ਵੱਧ ਤੋਂ ਵੱਧ ਉਪਜ ਲੈਣ ਦੇ ਰਾਹ ਤੁਰ ਪਏ।ਇਸ ਲਈ ਖੇਤੀਬਾੜੀ ਯੂਨੀਵਰਸਿਟੀਆਂ, ਖੇਤੀ ਅਦਾਰਿਆਂ ਅਤੇ ਖੇਤੀ ਦੇ ਤਕਨੀਕੀ ਮਾਹਰਾਂ ਵੱਲੋਂ ਰਸਾਇਣਕ ਖਾਦਾਂ, ਨਦੀਨ ਨਾਸ਼ਕਾਂ, ਕੀਟਨਾਸ਼ਕਾਂ ਜਾਂ ਹੋਰ ਦਵਾਈਆਂ ਵਗੈਰਾ ਦੀ ਵਰਤੋਂ ਕਰਨ ਦੇ ਘਾਤਕ ਤਰੀਕੇ ਸੁਝਾਏ ਗਏ ਅਤੇ ਅਸੀਂ 'ਈਕੋ ਸਿਸਟਮ' ਨੂੰ ਖ਼ਰਾਬ ਕਰ ਲਿਆ। ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫ਼ੀ ਹੇਠਾਂ ਚਲਾ ਗਿਆ ਅਤੇ ਪਾਣੀ ਪ੍ਰਦੂਸ਼ਿਤ ਹੋ ਗਿਆ। ਸਾਡੀ ਹਵਾ ਵੀ ਗੰਧਲ਼ੀ ਹੋ ਗਈ।ਇਸ ਕਾਰਨ ਸਾਡੀਆਂ ਉਪਜਾਂ ਵੀ ਦੂਸ਼ਿਤ ਹੋ ਕੇ ਜ਼ਹਿਰੀਲੀਆਂ ਹੋ ਗਈਆਂ, ਕਿਉਂਕਿ ਫ਼ਸਲ ਪੈਦਾ ਕਰਨ ਲਈ ਵਰਤੀਆਂ ਗਈਆਂ ਰਸਾਇਣਿਕ ਖਾਦਾਂ, ਰਸਾਇਣਿਕ ਦਵਾਈਆਂ, ਕੀਟਨਾਸ਼ਕ, ਨਦੀਨ ਨਾਸ਼ਕ ਰਸਾਇਣ ਸਾਡੀਆਂ ਉਪਜਾਂ ਵਿੱਚ ਵੀ ਆ ਜਾਂਦੇ ਹਨ। ਜ਼ਹਿਰ ਯੁਕਤ ਖਾਧ ਪਦਾਰਥਾਂ ਦੀ ਸਮੱਸਿਆ ਇਕੱਲੀ ਮਨੁੱਖ ਜਾਤੀ ਲਈ ਨਹੀਂ, ਸਗੋਂ ਜੀਵਨ ਦੀ ਹੋਂਦ ਲਈ ਇੱਕ ਕਿਸਮ ਦਾ ਗੰਭੀਰ ਖਤਰਾ ਬਣ ਕੇ ਸਾਹਮਣੇ ਆਈ ਹੈ। ਗ਼ੈਰ ਕੁਦਰਤੀ ਖੇਤੀ ਢੰਗਾਂ ਨੂੰ ਲਾਂਭੇ ਕਰਕੇ ਕੁਦਰਤੀ ਖੇਤੀ ਕਰਕੇ ਹੀ ਅਸੀਂ ਕੁਦਰਤੀ ਸਿਸਟਮ ਨੂੰ ਬਚਾਅ ਸਕਦੇ ਹਾਂ।ਇਸ ਤਰ੍ਹਾਂ ਅਸੀਂ ਆਪਣੇ-ਆਪ ਨੂੰ ਬਚਾ ਪਾਵਾਂਗੇ, ਸਾਡੇ ਕੁਦਰਤੀ ਸਾਧਨ ਵੀ ਬਚਣਗੇ, ਸਾਡੀ ਖੁਰਾਕ ਵੀ ਜ਼ਹਿਰ ਮੁਕਤ ਹੋਵੇਗੀ।ਸਾਡੀ ਸਿਹਤ ਵੀ ਠੀਕ ਰਹੇਗੀ ।

**? ਕੀ ਹਰੀ ਕ੍ਰਾਂਤੀ ਨੇ ਪੰਜਾਬ ਦੇ ਅਰਥਚਾਰੇ ਨੂੰ ਹੁਲਾਰਾ ਦਿੱਤਾ।**

-ਹਰੀ ਕ੍ਰਾਂਤੀ ਨੇ ਅਰੰਭਕ ਦੌਰ ਵਿੱਚ ਜ਼ਰੂਰ ਪੰਜਾਬ ਦੇ ਅਰਥਚਾਰੇ ਨੂੰ ਕੁਝ ਹੁਲਾਰਾ ਦਿੱਤਾ ਪ੍ਰੰਤੂ ਜਦੋਂ ਅਸੀਂ ਹਰੀ ਕ੍ਰਾਂਤੀ ਦੇ ਮਾੜੇ ਸਿੱਟਿਆਂ, ਦੁਰਪ੍ਰਭਾਵਾਂ ਦੀ ਗੱਲ ਕਰਦੇ ਹਾਂ ਤਾਂ ਉਹ ਮੁਕਾਬਲਤਨ ਬਹੁਤ ਹੀ ਜ਼ਿਆਦਾ ਹਨ। ਕਿਸਾਨ ਕਰਜ਼ੇ ਵਿੱਚ ਪੂਰੀ ਤਰ੍ਹਾਂ ਡੁੱਬ ਗਿਆ ਹੈ।ਅਸੀਂ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਦੇਖਦੇ ਹਾਂ, ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਇਹ ਵੀ ਇੱਕ ਸੱਚ ਹੈ ਕਿ ਹਰੀ ਕ੍ਰਾਂਤੀ ਲਈ ਜਿਸ ਕਿਸਾਨ ਨੇ ਜਿੰਨੇ ਜ਼ਿਆਦਾ ਆਧੁਨਿਕ ਸਾਧਨਾਂ-ਢੰਗਾਂ ਦੀ ਵਰਤੋਂ ਕੀਤੀ ਹੈ, ਉਹ ਓਨਾ ਜ਼ਿਆਦਾ ਕਰਜ਼ਦਾਰ ਹੋਇਆ ਹੈ। ਕਾਰਪੋਰੇਟ ਸਿਸਟਮ ਵੱਲੋਂ ਸਾਡੇ ਉੱਤੇ ਥੋਪੇ ਗਏ ਖੇਤੀ ਵਿਕਾਸ ਦੇ ਇਸ ਮਾਡਲ ਨੇ ਧਰਤੀ, ਕੁਦਰਤ ਅਤੇ ਜੀਵਨ ਨੂੰ ਖੋਰਾ ਹੀ ਲਾਇਆ। ਜੀਵਨ, ਜੀਵਨ ਪੱਧਰ ਅਤੇ ਕੁਦਰਤ ਉੱਤੇ ਕੋਈ ਵਧੀਆ ਪ੍ਰਭਾਵ ਨਹੀਂ ਪਾਇਆ।

**? ਸ. ਅਵਤਾਰ ਸਿੰਘ ਜੀ ਮੈਨੂੰ ਯਾਦ ਹੈ ਜਦੋਂ ਅਸੀਂ ਛੋਟੇ-ਛੋਟੇ ਹੁੰਦੇ ਸੀ, ਉਦੋਂ ਕਿਸਾਨਾਂ ਕੋਲ ਭਾਵੇਂ ਥੋੜ੍ਹੇ ਜਿਹੇ ਪੈਸੇ ਹੋਇਆ ਕਰਦੇ ਸੀ, ਪਰ ਉਹ ਬੜੇ ਖ਼ੁਸ਼ਹਾਲ ਅਤੇ ਖ਼ੁਸ਼-ਖ਼ੁਸ਼ ਰਹਿੰਦੇ ਸਨ, ਪਰ ਹੁਣ ਇੱਕ ਗੱਲ ਬਹੁਤ ਹੀ ਚਰਚਾ ਵਿੱਚ ਰਹਿੰਦੀ ਹੈ ਕਿ ਕਿਸਾਨ ਕਰਜ਼ਾਈ ਹੋ ਰਿਹਾ, ਬਹੁਤ ਸਾਰੇ ਕਿਸਾਨ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਗਏ ਹਨ। ਕੀ ਅਸਲ ਵਿੱਚ ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਦਾ ਕਿਸਾਨ ਖ਼ੁਸ਼ਹਾਲ ਹੋਇਆ ਜਾਂ ਇਹ ਇੱਕ ਭਰਮ ਜਾਲ ਹੀ ਹੈ।**

-ਇਸ ਨੂੰ ਅਸਲ ਵਿੱਚ ਇੱਕ ਭਰਮ ਜਾਲ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਹਰੀ ਕ੍ਰਾਂਤੀ ਦੌਰਾਨ ਖੇਤੀ ਦੇ ਖਰਚੇ ਬਹੁਤ ਜ਼ਿਆਦਾ ਵਧ ਗਏ।ਕਿਸਾਨ ਕਈ ਤਰ੍ਹਾਂ ਦੇ ਖਰਚਿਆਂ ਦੀਆਂ ਜ਼ੰਜੀਰਾਂ ਨਾਲ ਜਕੜਿਆ ਹੋਇਆ ਹੈ। ਕਿਸਾਨ ਖੇਤੀ ਲਈ ਉੱਤਮ ਬੀਜਾਂ, ਡੀਜ਼ਲ, ਰਸਾਇਣਾਂ, ਪੋਸ਼ਕ ਤੱਤਾਂ, ਰਸਾਇਣਿਕ ਖਾਦਾਂ, ਕੀੜੇਮਾਰ ਦਵਾਈਆਂ, ਨਦੀਨ ਨਾਸ਼ਕਾਂ ਤੋਂ ਇਲਾਵਾ ਕਈ ਤਰ੍ਹਾਂ ਦੀ ਮਹਿੰਗੀ ਮਸ਼ੀਨਰੀ ਜਿਵੇਂ ਟ੍ਰੈਕਟਰ, ਥਰੈਸ਼ਰ, ਕੰਬਾਈਨ ਆਦਿ ਦੀ ਵਰਤੋਂ ਕਰਦਾ ਹੈ। ਕਹਿਣ ਦਾ ਭਾਵ ਹੈ ਕਿ ਕਿਸਾਨ ਇਹਨਾਂ ਖਰਚਿਆਂ ਕਾਰਨ ਕਰਜ਼ੇ ਵਿੱਚ ਜਕੜਿਆ ਜਾ ਰਿਹਾ ਅਤੇ ਇਸ ਕਰਜ਼ੇ ਦੇ ਵਿੱਚ ਸਾਲ ਦਰ ਸਾਲ ਵਾਧਾ ਹੁੰਦਾ ਜਾ ਰਿਹਾ ਹੈ। ਇਸ ਤਰ੍ਹਾਂ ਕਿਸਾਨ ਮਜ਼ਬੂਤ ਨਹੀਂ, ਸਗੋਂ ਆਰਥਿਕ ਅਤੇ ਮਾਨਸਿਕ ਪੱਖੋਂ ਕਮਜ਼ੋਰ ਹੁੰਦਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਚਿੱਤਰਕਾਰੀ ਵਿਚ ਸੰਤਾਲੀ ਤੋਂ ਚੁਰਾਸੀ ਤੱਕ ਦਾ ਸੰਤਾਪ






**ਫੋਕਸ**

**ਚਰਚਾ ਇਕ ਪੁਸਤਕ ਦੀ**

**ਡਾ. ਪਰਮਜੀਤ ਢੀਂਗਰਾ**

### ਸੰਤਾਲੀ ਤੋਂ ਚੁਰਾਸੀ ਤੱਕ

**(ਚਿੱਤਰਕਾਰਾਂ ਦੀ ਨਜ਼ਰ ਵਿੱਚ)**
**ਜਗਤਾਰਜੀਤ ਸਿੰਘ**
**ਪੰਨੇ-118, ਮੁੱਲ-400 ਰੁਪਏ**
**ਭੁਜੰਗੀ ਪ੍ਰਕਾਸ਼ਨ, ਅੰਮ੍ਰਿਤਸਰ**

ਇਤਿਹਾਸਕ ਪੱਖੋਂ ਪੰਜਾਬ ਸਦਾ ਹੋਣੀ ਦਾ ਸੰਤਾਪ ਭੋਗਦਾ ਆਇਆ ਹੈ। ਸਿਕੰਦਰ ਦੇ ਹਮਲੇ ਤੋਂ ਲੈ ਕੇ ਅਬਦਾਲੀ ਤੇ ਨਾਦਰ ਸ਼ਾਹੀ ਲੁੱਟਾਂ ਤੱਕ ਪੰਜਾਬ ਜੰਗਾਂ-ਯੁੱਧਾਂ ਦਾ ਅਖਾੜਾ ਰਿਹਾ ਹੈ। ਅੰਗਰੇਜ਼ੀ ਰਾਜ ਨੇ ਇਸ ਲੁੱਟ ਵਿਚ ਹੋਰ ਵਾਧਾ ਕੀਤਾ ਤੇ ਭਾਰਤ ਛੱਡਦਿਆਂ ਪੰਜਾਬ ਦੇ ਦੋ ਟੋਟੇ ਕਰ ਦਿੱਤੇ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਜਦੋਂ ਦੋ ਮੁਲਕ ਹੋਂਦ ਵਿਚ ਆਉਂਦੇ ਹਨ ਤਾਂ ਉਨ੍ਹਾਂ ਦੀਆਂ ਸਰਹੱਦਾਂ ਦੀ ਨਿਸ਼ਾਨਦੇਹੀ ਕੁਦਰਤੀ ਰੋਕਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਂਦੀ ਹੈ, ਪਰ ਪੰਜਾਬ ਦੀ ਵੰਡ ਦਾ ਆਧਾਰ ਆਬਾਦੀ ਨੂੰ ਬਣਾਇਆ ਗਿਆ ਤੇ ਬਿਨਾਂ ਧਾਰਮਿਕ, ਸੱਭਿਆਚਾਰਕ ਤੇ ਭੂਗੋਲਿਕ ਇਕਾਈਆਂ ਨੂੰ ਧਿਆਨ ਵਿਚ ਰੱਖਿਆਂ ਨਕਸ਼ੇ 'ਤੇ ਲੀਕ ਵਾਹ ਦਿੱਤੀ ਗਈ। ਇਸ ਲੀਕ ਦੇ ਆਰ-ਪਾਰ ਹਿੰਸਾ ਦਾ ਜੋ ਤਾਂਡਵ ਹੋਇਆ, ਉਹਨੂੰ ਸ਼ਬਦਾਂ ਵਿਚ ਬਿਆਨ ਕਰਨਾ ਕਠਿਨ ਹੈ। ਇਸ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਦੁਫੇੜ ਕਰ ਦਿੱਤਾ ਜਿਸ ਦੀ ਪੂਰਤੀ ਰਹਿੰਦੀਆਂ ਸਦੀਆਂ ਤੱਕ ਵੀ ਹੋਣੀ ਅਸੰਭਵ ਹੈ। ਇਸ ਦੁਖਾਂਤ ਨੂੰ ਸਾਹਿਤ ਤੇ ਚਿੱਤਰਕਲਾ ਵਿਚ ਆਪਣੇ-ਆਪਣੇ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਏਸੇ ਤਰ੍ਹਾਂ ਚੁਰਾਸੀ ਦਾ ਸੰਤਾਪ ਵੀ ਨਾ ਭੁੱਲਣਯੋਗ ਇਤਿਹਾਸਕ ਵਰਤਾਰਾ ਹੈ। ਬਲਿਊ ਸਟਾਰ ਤੋਂ ਬਾਅਦ ਇੰਦਰਾ ਦੇ ਕਤਲ ਵੇਲੇ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਹੋਈ ਹਿੰਸਾ ਤੇ ਕਤਲੋਗਾਰਤ ਦੇ ਜ਼ਖਮ ਬੜੇ ਡੂੰਘੇ ਹਨ। ਇਸ ਸੰਤਾਪ ਨੇ ਵੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਲੀਰੋ-ਲੀਰ ਕਰ ਦਿੱਤਾ। ਇਸ ਵਰਤਾਰੇ ਨੂੰ ਵੀ ਲੇਖਕਾਂ, ਚਿੱਤਰਕਾਰਾਂ ਨੇ ਆਪਣੀ ਦ੍ਰਿਸ਼ਟੀ ਅਨੁਸਾਰ ਚਿਤਰਣ ਕਰਨ ਦਾ ਯਤਨ ਕੀਤਾ ਹੈ।

ਚਿੱਤਰਕਲਾ ਦੀ ਆਪਣੀ ਵਿਆਕਰਣ ਹੈ। ਇਸ ਰਾਹੀਂ ਹੀ ਅਸੀਂ ਰੰਗਾਂ ਦੇ ਭੇਦ, ਲੀਕਾਂ ਦਾ ਰਹੱਸ ਤੇ ਛੁਪੇ ਸੁਨੇਹੇ ਨੂੰ ਲੱਭ ਸਕਦੇ ਹਾਂ। ਇਸ ਦੀ ਪਛਾਣ ਸਧਾਰਨ ਅੱਖ ਨਹੀਂ ਕਰ ਸਕਦੀ। ਚਿੱਤਰਕਾਰ ਨੇ ਰੰਗਾਂ, ਲੀਕਾਂ, ਖਾਕਿਆਂ ਤੇ ਸ਼ੈਲੀ ਨਾਲ ਇਕ ਅਮੂਰਤ ਰਚਨਾ ਕਰਨੀ ਹੁੰਦੀ ਹੈ। ਉਸ ਨੂੰ ਸਮੂਰਤ ਕਰਨ ਲਈ ਉਹਦੇ ਕਲਾ ਪੱਖਾਂ, ਰੰਗਾਂ ਦੀ ਚਾਲ, ਖਾਕਿਆਂ ਦੇ ਮੋਟਿਫ਼ ਤੇ ਸ਼ੈਲੀ ਦੀਆਂ ਪਰਤਾਂ ਨੂੰ ਘੋਖਣਾ ਹੁੰਦਾ ਹੈ। ਕਲਾ ਦਾ ਪਾਰਖੂ ਹੀ ਇਸ ਦੀ ਥਾਹ ਪਾ ਸਕਦਾ ਹੈ। ਪੰਜਾਬੀ ਵਿਚ ਚਿੱਤਰਕਾਰੀ ਦੇ ਅਧਿਐਨ ਦੀ ਕੋਈ ਪਰੰਪਰਾ ਸਥਾਪਤ ਨਹੀਂ ਹੋ ਸਕੀ। ਹਾਲਾਂਕਿ ਇਸ ਨਾਲ ਸੰਬੰਧਤ ਅਧਿਆਪਨ ਜ਼ਰੂਰ ਹੁੰਦਾ ਆ ਰਿਹਾ ਹੈ। ਪੰਜਾਬ ਕੋਲ ਅੰਤਰਰਾਸ਼ਟਰੀ ਪੱਧਰ ਦੇ ਚਿੱਤਰਕਾਰ ਹਨ ਪਰ ਉਨ੍ਹਾਂ ਦੇ ਅਧਿਐਨ ਨਹੀਂ ਕੀਤੇ ਗਏ। ਇਸ ਪ੍ਰਤੀ ਪਤਾ ਨਹੀਂ ਕਿਉਂ ਉਦਾਸੀਨਤਾ ਨਜ਼ਰ ਆਉਂਦੀ ਹੈ। ਸਾਹਿਤ ਨਾਲ ਚਿੱਤਰਕਲਾ ਦੇ ਵਿਸ਼ਲੇਸ਼ਣ ਟਾਂਵੇਂ ਟੱਲੇ ਹੀ ਹੋਏ ਹਨ। ਇਸ ਪਾਸੇ ਲਗਾਤਾਰ ਸ਼ਲਾਘਾਯੋਗ ਕੰਮ ਉੱਘੇ ਕਵੀ ਤੇ ਚਿੱਤਰਕਲਾ ਦੇ ਪਾਰਖੂ ਜਗਤਾਰਜੀਤ ਸਿੰਘ ਨੇ ਹੀ ਕੀਤਾ ਹੈ।

ਹੱਥਲੀ ਕਿਤਾਬ ਵਿਚ ਉਨ੍ਹਾਂ ਨੇ ਬਾਰਾਂ ਪ੍ਰਸਿੱਧ ਚਿੱਤਰਕਾਰਾਂ ਦੇ ਉਨ੍ਹਾਂ ਚਿੱਤਰਾਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ, ਜਿਨ੍ਹਾਂ ਨੇ ਸੰਤਾਲੀ ਤੇ ਚੁਰਾਸੀ ਦੇ ਦੁਖਾਂਤ ਨੂੰ ਰੰਗਾਂ, ਲੀਕਾਂ, ਖਾਕਿਆਂ ਤੇ ਆਪਣੀ-ਆਪਣੀ ਸ਼ੈਲੀ ਵਿਚ ਚਿੱਤਰ ਕੇ ਇਸ ਦੁਖਾਂਤ ਦੀ ਪੀੜ ਨੂੰ ਸਜੀਵ ਕਰਨ ਦਾ ਉਪਰਾਲਾ ਕੀਤਾ ਹੈ। ਇਨ੍ਹਾਂ ਚਿੱਤਰਕਾਰਾਂ ਵਿਚ ਸੋਭਾ ਸਿੰਘ, ਐੱਸ ਐੱਲ ਪਰਾਸ਼ਰ, ਧੰਨਰਾਜ ਭਗਤ, ਅਮਰਨਾਥ ਸਹਿਗਲ, ਪ੍ਰਾਨ ਨਾਥ ਮਾਗੋ, ਕ੍ਰਿਸ਼ਨ ਖੰਨਾ, ਸਤੀਸ਼ ਗੁਜਰਾਲ, ਪ੍ਰੇਮ ਸਿੰਘ, ਵਿਵਾਨ ਸੁੰਦਰਮ, ਅਰਪਨਾ ਕੌਰ, ਸੁਰਜੀਤ ਅਕਰੇ ਤੇ ਸਿੰਘ ਟਵਿਨਜ਼ ਸ਼ਾਮਲ ਹਨ।

ਇਨ੍ਹਾਂ ਚਿੱਤਰਕਾਰਾਂ ਦੇ ਚਿੱਤਰਾਂ ਦੀ ਘੋਖ ਤੇ ਅਧਿਐਨ ਦੀ ਗੱਲ ਕਰਦਿਆਂ ਲੇਖਕ ਲਿਖਦਾ ਹੈ-

'ਵੰਡ ਨਾਲ ਸੰਬੰਧਤ ਚਿੱਤਰਾਂ ਨਾਲ ਮੇਰੀ ਜਾਣ-ਪਛਾਣ ਅੱਠ-ਦਸ ਸਾਲ ਪੁਰਾਣੀ ਹੈ। ਕੁਝ ਕਿਰਤਾਂ ਸਾਹਮਣੇ ਆਈਆਂ, ਫੇਰ ਜਲਦੀ ਹੀ ਵਿਸਰ ਗਈਆਂ। ਉਨ੍ਹਾਂ ਉਪਰ ਵਿਚਾਰ ਕਰਨ ਬਾਬਤ ਕਦੇ ਨਾ ਸੋਚਿਆ। ਇਸ ਦੇ ਮੁਕਾਬਲੇ ਚੁਰਾਸੀ ਦੀਆਂ ਘਟਨਾਵਾਂ ਨੂੰ ਲੈ ਕੇ ਕੁਝ ਚਿਤੇਰਿਆਂ ਵੱਲੋਂ ਕੀਤੇ ਕੰਮ ਨੂੰ ਚੰਗੀ ਤਰ੍ਹਾਂ ਵੇਖਿਆ-ਜਾਣਿਆ। ਇਸ ਲਗਾਅ ਨੇ ਮੈਨੂੰ ਸੰਤਾਲੀ ਦੀ ਵੰਡ ਨੂੰ ਬਿਆਨਦੇ ਕੰਮ ਵੱਲ ਮੋੜਿਆ। ਹੌਲੀ-ਹੌਲੀ ਚਿੱਤਰਕਾਰਾਂ ਤੇ ਉਨ੍ਹਾਂ ਦੀਆਂ ਰਚਨਾਵਾਂ ਦੀ ਭਾਲ ਸ਼ੁਰੂ ਹੋਈ। ਏਥੇ ਸੰਤਾਲੀ ਤੇ ਚੁਰਾਸੀ ਦਾ ਭੇਦ ਜਾਨਣਾ ਜ਼ਰੂਰੀ ਹੈ। ਸੰਤਾਲੀ ਸਮੇਂ ਹਿੰਸਾ ਦਾ ਸ਼ਿਕਾਰ ਹਿੰਦੂ, ਸਿੱਖ, ਮੁਸਲਿਮ ਹੋਏ ਸਨ। ਜੂਨ, ਨਵੰਬਰ ਚੁਰਾਸੀ ਸਮੇਂ ਸਿਰਫ ਸਿੱਖ ਨਿਸ਼ਾਨੇ ਉਪਰ ਰਹੇ। ਪਹਿਲੀ ਥਾਂਏ ਹਿੰਸਾ ਦਾ ਜੁਆਬ ਹਿੰਸਾ ਨਾਲ ਦਿੱਤਾ ਗਿਆ, ਦੂਜੀ ਥਾਂਏ ਹਿੰਸਾ ਇਕ ਪਾਸੜ ਤੇ ਅਮੇਲਵੀਂ ਸੀ।'

ਇਨ੍ਹਾਂ ਚਿੱਤਰਕਾਰਾਂ ਦੇ ਚਿੱਤਰਾਂ ਨੂੰ ਹੁਣ ਅਸੀਂ ਕ੍ਰਮਵਾਰ ਘੋਖਣ ਦਾ ਯਤਨ ਕਰਾਂਗੇ ਤਾਂ ਜੋ ਇਨ੍ਹਾਂ ਪ੍ਰਤੀ ਅਸੀਂ ਆਪਣੀ ਸਮਝ ਬਣਾ ਸਕੀਏ। ਸਭ ਤੋਂ ਪਹਿਲਾ ਚਿੱਤਰ ਸੋਭਾ ਸਿੰਘ ਦਾ 'ਦੁਖੀ ਜੀਵਨ' ਹੈ। ਸੋਭਾ ਸਿੰਘ ਪੰਜਾਬ ਦਾ ਉੱਘਾ ਚਿੱਤਰਕਾਰ ਹੈ। ਉਸ ਨੇ ਗੁਰੂ ਸਾਹਿਬਾਨ ਨੂੰ ਨਵੇਂ ਪਰਿਪੇਖ ਵਿਚ ਚਿਤਰਿਆ ਹੈ। 'ਦੁਖੀ ਜੀਵਨ' ਰਚਨਾ ਕਦੋਂ ਰਚੀ ਗਈ, ਇਹਦੇ ਬਾਰੇ ਕੁਝ ਪਤਾ ਨਹੀਂ ਲੱਗਦਾ। ਨਾ ਇਸ ਦੇ ਸਾਈਜ਼ ਬਾਰੇ ਪਤਾ ਲੱਗਿਆ ਹੈ। ਇਸ ਚਿੱਤਰ ਨੂੰ ਪਾਣੀ ਵਾਲੇ ਰੰਗਾਂ ਨਾਲ ਚਿਤਰਿਆ ਗਿਆ ਹੈ। ਇਹ ਚਿੱਤਰ ਮਾਨਵੀ ਪੀੜਾ ਨੂੰ ਜ਼ੁਬਾਨ ਦੇ ਰਿਹਾ ਹੈ। ਇਹ ਦੁੱਖਾਂ ਵਿਚ ਪਰੁਚੇ, ਸਤਾਏ, ਬੇਸਹਾਰਾ ਲੋਕਾਂ ਦੀ ਪੇਸ਼ਕਾਰੀ ਰਾਹੀਂ ਦਰਸ਼ਕਾਂ ਨੂੰ ਹਲੂਣਦਾ ਹੈ।

ਇਸ ਦੀ ਖਾਕਾ-ਨਿਗਾਰੀ ਕਰਦਿਆਂ ਲੇਖਕ ਲਿਖਦਾ ਹੈ- 'ਦ੍ਰਿਸ਼ ਅੱਗ ਲਾਉਣ ਵਾਲਿਆਂ ਨੂੰ ਆਪਣੇ ਫ੍ਰੇਮ ਅੰਦਰ ਨਹੀਂ ਆਉਣ ਦੇ ਰਿਹਾ। ਬੈਠੀ ਔਰਤ ਦੇ ਅੱਗੇ ਪਿੱਛੇ ਤਿੰਨ ਗਠੜੀਆਂ ਹਨ। ਗਠੜੀਆਂ ਵਿਚ ਕੀ ਹੈ, ਭੇਦ ਹੈ। ਰਸੇ-ਵਸੇ ਘਰੋਂ ਗਠੜੀਆਂ ਵਿਚ ਲਪੇਟਿਆ ਸਾਮਾਨ ਹੀ ਬਾਹਰ ਆ ਸਕਿਆ। ਸੁਰੱਖਿਅਤ ਕਹੇ ਜਾਂਦੇ ਘਰਾਂ ਨੇ ਆਪਣੇ ਮਾਲਕਾਂ ਨੂੰ ਬੇਘਰ ਕਰ ਦਿੱਤਾ। ਦਿਖ ਰਿਹਾ ਪਰਵਾਰ ਇਸ ਦੀ ਉਦਾਹਰਣ ਹੈ। ਉਦਾਹਰਣ ਉਸ ਵੇਲੇ ਦਾ ਹੀ ਨਹੀਂ, ਬਲਕਿ ਹਰ ਉਸ ਦੰਗੇ ਦੀ ਹੈ, ਜੋ ਉਸ ਸਮੇਂ ਤੋਂ ਬਾਅਦ ਵੀ ਹੁੰਦੇ ਆ ਰਹੇ ਹਨ।'

ਇਸ ਚਿੱਤਰ ਦੇ ਪਿਛੋਕੜ ਵਿਚ ਅੱਗ ਉਸ ਸਮੇਂ ਨੂੰ ਚਿਹਨਿਤ ਕਰ ਰਹੀ ਹੈ, ਜਿਹੜਾ ਚਿੱਤਰ ਵਿਚ ਫ੍ਰੀਜ਼ ਹੋ ਕੇ ਰਹਿ ਗਿਆ ਹੈ। ਬੁੱਢੀ ਮਾਈ ਦਾ ਦਰਦ ਤੇ ਖੜੀ ਕੁੜੀ ਦੀ ਨਿਗ੍ਹੀ ਕਾਇਆ ਤੇ ਬੱਚੇ ਦੇ ਚਿਹਰੇ ਦੇ ਭਾਵ ਸਭ ਮਿਲ ਕੇ ਉਸ ਦਰਦ ਨੂੰ ਹੋਰ ਗੂੜ੍ਹਾ ਕਰ ਦੇਂਦੇ ਹਨ। ਪਿਛੋਕੜ ਵਿਚ ਹਲਕਾ-ਹਲਕਾ ਹਿੰਸਾ ਦਾ ਅਭਾਸ ਹੋ ਰਿਹਾ ਹੈ। ਕੁਝ ਧੁੰਧਲੇ ਅਕਾਰ ਦੁੱਖ, ਪੀੜ ਵਿੱਚੋਂ ਰਾਹ ਬਣਾ ਰਹੇ ਨਜ਼ਰ ਆਉਂਦੇ ਹਨ। ਹਲਕੇ ਰੰਗਾਂ ਵਿਚ ਚਿੱਤਰ ਦਾ ਪ੍ਰਭਾਵ ਹੋਰ ਵਧ ਜਾਂਦਾ ਹੈ। ਸਮਾਂ ਜਿਵੇਂ ਰੁਕ ਗਿਆ ਹੈ ਤੇ ਦੁੱਖ, ਪੀੜ ਲਗਾਤਾਰ ਕਾਰਜਸ਼ੀਲ ਹਨ।

ਇਸ ਚਿੱਤਰ ਦੀ ਅੱਗੇ ਵਿਆਖਿਆ ਕਰਦਿਆਂ ਲੇਖਕ ਲਿਖਦਾ ਹੈ- 'ਕਈ ਦਿਨਾਂ ਦੀ ਮੁਸ਼ੱਕਤ, ਜਰਵਾਣਿਆਂ ਦੇ ਹਮਲੇ ਸਹਾਰਦਿਆਂ, ਕੁਦਰਤੀ ਆਫਤਾਂ ਨੂੰ ਝਲਦਿਆਂ, ਆਪਣੇ ਪਰਵਾਰਾਂ ਦੇ ਜੀਆਂ ਨੂੰ ਵਿੱਛੜਦਿਆਂ-ਮਰਦਿਆਂ ਦੇਖਣ ਤੋਂ ਬਾਅਦ ਖਿੱਚੀ ਗਈ ਲਕੀਰ ਇਨ੍ਹਾਂ ਨੇ ਹਾਲੇ ਪਾਰ ਨਹੀਂ ਕੀਤੀ। ਸਾਹ ਲੈਣ ਲਈ, ਰਾਤ ਕੱਟਣ ਲਈ ਕਾਫਲਿਆਂ ਨੂੰ ਰੁਕਣਾ ਪੈਂਦਾ ਸੀ। ਬੰਦਿਆਂ ਦੇ ਨਾਲ ਪਸ਼ੂ ਵੀ ਅਰਾਮ ਕਰਦੇ, ਕਿਉਂਕਿ ਕਾਫਲੇ ਵਿਚ ਸ਼ਾਮਲ ਲੋਕਾਂ ਦਾ ਸਾਮਾਨ ਗੱਡਿਆਂ ਉਪਰ ਲੱਦਿਆ ਹੁੰਦਾ। ਗੱਡਿਆਂ ਨੂੰ ਬੈਲ ਜਾਂ ਝੋਟੇ ਖਿੱਚਦੇ। ਏਥੇ ਦੋ ਸਿੱਖ ਗੱਡੇ ਨਾਲ ਦੋ ਬੈਲਾਂ ਨੂੰ ਜੋੜਨ ਦਾ ਆਹਰ ਕਰ ਰਹੇ ਹਨ। ਇਸ ਦੇ ਪਿੱਛੇ ਹੋਰ ਗੱਡੇ ਦਿਖਾਈ ਦੇਂਦੇ ਹਨ। ਇਨ੍ਹਾਂ ਦੇ ਆਸ-ਪਾਸ ਤੇ ਹੋਰ ਪਿਛਾਂਹ ਵੱਲ ਲੋਕਾਂ ਦੀਆਂ ਵਹੀਰਾਂ ਹਨ। ਸਭ ਆਪੋ-ਆਪਣੇ ਬਸੇਰੇ ਤਿਆਗ ਕੇ ਨਿਰੰਤਰ ਉਨ੍ਹਾਂ ਤੋਂ ਦੂਰ ਹੁੰਦੇ ਜਾ ਰਹੇ ਹਨ, ਮੁੜ ਕਦੇ ਵਾਪਸ ਨਾ ਆਉਣ ਲਈ।' ਇਸ ਤਰ੍ਹਾਂ ਇਹ ਚਿੱਤਰ ਇਤਿਹਾਸ ਦੇ ਉਸ ਸਮੇਂ ਨੂੰ ਫੜ ਰਿਹਾ ਹੈ, ਜੋ ਵੰਡ ਦੇ ਦੁਖਾਂਤ ਵਜੋਂ ਉਪਜਿਆ ਹੈ।

ਦੂਜਾ ਚਿੱਤਰ ਐੱਸ ਐੱਲ ਪਰਾਸ਼ਰ ਦਾ 'ਚੀਖ' ਹੈ। ਪਰਾਸ਼ਰ ਨੇ ਵੰਡ ਦਾ ਦਰਦ ਅੱਖੀਂ ਦੇਖਿਆ। ਉਹਨੂੰ ਏਧਰ ਆ ਕੇ ਅੰਬਾਲੇ ਲੱਗੇ ਰਫ਼ੂਜੀ ਕੈਂਪ ਵਿਚ ਸੁਪਰਵਾਈਜ਼ਰ ਲਾ ਦਿੱਤਾ ਗਿਆ। ਏਥੇ ਉਹਨੇ ਉਨ੍ਹਾਂ ਲੁੱਟੇ-ਪੁੱਟੇ ਲੋਕਾਂ ਦੀ ਹੋਣੀ ਦੇਖੀ, ਜਿਨ੍ਹਾਂ ਦੀ ਪੀੜਾ ਦਾ ਕਿਤੇ ਅੰਤ ਨਹੀਂ ਸੀ। ਇਸ ਚਿੱਤਰ ਦੀ ਵਿਆਖਿਆ ਕਰਦਾ ਲੇਖਕ ਲਿਖਦਾ ਹੈ-'ਜਿਸਮ ਨੰਗਾ ਹੈ, ਪਰ ਇਹਦੇ ਉਪਰ ਕਿਸੇ ਕਿਸਮ ਦੇ ਜ਼ਖਮਾਂ ਦੇ ਨਿਸ਼ਾਨ ਨਹੀਂ, ਭਾਵ ਅੱਖਾਂ ਨੂੰ ਦਿਖਾਈ ਦੇਣ ਵਾਲੇ। ਆਪੋ ਆਪਣੀਆਂ ਥਾਵਾਂ ਤੋਂ ਟੁੱਟ ਕੇ ਤੁਰੇ ਅਨੇਕ ਪਰਵਾਰਾਂ ਨੇ ਮਿਲ ਕੇ ਛੋਟੇ-ਵੱਡੇ ਕਾਫਲਿਆਂ ਦਾ ਰੂਪ ਲੈ ਲਿਆ, ਇਨ੍ਹਾਂ ਨੂੰ ਆਪਣੀ ਹਿਫਾਜ਼ਤ ਕਰਨ ਲਈ ਕਈ ਵਾਰ ਲੁਟੇਰਿਆਂ ਨਾਲ ਲੜਨਾ ਵੀ ਪਿਆ। ਅਜਿਹੇ ਸਮੇਂ ਬੇਘਰ ਲੋਕਾਂ ਨੇ ਜਾਨਾਂ ਵੀ ਗੁਆਈਆਂ, ਸੱਟਾਂ ਵੀ ਖਾਧੀਆਂ। ਰਾਹਾਂ ਉਪਰ ਤੁਰ ਰਹੇ ਹਰ ਸ਼ਖਸ ਨੇ ਪਲ-ਪਲ ਜੋ ਦੇਖਿਆ/ਜਰਿਆ, ਉਹ ਚਿੱਤ ਵਿਚ ਦਰਜ ਹੁੰਦਾ ਰਿਹਾ। ਸਿਮਰਤੀ ਵਿਚ ਦਰਜ ਅਕਸਾਂ ਨੂੰ ਅਸੀਂ ਜ਼ਖਮਾਂ ਦਾ ਨਾਂਅ ਦੇ ਸਕਦੇ ਹਾਂ। 'ਚੀਖ' ਦੇ ਪਾਤਰ ਕੋਲ ਇਨ੍ਹਾਂ ਸਾਂਭੇ ਹੋਏ ਜ਼ਖਮਾਂ ਦਾ ਸਰਮਾਇਆ ਹੈ। ਦਿਖਦੇ ਜ਼ਖਮਾਂ ਦੀ ਬਜਾਏ ਅਦਿਖਦੇ ਜ਼ਖਮਾਂ ਦੀ ਆਰਜਾ ਵਿਅਕਤੀ ਤੋਂ ਵੀ ਲੰਮੀ ਹੁੰਦੀ ਹੈ।'

ਇਸ ਤਰ੍ਹਾਂ ਇਸ ਚਿੱਤਰ ਵਿਚਲੀ ਚੀਖ ਸਦੀਵੀ ਹੈ। ਇਤਿਹਾਸ ਦੇ ਹਰ ਮੋੜ 'ਤੇ ਜਿੱਥੇ ਵੀ ਮਨੁੱਖ ਸੰਕਟ ਵਿਚ ਘਿਰ ਕੇ ਜ਼ੁਲਮ ਦਾ ਸ਼ਿਕਾਰ ਹੋਏਗਾ, ਉੱਥੇ ਇਹ ਚੀਖ ਗੂੰਜਦੀ ਪ੍ਰਤੀਤ ਹੋਵੇਗੀ। ਇਸ ਵਿਚਲੀਆਂ ਰੇਖਾਵਾਂ ਦੀ ਸਧਾਰਨਤਾ ਵਿਚ ਵੀ ਚਿੱਤਰਕਾਰ ਨੇ ਜ਼ਬਰਦਸਤ ਆਕਰਸ਼ਨ ਭਰ ਦਿੱਤਾ ਹੈ। ਏਸੇ ਕਰਕੇ ਇਹਦੀ ਗੂੰਜ ਸਦੀਵੀ ਹੈ।

ਧੰਨਰਾਜ ਭਗਤ ਉੱਘਾ ਚਿੱਤਰਕਾਰ ਹੈ। ਉਹ ਵੀ ਲਾਹੌਰ ਦਾ ਜੰਮਪਲ ਹੈ। ਉਹ ਆਪਣੇ ਕੰਮ ਲਈ ਲੱਕੜ, ਲੋਹਾ, ਧਾਤ ਦੀਆਂ ਚਾਦਰਾਂ, ਸੀਮੈਂਟ, ਕੰਕਰੀਟ ਵਰਤਦਾ ਹੈ। ਉਹ ਅਸਲ ਵਿਚ ਬੁੱਤਘਾੜਾ ਹੈ। ਹੱਥਲੀ ਕਿਤਾਬ ਵਿਚ 'ਡਿਸਪੇਅਰ' ਨਾਂਅ ਦੇ ਉਹਦੇ ਲੱਕੜ ਦੇ ਬੁੱਤ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਬਾਰੇ ਲੇਖਕ ਲਿਖਦਾ ਹੈ-'ਇਹ ਮੂਰਤੀ ਲੱਕੜ ਦੀ ਬਣੀ ਹੋਈ ਹੈ। ਨੈਣ-ਨਕਸ਼ ਤੋਂ ਗਿਆਤ ਹੁੰਦਾ ਹੈ ਬਣਿਆ ਚਿਹਰਾ ਇਸਤਰੀ ਦਾ ਹੈ। ਚਿਹਰਾ ਸੁੰਦਰ ਨਹੀਂ। ਕੋਈ ਸੁਖਾਵਾਂ ਹਾਵ-ਭਾਵ ਵੀ ਨਜ਼ਰੀਂ ਨਹੀਂ ਪੈਂਦਾ, ਤਾਂ ਵੀ ਮੂਰਤੀਕਾਰ ਨੇ ਇਹਨੂੰ ਘੜਿਆ ਤੇ ਉਹ ਵੀ ਪੂਰੀ ਨੀਝ ਨਾਲ। ਬੁੱਤਘਾੜੇ ਨੇ ਛੋਟੇ, ਗੋਲਾਈਦਾਰ ਟੁਕੜੇ ਨੂੰ ਛਿੱਲ-ਕੋਰ ਕੇ ਦਿਖਦਾ ਰੂਪ ਸਾਹਮਣੇ ਲਿਆਂਦਾ ਹੈ। ਔਰਤ ਨੇ ਸਿਰ ਉਪਰ ਚੁੰਨੀ, ਚਾਦਰ ਲਈ ਹੋਈ ਹੈ, ਕਿਉਂਕਿ ਪੁਰਾਣੇ ਸਮਿਆਂ ਵਿਚ ਨੰਗੇ ਸਿਰ ਰਹਿਣਾ, ਘੁੰਮਣਾ-ਫਿਰਨਾ ਚੰਗਾ ਨਹੀਂ ਸੀ ਸਮਝਿਆ ਜਾਂਦਾ। ਦੁੱਖ-ਸੁੱਖ ਵੇਲੇ ਇਸਤਰੀ-ਪੁਰਖਾਂ ਵੱਲੋਂ ਸਿਰ ਢਕ ਕੇ ਰੱਖਿਆ ਜਾਂਦਾ ਸੀ। ਉਹੀ ਮੋਟਿਫ਼ ਮੂਰਤੀ ਦਾ ਹਿੱਸਾ ਬਣਿਆ ਲੱਗਦਾ ਹੈ।'

ਇਸ ਮੂਰਤੀ ਨੂੰ ਜੇ ਗਹੁ ਨਾਲ ਦੇਖੀਏ ਤਾਂ ਇਸ ਦਾ ਨੱਕ ਤਿੱਖਾ, ਨਜ਼ਰ ਵਿਚ ਬੇਆਸ, ਬੁੱਲ੍ਹਾਂ 'ਤੇ ਪੀੜ ਤੇ ਅਕਾਰ ਵਿਚ ਸੰਤਾਪ ਨਜ਼ਰ ਆਉਂਦਾ ਹੈ। ਇਸ ਵਿਚਲਾ ਖੁਰਦਰਾਪਣ ਉਸ ਸਮੇਂ ਦਾ ਪ੍ਰਤੀਕ ਹੈ, ਜਦੋਂ ਦੁੱਖ, ਪੀੜ ਸਰਬ ਵਿਆਪਕ ਤੌਰ 'ਤੇ ਮਨੁੱਖੀ ਹੋਣੀ ਵਜੋਂ ਪਰਿਭਾਸ਼ਿਤ ਹੋ ਰਹੇ ਹਨ। ਕਿਸੇ ਪ੍ਰਕਾਰ ਦੀ ਕੋਮਲਤਾ ਜਾਂ ਸੁਹਜ ਦੀ ਗੁੰਜਾਇਸ਼ ਨਹੀਂ। ਇਸ ਸਮੇਂ ਨਾਲ ਸਿੱਧਾ ਟਕਰਾਅ ਹੈ ਤੇ ਇਸ ਟਕਰਾਅ ਵਿੱਚੋਂ ਮੂਰਤੀ ਦੇ ਨਕਸ਼ ਉੱਘੜਦੇ ਹਨ।

ਇਸ ਤੋਂ ਬਾਅਦ ਪ੍ਰਾਨ ਨਾਥ ਮਾਗੋ ਦੇ ਚਿੱਤਰ 'ਮੋਰਨਰਸ' ਨੂੰ ਵਿਚਾਰਿਆ ਜਾ ਸਕਦਾ ਹੈ। ਮਾਗੋ ਗੁਜਰਖਾਨ ਦਾ ਜੰਮਪਲ ਹੈ ਤੇ ਮੇਓ ਸਕੂਲ ਆਫ ਆਰਟਸ ਦਾ ਵਿਦਿਆਰਥੀ ਰਿਹਾ ਹੈ। ਉਹਦੇ ਇਸ ਚਿੱਤਰ ਵਿਚ ਕੁਲ ਨੌਂ ਔਰਤਾਂ ਨਜ਼ਰ ਆ ਰਹੀਆਂ ਹਨ, ਜਿਹੜੀਆਂ ਸਮਤਲ ਜ਼ਮੀਨ ਉਪਰ ਬੈਠੀਆਂ ਹਨ। ਕਿਸੇ ਵੀ ਔਰਤ ਦਾ ਚਿਹਰਾ ਨੰਗਾ ਨਹੀਂ। ਕੇਂਦਰ ਵਿਚ ਬੈਠੀ ਔਰਤ ਇਕੱਲੀ ਹੈ। ਉਹਦੇ ਸਿਰ ਉਪਰ ਸਫੈਦ ਦੁਪੱਟਾ ਹੈ। ਬਾਕੀ ਔਰਤਾਂ ਦੋ-ਦੋ ਦੇ ਜੁੱਟ ਵਿਚ ਬੈਠੀਆਂ ਹਨ। ਹਰ ਜੁੱਟ ਦੀ ਔਰਤ ਨੇ ਦੂਜੀ ਦੇ ਗਲ ਬਾਹਵਾਂ ਵਲੀਆਂ ਹੋਈਆਂ ਹਨ ਤੇ ਸਿਰਾਂ ਨਾਲ ਸਿਰ ਜੋੜੇ ਹੋਏ ਹਨ। ਇਹ ਔਰਤਾਂ ਆਪਣਿਆਂ ਨੂੰ ਇਸ ਖੂਨ-ਖਰਾਬੇ ਦੀ ਰੁੱਤ ਵਿਚ ਗੁਆ ਚੁੱਕੀਆਂ ਹਨ। ਇਨ੍ਹਾਂ ਦੀ ਸਥਿਤੀ ਦੱਸ ਰਹੀ ਹੈ ਕਿ ਉਹ ਵਿੱਛੜ ਗਿਆਂ ਦੀ ਯਾਦ ਵਿਚ ਵੈਣ ਪਾ ਰਹੀਆਂ ਹਨ, ਇਕ-ਦੂਜੀ ਦੇ ਗਲ ਲੱਗ ਕੇ ਦੁੱਖ ਨੂੰ ਹੌਲਾ ਕਰ ਰਹੀਆਂ ਹਨ। ਬਿਲਕੁਲ ਸਾਹਮਣੇ ਇਕੱਲੀ ਬੈਠੀ ਔਰਤ ਦਾ ਦੁਖਾਂਤ ਸਿਖਰ 'ਤੇ ਹੈ। ਉਹਦੇ ਹਾਵ-ਭਾਵ ਦੁੱਖ ਤੇ ਉਦਾਸੀ ਵਿਚ ਘਿਰੇ ਹੋਏ ਹਨ। ਰੰਗ ਭਾਵੇਂ ਸ਼ੋਖ ਹਨ, ਪਰ ਇਹ ਪੀੜ ਨੂੰ ਪੇਤਲਾ ਨਹੀਂ ਪੈਣ ਦੇਂਦੇ ਸਗੋਂ ਜ਼ਿੰਦਗੀ ਦੀ ਚਲਾਏਮਾਨਤਾ ਨੂੰ ਵੀ ਪਰਿਭਾਸ਼ਿਤ ਕਰਦੇ ਹਨ। ਤ੍ਰਾਸਦੀ ਵਿਚੋਂ ਵੀ ਜ਼ਿੰਦਗੀ ਨੇ ਜੀਣ ਦਾ ਰਾਹ ਲੱਭਣਾ ਹੈ।

ਸਤੀਸ਼ ਗੁਜਰਾਲ ਦਾ ਚਿੱਤਰ 'ਡਿਸਪੇਅਰ' ਵੀ ਤ੍ਰਾਸਦੀ ਦੇ ਭਾਵਾਂ ਦੀ ਤਰਜਮਾਨੀ ਕਰਦਾ ਹੈ। ਸਤੀਸ਼ ਜੇਹਲਮ ਦਾ ਜੰਮਪਲ ਹੈ ਤੇ ਡਰਾਇੰਗ, ਕੋਲਾਜ, ਪੇਂਟਿੰਗ, ਮਿਊਰਲ, ਬੁੱਤ-ਤਰਾਸ਼ੀ, ਇਮਾਰਤ ਉਸਾਰੀ ਜਿਹੇ ਖੇਤਰਾਂ ਵਿਚ ਉਹਨੇ ਆਪਣਾ ਕਮਾਲ ਦਿਖਾਇਆ ਹੈ। 'ਡਿਸਪੇਅਰ' ਦੀ ਵਿਆਖਿਆ ਕਰਦਿਆਂ ਲੇਖਕ ਲਿਖਦਾ ਹੈ-'ਇਸ ਪੇਂਟਿੰਗ ਵਿਚ ਤਿੰਨ ਮਾਨਵੀ ਅਕਾਰ ਹਨ। ਇਹ ਸਪੱਸ਼ਟ, ਘੱਟ ਸਪੱਸ਼ਟ, ਛੇਕੜ ਪੂਰੀ ਤਰ੍ਹਾਂ ਅਸਪੱਸ਼ਟ ਹਨ। ਤਿੰਨੋਂ ਜੀਅ ● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਆਵਾਸ, ਪਰਵਾਸ ਅਤੇ ਇਤਿਹਾਸ ਦਾ ਨਾਟ-ਅਹਿਸਾਸ

**ਸਾਹਿਤ ਚਿੰਤਨ**

**ਡਾ. ਚੰਦਰ ਪ੍ਰਕਾਸ਼**

### ਜੰਨਤ

(ਨਾਟਕ)
**ਪਰਮਿੰਦਰ ਕੌਰ ਸਵੈਚ**
**ਸਫ਼ੇ 112, ਕੀਮਤ-200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਸਮਕਾਲੀ ਪੰਜਾਬੀ ਨਾਟ-ਸਿਰਜਣਾ 'ਚ ਬਹੁਭਾਂਤੀ ਵਿਸ਼ੇ ਪੇਸ਼ ਹੋ ਰਹੇ ਹਨ।ਇਸ ਵਿਸ਼ੇਸ਼ਗਤਾ ਦਾ ਕਾਰਨ ਵਿਧਾਗਤ ਖ਼ੂਬੀ ਨਾਲ ਵੀ ਜੁੜਿਆ ਹੋਇਆ ਹੈ, ਕਿਉਂਕਿ ਲਿਖ਼ਤ ਦੀ ਮੰਚ ਪ੍ਰਸਤੁਤੀ ਨਾਲ ਇਸ ਦਾ ਘੇਰਾ ਵਸੀਹ ਹੋ ਨਿਬੜਦਾ ਹੈ।ਪਾਠਕ, ਦਰਸ਼ਕ ਵਿਚ ਤਬਦੀਲ ਹੁੰਦਾ ਹੈ ਤਾਂ ਨਾਟਕਕਾਰ ਨੂੰ ਵੀ ਨਿਰਦੇਸ਼ਕ, ਅਦਾਕਾਰ ਅਤੇ ਹੋਰ ਰੰਗਕਰਮੀ ਅਮਲੇ ਨਾਲ ਤਾਲਮੇਲ ਬਿਠਾਉਣਾ ਪੈਂਦਾ ਹੈ। ਇਉਂ ਨਿਰਦੇਸ਼ਕੀ ਹੁਨਰ, ਪਾਠ ਨੂੰ ਨਿਰਧਾਰਤ ਕਰਨ ਵਿਚ ਵੱਡਾ ਯੋਗਦਾਨ ਪਾਉਂਦਾ ਹੈ। ਪਿਛਲੇ ਕੁਝ ਅਰਸੇ ਤੋਂ ਪੰਜਾਬੀ ਨਾਟਕ 'ਲਿਖਤ' ਨਾਲੋਂ 'ਮੰਚ' 'ਤੇ ਵੱਧ ਵਡਿਆਇਆ ਗਿਆ ਹੈ। ਪੰਜਾਬ ਦੀ ਭੋਇੰ ਤੋਂ ਵਿਦੇਸ਼ੀ ਧਰਤੀ ਤੱਕ 'ਮੰਚ-ਪਛਾਣ' ਬਣੀ ਹੈ।ਇਸ ਮੰਚ-ਪਛਾਣ 'ਚੋਂ ਉਦੈ ਹੋਈਆਂ ਲਿਖਤਾਂ ਦਾ ਪ੍ਰਕਾਸ਼ਨ ਰੂਪ ਸਾਹਮਣੇ ਆਉਣਾ ਸ਼ੁੱਭ ਨਾਟ-ਕਾਰਜ ਵੀ ਹੈ ਅਤੇ ਲਾਜ਼ਮੀ ਵੀ। ਪਰਮਿੰਦਰ ਕੌਰ ਸਵੈਚ ਨੇ 'ਜੰਨਤ' ਸਿਰਲੇਖ ਹੇਠ 'ਜੰਨਤ' ਅਤੇ 'ਲਾਸ਼ ਦਾ ਮੁੱਲ' ਦੋ ਨਾਟ-ਕਿਰਤਾਂ ਨੂੰ ਸਾਂਭਣ ਦਾ ਅਜਿਹਾ ਯਤਨ ਕੀਤਾ ਹੈ।

'ਜੰਨਤ' ਨਾਟਕ ਸਮਾਜੀ ਰਿਸ਼ਤਿਆਂ ਨੂੰ ਸੰਬੋਧਤ ਹੁੰਦਾ ਹੋਇਆ 'ਆਵਾਸ-ਪਰਵਾਸ' ਦੀ ਜਟਿਲਤਾ ਨੂੰ ਸਮਝਦਾ-ਸਮਝਾਉਂਦਾ ਹੈ। ਬੇਗਾਨੀ ਧਰਤੀ ਨੂੰ ਆਪਣਾ ਬਣਾਉਣ ਦੀ ਲਾਲਸਾ ਰੱਖਣ ਵਾਲੇ ਭੁੱਲ ਬੈਠਦੇ ਹਨ ਕਿ ਦੂਰੋਂ 'ਜੰਨਤ' ਵਾਂਗ ਜਾਪਣ ਵਾਲੀ ਦ੍ਰਿਸ਼ਕਾਰੀ, ਅੰਦਰੂਨੀ ਤੌਰ-ਤਰੀਕਿਆਂ 'ਚ ਭਿੰਨ ਹੈ। ਪੰਜਾਬ ਦੀ ਜਵਾਨੀ ਇਸ ਭਿੰਨਤਾ ਦੇ ਅਹਿਸਾਸ ਨੂੰ ਹਕੀਕੀ ਹੰਢਾਉਂਦੀ ਹੈ ਤਾਂ ਤਾਣਾ-ਬਾਣਾ ਹੋਰ ਉਲਝਦਾ ਹੈ।ਤਾਣੇ-ਬਾਣੇ ਨੂੰ ਉਲਝਾਉਣ ਵਿਚ ਵਿਅਕਤੀਗਤ ਰੁਚੀਆਂ, ਮਾਪਿਆਂ ਦਾ ਧੀ-ਪੁੱਤ ਪ੍ਰਤੀ ਵੱਖ-ਵੱਖ ਦ੍ਰਿਸ਼ਟੀਕੋਣ, ਪ੍ਰਸ਼ਾਸਨਿਕ ਵਿਵਸਥਾਵਾਂ, ਰਾਜਸੀ ਗਤੀਵਿਧੀਆਂ ਦੀ ਨਾਕਾਰਾਤਮਕ ਭੂਮਿਕਾ ਆਦਿ ਵੀ ਜ਼ਿੰਮੇਵਾਰ ਕਾਰਕ ਸਿੱਧ ਹੁੰਦੇ ਹਨ।ਨਾਟਕ ਦੀ ਪਾਤਰ ਮਹਿਕ ਨੂੰ ਉਸ ਦੇ ਪਿਤਾ ਦਾ ਦੋਸਤ ਵਿਦੇਸ਼ ਭੇਜਣ ਲਈ ਇਹੋ ਜਿਹੇ ਬੋਲਾਂ ਨਾਲ ਪ੍ਰੇਰਦਾ ਹੈ : 'ਤੁਹਾਡੀ ਬੇਟੀ ਤਾਂ ਬਹੁਤ ਹੁਸ਼ਿਆਰ ਆ, ਇਹਨੂੰ ਆਈਲੈਟਸ ਕਰਾ ਕੇ ਕੈਨੇਡਾ ਭੇਜੋ, ਥੋਡੀ ਜ਼ਿੰਦਗੀ ਸੁਧਰ ਜੂ, ਤੁਸੀਂ ਮੌਕਾ ਕਿਉਂ ਗੁਆਉਂਦੇ ਓ। (ਸਫ਼ਾ/60) ਸਾਵੇ ਸੱਤ ਬੈਂਡ ਲੈਣ ਵਾਲੀ ਮਹਿਕ, ਸੰਘਰਸ਼ ਭਰੀ ਜੀਵਨ-ਸ਼ੈਲੀ ਦਾ ਰਾਹ ਚੁਣਨ ਲਈ ਮਜਬੂਰ ਹੁੰਦੀ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਅਣਚਾਹੇ ਵਿਆਹ ਵਿਚ ਪਤੀ ਰੂਪੀ ਸਵੀਕਾਰੇ ਮਨੀ ਦਾ ਸਾਰਾ ਧਿਆਨ 'ਮਨੀ' ਵਿਚ ਲੱਗਿਆ ਹੋਇਆ ਹੈ। ਉਸ ਨੂੰ ਵਿਦੇਸ਼ ਜਾਣ ਦੀ ਕਾਹਲ ਹੈ; ਮਹਿਕ ਵੱਲੋਂ ਜਲਦੀ ਕਾਗਜ਼ ਭੇਜੇ ਜਾਣ ਦੀ ਇੱਛਾ ਹੈ; ਅਤੇ ਸੁਭਾਅ ਵੀ ਸ਼ੱਕੀ ਹੈ।ਉਹ ਫੋਨ 'ਤੇ ਅਭੱਦਰ ਸ਼ਬਦਾਵਲੀ ਦਾ ਇਸਤੇਮਾਲ ਕਰਦੇ ਹੋਏ ਵਾਰ-ਵਾਰ ਤੰਗ ਕਰਦਾ ਹੈ।ਮਹਿਕ ਦੇ ਮਾਪਿਆਂ ਨੂੰ ਆਤਮ ਹੱਤਿਆ ਕਰਨ ਦੀਆਂ ਧਮਕੀਆਂ ਦਿੰਦਾ ਹੈ।ਪੱਚੀ ਲੱਖ ਦੀ ਫ਼ਿਕਰਮੰਦੀ ਵਿਚ ਨਜ਼ਦੀਕੀਆਂ ਦੀਆਂ ਟਿੱਚਰਾਂ ਨੂੰ ਸਹਿਣ ਕਰਨਾ ਉਸ ਲਈ ਔਖਾ ਹੈ। ਦੂਜੇ ਬੰਨੇ ਮਹਿਕ ਕੈਨੇਡੀਅਨ ਮਾਹੌਲ ਨੂੰ ਨੇੜਿਉਂ ਜਾਣਦੀ ਹੋਈ ਆਪਣੀ ਸਹੇਲੀਨੁਮਾ ਰਮਨ ਨੂੰ ਦੱਸਦੀ ਹੈ: 'ਸਾਨੂੰ ਤਾਂ ਐਥੇ ਈ ਬਥੇਰੀਆਂ ਪ੍ਰੋਬਲਮਾਂ ਦਾ ਸਾਹਮਣਾ ਕਰਨਾ ਪੈਂਦੈ। ਐਥੇ ਈ ਬੁੱਢੇ ਠੇਠਰ ਧੌਲ਼ੇ ਝਾਟੇ ਵਾਲੇ ਪੰਜਾਹ ਡਾਲਰ ਦੀ ਗਰੋਸਰੀ ਦੇ ਕੇ ਕੁੜੀਆਂ ਨੂੰ ਮੁੱਲ ਲਈਆਂ ਸਮਝਦੇ ਨੇ। ਕੰਮਾਂ 'ਤੇ ਬੌਸ ਮਜਬੂਰੀਆਂ ਦਾ ਫ਼ਾਇਦਾ ਲੈਂਦੇ ਨੇ। ਕਿੱਧਰ ਜਾਈਏ, ਕੀ ਕਰੀਏ?' (ਸਫ਼ਾ/60)




ਗੈਰੀ, ਸੱਤੀ, ਰਮਨ, ਮਹਿਕ ਵਰਗੇ ਕੌਮਾਂਤਰੀ ਵਿਦਿਆਰਥੀ ਦੇ ਤਨ, ਮਨ, ਧਨ ਲੁਟੀਂਦੇ ਨੇ। ਬੇਸਮੈਂਟਾਂ 'ਚ ਜ਼ਿੰਦਗੀ ਗੁਜ਼ਾਰਦੀ ਨਵੀਂ ਪੀੜ੍ਹੀ ਕਿਰਾਏ ਖੁਣੋਂ ਆਪਣਿਆਂ ਹੱਥੋਂ ਜ਼ਲੀਲ ਹੁੰਦੀ ਹੈ ਤਾਂ 'ਜੰਨਤ' ਦਾ ਸਾਰਾ ਭਰਮ ਜਾਲ ਟੁੱਟ ਜਾਂਦਾ ਹੈ।ਸੱਤੀ ਨੂੰ ਤਾਂ ਉਸ ਦਾ ਚਾਚਾ ਵੀ ਸਹਾਇਤਾ ਦੇਣ ਤੋਂ ਕਿਨਾਰਾ ਕਰ ਲੈਂਦਾ ਹੈ।ਉਹ ਆਪਣੇ ਸਾਥੀ ਗੈਰੀ ਅੱਗੇ ਚਾਚੇ ਦਾ ਪਰਵਾਰਕ ਚਿੱਠਾ ਫ਼ਰੋਲਦਾ ਕਹਿੰਦਾ ਹੈ: 'ਪਲੰਮਿੰਗ ਦੀ ਕੰਪਨੀ ਐ ਉਹਨਾਂ ਦੀ, ਮੈਂ ਇੱਥੇ ਤਾਂ ਚਾਚੇ ਦੇ ਕਦੇ ਸਾਫ਼ ਕੱਪੜੇ ਪਾਏ ਨਹੀਂ ਦੇਖੇ, ਉਹੀ ਲਿੱਬੜੇ-ਤਿੱਬੜੇ, ਦਸ ਵਜੇ ਤੋਂ ਪਹਿਲਾਂ ਕਦੇ ਘਰ ਨਹੀਂ ਪਹੁੰਚਿਆ। ਐਥੇ ਘਰਦਿਆਂ ਨਾਲ ਲੜੀ ਜਾਊ, ਤੁਸੀਂ ਖ਼ਰਚਾ ਵਾਧੂ ਕਰਦੇ ਓ, ਬੇਸਮੈਂਟ ਵਾਲਿਆਂ ਨਾਲ ਤੁਸੀਂ ਲਾਈਟਾਂ ਜਗਾਈ ਰੱਖਦੇ ਓ-ਕਦੇ ਕਹੂ ਲਾਂਡਰੀ ਹਫ਼ਤੇ ਵਿਚ ਇਕੋ ਵਾਰੀ ਵਰਤ ਸਕਦੇ ਓ, ਉੱਥੇ ਪਤਾ ਨਹੀਂ ਕਿਉਂ, ਜਾ ਕੇ ਫੜ੍ਹਾਂ ਮਾਰੀ ਜਾਂਦੇ ਸੀ, ਸਾਡੇ ਵਰਗਿਆਂ ਨੂੰ ਪੱਟਣ ਲਈ।' (ਸਫ਼ੇ/33-34) ਪੀੜ੍ਹੀ-ਪਾੜਾ ਵੀ ਸਮੱਸਿਆ ਦੀ ਜੜ੍ਹ ਵਿਚ ਵਾਧਾ ਕਰਦਾ ਹੈ।ਸਮੱਸਿਆਕਾਰੀ ਦੀ ਇਸ ਕੜੀ ਵਿਚ ਭੂਆ-ਭਤੀਜਿਆਂ ਦੀ ਆਮਦ, ਰੱਖ-ਰਖਾਵ, ਵਿਆਹ-ਪ੍ਰਬੰਧ ਆਦਿ ਦੇ ਹੋਰ ਵੀ ਕਈ ਕੋਣ ਬਣ ਜਾਂਦੇ ਨੇ।ਨਾਟਕ ਵਿਚ ਬਜ਼ੁਰਗ ਦਲੀਪ ਸਿੰਘ ਦੀ ਨੂੰਹ ਹਰਪਾਲ ਕੌਰ ਬੀਤੇ ਨੂੰ ਯਾਦ ਕਰਦੀ ਸਵੀਕਾਰਦੀ ਹੈ ਕਿ ਅਠਾਰਾਂ ਵਰ੍ਹਿਆਂ ਦੀ ਵਿਆਹੀ ਜਾਣ ਦੇ ਪੰਜ ਵਰ੍ਹੇ ਮਗਰੋਂ ਪਤੀ-ਮੌਤ ਬਾਅਦ ਦੂਜਾ ਵਿਆਹ ਵਿਜ਼ਟਰ ਨਾਲ ਕਰਵਾਇਆ ਸੀ। ਉਹ ਭਾਰਤ ਤੋਂ ਗਈ ਨਵ-ਮੁਟਿਆਰ ਰਮਨ ਨਾਲ ਗੱਲਾਂ ਕਰ ਮਨ ਹੌਲਾ ਕਰਦੀ ਹੈ। ਨਵਿਆਂ ਅਤੇ ਪੁਰਾਣਿਆਂ ਦੀ ਵਿਚਾਰਧਾਰਕ ਵਿਰੋਧਤਾ 'ਚੋਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ 'ਵਿਆਹ' ਨਾਲੋਂ 'ਵਿਆਹ ਬਾਹਰੇ ਸੰਬੰਧ' ਦਰੁਸਤ ਹਨ। ਇਉਂ ਪੰਜਾਬੀ ਮਾਨਸਿਕਤਾ ਵਿਚ ਮੁਹੱਬਤ-ਚਾਹਤ ਕਰ ਆਪਸੀ ਦੁਸ਼ਮਣੀਆਂ ਪਾਲਣੀਆਂ, ਜਾਤ-ਪਾਤ ਦੇ ਵਖਰੇਵੇਂ ਆਦਿ ਘੁੰਮਣਘੇਰੀਆਂ ਵੀ ਨਾਲ-ਨਾਲ ਚੱਲਦੀਆਂ ਹਨ।

ਵਿਦਿਆਰਥੀਆਂ ਦਾ ਕੰਮ ਅਤੇ ਵਿੱਦਿਅਕ ਅਦਾਰਿਆਂ ਦੀ ਅਸਾਈਨਮੈਂਟਾਂ ਦੇ ਬੋਝ ਥੱਲੇ ਦੱਬਣਾ; ਕਰਜ਼ਈ ਕਿਸਾਨੀ ਦੀਆਂ ਕਿਸ਼ਤਾਂ, ਭਾਰਤੀ-ਵਿਦੇਸ਼ੀ ਨੀਤੀਆਂ ਦੇ ਘਟਦੇ-ਵਧਦੇ ਕ੍ਰਮ ਵਿਚ ਹੁੰਦੀ ਖੱਜਲ-ਖੁਆਰੀ, ਏਜੰਟਾਂ ਦੀਆਂ ਮਨਮਾਨੀਆਂ 'ਚੋਂ ਪੈਦਾ ਹੋਏ ਪੁੱਠੇ ਰਾਹ, ਨਸਲਕੁਸ਼ੀ ਦਾ ਸ਼ਿਕਾਰ ਹੋਣਾ ਆਦਿ ਘਟਨਾਵਾਂ ਦੇ ਵੇਰਵੇ ਵੀ ਹਿੰਸਾ ਬਣਦੇ ਹਨ।ਸੱਤੀ ਦੀ ਮੌਤ ਦਾ ਹਵਾਲਾ ਇਹੋ ਦੱਸਦਾ ਹੈ।

ਪੰਜਾਬ ਦੇ ਨਿੱਤ ਦਿਹਾੜੀ ਬਦਲਦੇ ਹਾਲਾਤ ਵਿਚ ਅਸੁਰੱਖਿਆ ਦੀ ਭਾਵਨਾ ਵਧਦੀ ਜਾ ਰਹੀ ਹੈ। ਨਸ਼ੇ, ਰੁਜ਼ਗਾਰ ਦੀ ਘਾਟ, ਗੈਂਗਸਟਰ ਰੁਝਾਨ, ਪ੍ਰਦੂਸ਼ਿਤ ਵਾਤਾਵਰਣ ਵਿਚ ਸੰਵੇਦਨਸ਼ੀਲ ਬੰਦੇ ਮੁੱਲਹੀਣ ਹੋ ਰਹੇ ਹਨ। ਇਕੱਲਤਾ, ਬੇਗਾਨਗੀ, ਉਦਾਸੀ ਨੇ ਤਣਾਅ ਦੀ ਗਤੀ ਤੇਜ਼ ਕਰ ਦਿੱਤੀ ਹੈ।ਇਸ ਤਣਾਅ ਦਾ ਪ੍ਰਭਾਵ ਬਾਪੂ ਅਤੇ ਗੈਰੀ ਉੱਤੇ ਸਹਿਜੇ ਵੇਖਿਆ ਜਾ ਸਕਦਾ ਹੈ।'ਭੱਜਗੀ—ਫੜਿਓ—ਫੜਿਓ' ਬੋਲ ਘਣਾ ਕੁਝ ਕਹਿ ਜਾਂਦੇ ਨੇ।ਨਾਟਕੀ ਕਲਾ-ਪੱਖ ਤੋਂ ਇਹ ਨੁਕਤਾ ਵਿਚਾਰਨ ਵਾਲਾ ਹੈ ਕਿ ਬਾਪੂ ਤੋਂ ਗੈਰੀ ਤੱਕ ਦੇ ਸਫ਼ਰ ਵਿਚ ਮੁਸ਼ਕਲਾਂ ਜਾਰੀ ਹਨ। ਦੋਨਾਂ ਦਾ ਪਾਗਲਪਨ ਦੀ ਅਵਸਥਾ ਤੱਕ ਪਹੁੰਚਣਾ ਅਸਹਿ ਹੈ।

ਨਾਟਕ ਦਾ ਕੇਂਦਰੀ ਸਥਾਨ ਅਵਤਾਰ-ਹਰਪਾਲ ਕੌਰ ਦਾ ਘਰ, ਬੇਸਮੈਂਟ ਹੈ। ਜਿੱਥੇ ਬਾਪੂ ਅਤੇ ਵਿਦਿਆਰਥੀਆਂ ਦਾ ਵਸੇਬਾ ਹੈ। ਨੌਂ ਦ੍ਰਿਸ਼ਾਂ ਵਾਲੇ ਇਸ ਨਾਟਕ ਵਿਚ ਗੀਤ-ਸੰਗੀਤ ਧੁਨੀਆ ਮੰਚ-ਮਾਹੌਲ ਸਿਰਜਦੀਆਂ ਹਨ।

ਇਸ ਨਾਟ-ਪਾਠ ਦਾ ਅਧਿਐਨ ਕਰਦਿਆਂ ਆਤਮਜੀਤ ਦਾ ਨਾਟਕ 'ਕੈਮਲੂਪਸ ਦੀਆਂ ਮੱਛੀਆਂ' ਚੇਤੇ ਆਉਂਦਾ ਹੈ, ਜਿੱਥੇ ਬੇਸਮੈਂਟ ਵਿਚ ਤੜਪਦਾ ਭਾਈਆ ਜੰਮਣ ਭੋਇੰ 'ਚ ਮਰਨਾ ਚਾਹੁੰਦਾ ਹੈ।ਪੁੱਤ-ਨੂੰਹ, ਅੱਗੋਂ ਉਨ੍ਹਾਂ ਦੀ ਔਲਾਦ ਦਾ ਦ੍ਰਿਸ਼ਟੀਕੋਣ ਚਰਚਾ ਦਾ ਵਿਸ਼ਾ ਬਣਦਾ ਹੈ।ਇਹ ਪੰਜਾਬੀ ਦਾ ਪਹਿਲਾ ਅਜਿਹਾ ਨਾਟਕ ਹੈ, ਜੋ ਚਾਰ ਪੀੜ੍ਹੀਆਂ ਰਾਹੀਂ ਸੰਵਾਦਕ-ਸੰਬੰਧ ਸਿਰਜਣ ਦਾ ਨਿਉਤਾ ਦਿੰਦਾ ਹੈ।ਹੋਰ ਨਾਟ-ਕਿਰਤਾਂ ਨੂੰ ਵੀ ਸੂਚੀ ਦਾ ਅੰਗ ਬਣਾਇਆ ਜਾ ਸਕਦਾ ਹੈ।'ਜੰਨਤ' ਵੀ ਇਸ ਸ਼੍ਰੇਣੀ ਦਾ ਮਹੱਤਵਪੂਰਨ ਨਾਟਕ ਹੈ।

ਦੂਜਾ ਨਾਟਕ 'ਲਾਸ਼ ਦਾ ਮੁੱਲ' ਇਤਿਹਾਸ ਦੇ ਪੰਨੇ ਫਰੋਲਦਾ ਹੈ।1919 ਵਿਚ ਜਲ੍ਹਿਆਂਵਾਲਾ ਬਾਗ਼ ਵਿਖੇ ਵਾਪਰੇ ਕਤਲੇਆਮ ਨੂੰ ਆਜ਼ਾਦੀ ਸੰਗਰਾਮ ਨਾਲ ਜੋੜਦਾ ਹੋਇਆ ਔਰਤ ਮਨੋਬਿਰਤੀ ਅਤੇ ਅਸਲ ਨਾਇਕਾਂ ਦੀ ਪਛਾਣ ਨੂੰ ਤਸਦੀਕ ਕਰਦਾ ਹੈ।

ਨਿਹਾਲੋ, ਰਤਨੋ, ਅਤਰੋ ਦੇ ਸੰਵਾਦ ਵੇਲੇ ਦੇ ਗਵਾਹ ਬਣਦੇ ਹਨ। ਉਦਾਹਰਣ ਵਜੋਂ ਰਤਨੋਦੇ ਬੋਲਾਂ ਵਿੱਚੋਂ ਦਰਦਮਈ ਹੂਕ ਨੂੰ ਵੇਖਿਆ-ਸੁਣਿਆ ਜਾ ਸਕਦਾ ਹੈ: 'ਹਾਂ ਜਦੋਂ ਮੈਂ ਤੀਜਾ ਘਰ ਖੜਕਾਇਆ ਤਾਂ ਉਨ੍ਹਾਂ ਨੇ ਵੀ ਬੇਵੱਸੀ ਜ਼ਾਹਰ ਕੀਤੀ ਤਾਂ ਮੈਂ ਉੱਥੋਂ ਇਕ ਸੋਟਾ ਲਿਆ ਤੇ ਪ੍ਰੇਸ਼ਾਨ ਹੋ ਕੇ ਸਾਰੀ ਰਾਤ ਲਾਸ਼ ਕੋਲ ਬੈਠੀ ਰਹੀ।ਸਾਰੀ ਰਾਤ ਕੁੱਤੇ ਲਾਸ਼ਾਂ ਖਿੱਚ ਕੇ ਲਿਜਾਂਦੇ ਸਨ। ਮੈਂ ਸੋਟੇ ਨਾਲ ਸਾਰੀ ਰਾਤ ਕੁੱਤੇ ਹਟਾਉਂਦੀ ਰਹੀ।ਇਹ ਦਰਦਨਾਕ ਰਾਤ ਨੂੰ ਬਹੁਤ ਸਾਰੇ ਜ਼ਖ਼ਮੀਆਂ ਨੇ ਮੇਰੀਆਂ ਅੱਖਾਂ ਦੇ ਸਾਹਮਣੇ ਦਮ ਤੋੜ ਦਿੱਤੇ।' (ਸਫ਼ੇ/99)

ਅੰਗਰੇਜ਼ਾਂ ਤੋਂ ਪੀੜਤ ਲੋਕ ਕ੍ਰਾਂਤੀਕਾਰੀ ਬਣੇ ਅਤੇ ਕਈ ਚਾਪਲੂਸ, ਸਨਮਾਨਿਤ ਅਹੁਦਿਆਂ ਨੂੰ ਹਥਿਆਉਣ ਖ਼ਾਤਰ 'ਗੱਦਾਰ' ਬਣੇ। ਗ਼ੱਦਾਰ ਅਤੇ ਵਫ਼ਾਦਾਰ ਵਿਚ ਵੱਡਾ ਫ਼ਰਕ ਹੈ।ਨਾਟਕ ਇਹ ਭੇਦ ਖੋਲ੍ਹਦਾ ਹੈ। ਨਿਹਾਲੋ ਦਾ ਗ਼ਦਰੀ ਪਤੀ ਕਾਲੇ ਪਾਣੀ ਦੀ ਸਜ਼ਾ ਭੋਗਦਾ ਹੈ, ਪਰ ਉਹ ਜ਼ਿੰਦਗੀ ਦੀਆਂ ਕਠਿਨਾਈਆਂ ਨੂੰ ਅੰਦਰੂਨੀ ਸ਼ਕਤੀ ਨਾਲ ਨਜਿੱਠਦੀ ਹੈ।ਅਤਰ ਕੌਰ, ਰਤਨ ਦੇਈ ਦਾ ਪਰਵਾਰ ਵੀ ਸੰਗਰਾਮ ਗਤੀਵਿਧੀਆਂ ਦਾ ਹਿੱਸਾ ਬਣ ਯੋਗਦਾਨ ਪਾਉਂਦਾ ਹੈ। ਦੇਸ਼ ਭਗਤੀ ਦੇ ਜਜ਼ਬੇ ਵਿਚ ਉਨ੍ਹਾਂ ਦੇ ਹਮਸਫ਼ਰ ਗੁਆਚਦੇ ਹਨ। ਇਨ੍ਹਾਂ ਜੂਝਦੀਆਂ-ਦਲੇਰਾਨਾ ਔਰਤਾਂ ਨੂੰ ਦੇਸੀ ਅਫ਼ਸਰ ਵਿਖਾਵੇ ਰੂਪੀ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕਰਦੇ ਹਨ ਤਾਂ ਲਲਕਾਰਦੀਆਂ ਨੇ:-'ਅਸੀਂ ਉਹਨਾਂ ਬੁਜ਼ਦਿਲਾਂ ਵਿਚੋਂ ਨਹੀਂ, ਜੋ ਹਤਿਆਰਿਆਂ ਦੇ ਗਲਾਂ ਵਿੱਚ ਸਿਰੋਪੇ ਪਾਉਂਦੇ ਨੇ। ਸਾਡੇ ਸੀਨੇ ਵਿਚ ਦਗਦਾ ਵਿਦਰੋਹ ਕਦੇ ਮੱਠਾ ਨਹੀਂ ਪੈ ਸਕਦਾ। ਤੁਸੀਂ ਐਨੇ ਬੇਗੈਰਤ ਲੋਕ, ਜੋ ਇਨ੍ਹਾਂ ਮਾਸੂਮ ਬੱਚਿਆਂ ਦੇ ਪਿਓ ਦਾ ਮੁੱਲ-ਸ਼ਹੀਦ ਦੀ ਲਾਸ਼ ਦਾ ਮੁੱਲ ਕੁੱਲ ਪੱਚੀ ਹਜ਼ਾਰ ਪਾਉਂਦੇ ਹੋ। ਦਫ਼ਾ ਹੋ ਜਾਓ ਇੱਥੋਂ - (ਸਫ਼ਾ/110) ਨਾਟਕ ਦੇ ਇਹ ਅੰਤਿਮ ਬੋਲ ਸਮਕਾਲੀ ਰਾਜਸੀ ਪਰਿਦ੍ਰਿਸ਼ 'ਤੇ ਵੀ ਢੁਕਵੇਂ ਹਨ। ਇਤਿਹਾਸ, ਸਮਕਾਲ ਦਾ ਮਾਰਗਦਰਸ਼ਨ ਵੀ ਕਰਦਾ ਹੈ।

ਪੰਜਾਬ ਦੇ ਸ਼ਾਨਾਮੱਤਾ ਇਤਿਹਾਸ ਵਿਚ ਗੁਰੂ ਸ਼ਹੀਦੀਆਂ ਵੀ ਸ਼ਾਮਲ ਹਨ। ਯੁੱਧਾਂ ਦੇ ਠੱਲ ਦਾ ਸੰਬੰਧ ਵੀ ਸੂਬੇ ਨਾਲ ਜੁੜਿਆ ਹੋਇਆ ਹੈ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਮੋਹਰੀ ਭੂਮਿਕਾ ਵੀ ਇਸ ਦੇ ਲੇਖੇ ਆਈ ਹੈ।ਪੰਜਾਬ ਦੀ ਤੋਰ ਅੱਡਰੀ ਰਹੀ ਹੈ। ਨਾਟਕ ਇਸ ਖ਼ਾਸ ਤੌਰ ਨੂੰ ਪਛਾਣਦਾ ਹੋਇਆ ਨਾਰੀ ਸੰਵੇਦਨਾਵਾਂ ਨੂੰ ਰੂਬਰੂ ਕਰਦਾ ਹੈ।ਇਨ੍ਹਾਂ ਦੋਵਾਂ ਨਾਟਕਾਂ ਦੇ ਪ੍ਰਕਾਸ਼ਨ ਨੇ ਪੰਜਾਬੀ ਨਾਟ-ਇਤਿਹਾਸਕਾਰੀ ਵਿਚ ਦਾਖ਼ਲਾ ਲੈ ਲਿਆ ਹੈ।ਆਵਾਸ, ਪਰਵਾਸ ਅਤੇ ਇਤਿਹਾਸ ਨੂੰ ਜਾਨਣ ਮੌਕੇ ਇਹ ਨਾਟ-ਪਾਠ ਸਰੋਤ ਬਣ ਸਕਦੇ ਹਨ।

*ਮੋਬਾ. 85281-00088*

## 'ਨਵਾਂ ਜ਼ਮਾਨਾ' ਟੇਬਲ 'ਤੋਂ

### ਡਾ. ਅਮਰ ਕੋਮਲ ਅਭਿਨੰਦਨ ਗ੍ਰੰਥ

**ਸੰਪਾਦਕ : ਡਾ. ਬਲਦੇਵ ਸਿੰਘ 'ਬੱਦਨ'**
**ਸਹਾਇਕ ਸੰਪਾਦਕ : ਪਵਨ ਹਰਚੰਦਪੁਰੀ**
**ਮੁੱਲ : 1500, ਪੰਨੇ : 857**

ਕਈ ਦਹਾਕਿਆ ਤੋਂ ਸਾਹਿਤ ਵਿਚ ਸਰਗਰਮ ਡਾ. ਅਮਰ ਕੋਮਲ ਦਾ ਇਹ ਹੱਥਲਾ ਗ੍ਰੰਥ ਦੋਵੇਂ ਸੰਪਾਦਕਾ ਨੇ ਬੜੀ ਮਿਹਨਤ ਨਾਲ ਤਿਆਰ ਕੀਤਾ ਹੈ।




ਅਮਰ ਕੋਮਲ ਕਈ ਦਹਾਕਿਆਂ ਤੋਂ ਸਾਹਿਤ ਦੀ ਸਿਰਜਣਾ ਕਰਦਾ ਆ ਰਿਹਾ ਅਜਿਹਾ ਲੇਖਕ ਹੈ ਜਿਸ ਨੇ ਨਿਰਸਵਾਰਥ ਰਹਿ ਕੇ ਸਾਹਿਤ ਦੀ ਸੇਵਾ ਕੀਤੀ। ਅਮਰ ਕੋਮਲ ਨੇ ਰੇਖਾ ਚਿੱਤਰ, ਵਾਰਤਕ, ਸਵੈ ਜੀਵਨੀ, ਅਨੁਵਾਦ ਸਾਹਿਤ, ਆਲੋਚਨਾ, ਸਮੀਖਿਆ ਵਰਗੀਆਂ ਵੱਖ ਵੱਖ ਵਿਧਾਵਾਂ ਉੱਤੇ ਵੱਡੀ ਮਾਤਰਾ ਵਿੱਚ ਲਿਖਿਆ ਜੋ ਪੁਸਤਕਾਂ ਦੇ ਰੂਪ ਵਿਚ ਛਪ ਕੇ ਪਾਠਕਾਂ ਤੱਕ ਪੁੱਜਾ ਹੈ। ਇਸ ਸਾਰੀ ਸਾਹਿਤ ਸਾਧਨਾ ਉੱਤੇ ਕਈ ਦਰਜ਼ਨ ਲਿਖਾਰੀਆਂ ਨੇ ਆਪਣੀ ਆਪਣੀ ਸਮਰੱਥਾਂ ਨਾਲ ਵਿਸ਼ਲੇਸ਼ਣ ਕੀਤਾ ਹੈ। ਸੰਪਾਦਕਾਂ ਨੇ ਬੜੀ ਮਿਹਨਤ ਨਾਲ ਸਾਰੀ ਸਮੱਗਰੀ ਇਕੱਠੀ ਕੀਤੀ ਅਤੇ ਉਸ ਨੂੰ ਤਰਤੀਬ ਵਿੱਚ ਪ੍ਰਕਾਸ਼ਤ ਕੀਤਾ। ਸਾਰੇ ਲੇਖਾਂ ਨੂੰ ਇਸ ਗ੍ਰੰਥ ਵਿੱਚ ਦਰਜ ਕੀਤਾ ਗਿਆ ਹੈ। ਪਾਠਕ ਇਸ ਗ੍ਰੰਥ ਵਿੱਚੋਂ ਅਮਰ ਕੋਮਲ ਦਾ ਭਰਪੂਰ ਦਰਸ਼ਨ ਕਰ ਸਕਦੇ ਹਨ। ਅਭਿਨੰਦਨ ਗ੍ਰੰਥ ਦੇ ਸ਼ੁਰੂ ਵਿੱਚ ਸੰਪਾਦਕਾਂ ਨੇ ਕੋਮਲ ਦੀ ਸਾਹਿਤ ਸਾਧਨਾ ਦਾ ਭਰਵਾ ਜ਼ਿਕਰ ਕੀਤਾ ਹੈ। ਉਨ੍ਹਾਂ ਦੇ ਪਰਿਵਾਰਕ ਮੈਬਰਾਂ ਨੇ ਵੀ ਉਨ੍ਹਾਂ ਬਾਰੇ, ਉਨ੍ਹਾਂ ਦੇ ਸੁਭਾ ਬਾਰੇ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਲਿਖਿਆ ਹੈ। ਤਕਰੀਬਨ ਇਕ ਦਰਜ਼ਨ ਲਿਖਾਰੀਆਂ ਕੋਲੋਂ ਸੰਦੇਸ਼ ਲਿਖਵਾਏ ਗਏ ਤੇ ਪ੍ਰਕਾਸ਼ਤ ਕੀਤੇ ਗਏ ਹਨ। ਗ੍ਰੰਥ ਦੇ ਅਗਲੇ ਭਾਗ ਵਿੱਚ ਕੁਝ ਲਿਖਾਰੀਆਂ ਨੇ ਅਮਰ ਕੋਮਲ ਦੇ ਕਾਵਿ ਰੇਖਾ ਚਿੱਤਰ ਲਿਖੇ ਜਿਨ੍ਹਾਂ ਨੂੰ ਪ੍ਰਕਾਸ਼ਤ ਕੀਤਾ ਗਿਆ ਹੈ। ਤੀਜੇ ਭਾਗ ਵਿੱਚ ਵੱਡੀ ਗਿਣਤੀ ਵਿੱਚ ਲੇਖਕਾਂ ਨੇ ਕੋਮਲ ਦੇ ਸ਼ਬਦ ਚਿੱਤਰ ਲਿਖੇ ਹਨ। ਇਹ ਭਾਗ ਬਹੁਤ ਦਿਲਚਸਪ ਹੈ। ਇਨ੍ਹਾਂ ਸ਼ਬਦ ਚਿੱਤਰਾਂ ਵਿੱਚ ਗੁਰਮੇਲ ਮਡਾਹੜ, ਗਾਸੋ, ਪ੍ਰੀਤਮ ਸੈਨੀ, ਭੀਮ ਇੰਦਰ ਸਿੰਘ ਤੇ ਹੋਰਨਾ ਨੇ ਕੋਮਲ ਦੇ ਵੱਖ-ਵੱਖ ਪੱਖਾਂ ਨੂੰ ਆਪਣੇ ਸ਼ਬਦ ਚਿੱਤਰਾਂ ਵਿੱਚ ਉਭਾਰਨ ਦਾ ਉਪਰਾਲਾ ਕੀਤਾ ਹੈ। ਚੌਥੇ ਭਾਗ ਵਿੱਚ ਅੱਠ ਦੇ ਕਰੀਬ ਮੁਲਾਕਾਤਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਪੰਜਵੇਂ ਭਾਗ ਵਿੱਚ ਸਵੈ ਜੀਵਨੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਛੇਵੇਂ ਭਾਗ ਵਿੱਚ ਸ਼ਬਦ ਚਿੱਤਰ ਦੀਆਂ ਪੁਸਤਕਾਂ ਦਾ ਅਧਿਐਨ ਕੀਤਾ ਗਿਆ ਹੈ। ਸੱਤਵੇਂ ਭਾਗ ਵਿੱਚ ਕੋਮਲ ਦੇ ਲਿਖੇ ਨਿਬੰਧਾਂ ਬਾਰੇ ਵੱਡੇ ਵਿਦਵਾਨਾ ਨੇ ਲਿਖਿਆ ਹੈ। ਜਿਨ੍ਹਾਂ ਵਿੱਚ ਕੁਲਦੀਪ ਸਿੰਘ ਧੀਰ, ਧਰਮਪਾਲ ਸਿੰਗਲ, ਰਤਨ ਸਿੰਘ ਜੱਗੀ, ਨਰਿੰਦਰ ਸਿੰਘ ਕਪੂਰ ਆਦਿ ਪ੍ਰਮੁੱਖ ਹਨ। ਅੱਠਵੇਂ ਭਾਗ ਵਿੱਚ ਕੋਮਲ ਦੀਆਂ ਕਵਿਤਾਵਾਂ ਦੀਆਂ ਕਿਤਾਬਾਂ, ਮਿੰਨੀ ਕਹਾਣੀਆਂ ਅਤੇ ਕਹਾਣੀ ਬਾਰੇ ਸਮੱਗਰੀ ਹੈ। ਅਗਲੇ ਭਾਗ ਵਿੱਚ ਅਮਰ ਕੋਮਲ ਦੇ ਲਿਖੇ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਇਹ ਕਾਫੀ, 'ਵਜ਼ਨਦਾਰ' ਗ੍ਰੰਥ ਹੈ। ਸਾਹਿਤਕ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਰੱਖਦੇ ਅਮਰ ਕੋਮਲ ਦੀ ਸਾਹਿਤ ਸਾਧਨਾ ਇਸ ਗ੍ਰੰਥ ਵਿੱਚ ਸਾਂਭੀ ਗਈ ਹੈ। ਐਨੀ ਮਿਹਨਤ ਨਾਲ ਤਿਆਰ ਕੀਤੇ ਗਏ ਇਸ ਗ੍ਰੰਥ ਦਾ ਪ੍ਰਕਾਸ਼ਤ ਕੌਣ ਹੈ? ਕੋਈ ਨਹੀਂ ਲਿਖਿਆ ਗਿਆ। ਨਾ ਹੀ ਇਸ ਦੀ ਪ੍ਰਿੰਟ ਲਾਇਨ ਦਿੱਤੀ ਗਈ ਹੈ। ਇਹ ਬਹੁਤ ਵੱਡੀ ਗਲਤੀ ਹੈ। ਇਸ ਨੂੰ ਸੁਧਾਰਨਾ ਬਹੁਤ ਜ਼ਰੂਰੀ ਹੈ।

### ਪੰਜਾਬੀ ਨਾਵਲ ਵਿਚ ਕਿਰਸਾਣੀ ਜੀਵਨ ਦੀ ਪੇਸ਼ਕਾਰੀ

**ਗੁਰਵਿੰਦਰ ਸਿੰਘ**
**ਮੁੱਲ :150, ਪੰਨੇ : 96**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਗਲਪ ਦੀ ਇਸ ਆਲੋਚਨਾ ਪੁਸਤਕ ਵਿਚ ਲੇਖਕ ਨੇ ਨਾਵਲ 'ਚ ਕਿਸਾਨੀ ਜੀਵਨ ਨੂੰ ਪੇਸ਼ ਕਰਨ ਵਾਲੇ ਕੁਝ ਨਾਵਲਾਂ ਦੇ ਹਵਾਲਿਆਂ ਨਾਲ ਆਪਣੀਆਂ ਧਾਰਨਾਵਾਂ ਪੇਸ਼ ਕੀਤੀਆਂ ਹਨ। ਇਨ੍ਹਾਂ ਨਾਵਲਾਂ ਵਿਚ ਸੋਹਣ ਸਿੰਘ ਸੀਤਲ ਦਾ 'ਜੁੱਗ ਬਦਲ ਗਿਆ', ਗੁਰਦਿਆਲ ਸਿੰਘ ਦਾ 'ਆਥਣ ਉੱਗਣ', ਦਲੀਪ ਕੌਰ ਟਿਵਾਣਾ ਦਾ 'ਏਹੋ ਹਮਾਰਾ ਜੀਵਣਾ', ਰਾਮ ਸਰੂਪ ਅਣਖੀ ਦਾ 'ਸਲਫ਼ਾਸ', ਕਰਮਜੀਤ ਕੁੱਸਾ ਦਾ 'ਰੋਹੀ ਬੀਆਬਾਨ' ਤੇ ਬਲਦੇਵ ਸਿੰਘ ਦਾ 'ਅੰਨਦਾਤਾ' ਦੇ ਅਧਾਰ ਤੇ ਪੰਜਾਬ 'ਚ ਹਰੇ ਇਨਕਲਾਬ ਤੋਂ ਵਿਕਸਿਤ ਹੋ ਰਹੇ ਪੰਜਾਬ ਨੂੰ ਪੇਸ਼ ਕੀਤਾ ਹੈ। ਖੇਤੀ ਉਤਪਾਦਨ ਕਿਵੇਂ ਸਮੇਂ ਸਮੇਂ ਸੰਕਟ ਖੜ੍ਹੇ ਕਰਦਾ ਹੈ। ਪੰਜਾਬ ਦੀ ਮੂਲ ਆਰਥਿਕਤਾ ਕਿਓਂਕਿ ਖੇਤੀ ਨਾਲ ਜੁੜੀ ਹੋਈ ਹੈ। ਇਨ੍ਹਾਂ ਨਾਵਲਾਂ ਵਿੱਚ ਵੱਖ-ਵੱਖ ਸਮੇਂ ਨੂੰ ਪਾਤਰਾਂ ਦੇ ਵਿਹਾਰ ਨਾਲ ਚਿਤਰਨ ਦੇ ਪ੍ਰਸੰਗ ਵਿੱਚ ਅਧਿਐਨ ਕੀਤਾ ਹੈ।




ਆਪਣੇ ਅਧਿਐਨ 'ਚ ਲੇਖਕ ਨੇ ਕਿਤਾਬ ਨੂੰ ਤਿੰਨ ਅਧਿਆਏ ਵਿੱਚ ਵੰਡਿਆ ਹੈ। ਪਹਿਲੇ 'ਪੰਜਾਬ ਦਾ ਕਿਰਸਾਣੀ ਸਮਾਜ' ਵਿਚ ਸਿਧਾਂਤਕੀ ਉਸਾਰੀ ਹੈ। ਦੂਜੇ ਅਧਿਆਇ ਵਿੱਚ 1947 ਤੋਂ ਪਹਿਲਾਂ ਦਾ ਪੰਜਾਬ ਤੇ 1947 ਤੋਂ ਬਾਅਦ ਦਾ ਪੰਜਾਬ ਲਿਆ ਹੈ। ਤੀਜੇ ਵਿੱਚ ਨਾਵਲਾਂ ਦੇ ਪ੍ਰਸੰਗ ਵਿੱਚ ਸਮਾਜ ਦੀ ਭਾਈਚਾਰਕ ਤੇ ਪਰਿਵਾਰਕ ਸਬੰਧ, ਖੇਤੀ ਕਾਮਿਆਂ ਨਾਲ ਕਿਸਾਨਾਂ ਦੇ ਸਬੰਧ, ਸਰਮਾਏਦਾਰੀ, ਜਗੀਰਦਾਰੀ, ਛੋਟੀ ਕਿਸਾਨੀ, ਬੇਜ਼ਮੀਨੇ ਕਾਮਿਆਂ ਅਤੇ ਕਿਰਸਾਨੀ ਇਸਤਰੀਆਂ ਦੇ ਸੰਦਰਭ ਵਿੱਚ ਨਿੱਠ ਕੇ ਅਧਿਐਨ ਕੀਤਾ ਹੈ। ਕੁਝ ਸਾਰਥਕ ਸਿੱਟੇ ਵੀ ਕੱਢ ਕੇ ਸਮੱਸਿਆਵਾਂ ਦੀ ਮੂਲ ਜੜ ਦੀ ਤਲਾਸ਼ ਕਰਨ ਦਾ ਯਤਨ ਕੀਤਾ ਹੈ।

# ਪੁਸਤਕ ਰੀਵਿਊ

### ਸਲੋਚਨਾ

**(ਕਹਾਣੀ ਸੰਗ੍ਰਹਿ)**
**ਅਮਰ ਗਰਗ ਕਲਮਦਾਨ**
**ਪੰਨੇ-112, ਮੁੱਲ-200 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

ਅਮਰ ਗਰਗ ਕਲਮਦਾਨ ਪੰਜਾਬੀ ਨਾਵਲ, ਕਹਾਣੀ ਤੇ ਵਾਰਤਕ ਖੇਤਰ ਵਿਚ ਆਪਣੇ ਹਿੱਸੇ ਦੀ ਪਛਾਣ ਹਾਸਲ ਕਰਨ ਲਈ ਨਿਰੰਤਰ ਯਤਨਸ਼ੀਲ ਰਹਿਣ ਵਾਲਾ ਲੇਖਕ ਹੈ। ਉਸ ਦੇ ਪਲੇਠੇ ਕਹਾਣੀ ਸੰਗ੍ਰਹਿ 'ਸਲੋਚਨਾ' ਵਿੱਚ ਸ਼ਾਮਲ ਉਸ ਦੀਆਂ ਵੀਹ ਕਹਾਣੀਆਂ ਉਸ ਦੇ ਮਾਨਵਤਾਵਾਦੀ ਤੇ ਆਦਰਸ਼ਵਾਦੀ ਨਜ਼ਰੀਏ ਦੀ ਤਰਜਮਾਨੀ ਕਰਦੀਆਂ ਹਨ। ਭਾਵੇਂ ਇਹਨਾਂ ਕਹਾਣੀਆਂ ਦੀਆਂ ਕਲਾਤਮਿਕ ਤੇ ਸੰਗਠਨਾਤਮਕ ਜੁਗਤਾਂ ਨਵੀਂ ਯਥਾਰਥਕ ਪੰਜਾਬੀ ਕਹਾਣੀ ਦੀ ਬਜਾਏ ਆਦਰਸ਼ਵਾਦੀ ਦੌਰ ਦੀ ਕਹਾਣੀ ਨਾਲ ਵੱਧ ਮੇਲ ਖਾਂਦੀਆਂ ਹਨ, ਪਰ ਇਹਨਾਂ ਕਹਾਣੀਆਂ ਵਿਚਲਾ ਆਦਰਸ਼ ਸੰਭਵ ਤੇ ਸੰਭਾਵਿਤ ਯਥਾਰਥ ਤੋਂ ਬਹੁਤੀ ਵਿੱਥ ਨਹੀਂ ਸਿਰਜਦਾ। ਵਿਗਿਆਨ ਦਾ ਵਿਦਿਆਰਥੀ ਹੋਣ ਦੇ ਨਾਤੇ ਉਸ ਦੀਆਂ ਕਹਾਣੀਆਂ ਵਿਗਿਆਨਕ ਤੇ ਤਰਕਸ਼ੀਲ ਸੋਚ ਦੀ ਪੈਰਵਾਈ ਕਰਨ ਦੀ ਕੋਸ਼ਿਸ਼ ਵੀ ਕਰਦੀਆਂ ਹਨ।

ਸੰਗ੍ਰਹਿ ਦੀ ਟਾਈਟਲ ਕਹਾਣੀ 'ਸਲੋਚਨਾ' ਦਾ ਵਿਸ਼ਾ ਤਰਕਸ਼ੀਲ ਨਜ਼ਰੀਏ ਤੋਂ ਵੱਡੀ ਅਹਿਮੀਅਤ ਰੱਖਦਾ ਹੈ। ਅਜੋਕੇ ਵਿਗਿਆਨਕ ਯੁੱਗ ਵਿਚ ਜਨਮ ਪੱਤਰੀ ਜਾਂ ਕੁੰਡਲੀ ਦੇ ਅੰਧ-ਵਿਸ਼ਵਾਸੀ ਅਤੇ ਗੈਰ ਵਿਗਿਆਨਕ ਵਰਤਾਰਿਆਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਅਜਿਹੇ ਵਿਸ਼ਿਆਂ 'ਤੇ ਕਹਾਣੀਆਂ ਲਿਖੇ ਜਾਣ ਦੀ ਬਹੁਤ ਲੋੜ ਵੀ ਹੈ, ਪਰ ਇਸ ਕਹਾਣੀ ਦਾ ਕਥਾਨਕ ਗੈਰ ਸੁਭਾਵਿਕ ਘਟਨਾਵਾਂ ਰਾਹੀਂ ਉਸਾਰੇ ਜਾਣ ਕਾਰਨ ਇਸ ਦਾ ਕਲਾਤਮਿਕ ਪੱਖ ਕੁਝ ਕਮਜ਼ੋਰ ਰਹਿ ਗਿਆ ਹੈ। ਫੌਜ ਲਈ ਹਥਿਆਰਾਂ ਦੀ ਨਵੀਂ ਤਕਨੀਕ ਦੀ ਖੋਜ ਕਰਨ ਵਾਲੇ ਵਿਗਿਆਨ ਦੇ ਵਿਦਿਆਰਥੀਆਂ ਵੱਲੋਂ ਮੋਮਬੱਤੀ ਦੁਆਲੇ ਫੇਰੇ ਲੈਣੇ, ਸਰੀਰਕ ਮੇਲ ਦੀ ਮੂਵੀ ਬਣਾ ਕੇ ਆਪਣੇ ਮਾਪਿਆਂ ਨੂੰ ਵਿਆਹ ਲਈ ਤਿਆਰ ਜਾਂ ਬਲੈਕਮੇਲ ਕਰਨਾ, ਵਿਆਹ ਦਾ ਵਿਰੋਧ ਕਰਨ ਵਾਲੇ ਪੰਡਤ ਦਾ ਕਤਲ ਕਰਨਾ ਅਤੇ ਜੱਜ ਵੱਲੋਂ ਸਜ਼ਾ ਦਾ ਫੈਸਲਾ ਪੰਡਤ ਦਾ ਕਤਲ ਕਰਨ ਵਾਲੀ ਕੁੜੀ 'ਤੇ ਹੀ ਛੱਡਣ ਵਰਗੀਆਂ ਗੈਰ ਸੁਭਾਵਿਕ ਘਟਨਾਵਾਂ ਅੱਜ ਦੀ ਕਹਾਣੀ ਦੇ ਹਾਣ ਦੀਆਂ ਨਹੀਂ ਹਨ।




ਇਸ ਸੰਗ੍ਰਹਿ ਦੀਆਂ ਕਹਾਣੀਆਂ ਮਨੁੱਖੀ ਜੀਵਨ ਤੋਰ ਨੂੰ ਅੱਗੇ ਲਿਜਾਣ ਵਾਲੇ ਕਰਮਯੋਗੀ ਪਾਤਰਾਂ ਨੂੰ ਆਪਣੇ ਵੱਲੋਂ ਵਿਸ਼ੇਸ਼ ਸਨਮਾਨ ਦਿੰਦੀਆਂ ਹਨ। ਕਹਾਣੀ 'ਸਿੰਜਰ, ਮੇਰਾ ਪਹਿਲਾ ਅਧਿਆਪਕ ਮੇਰਾ ਸਿਰਜਕ' ਸੁਨੇਹਾ ਦਿੰਦੀ ਹੈ ਕਿ ਮਨੁੱਖੀ ਅਧਿਕਾਰਾਂ ਲਈ ਲੜਨ-ਮਰਨ ਵਾਲੇ ਸਿੰਜਰ ਵਰਗੇ ਅਧਿਆਪਕ ਸਰੀਰਕ ਤੌਰ 'ਤੇ ਮਰ ਕੇ ਵੀ ਲੋਕ ਮਨਾਂ ਵਿੱਚ ਜਿਉਂਦੇ ਰਹਿੰਦੇ ਹਨ। ਕਹਾਣੀ 'ਚਮੇਲੀ ਦਾ ਜੀਵਨ' ਦਾ ਪਾਤਰ ਜੀਵਨ ਆਪਣੀ ਮਾਨਵਤਾਵਾਦੀ ਸੋਚ ਕਾਰਨ ਪ੍ਰੇਮਿਕਾ ਤੋਂ ਪਤਨੀ ਬਣੀ ਚਮੇਲੀ ਦੀਆਂ ਨਜ਼ਰਾਂ ਵਿਚ ਮਰਨ ਤੋਂ ਬਾਅਦ ਵੀ ਆਪਣੀ ਵਿਚਾਰਧਾਰਕ ਹੋਂਦ ਬਣਾਈ ਰੱਖਦਾ ਹੈ। ਇਸੇ ਲਈ ਉਸ ਦੇ ਸੁਪਨਿਆਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਸੰਭਾਲਦਿਆਂ ਉਹ ਆਖਦੀ ਹੈ, ਮੇਰਾ ਜੀਵਨ ਮਰਿਆ ਨਹੀਂ, ਕੀ ਹੋਇਆ ਜੇ ਤਨ ਜੁਦਾ ਹੋ ਗਏ, ਉਸ ਦੇ ਸੱਚੇ ਪਿਆਰ ਦੀ ਲੋਅ ਸਦਾ ਮਘਦੀ ਰੱਖਾਂਗੀ।

ਕਹਾਣੀ 'ਅੱਥਰੂ ਬੋਲਦੇ ਹਨ' ਦੀ ਪਾਤਰ ਕੌਸ਼ੱਲਿਆ ਦੇਵੀ ਨੂੰ ਭਾਵੇਂ ਆਪਣੇ ਪੁੱਤਰ ਦਾ ਘਰ ਛੱਡ ਕੇ ਬਿਰਧ ਆਸ਼ਰਮ ਵਿਚ ਰਹਿਣਾ ਪੈ ਰਿਹਾ ਹੈ, ਪਰ ਫਿਰ ਉਹ ਆਪਣੀ ਪੋਤੀ ਨੇਹਾ ਨਾਲ ਆਪਣੀ ਮਾਨਸਿਕ ਨੇੜਤਾ ਬਣਾਈ ਰੱਖਦੀ ਹੈ। ਦਾਦੀ-ਪੋਤੀ ਦਾ ਬਿਰਧ ਆਸ਼ਰਮ ਵਿਚ ਹੋਈ ਮਿਲਣੀ ਸਮੇਂ ਦੋਵਾਂ ਦੀਆਂ ਅੱਖਾਂ ਵਿਚ ਆਏ ਹੰਝੂ ਕੁਝ ਨਾ ਕਹਿ ਕੇ ਵੀ ਬਹੁਤ ਕੁਝ ਕਹਿ ਜਾਂਦੇ ਨੇ। ਕਹਾਣੀ 'ਪੱਥਰ ਦੇ ਪੈਰ' ਦੇ ਪਾਤਰ ਕਾਮਰੇਡ ਕਰਤਾਰੇ ਦਾ ਪੁੱਤਰ ਭਾਵੇਂ ਨਸ਼ਿਆਂ ਦੇ ਰਾਹ ਪੈ ਜਾਣ ਕਾਰਨ ਉਸ ਦੀ ਸੋਚ ਦਾ ਸੱਚਾ ਵਾਰਸ ਸਾਬਤ ਨਹੀਂ ਹੁੰਦਾ, ਪਰ ਉਸ ਦੇ ਅੰਤਿਮ ਸੰਸਕਾਰ ਸਮੇਂ 'ਕਾਮਰੇਡ ਕਰਤਾਰਾ ਅਮਰ ਰਹੇ' ਦੇ ਲੱਗਦੇ ਨਾਹਰੇ ਇਸ ਗੱਲ ਦਾ ਸੰਕੇਤ ਦੇ ਜਾਂਦੇ ਹਨ ਲੋਕ ਪੱਖੀ ਵਿਰਾਸਤ ਨੂੰ ਸੰਭਾਲਣ ਦੇ ਹੱਕਦਾਰ ਸਿਰਫ ਪੁੱਤਰ ਨਹੀਂ ਹੁੰਦੇ, ਸਗੋਂ ਉਸ ਦੀ ਸੋਚ ਦੇ ਹਮਰਾਹ ਰਹੇ ਲੋਕ ਵੀ ਇਸ ਵਿਰਾਸਤ ਨੂੰ ਪੂਰਨ ਤਨਦੇਹੀ ਨਾਲ ਸੰਭਾਲਦੇ ਹਨ।

ਇਹ ਕਹਾਣੀਆਂ ਧਰਮ ਨੂੰ ਇਕ ਸਿਆਸੀ ਪੈਂਤੜੇ ਵਜੋਂ ਵਰਤ ਕੇ ਲੋਕ ਚੇਤਨਾ ਨੂੰ ਪ੍ਰਭਾਵਹੀਣ ਕਰਨ ਸੰਬੰਧੀ ਚਲੀਆਂ ਜਾਣ ਵਾਲੀਆਂ ਚਾਲਾਂ ਬਾਰੇ ਵੀ ਭਰਵੀਂ ਸੰਵਾਦਕ ਚਰਚਾ ਛੇੜਦੀਆਂ ਹਨ। ਕਹਾਣੀ 'ਸੁਜਾਖੀ ਔਰਤ' ਮਨੁੱਖੀ ਅਧਿਕਾਰਾਂ ਲਈ ਧਾਰਮਿਕ ਮੂਲਵਾਦ ਵਿਰੁੱਧ ਲੜਨ ਵਾਲੀ ਕੁੜੀ ਲੋਪਾ ਦੀ ਬਹਾਦਰੀ ਦਾ ਬਿਰਤਾਂਤ ਸਿਰਜਦੀ ਹੈ। ਕਹਾਣੀ 'ਤੱਕਲਾ' ਸੱਤਾ ਪੱਖ ਵੱਲੋਂ ਲੋਕਾਂ ਦੀਆਂ ਅੱਖਾਂ ਤੇ ਧਾਰਮਿਕ ਸ਼ਰਧਾ ਦੀ ਪੱਟੀ ਬੰਨ੍ਹ ਕੇ ਆਪਣੀ ਆਪਣੇ ਲੁਕਵੇਂ ਕਾਰਪੋਰੇਟ ਪੱਖੀ ਏਜੰਡੇ ਨੂੰ ਲਾਗੂ ਕਰਨ ਦੀਆਂ ਸਾਜ਼ਿਸ਼ਾਂ ਦਾ ਪਰਦਾਫਾਸ਼ ਕਰਦੀ ਹੈ। ਕਹਾਣੀ 'ਨਾਸਤਕਪੁਰ ਦੀ ਸੈਰ' ਧਰਮ ਦੇ ਨਾਂਅ 'ਤੇ ਚਲਾਈ ਜਾਣ ਵਾਲੀ ਅਜਿਹੀ ਰਾਜਸੀ ਵਿਵਸਥਾ ਨੂੰ ਨਰਕ ਤੋਂ ਵੀ ਬਦਤਰ ਕਰਾਰ ਦਿੰਦੀ ਹੈ। ਜਿਹੜੀ ਦੇਸ਼ ਦੇ ਬਹੁ-ਗਿਣਤੀ ਲੋਕਾਂ ਦੱ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਦੇਣ ਤੋਂ ਅਸਮਰੱਥ ਹੈ। ਇਹ ਕਹਾਣੀ ਮਨੁੱਖੀ ਜੀਵਨ ਦਾ ਵਿਕਾਸ ਵਿਗਿਆਨਕ ਨਜ਼ਰੀਏ ਤੋਂ ਕਰਨ ਦਾ ਦਮ ਭਰਦੀ ਨਾਸਤਕ ਵਿਵਸਥਾ ਦਾ ਪੱਖ ਬਹੁਤ ਬੇਬਾਕੀ ਨਾਲ ਪੂਰਦੀ ਹੈ। ਇਸੇ ਤਰ੍ਹਾਂ ਕਹਾਣੀ 'ਕੱਚੀ ਮਿੱਟੀ ਦੇ ਘਰ' ਹੱਥ ਕਿਰਤ ਸੱਭਿਆਚਾਰ ਨੂੰ ਪੂੰਜੀ ਅਧਾਰਿਤ ਮਸ਼ੀਨੀ ਸੱਭਿਆਚਾਰ ਦੇ ਮੁਕਾਬਲੇ ਵੱਧ ਅਹਿਮੀਅਤ ਪ੍ਰਦਾਨ ਕਰਦੀ ਹੈ।

ਲੇਖਕ ਦੇ ਵਾਤਾਵਰਣ ਪ੍ਰੇਮ ਨੂੰ ਦਰਸਾਉਂਦੀਆਂ ਕਹਾਣੀਆਂ ਜਦੋਂ 'ਮੈਂ ਤੇ ਬ੍ਰਹਮ ਇਕ ਹੋ ਗਏ', 'ਪਿੱਪਲ ਪੱਤੀਆਂ', 'ਸੁਨਹਿਰੀ ਕਿਰਨਾਂ' ਤੇ 'ਮੈਂ ਕਿਉਂ ਬੋਝ ਪਾਵਾਂ' ਵਾਤਾਵਰਣ ਨੂੰ ਸਵੱਛ ਬਣਾਈ ਰੱਖਣ ਪ੍ਰਤੀ ਜਾਗਰੂਕਤਾ ਪੈਦਾ ਕਰਦੀਆਂ ਹਨ। ਕਹਾਣੀ 'ਕੰਨਾਂ ਨੂੰ ਹੱਥ ਲਾਏ ਮੈਂ ਬਾਬਾ ਨਾ ਬਣਾ' ਲੋਕਾਂ ਨੂੰ ਮੂਰਖ ਬਣਾ ਕੇ ਐਸ਼ਪ੍ਰਸਤੀ ਦੇ ਅੱਡੇ ਚਲਾਉਣ ਵਾਲੇ ਬਾਬਿਆਂ ਵਿਰੁੱਧ ਮੋਰਚਾ ਖੋਲ੍ਹਦੀ ਹੈ। ਇਹਨਾਂ ਕਹਾਣੀਆਂ ਦਾ ਵਿਸ਼ਾਗਤ ਸਰੂਪ ਤੇ ਸ਼ਿਲਪੀ ਵਿਧਾਨ ਨਵੀਂ ਪੰਜਾਬੀ ਕਹਾਣੀ ਨਾਲੋਂ ਲੋਕ ਕਹਾਣੀਆਂ ਤੇ ਲੋਕ ਬਾਤਾਂ ਨਾਲ ਵੱਧ ਮੇਲ ਖਾਂਦਾ ਹੈ। 'ਮੈਂ ਕਿਉਂ ਬੋਝ ਪਾਵਾਂ' ਵਰਗੀ ਕਹਾਣੀ ਤਾਂ ਕਥਾ ਯੁਕਤ ਨਿਬੰਧ ਲੇਖਣ ਦੇ ਨੇੜੇ ਵੀ ਜਾ ਢੁਕਦੀ ਹੈ। ਇਹਨਾਂ ਕਹਾਣੀਆਂ ਵਿਚਲਾ ਕਥਾ ਰਸ ਇਹਨਾਂ ਦੇ ਪਾਠ ਵਿਚ ਪਾਠਕੀ ਦਿਲਚਸਪੀ ਨਿਰੰਤਰ ਬਣਾਈ ਰੱਖਦਾ ਹੈ। ਕੁਲ ਮਿਲਾ ਕੇ ਇਹ ਕਹਾਣੀਆਂ ਜੀਣ ਯੋਗ ਤੇ ਰਹਿਣ ਯੋਗ ਸਮਾਜਿਕ ਵਾਤਾਵਰਣ ਦੀ ਉਸਾਰੀ ਲਈ ਪਾਠਕੀ ਮਨਾਂ ਵਿਚ ਨਵੇਂ ਸੁਪਨੇ ਪੈਦਾ ਕਰਨ ਵਾਲੀਆਂ ਹਨ।

**— ਨਿਰੰਜਣ ਬੋਹਾ**
**ਮੋਬਾ. 89682-82700**

# 'ਪੌਣਾਂ ਦੇ ਪੈਰੀਂ ਘੁੰਗਰੂ' 'ਤੇ ਚਰਚਾ

**ਚੰਡੀਗੜ੍ਹ** : ਸਵਪਨ ਫਾਊਂਡੇਸ਼ਨ ਪਟਿਆਲਾ ਤੇ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਵੱਲੋਂ ਪੰਜਾਬ ਕਲਾ ਭਵਨ ਵਿਖੇ ਸੁਰਜੀਤ ਸੁਮਨ ਦੀ ਅਣਛਪੀ ਕਿਤਾਬ 'ਪੌਣਾਂ ਦੇ ਪੈਰੀਂ ਘੁੰਗਰੂ' 'ਤੇ ਵਿਚਾਰ ਚਰਚਾ ਕਰਵਾਈ ਗਈ।ਵਿਚਾਰ ਚਰਚਾ ਦਾ ਆਰੰਭ ਕਰਦੇ ਹੋਏ ਸ਼ਾਇਰ ਮੰਦਰ ਗਿੱਲ ਹੋਰਾਂ ਨੇ ਕਿਹਾ ਕਿ ਇਸ ਖਰੜੇ ਦੀਆਂ ਰਚਨਾਵਾਂ ਛੰਦ ਦੇ ਵਿਧੀ ਵਿਧਾਨ 'ਤੇ ਪੂਰੀਆਂ ਉਤਰਦੀਆਂ ਨੇ, ਉਹਨਾਂ ਕਈ ਛੰਦਾਂ ਬਾਬਤ ਦੱਸਿਆ ਵੀ। ਕਹਾਣੀਕਾਰ ਪਰਮਜੀਤ ਮਾਨ ਹੋਰਾਂ ਨੇ ਆਪਣੀ ਵਾਰੀ ਦੌਰਾਨ ਕਿਹਾ ਕਿ ਇਸ ਸੰਗ੍ਰਹਿ ਵਿੱਚ ਇਤਿਹਾਸਕ, ਮਿਥਿਹਾਸਕ, ਸਮਾਕਾਲ ਸਮੇਤ ਸਾਰੇ ਰੰਗ ਹਨ। ਉੱਘੇ ਗੀਤਕਾਰ ਤੇ ਗਾਇਕ ਧਿਆਨ ਸਿੰਘ ਕਾਹਲੋਂ ਨੇ ਕਿਹਾ ਕਿ ਗੀਤਾਂ ਵਿਚ ਇਕ ਲੈਅ ਹੁੰਦੀ ਹੈ, ਇਕ ਰਿਦਮ ਹੁੰਦਾ ਹੈ, ਸ਼ਾਇਰ ਬੇਸੁਰਾ ਹੋ ਸਕਦਾ ਹੈ ਪਰ ਬੇਤਾਲਾ ਨਹੀਂ ਹੋਣਾ ਚਾਹੀਦਾ। ਸ਼ਾਇਰ ਰਾਜ ਕੁਮਾਰ ਸਾਹੋਵਾਲ਼ੀਆ ਨੇ ਛਪਣ ਤੋਂ ਪਹਿਲਾਂ ਇਸ ਤਰ੍ਹਾਂ ਦੀ 'ਬੈਠਕ' ਦੀ ਸ਼ਲਾਘਾ ਕੀਤੀ। ਉਹਨਾਂ ਕੁਝ ਸ਼ਬਦਾਂ ਬਾਰੇ ਕਿੰਤੂ ਕੀਤਾ ਤੇ ਇਸ ਨੂੰ ਸੁਧਾਰ ਲੈਣ ਲਈ ਕਿਹਾ।ਅਨੁਵਾਦਿਕ ਤੇ ਕਹਾਣੀਕਾਰ ਸੁਭਾਸ਼ ਭਾਸਕਰ ਨੇ ਕਿਹਾ ਕਿ ਇਸ ਚਰਚਾ ਹੇਠ ਗੀਤ ਜ਼ਰੂਰ ਹੀ ਅੱਜਕੱਲ੍ਹ ਚੱਲ ਰਹੇ ਲੱਚਰ ਤੇ ਹਿੰਸਾ ਨੂੰ ਪੇਸ਼ ਕਰ ਰਹੇ ਗੀਤਾਂ ਦਾ ਮੁਕਾਬਲਾ ਕਰਨਗੇ।ਸਾਹਿਤਕ ਕਾਮੇ ਤੇ ਪਾਠਕ ਭੁਪਿੰਦਰ ਸਿੰਘ ਮਲਿਕ ਹੋਰਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਕਿ ਇਹ ਸਾਹਿਤਕ ਪੁੱਠ ਵਾਲ਼ੇ ਗੀਤ ਨੇ। ਭਾਸ਼ਾ, ਵਿਆਕਰਨ ਤੇ ਸ਼ਬਦ ਜੋੜਾਂ ਦੀ ਖੂਬਸੂਰਤ ਵਰਤੋਂ ਕੀਤੀ ਗਈ ਹੈ।ਯਤਿੰਦਰ ਮਾਹਲ ਨੇ ਕਿਹਾ ਸ਼ਾਇਰ ਨੂੰ ਵਿਸ਼ੇ ਤੋਂ ਥਿੜਕਣਾ ਨਹੀਂ ਚਾਹੀਦਾ। ਡਾ. ਦਵਿੰਦਰ ਸਿੰਘ ਬੋਹਾ ਨੇ ਕਿਹਾ ਇਸ ਸੰਗ੍ਰਹਿ ਨੂੰ ਬਾਜ਼ਾਰ ਤੋਂ ਸਮਾਜ ਵੱਲ ਮੁੜਦਾ ਰਾਹ ਦੱਸਿਆ।ਪ੍ਰਿੰ: ਸਤਨਾਮ ਸਿੰਘ ਸ਼ੋਕਰ ਨੇ ਕਿਹਾ ਕਿ ਇਹ ਗੀਤ ਨਿੱਜ ਤੋਂ ਪਰ ਦੀ ਗੱਲ ਕਰਦੇ ਹਨ।ਸੁਖਵਿੰਦਰ ਸਿੱਧੂ ਨੇ ਵਿਚਾਰ ਪੇਸ਼ ਕੀਤੇ ਕਿ ਗੀਤ ਸਭ ਤੋਂ ਵੱਧ ਸੁਣੀ ਜਾਣ ਵਾਲ਼ੀ ਵਿਧਾ ਹੈ। ਪਾਲ ਅਜਨਬੀ ਨੇ ਸ਼ਬਦਾਂ ਦੀ ਬੋਝਲਤਾ ਤੇ ਤਰਤੀਬ ਬਾਰੇ ਕੁਝ ਨੁਕਤੇ ਸਾਂਝੇ ਕੀਤੇ। ਸੈਕਰੀਏਟ ਸਾਹਿਤ ਸਭਾ ਵੱਲੋਂ ਮਲਕੀਅਤ ਸਿੰਘ ਔਜਲਾ ਨੇ ਇਹਨਾਂ ਗੀਤਾਂ ਦੀ ਰਚਨਾਂ ਦੇ ਗਵਾਹ ਹੋਣ ਬਾਰੇ ਚਾਨਣਾ ਪਾਇਆ ਤੇ ਸੁਰਜੀਤ ਹੋਰਾਂ ਨਾਲ ਆਪਣੀ ਸਾਂਝ ਬਾਬਤ ਦੱਸਿਆ।



ਤੇਜਿੰਦਰ ਸਿੰਘ ਨੇ ਕਿਹਾ ਕਿ ਸੁਮਨ ਹੋਰਾਂ ਦਾ ਛਪਣ ਜਾ ਰਿਹਾ ਸੰਗ੍ਰਹਿ ਚੰਗੇ ਪ੍ਰਗੀਤ ਵਿਚ ਵਾਧਾ ਕਰਦਾ ਹੈ। ਡਾ. ਲਾਭ ਸਿੰਘ ਖੀਵਾ ਨੇ ਇਸ 'ਬੈਠਕ' ਨੂੰ ਚੰਗਾ ਉਪਰਾਲਾ ਦੱਸਿਆ।ਉਹਨਾਂ ਕਿਹਾ ਕਿ ਸੁਰਜੀਤ ਸੁਮਨ ਮਿੱਥ ਨੂੰ ਪੂਰੀ ਕਾਮਯਾਬੀ ਨਾਲ ਵਰਤਦਾ ਹੈ, ਜਿਹੜੀ ਥੋੜ੍ਹੀਆਂ-ਬਹੁਤ ਘਾਟਾਂ ਹੈਨ ਉਹ ਸੁਧਾਰੀਆਂ ਜਾ ਸਕਦੀਆਂ ਹਨ।ਗੁਰਦੇਵ ਚੌਹਾਨ ਨੇ ਸੰਸਾਰ 'ਚ ਗੀਤਾਂ ਨੂੰ ਮਿਲ ਰਹੇ ਸਥਾਨ ਬਾਰੇ ਗੱਲ ਕੀਤੀ।ਮਹਿਮਾਨ ਵਜੋਂ ਸ਼ਾਮਲ ਹੋਏ ਡਾ. ਯੋਗਰਾਜ ਹੋਰਾਂ ਨੇ ਗੀਤ ਵਿਧਾ ਦੇ ਕਈ ਤਕਨੀਕੀ ਪੱਖਾਂ ਬਾਰੇ ਮਹੱਤਵਪੂਰਨ ਗੱਲਾਂ ਸਾਂਝੀਆਂ ਕੀਤੀਆਂ।ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਮਨਮੋਹਨ ਨੇ 'ਬੈਠਕ' ਦੇ ਸਮੁੱਚੇ ਪ੍ਰਭਾਵ ਬਾਰੇ ਗੱਲ ਕਰਦਿਆਂ ਕਿਹਾ ਕਿ ਕਿਤਾਬ ਛਪਣ ਤੋਂ ਪਹਿਲਾਂ ਇਸ ਤਰ੍ਹਾਂ ਦੇ ਉਪਰਾਲੇ ਮਹੱਤਵਪੂਰਨ ਨੇ। ਉਹਨਾਂ ਨੇ ਸਾਰੀ ਚਰਚਾ ਨੂੰ ਮੁੱਲਵਾਨ ਦੱਸਿਆ। ਸੁਮਨ ਹੋਰਾਂ ਦੀ ਗੀਤਕਾਰੀ ਬਾਰੇ ਗੱਲ ਕਰਦਿਆਂ ਉਹਨਾਂ ਵਿਚਾਰ ਸਾਂਝੇ ਕੀਤੇ ਕਿ ਸੁਮਨ ਹੋਰਾਂ ਨੂੰ ਗੀਤ ਦੇ ਜ਼ਿਆਦਾ 'ਬੰਦ' ਨਹੀਂ ਲਿਖਣੇ ਚਾਹੀਦੇ, ਇਕ ਗੀਤ ਵਿਚ ਚਾਰ ਬੰਦ ਬਹੁਤ ਹੁੰਦੇ ਨੇ।ਉਹਨਾਂ ਸੁਰਜੀਤ ਹੋਰਾਂ ਨੂੰ ਸਹਿਜ ਹੋਣ ਬਾਰੇ ਸਲਾਹ ਦਿੱਤੀ।ਇਸ ਸਾਰੇ ਸਮਾਗਮ ਦਾ ਸੰਚਾਲਨ ਸਵਪਨ ਫਾਊਂਡੇਸ਼ਨ, ਪਟਿਆਲਾ ਦੇ ਜਨਰਲ ਸਕੱਤਰ ਤੇ ਸ਼ਾਇਰ, ਵਾਰਤਕਕਾਰ ਜਗਦੀਪ ਸਿੱਧੂ ਨੇ ਬਾਖੂਬੀ ਕੀਤਾ। ਇਸ ਸਮਾਰੋਹ ਵਿਚ ਉੱਘੇ ਸ਼ਾਇਰ ਸੁਰਿੰਦਰ ਗਿੱਲ, ਚੇਤਨਾ ਗਿੱਲ, ਸ਼ਾਇਰ ਸਿਮਰਨ, ਗੁਰਦੇਵ ਸਿੰਘ, ਗੁਰਦੀਪ ਸਿੰਘ, ਜੇ. ਐਸ ਮਹਿਰਾ, ਇੰਦਰਜੀਤ ਪ੍ਰੇਮੀ,ਕਹਾਣੀਕਾਰ ਬਲੀਜੀਤ,ਕਹਾਣੀਕਾਰ ਸਰੂਪ ਸਿਆਲਵੀ ਆਦਿ ਨੇ ਸ਼ਮੂਲੀਅਤ ਕੀਤੀ।

# 'ਜਜ਼ਬਾਤਾਂ ਦੇ ਰਾਹ' ਪੁਸਤਕ ਲੋਕ ਅਰਪਣ



**ਕੋਟ ਈਸੇ ਖਾਂ**-ਸਥਾਨਕ ਸਾਹਿਤਕ ਸੰਸਥਾ ਨਵ-ਪੰਜਾਬੀ ਸਾਹਿਤ ਸਭਾ ਦੀ ਮਹੀਨਾਵਾਰ ਮੀਟਿੰਗ ਮਾਸਟਰ ਸ਼ਮਸ਼ੇਰ ਸਿੰਘ ਦੀ ਪ੍ਰਧਾਨਗੀ ਹੇਠ ਸਰਕਾਰੀ ਹਾਈ ਸਕੂਲ ਜ਼ੀਰਾ ਰੋਡ ਵਿਖੇ ਹੋਈ। ਇਸ ਮੀਟਿੰਗ ਦੀ ਕਾਰਵਾਈ ਸੰਬੰਧੀ ਸਕੱਤਰ ਵਿਵੇਕ ਕੋਟ ਈਸੇ ਖਾਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੀਟਿੰਗ ਗੀਤਕਾਰ ਖੁਸ਼ਹਾਲ ਘਲੋਟੀ ਜੋ ਕਿ ਸਭਾ ਦੇ ਸਰਪ੍ਰਸਤ ਸਨ, ਅਚਾਨਕ ਸੰਖੇਪ ਬਿਮਾਰੀ ਨਾਲ ਵਿਛੋੜਾ ਦੇ ਗਏ ਸਨ, ਨੂੰ ਸਮਰਪਿਤ ਕੀਤੀ ਗਈ ਅਤੇ ਉਹਨਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਦੋ ਪੜਾਵਾਂ ਵਿੱਚ ਚੱਲੀ ਇਸ ਬੈਠਕ ਵਿਚ ਪਹਿਲੇ ਪੜਾਅ ਵਿੱਚ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਜੀਵਨ ਸਿੰਘ ਹਾਣੀ, ਸ਼ਮਸ਼ੇਰ ਸਿੰਘ, ਗੁਰਦੀਪ ਸਿੰਘ ਖਿੰਡਾ, ਵਿਵੇਕ, ਰਾਮਪਾਲ ਗਿੱਲ, ਜਗਜੀਤ ਸਿੰਘ ਝਤਰਾ, ਸੁਖਰਾਜ ਜ਼ੀਰਾ, ਅਮਰਜੀਤ ਸਿੰਘ ਸਨੇਰ੍ਹਵੀ, ਸੁਖਬੀਰ ਮੁਹੱਬਤ, ਜਸਵੰਤ ਕੜਿਆਲ, ਹਰੀ ਦਾਸ ਚੌਹਾਨ, ਸ਼ੁੱਭਮ ਚੌਹਾਨ, ਖੇਤਪਾਲ ਸਿੰਘ, ਮੈਡਮ ਰਮਨਦੀਪ ਕੌਰ, ਦੀਪ ਜ਼ੀਰਵੀ, ਦਲਜੀਤ ਸਿੰਘ, ਗੁਰਪ੍ਰੀਤ ਸਿੰਘ, ਮੈਡਮ ਸੁਖਵਿੰਦਰ ਕੌਰ, ਸੰਤੋਖ ਸਿੰਘ, ਪਵਨ ਕੁਮਾਰ, ਸਿਮਰਨਪ੍ਰੀਤ ਸਿੰਘ ਆਦਿ ਨੇ ਰਚਨਾਵਾਂ ਸੁਣਾਈਆਂ, ਜਿਨ੍ਹਾਂ 'ਤੇ ਵਿਚਾਰ-ਚਰਚਾ ਹੋਈ। ਗੁਰਦੀਪ ਸਿੰਘ ਖਿੰਡਾ ਨੇ ਵਿੱਛੜੇ ਸਾਥੀ ਖੁਸ਼ਹਾਲ ਘਲੋਟੀ ਦੀਆਂ ਸਭਾ ਨੂੰ ਦਿੱਤੀਆਂ ਸੇਵਾਵਾਂ ਨੂੰ ਯਾਦ ਕੀਤਾ। ਅਗਲੇ ਪੜਾਅ ਵਿੱਚ ਸੰਪਾਦਿਤ ਪੁਸਤਕ 'ਜਜ਼ਬਾਤਾਂ ਦੇ ਰਾਹ' (ਕਾਵਿ ਸੰਗ੍ਰਹਿ) ਬਾਰੇ ਪ੍ਰਧਾਨ ਸ਼ਮਸ਼ੇਰ ਸਿੰਘ ਨੇ ਵਿਚਾਰ ਪੇਸ਼ ਕਰਦਿਆਂ ਰਾਮਪਾਲ ਗਿੱਲ, ਮੈਡਮ ਰਮਨਦੀਪ ਕੌਰ, ਮੈਡਮ ਸੁਖਵਿੰਦਰ ਕੌਰ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਇਹ ਪੁਸਤਕ ਹੋਂਦ ਵਿੱਚ ਆਈ। ਅੱਜ ਦਾ ਇਹ ਲੋਕ ਅਰਪਣ ਸਮਾਗਮ ਰਚਾਇਆ ਗਿਆ ਹੈ। ਅੰਤ ਵਿੱਚ ਸਮੁੱਚੀ ਕਾਰਜਕਾਰਨੀ ਅਤੇ ਅਹੁਦੇਦਾਰਾਂ ਨੇ ਪੁਸਤਕ ਲੋਕ ਅਰਪਣ ਕਰਨ ਦੀ ਰਸਮ ਨਿਭਾਈ ਅਤੇ ਸੰਗ੍ਰਹਿ ਵਿਚ ਸ਼ਾਮਲ ਕਵੀਆਂ ਨੂੰ ਵਧਾਈ ਪੇਸ਼ ਕੀਤੀ।

# ਆਪਸੀ ਰਿਸ਼ਤਿਆਂ ਦੀ ਮਿਠਾਸ ਨੂੰ ਗੂੜ੍ਹਾ ਕਰਦਾ ਪੰਜਾਬੀ ਲਿਖਾਰੀ ਸਭਾ ਸਿਆਟਲ ਦਾ ਪਲੇਠਾ ਕਦਮ



**ਸਿਆਟਲ**-ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਦੀ ਅਗਲੇ ਦੋ ਸਾਲਾਂ ਲਈ ਨਵੀਂ ਚੁਣੀ ਗਈ ਕਮੇਟੀ ਨੇ ਆਪਣੇ ਬਹੁਪੱਖੀ ਉਦੇਸ਼ਾਂ ਵਿਸ਼ੇਸ਼ ਕਰਕੇ ਸਾਹਿਤਕ ਉਦੇਸ਼ਾਂ ਦੀ ਪੂਰਤੀ ਲਈ ਸਭਾ ਦੇ ਨਵੇਂ ਬਣੇ ਪ੍ਰਧਾਨ ਪ੍ਰਿਤਪਾਲ ਸਿੰਘ ਟਿਵਾਣਾ ਦੇ ਗ੍ਰਹਿ ਵਿਖੇ ਸ਼ੁੱਭ ਆਰੰਭ ਕਰਦਿਆਂ ਸਭਾ ਦੇ ਸਰਪ੍ਰਸਤ ਸ਼ੰਗਾਰ ਸਿੰਘ ਸਿੱਧੂ ਦੀ ਪ੍ਰਧਾਨਗੀ ਵਿੱਚ ਸਾਹਿਤਕ ਮੀਟਿੰਗ ਕੀਤੀ।ਮੀਟਿੰਗ ਦਾ ਆਗਾਜ਼ ਕਰਦਿਆਂ ਸਾਬਕਾ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਸਭਾ ਦੀਆਂ ਨਿਰੰਤਰ ਹੋਈਆਂ ਗਤੀਵਿਧੀਆਂ ਅਤੇ ਸਮੇਂ-ਸਮੇਂ 'ਤੇ ਸਭਾ ਦੇ ਸਨਮੁੱਖ ਹੋਏ ਉਤਰਾਅ-ਚੜ੍ਹਾਅ ਦੀ ਪੰਛੀ ਝਾਤ ਪਾਈ। ਸਭਾ ਦੇ ਨਵੇਂ ਬਣੇ ਜਨਰਲ ਸਕੱਤਰ ਜਗੀਰ ਸਿੰਘ ਨੇ ਨਵੀਂ ਸਭਾ ਦੇ ਪਹਿਲੇ ਸਾਹਿਤਕ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਕਵੀ-ਸਾਹਿਤਕਾਰਾਂ, ਸ਼ੰਗਾਰ ਸਿੰਘ ਸਿੱਧੂ (ਸਰਪ੍ਰਸਤ), ਬਲਬੀਰ ਸਿੰਘ ਲਹਿਰਾ (ਵਾਈਸ ਪ੍ਰਧਾਨ), ਹਰਕੀਰਤ ਕੌਰ ਬਠਿੰਡਾ, ਸਾਧੂ ਸਿੰਘ ਝੱਜ (ਸਹਾਇਕ ਸਕੱਤਰ), ਮੰਗਤ ਕੁਲਜਿੰਦ (ਪ੍ਰੈੱਸ ਸਕੱਤਰ), ਮਲਕੀਤ ਸਿੰਘ ਗਿੱਲ (ਸਹਾਇਕ ਪ੍ਰੈੱਸ ਸਕੱਤਰ), ਪਰਮਿੰਦਰ ਸਿੰਘ ਟਿਵਾਣਾ, ਗੁਰਮੁਖ ਸਿੰਘ ਮਲਸੀਆਂ ਅਤੇ ਜਗੀਰ ਸਿੰਘ ਖੁਦ ਨੇ ਵੱਖ-ਵੱਖ ਰੰਗਾਂ ਦੇ ਗੀਤ, ਕਵਿਤਾਵਾਂ ਪੇਸ਼ ਕੀਤੇ। ਵਿਦਵਾਨ ਅਰਥ ਸ਼ਾਸ਼ਤਰੀ ਡਾ. ਸੁੱਚਾ ਸਿੰਘ ਗਿੱਲ (ਸਲਾਹਕਾਰ), ਜੰਗਪਾਲ ਸਿੰਘ ਕੋਟਕਪੂਰਾ (ਸਲਾਹਕਾਰ) ਅਤੇ ਹੋਣਹਾਰ ਲੇਖਕ ਬਲਜਿੰਦਰ ਸਿੰਘ ਨੇ ਸਮਾਜ ਨੂੰ ਸੇਧ ਦੇਣ ਵਾਲੇ ਵਿਚਾਰ ਸਾਂਝੇ ਕੀਤੇ। ਲਾਲੀ ਸੰਧੂ, ਰਣਜੀਤ ਸਿੰਘ ਮੱਲ੍ਹੀ, ਸੁਖਦਰਸ਼ਨ ਸਿੰਘ, ਚਰਨਜੀਤ ਸਿੰਘ ਅਤੇ ਕੰਵਲਜੀਤ ਸਿੰਘ ਬਤਰਾ ਨੇ ਨਵੀਂ ਚੁਣੀ ਗਈ ਕਮੇਟੀ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।

# ਸੁਰਿੰਦਰਪ੍ਰੀਤ ਘਣੀਆਂ ਨਾਲ ਰੂ-ਬ-ਰੂ



**ਬਰੈਂਪਟਨ**-ਕੈਨੇਡੀਅਨ ਪੰਜਾਬੀ ਸਾਹਿਤ ਸਭਾ, ਟੋਰਾਂਟੋ ਵੱਲੋਂ ਇੱਥੇ ਪ੍ਰਸਿੱਧ ਕਵਿੱਤਰੀ ਸੁਰਿੰਦਰਜੀਤ ਕੌਰ ਗਿੱਲ ਦੇ ਗ੍ਰਹਿ ਵਿਖੇ ਉੱਘੇ ਗ਼ਜ਼ਲਗੋ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਸੁਰਿੰਦਰਪ੍ਰੀਤ ਘਣੀਆ ਨਾਲ ਦਿਲਚਸਪ ਅਤੇ ਭਾਵਪੂਰਤ ਰੂਬਰੂ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਸਭਾ ਵੱਲੋਂ ਸ੍ਰੀ ਘਣੀਆਂ ਦੇ ਸਾਹਿਤਕ ਅਤੇ ਜਥੇਬੰਦਕ ਯੋਗਦਾਨ ਬਦਲੇ ਉਹਨਾਂ ਦਾ ਸਨਮਾਨ ਵੀ ਕੀਤਾ ਗਿਆ। ਸਮਾਗਮ ਦੇ ਆਰੰਭ ਵਿੱਚ ਸ਼ਾਇਰ ਮਲੂਕ ਸਿੰਘ ਕਾਹਲੋਂ ਨੇ ਮੰਚ ਸੰਚਾਲਨ ਕਰਦਿਆਂ ਘਣੀਆਂ ਦੀ ਜਾਣ-ਪਛਾਣ ਕਰਾਉਂਦਿਆਂ ਦੱਸਿਆ ਕਿ ਸੁਰਿੰਦਰਪ੍ਰੀਤ ਘਣੀਆਂ ਇੱਕ ਨਾਮਵਰ ਸ਼ਾਇਰ ਹਨ। ਇਸ ਉਪਰੰਤ ਸੁਰਿੰਦਰਪ੍ਰੀਤ ਘਣੀਆਂ ਨੇ ਹਾਜ਼ਰੀਨ ਦੇ ਰੂਬਰੂ ਹੁੰਦਿਆਂ ਆਪਣੇ ਜੀਵਨ ਸੰਘਰਸ਼, ਤਜਰਬੇ, ਪੜ੍ਹਾਈ-ਲਿਖਾਈ, ਨੌਕਰੀ, ਸਾਹਿਤਕ ਸਫ਼ਰ ਅਤੇ ਸਿਰਜਣ ਪ੍ਰਕਿਰਿਆ ਬਾਰੇ ਬੋਲਦਿਆਂ ਕਿਹਾ ਕਿ ਉਸ ਨੇ ਆਪਣੇ ਸ਼ਾਇਰ ਚਾਚਾ ਕੈਪਟਨ ਪ੍ਰੀਤਮ ਸਿੰਘ ਲਹਿਰੀ ਤੋਂ ਪ੍ਰੇਰਿਤ ਹੁੰਦਿਆਂ ਲਿਖਣਾ ਸ਼ੁਰੂ ਕੀਤਾ। ਪੰਜਾਬੀ ਸਾਹਿਤ ਸਭਾ ਜੈਤੋ ਨਾਲ ਜੁੜ ਕੇ ਉਸਤਾਦ ਦੀਪਕ ਜੈਤੋਈ ਸਾਹਿਬ ਅਤੇ ਪ੍ਰਸਿੱਧ ਨਾਵਲਕਾਰ ਪ੍ਰੋਫੈਸਰ ਗੁਰਦਿਆਲ ਸਿੰਘ ਦੀ ਛਤਰ-ਛਾਇਆ ਹੇਠ ਸਾਹਿਤ ਦਾ ਅਸਲ ਮਨੋਰਥ ਸਮਝਦਿਆਂ ਸੁਚੇਤ ਪੱਧਰ 'ਤੇ ਸਾਹਿਤ ਸਿਰਜਣਾ ਕੀਤੀ। ਸਵਾਲਾਂ ਦੇ ਜਵਾਬ ਦਿੰਦਿਆਂ ਸ੍ਰੀ ਘਣੀਆਂ ਨੇ ਕਿਹਾ ਕਿ ਸਾਹਿਤ ਦਾ ਮਨੋਰਥ ਦੁੱਖ-ਸੁੱਖ ਦੀ ਸਾਂਝ ਪੈਦਾ ਕਰਨਾ ਅਤੇ ਮਨੁੱਖ ਨੂੰ ਸੰਵੇਦਨਸ਼ੀਲ ਬਣਾਉਣਾ ਹੈ। ਸਮਾਗਮ ਦੇ ਅਖੀਰ ਵਿੱਚ ਸੇਵਾ-ਮੁਕਤ ਜ਼ਿਲ੍ਹਾ ਭਾਸ਼ਾ ਅਫਸਰ, ਪਟਿਆਲਾ ਅਤੇ ਸਭਾ ਦੇ ਸਰਪ੍ਰਸਤ ਬਲਰਾਜ ਸਿੰਘ ਚੀਮਾ ਨੇ ਸਮਾਗਮ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਅੱਜ ਦਾ ਸਮਾਗਮ ਬੇਹੱਦ ਪ੍ਰਭਾਵਸ਼ਾਲੀ ਰਿਹਾ। ਸਮਾਗਮ ਦੇ ਅਖੀਰ ਵਿੱਚ ਕੈਨੇਡੀਅਨ ਸਾਹਿਤ ਸਭਾ ਅਤੇ ਵਿਸ਼ਵ ਪੰਜਾਬੀ ਸਾਹਿਤਕ ਸਾਂਝਾ ਸਭਾ ਦੀ ਚੇਅਰਮੈਨ ਰਮਿੰਦਰ ਵਾਲੀਆ ਵੱਲੋਂ ਮਹਿਮਾਨ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ।

# ਡਾ. ਤੇਜਵੰਤ ਸਿੰਘ ਗਿੱਲ ਵੱਲੋਂ ਆਪਣੀਆਂ ਕਿਤਾਬਾਂ ਲਾਇਬ੍ਰੇਰੀ ਨੂੰ ਭੇਟ

**ਲੁਧਿਆਣਾ**-ਪ੍ਰੋ. ਡਾ. ਤੇਜਵੰਤ ਸਿੰਘ ਗਿੱਲ ਹੁਣ ਜ਼ਿਆਦਾਤਰ ਅਮਰੀਕਾ ਵਿੱਚ ਰਹਿੰਦੇ ਹਨ, ਪਰ 2021 ਤੋਂ ਭਾਰਤੀ ਸਾਹਿਤ ਅਕਾਦਮੀ ਦੇ ਜੀਵਨਕਾਲ ਫੈਲੋ ਹਨ, ਇੱਕ ਦੁਰਲੱਭ ਸਨਮਾਨ ਹੈ, ਜੋ 1950 ਦੇ ਦਹਾਕੇ ਵਿੱਚ ਐੱਸ ਸੀ ਡੀ ਸਰਕਾਰੀ ਕਾਲਜ, ਲੁਧਿਆਣਾ ਦੇ ਸਾਬਕਾ ਵਿਦਿਆਰਥੀ ਰਹੇ ਹਨ ਅਤੇ ਬਾਅਦ ਵਿੱਚ ਜੀ ਐੱਨ ਡੀ ਯੂ ਜਾਣ ਤੋਂ ਪਹਿਲਾਂ ਕੁਝ ਸਾਲਾਂ ਲਈ ਪੜ੍ਹਾਇਆ ਵੀ ਸੀ। 55 ਸਾਲਾਂ ਬਾਅਦ ਆਪਣੇ ਅਲਮਾ ਮੇਟਰ 'ਤੇ ਦੁਬਾਰਾ ਪਹੁੰਚੇ।

ਇਸ ਮੌਕੇ ਉਨ੍ਹਾਂ ਨੇ ਆਪਣੇ ਅਤੇ ਉਨ੍ਹਾਂ ਦੀ ਪਤਨੀ ਮਨਜੀਤਪਾਲ ਕੌਰ ਦੁਆਰਾ ਲਿਖੀਆਂ ਕਿਤਾਬਾਂ ਭੇਟ ਕੀਤੀਆਂ, ਜੋ ਹੁਣ ਨਹੀਂ ਰਹੇ, ਪਰ ਇੱਥੇ ਇੱਕ ਸਾਬਕਾ ਵਿਦਿਆਰਥੀ ਸਨ। ਇਸ ਮੌਕੇ ਡਾ. ਗਿੱਲ ਦੇ ਕੁਝ ਵਿਦਿਆਰਥੀ ਵਿਸ਼ੇਸ਼ ਤੌਰ 'ਤੇ ਉਨ੍ਹਾਂ ਨੂੰ ਕਾਲਜ ਵਿੱਚ ਮਿਲਣ ਲਈ ਆਏ। ਪ੍ਰਿੰਸੀਪਲ ਡਾ. ਗੁਰਸ਼ਰਨ ਸਿੰਘ ਸੰਧੂ ਨੇ ਪ੍ਰੋ. ਅਮਿਤਾ ਥਮਨ ਐੱਚ ਓ ਡੀ ਅੰਗਰੇਜ਼ੀ ਵਿਭਾਗ ਸਮੇਤ ਕੁਝ ਕਾਲਜ ਅਧਿਆਪਕਾਂ ਦੀ ਮੌਜੂਦਗੀ ਵਿੱਚ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। 1970 ਦੇ ਦਹਾਕੇ ਦੇ ਸ਼ੁਰੂ ਵਿੱਚ ਇੱਥੇ ਪ੍ਰੋਫੈਸਰ ਗਿੱਲ ਦੇ ਵਿਦਿਆਰਥੀ ਓ.ਪੀ. ਵਰਮਾ ਅਤੇ ਦਲਬੀਰ ਮੌਲੀ ਨੇ ਆਪਣੀ ਕਲਾਸ ਦੀਆਂ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕੀਤਾ। ਇਸ ਫੇਰੀ ਨੂੰ ਐਲੂਮਨੀ ਐਸੋਸੀਏਸ਼ਨ ਦੇ ਪ੍ਰਬੰਧਕੀ ਸਕੱਤਰ ਬ੍ਰਿਜ ਭੂਸ਼ਣ ਗੋਇਲ, ਜੋ ਕਾਲਜ ਲਾਇਬ੍ਰੇਰੀ ਲਈ ਆਪਣੀਆਂ ਕਿਤਾਬਾਂ ਪ੍ਰਾਪਤ ਕਰਨ ਲਈ ਡਾ. ਗਿੱਲ ਨਾਲ ਸੰਪਰਕ ਵਿੱਚ ਰਹੇ ਹਨ, ਦੁਆਰਾ ਸੁਵਿਧਾਜਨਕ ਬਣਾਇਆ ਗਿਆ ਸੀ। ਜਦੋਂ ਪ੍ਰੋਫੈਸਰ ਗਿੱਲ ਨੂੰ ਪੁੱਛਿਆ ਗਿਆ ਕਿ ਉਹ ਕਿਹੜੇ ਸਮੇਂ ਵਿੱਚ ਜ਼ਿਆਦਾ ਆਨੰਦ ਮਾਣਦੇ ਸਨ, ਭਾਵੇਂ ਇੱਕ ਵਿਦਿਆਰਥੀ ਜਾਂ ਅਧਿਆਪਕ ਵਜੋਂ, ਤਾਂ ਉਸ ਨੇ ਕਿਹਾ, ਉਸ ਨੂੰ ਇੱਥੇ ਬਿਤਾਏ ਵਿਦਿਆਰਥੀਆਂ ਦੇ ਦਿਨ ਜ਼ਿਆਦਾ ਯਾਦ ਹਨ। ਗਿੱਲ 1959 ਵਿੱਚ ਕਾਲਜ ਮੈਗਜ਼ੀਨ ਦੇ ਅੰਗਰੇਜ਼ੀ ਭਾਗ ਦੇ ਸੰਪਾਦਕ ਸਨ। ਇੱਕ ਹੋਰ ਸੁਹਾਵਣਾ ਪਲ ਉਦੋਂ ਸੀ, ਜਦੋਂ ਗੋਇਲ ਨੇ 1980 ਦੇ ਦਹਾਕੇ ਦੇ ਸਵਰਗੀ ਪ੍ਰੋਫੈਸਰ ਐੱਨ.ਕੇ. ਕਾਲੀਆ ਦੁਆਰਾ ਤਿਆਰ ਕੀਤੇ ਗਏ ਕਈ ਅੰਗਰੇਜ਼ੀ ਲੇਖਕਾਂ ਬਾਰੇ ਕੀਮਤੀ ਐੱਮ.ਏ. ਅੰਗਰੇਜ਼ੀ ਨੋਟਿਸ ਦੀ ਇੱਕ ਵੱਡੀ ਖੰਡ ਸੌਂਪੀ, ਜੋ ਉਨ੍ਹਾਂ ਦੀ ਪਤਨੀ ਪ੍ਰੋਫੈਸਰ ਕਮਲੇਸ਼ ਕਾਲੀਆ ਦੁਆਰਾ ਭੇਜੇ ਗਏ ਸਨ।

# ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਪੰਜਾਬ ਸਰਕਾਰ ਦੀ ਪੰਜਾਬੀ ਭਾਸ਼ਾ ਦੀ ਅਣਗਹਿਲੀ ਤੇ ਅਣਦੇਖੀ ਖ਼ਿਲਾਫ ਲਿਖੀ ਚਿੱਠੀ

**ਲੁਧਿਆਣਾ**-ਪੰਜਾਬ ਸਰਕਾਰ ਵਲੋਂ ਬਣਾਈ ਗਈ ਆਊਟਸਟੈਂਡਿੰਗ ਸਪੋਰਟਸ ਪਰਸੋਨਲ 2024 ਪਾਲਿਸੀ ਅਨੁਸਾਰ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ, ਪੰਜਾਬ ਵਿਚ 26-5-2025 ਨੂੰ 38 ਕੋਚ ਗਰੁੱਪ ਬੀ ਅਤੇ ਸੀ ਸ਼੍ਰੇਣੀ ਵਿੱਚ ਨਿਯੁਕਤ ਕੀਤੇ ਗਏ ਹਨ। ਪੰਜਾਬ ਸਰਕਾਰ ਨੂੰ ਇਸ ਗੱਲ ਦੀ ਵਧਾਈ ਹੈ ਕਿ ਉਹ ਪੰਜਾਬ ਦੇ ਨੌਜਵਾਨਾਂ ਦੇ ਰੁਜ਼ਗਾਰ ਪ੍ਰਤੀ ਲਗਾਤਾਰ ਕੰਮ ਕਰ ਰਹੀ ਹੈ। ਪਰੰਤੂ ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਦੀ ਅਣਗਹਿਲੀ ਅਤੇ ਅਣਦੇਖੀ ਲਗਾਤਾਰ ਕਰ ਰਹੀ ਹੈ। ਖੇਡ ਅਤੇ ਯੁਵਕ ਸੇਵਾਵਾਂ ਵਿਭਾਗ ਵਿੱਚ ਰੱਖੇ ਗਏ 38 ਕੋਚ ਬਿਨਾਂ ਪੰਜਾਬੀ ਭਾਸ਼ਾ ਦਾ ਪੇਪਰ ਪਾਸ ਕੀਤਿਆਂ ਨਿਯੁਕਤ ਕਰ ਦਿੱਤੇ ਗਏ ਹਨ। ਇਹ ਨਿਯੁਕਤੀ ਪੰਜਾਬ ਸਿਵਲ ਸਰਵਿਸਿਜ਼ ਦੇ ਨਿਯਮਾਂ ਦੇ ਬਿਲਕੁਲ ਖਿਲਾਫ ਹੈ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀ. ਮੀਤ ਪ੍ਰਧਾਨ ਡਾ. ਪਾਲ ਕੌਰ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਨੋਟ ਕੀਤਾ ਕਿ ਪਹਿਲਾਂ ਵੀ ਸਰਕਾਰ ਦਾ ਇਹ ਰਵੱਈਆ ਜਾਂ ਅਫ਼ਸਰਸ਼ਾਹੀ ਵੱਲੋਂ ਕੀਤੀ ਨਿਯਮਾਂ ਦੀ ਅਣਦੇਖੀ ਹੋ ਚੁੱਕੀ ਹੈ। ਭਾਸ਼ਾ ਦੇ ਮਸਲਿਆਂ 'ਤੇ ਮੁੱਖ ਮੰਤਰੀ ਨੂੰ ਮੀਟਿੰਗ ਲਈ ਸਮਾਂ ਦੇਣ ਦੀ ਵੀ ਮੰਗ ਕੀਤੀ ਜਾ ਚੁੱਕੀ ਹੈ। ਉਪਰੋਕਤ ਕੁਤਾਹੀ ਨੂੰ ਇਸੇ ਰੌਸ਼ਨੀ ਵਿੱਚ ਦੇਖਿਆ ਜਾ ਸਕਦਾ ਹੈ। ਅਕਾਡਮੀ ਦਾ ਸਮੁੱਚਾ ਪ੍ਰਬੰਧਕੀ ਬੋਰਡ ਇਸ ਦੀ ਨਿੰਦਾ ਕਰਦਾ ਹੈ, ਜਿਸ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਸੁਰਿੰਦਰ ਕੈਲੇ, ਜਨਮੇਜਾ ਸਿੰਘ ਜੌਹਲ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਡਾ. ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਵਰਗਿਸ ਸਲਾਮਤ, ਪ੍ਰੋ. ਸਰਘੀ, ਕਰਮਜੀਤ ਸਿੰਘ ਗਰੇਵਾਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਪ੍ਰੇਮ ਸਾਹਿਲ ਅਤੇ ਸਮੂਹ ਮੈਂਬਰ ਸ਼ਾਮਲ ਹਨ। ਸੋ ਸਰਕਾਰ ਦੀ ਮਾਤ ਭਾਸ਼ਾ ਪ੍ਰਤੀ ਸੁਹਿਰਦ ਨੀਤੀ ਦੀ ਆਸ ਕਰਦੇ ਹਾਂ ਅਤੇ ਇਸ ਸੰਬੰਧੀ ਦੁਬਾਰਾ ਫਿਰ ਲਿਖ ਕੇ ਮੰਗ ਕਰਦੇ ਹਾਂ। ਚਿੱਠੀ ਦਾ ਉਤਾਰਾ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ, ਪੰਜਾਬ ਅਤੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਨੂੰ ਭੇਜਿਆ ਗਿਆ ਹੈ।

# ਮਨਰਾਜਦੀਪ ਦੀ ਪੁਸਤਕ ਲੋਕ ਅਰਪਣ ਤੇ ਜਸਵੰਤ ਸਮਾਲਸਰ ਦਾ ਸਨਮਾਨ

**ਮੋਗਾ**-ਮਹਿੰਦਰ ਸਾਥੀ ਯਾਦਗਾਰੀ ਮੰਚ ਮੋਗਾ ਵੱਲੋਂ ਨੌਜਵਾਨ ਕਵਿੱਤਰੀ ਮਨਰਾਜਦੀਪ ਦੀ ਪਲੇਠੀ ਅੰਗਰੇਜ਼ੀ ਕਾਵਿ ਪੁਸਤਕ "ਫਰੈਗਮੈਂਟਡ ਫੀਲਿੰਗਜ਼" ਲੋਕ ਅਰਪਣ ਲਈ ਕਰਵ ਇਮੀਗ੍ਰੇਸ਼ਨ ਸੈਂਟਰ ਮੋਗਾ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਪੁਸਤਕ ਰਿਲੀਜ਼ ਕਰਨ ਤੋਂ ਪਹਿਲਾਂ ਕਵਿੱਤਰੀ ਬਾਰੇ ਜਾਣਕਾਰੀ ਦਿੰਦਿਆਂ ਮੰਚ ਦੀ ਸੀਨੀਅਰ ਮੀਤ ਪ੍ਰਧਾਨ ਅਮਰਪ੍ਰੀਤ ਕੌਰ ਸੰਘਾ ਨੇ ਦੱਸਿਆ ਕਿ ਮਨਰਾਜਦੀਪ ਸੀ ਟੀ ਯੂਨੀਵਰਸਿਟੀ ਦੀ ਵਿਦਿਆਰਥਣ ਹੈ। ਪੁਸਤਕ ਲੋਕ ਅਰਪਣ ਉਪਰੰਤ ਮੰਚ ਦੇ ਸਰਪ੍ਰਸਤ ਗੁਰਮੀਤ ਕੜਿਆਲਵੀ ਨੇ ਕਿਹਾ ਕਿ ਮਨਰਾਜਦੀਪ ਮਨੁੱਖ ਦੀਆਂ ਖੰਡਿਤ ਭਾਵਨਾਵਾਂ ਨੂੰ ਚਿਤ੍ਰਣ ਵਾਲੀ ਸੂਖਮ ਸੁਰ ਦੀ ਕਵਿੱਤਰੀ ਹੈ, ਜਿਸ ਅੰਦਰ ਅਸੀਮ ਸੰਭਾਵਨਾਵਾਂ ਹਨ। ਉੱਘੇ ਆਲੋਚਕ ਡਾਕਟਰ ਸੁਰਜੀਤ ਬਰਾੜ ਨੇ ਕਿਹਾ ਕਿ ਮਨਰਾਜਦੀਪ ਦਾ ਨਜ਼ਰੀਆ ਬੜਾ ਸਾਫ ਤੇ ਸਪੱਸ਼ਟ ਹੈ। ਉਹ ਜ਼ਿੰਦਗੀ ਪ੍ਰਤੀ ਹਾਂ-ਪੱਖੀ ਹੈ। ਮੀਤ ਪ੍ਰਧਾਨ ਧਾਮੀ ਗਿੱਲ ਅਨੁਸਾਰ ਮਨਰਾਜਦੀਪ ਮਾਨਵੀ ਸੰਵੇਦਨਾ ਵਾਲੀ ਸ਼ਾਇਰਾ ਹੈ, ਜਿਸ ਕੋਲ ਕਾਵਿਕ ਭਾਸ਼ਾ ਤੇ ਖੂਬਸੂਰਤ ਕਾਵਿ ਮੁਹਾਵਰਾ ਹੈ। ਪੰਜਾਬੀ ਕਵੀ ਤੇ ਸੇਵਾ-ਮੁਕਤ ਅਧਿਆਪਕ ਸੁਰਜੀਤ ਕਾਲੇ ਕੇ ਨੇ ਵਿਸ਼ਵ ਸਾਹਿਤ ਦੇ ਹਵਾਲੇ ਨਾਲ ਮਨਰਾਜਦੀਪ ਦੀਆਂ ਕਵਿਤਾਵਾਂ ਦੀ ਪਰਖ-ਪੜਚੋਲ ਕੀਤੀ। ਮੰਚ ਦੇ ਪ੍ਰਧਾਨ ਨਵਨੀਤ ਸਿੰਘ ਸੇਖਾ ਨੇ ਕਿਹਾ ਕਿ ਮੰਚ ਮਨਰਾਜਦੀਪ ਵਰਗੀਆਂ ਨਵੀਆਂ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕਰਨ ਲਈ ਸਦਾ ਕਾਰਜਸ਼ੀਲ ਰਹੇਗਾ। ਸਮਾਗਮ ਦੇ ਦੂਜੇ ਦੌਰ ਵਿਚ ਹਾਜ਼ਰ ਕਵੀਆਂ ਨੇ ਆਪਣੀਆਂ ਰਚਨਾਵਾਂ ਦਾ ਪਾਠ ਕੀਤਾ। ਸਮਾਗਮ ਦੇ ਤੀਜੇ ਪੜਾਅ ਵਿੱਚ ਮੰਚ ਵੱਲੋਂ ਨੌਜਵਾਨ ਸ਼ਾਇਰ ਜਸਵੰਤ ਸਮਾਲਸਰ ਅਤੇ "ਫਰੈਗਮੈਂਟਡ ਫੀਲਿੰਗਜ਼" ਦੀ ਸਿਰਜਕ ਮਨਰਾਜਦੀਪ ਨੂੰ ਸਨਮਾਨਿਤ ਕੀਤਾ ਗਿਆ। ਜਸਵੰਤ ਸਮਾਲਸਰ ਦੀ ਸਾਹਿਤਕ ਸਿਰਜਣਾ ਬਾਰੇ ਚਰਨਜੀਤ ਸਮਾਲਸਰ ਨੇ ਸੰਖੇਪ ਜਾਣਕਾਰੀ ਦਿੱਤੀ। ਮੰਚ ਪ੍ਰਧਾਨ ਨਵਨੀਤ ਸਿੰਘ ਸੇਖਾ ਨੇ ਜਸਵੰਤ ਨੂੰ ਦੱਬੇ-ਲਿਤਾੜੇ ਲੋਕਾਂ ਦਾ ਸ਼ਾਇਰ ਕਿਹਾ। ਡਾ. ਸੁਰਜੀਤ ਬਰਾੜ ਨੇ ਜਸਵੰਤ ਗਿੱਲ ਨੂੰ ਲੋਕ-ਪੱਖੀ ਵਿਚਾਰਧਾਰਾ ਵਾਲਾ ਸ਼ਾਇਰ ਕਿਹਾ।



# ਪੰਜਾਬੀ ਕਹਾਣੀਧਾਰਾ ਸੈਮੀਨਾਰ 10 ਨੂੰ

**ਨਵਾਂਸ਼ਹਿਰ** : ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਇਕਾਈ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਵੱਲੋਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾਲ ਵੱਡੀ ਪੱਧਰ ਤੇ ਇਕ ਸੈਮੀਨਾਰ 10 ਅਗਸਤ, ਦਿਨ ਐਤਵਾਰ, ਸਵੇਰੇ 10 ਵਜੇ ਆਰ. ਕੇ. ਆਰੀਆ ਕਾਲਜ, ਨਵਾਂ ਸ਼ਹਿਰ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸੈਮੀਨਾਰ ਵਿੱਚ ਪੰਜਾਬੀ ਦੇ ਪ੍ਰਤੀਨਿੱਧ ਕਹਾਣੀਕਾਰ ਆਪਣੀ ਰਚਨਾ ਪ੍ਰਕਿਰਿਆ ਅਤੇ ਕਹਾਣੀ ਕਲਾ ਬਾਰੇ ਆਪਣੇ ਮੁੱਲਵਾਨ ਵਿਚਾਰ ਪੇਸ਼ ਕਰਨਗੇ। ਇਸ ਸੈਮੀਨਾਰ ਵਿੱਚ ਕਹਾਣੀਕਾਰ ਤ੍ਰਿਪਤਾ ਕੇ. ਸਿੰਘ, ਜਤਿੰਦਰ ਸਿੰਘ ਹਾਂਸ, ਬਲਬੀਰ ਪਰਵਾਨਾ, ਬਲਵਿੰਦਰ ਸਿੰਘ ਗਰੇਵਾਲ, ਭਗਵੰਤ ਰਸੂਲਪੁਰੀ, ਜਸਵੀਰ ਸਿੰਘ ਰਾਣਾ ਅਤੇ ਸਰਘੀ ਪੁੱਜ ਰਹੇ ਹਨ, ਜਿਨ੍ਹਾਂ ਦਾ ਪੰਜਾਬੀ ਕਹਾਣੀ ਵਿੱਚ ਵਿਸ਼ੇਸ਼ ਸਥਾਨ ਹੈ। ਮੁੱਖ ਵਕਤਾ ਦੇ ਤੌਰ 'ਤੇ ਡਾ. ਗੁਰਮੀਤ ਕੱਲਰ ਮਾਜਰੀ ਪੁੱਜਣਗੇ ਤੇ ਪ੍ਰਧਾਨਗੀ ਪ੍ਰੋ. ਸੁਖਦੇਵ ਸਿੰਘ ਸਿਰਸਾ, ਵਿਸ਼ੇਸ਼ ਮਹਿਮਾਨ ਪ੍ਰਿੰ. ਪੁਨੀਤ ਅਨੇਜਾ ਹੋਣਗੇ। ਇਹ ਸੈਮੀਨਾਰ ਪ੍ਰੋ. ਸੁਰਜੀਤ ਜੱਜ, ਡਾ. ਗੁਰਜੰਟ ਸਿੰਘ, ਡਾ. ਸਰਬਜੀਤ ਸਿੰਘ, ਗੁਲਜ਼ਾਰ ਸਿੰਘ ਪੰਧੇਰ, ਡਾ. ਪਾਲ ਕੌਰ, ਡਾ. ਬਲਬੀਰ ਕੌਰ ਰੀਹਲ ਤੇ ਤਲਵਿੰਦਰ ਸ਼ੇਰਗਿੱਲ ਦੀ ਸਾਂਝੀ ਟੀਮ ਕਰਵਾ ਰਹੀ ਹੈ।

# 'ਵਿਸ਼ਵ ਸ਼ਾਂਤੀ ਕਾਨਫਰੰਸ' ਅੱਜ

**ਲੁਧਿਆਣਾ** : ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ 3 ਅਗਸਤ ਸਵੇਰੇ 10 ਵਜੇ ਪੰਜਾਬੀ ਭਵਨ ਲੁਧਿਆਣਾ ਵਿਖੇ 'ਵਿਸ਼ਵ ਸ਼ਾਂਤੀ ਕਾਨਫਰੰਸ' ਕਰਵਾਈ ਜਾ ਰਹੀ ਹੈ, ਜਿਸ ਦੇ ਮੁੱਖ ਮਹਿਮਾਨ ਸਿਹਤ ਮੰਤਰੀ ਡਾ. ਬਲਬੀਰ ਸਿੰਘ ਤੇ ਮੁੱਖ ਬੁਲਾਰੇ ਡਾ. ਹਰੀਸ਼ਪੁਰੀ ਹੋਣਗੇ। ਪ੍ਰਧਾਨਗੀ ਡਾ. ਸੁਖਦੇਵ ਸਿਰਸਾ ਕਰਨਗੇ। ਕਾਨਫਰੰਸ ਦੇ ਕਨਵੀਨਰ ਡਾ. ਬਲਬੀਰ ਸ਼ਾਹ ਨੇ ਦੱਸਿਆ ਕਿ ਇਸ ਦੌਰਾਨ ਕਵੀ ਦਰਬਾਰ ਅਤੇ ਪ੍ਰੋਜੈਕਟਰ 'ਤੇ ਜੰਗ ਦੇ ਮੰਦੇ ਪ੍ਰਭਾਵਾਂ ਦੀ ਪੇਸ਼ਕਾਰੀ ਵੀ ਕੀਤੀ ਜਾਵੇਗੀ। ਕਾਨਫਰੰਸ 'ਚ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਜਨਰਲ ਸਕੱਤਰ ਗੁਲਜ਼ਾਰ ਪੰਧੇਰ ਵੀ ਪੁੱਜਣਗੇ।

# ਪਾਠਕਾਂ ਦੇ ਝਰੋਖੇ 'ਚੋਂ

## ਬਾਲ ਕੋਨਾ ਗੈਰ-ਹਾਜ਼ਰ

27 ਜੁਲਾਈ ਦੇ 'ਐਤਵਾਰਤਾ' ਵਿਚ ਡਾ. ਮਨਦੀਪ ਕੌਰ ਨੇ ਸੁਰਿੰਦਰ ਸ਼ੀਹਰਾ ਇੰਗਲੈਂਡ ਵਾਸੀ ਦੇ ਗ਼ਜ਼ਲ ਸੰਗ੍ਰਹਿ ਦੀਆਂ ਕੁਝ ਵਿਸ਼ੇਸ਼ਤਾਵਾਂ ਦਾ ਜ਼ਿਕਰ ਕੀਤਾ ਹੈ। ਗ਼ਜ਼ਲਾਂ ਦੇ ਕੁਝ ਤੱਤ ਸਮੀਖਿਆਕਾਰਾ ਨੇ ਪੇਸ਼ ਕੀਤੇ ਹਨ।ਪੰਜਾਬੀ ਗ਼ਜ਼ਲ ਇਸ ਵੇਲੇ ਉੱਚੇ ਮੁਕਾਮ 'ਤੇ ਹੈ।ਪੰਜਾਬੀ ਗ਼ਜ਼ਲ ਵਿਚ ਨਵੇਂ ਤਜਰਬੇ ਸ਼ਾਇਰ ਕਰ ਰਹੇ ਹਨ।ਅਸਲ ਵਿਚ ਗ਼ਜ਼ਲ ਦੇ ਵਿਸ਼ੇ ਬਦਲਦੇ ਸੱਭਿਆਚਾਰ ਦੇ ਅਨੁਸਾਰ ਢਲ ਰਹੇ ਹਨ। ਸ਼ੀਹਰਾ ਸਾਹਿਬ ਨੇ ਗ਼ਜ਼ਲ ਵਿਚ ਪਰਵਾਸੀ ਪੰਜਾਬੀਆਂ ਦੇ ਗੁੰਝਲਦਾਰ ਜੀਵਨ ਦੀਆਂ ਕਈ ਪਰਤਾਂ ਨੂੰ ਲਿਆ ਹੈ। ਡਾ. ਤੇਜਿੰਦਰ ਵਿਰਲੀ ਨੇ ਜਿਓ ਪੌਲਟਿਕਸ ਕਿਤਾਬ ਵਿੱਚ ਭਾਰਤੀ ਰਾਜਨੀਤੀ ਦੇ ਕਈ ਵੱਡੇ ਸਿਆਸਤਦਾਨਾਂ ਦੇ ਲੁਕਵੇਂ ਚਿਹਰੇ ਪੇਸ਼ ਕੀਤੇ ਹਨ। ਭਾਰਤੀ ਰਾਜਨੀਤੀ ਆਜ਼ਾਦੀ ਪਿੱਛੋਂ ਵਧੇਰੇ ਕਰਕੇ ਵਿਰੋਧੀਆਂ ਨੂੰ ਦਬਾਉਣ ਵਿਚ ਹੀ ਲੱਗੀ ਰਹੀ ਹੈ। ਇਹ ਟਰੈਂਡ ਅਜੇ ਤੱਕ ਚੱਲ ਰਿਹਾ ਹੈ। ਸਰਗਰਮੀਆਂ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ 'ਜੰਗਾਂ ਮਨੁੱਖਤਾ ਦਾ ਘਾਣ' ਵਿਸ਼ੇ 'ਤੇ ਕਰਾਈ ਗੋਸ਼ਟੀ ਦੀ ਰਿਪੋਰਟ ਬਹੁਤ ਚੰਗੀ ਲੱਗੀ। ਮਿੰਨੀ ਮੈਗਜ਼ੀਨ 'ਅਣੂ' ਦਾ ਲੋਕ ਅਰਪਣ ਡਾ. ਰਜਵੰਤ ਕੌਰ ਦਾ ਪਟਿਆਲਾ ਯੂਨੀਵਰਸਿਟੀ ਸੈਨੇਟਰ ਬਣਾਉਣ, ਕਹਾਣੀਕਾਰਾ ਕੇ ਤ੍ਰਿਪਤਾ ਸਿੰਘ ਦਾ ਸੇਵਾਮੁਕਤੀ 'ਤੇ ਸਨਮਾਨ ਦੀਆਂ ਰਿਪੋਰਟਾਂ ਗਹੁ ਨਾਲ ਪੜ੍ਹੀਆਂ। ਇਸ ਅੰਕ ਵਿਚ ਤ੍ਰੈਲੋਚਨ ਲੋਚੀ ਦੀਆਂ ਗ਼ਜ਼ਲਾਂ ਮਨ ਮੋਹ ਗਈਆਂ।ਲੋਚੀ ਸਾਡਾ ਉੱਘਾ ਸ਼ਾਇਰ ਹੈ। ਗੁਰਭਜਨ ਸਿੰਘ ਲਾਸਾਨੀ ਦੀ ਲੰਡਨ ਯਾਤਰਾ, ਡਾ. ਅਬਦੁਲ ਕਲਾਮ ਦਾ ਜੀਵਨ, ਹੀਰਾ ਸਿੰਘ ਤੂਤ ਦਾ ਬਚਪਨ ਨਿੰਮਾਂ, ਬੋਹੜਾਂ ਦੀਆਂ ਛਾਂਵਾਂ ਚਾਨਣੀਆਂ ਬਹੁਤ ਦਿਲਚਸਪ ਜ਼ਿਕਰ ਹੈ। ਅਕਾਲੀਆਂ ਬਾਰੇ ਭਾਜਪਾ ਦੀ ਚਾਲ ਖੋਜਮਈ ਬਿਰਤਾਂਤ ਹੈ।ਭਾਜਪਾ ਵਾਕਈ ਅਕਾਲੀਆਂ ਨੂੰ ਦੁਬਿਧਾ ਵਿਚ ਤੇ ਹਨੇਰੇ ਵਿਚ ਰੱਖ ਰਹੀ ਹੈ। ਨਵਾਂ ਜ਼ਮਾਨਾ ਦਾ ਬਾਕੀ ਮੈਟਰ ਵੀ ਚੰਗਾ ਲੱਗਾ, ਖਾਸ ਕਰਕੇ ਪਾਣੀ ਓ ਪਾਣੀ ਦੀ ਸਮੱਸਿਆ ਵਿਚ ਘਿਰਿਆ ਪੰਜਾਬ, ਕੋਟਲਾ ਨੌਧ ਸਿੰਘ ਦਾ ਗਦਰੀ ਬੀਬੀ ਗੁਲਾਬ ਕੌਰ ਦਾ ਜੀਵਨ, ਚੇਤਨਸ਼ੀਲ ਰਚਨਾਵਾਂ ਹਨ, ਪਰ ਇਸ ਵਾਰ ਬਾਲ ਕੋਨਾ ਗੈਰ ਹਾਜ਼ਰ ਰਿਹਾ। ਲੰਮੀਆਂ ਰਚਨਾਵਾਂ ਨੂੰ ਕਿਸ਼ਤਾਂ ਵਿਚ ਛਾਪ ਦਿਆ ਕਰੋ, ਪਰ ਬੱਚਿਆਂ ਨੂੰ ਨਰਾਜ਼ ਨਾ ਕਰਿਆ ਕਰੋ।

— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਅਮਰੀਕੀ 'ਵਰਸਿਟੀਆਂ 'ਚ ਸੁੰਗੜ ਰਹੀ ਜਮਹੂਰੀ ਸਪੇਸ : ਬੂਟਾ ਸਿੰਘ ਮਹਿਮੂਦਪੁਰ

ਕਲਪਨਾ ਦੱਤਾ : ਚਟਗਾਂਵ ਸ਼ਸਤਰਬੰਦ ਛਾਪੇਮਾਰੀ ਦੀ ਨਾਇਕਾ : ਅਨਿਲ ਰਾਜੀਮਵਾਲੇ

'ਬਹਿਰ' : ਮਲਵਿੰਦਰ (ਫੋਕਸ) ਡਾ.ਅਰਵਿੰਦਰ ਕੌਰ ਕਾਕੜਾ

ਸਾਧੂ ਰਾਮ ਲੰਗੇਆਣਾ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਸਮਕਾਲ

## ਰਾਗ : ਨੌਂ ਕਹਾਣੀਆਂ, ਛੇ ਸ਼ਬਦ ਚਿੱਤਰ


ਰਾਗ-20-21, ਦਾ ਮਈ-ਦਸੰਬਰ, 2025 ਅੰਕ ਛਪ ਕੇ ਆ ਗਿਆ ਹੈ। ਸੰਪਾਦਕੀ ਨੋਟ 'ਚ ਟਰੂਡੋ ਦੀਆਂ ਨੀਤੀਆਂ ਦੀ ਪੜਚੋਲ ਕੀਤੀ ਗਈ ਹੈ। ਮੁੱਖ ਸੰਪਾਦਕ ਨੇ 'ਮੇਰਾ ਪੰਨਾ' ਟਰੰਪ ਦੇ ਜੰਗਬੰਦੀ ਵਾਲੇ ਬਿਰਤਾਂਤ 'ਤੇ ਕੇਂਦਰਿਤ ਕੀਤਾ ਹੈ। ਅਜੈ ਤਨਵੀਰ ਦੀ ਲਿਖਤ ਦਾ ਸਿਰਲੇਖ 'ਪਾਣੀ 'ਚ ਮੇਖ ਗੱਡਣ ਵਾਲੀ ਅਜੀਜਨ ਨਿਸਾਹ ਉਰਫ ਅਜੀਜਨ ਬਾਈ' ਪੜ੍ਹਨ ਲਈ ਉਤਸੁਕਤਾ ਪੈਦਾ ਕਰਦਾ ਹੈ। ਯਥਾਰਥਵਾਦੀ ਸ਼ੈਲੀ ਨਾਲ ਉਹ ਪਾਠਕ ਸਾਹਮਣੇ ਅਜੀਜਨ ਖੜੀ ਕਰ ਦਿੰਦਾ ਹੈ। ਹੱਥਲੇ ਅੰਕ ਵਿੱਚ ਨੌਂ ਮਿਆਰੀ ਕਹਾਣੀਆਂ ਛਪੀਆਂ ਹਨ। ਤਿੱਤਲੀ ਦਾ ਵੀ ਦਿਲ ਹੁੰਦੈ (ਦੀਪਤੀ ਬਬੂਟਾ), ਫੈਸਲੇ ਤੋਂ ਪਹਿਲਾਂ (ਬਿੰਦਰ ਬਸਰਾ), ਗਿੱਠਮੁੱਠੀਏ (ਮੇਜਰ ਮਾਂਗਟ), ਮੇਰਾ ਕੀ ਬਣੂ ? (ਬੂਟਾ ਸਿੰਘ ਚੌਹਾਨ), ਚੌਧਰੀਆਂ ਦੀ ਕੁੜੀ (ਜਸਬੀਰ ਮਾਨ), ਹਾੜ ਦਾ ਇੱਕ ਦਿਨ (ਅਮਰਜੀਤ ਸਿੰਘ ਮਾਨ), ਇਮਤਿਹਾਨ (ਰੋਜ਼ੀ ਸਿੰਘ) ਤੇ ਛਿੱਲੜ (ਮਨਦੀਪ ਰਿੰਪੀ) ਦੀ ਕਹਾਣੀਆਂ ਸਮਾਜ ਦੀਆਂ ਵੱਖ ਵੱਖ ਪਰਤਾਂ ਨੂੰ ਫਰੋਲਦੀਆਂ ਪੜ੍ਹਨਯੋਗ ਤੇ ਸਮਝਣਯੋਗ ਕਹਾਣੀਆਂ ਛਪੀਆਂ ਹਨ। ਸਭ ਨੇ ਸਮਕਾਲੀ ਯਥਾਰਤ ਨੂੰ ਆਪਣੀ ਆਪਣੀ ਸਮਰੱਥਾ ਨਾਲ ਚੰਗੇ ਤਰੀਕੇ ਨਾਲ ਫੜਨ ਦੀ ਭਰਪੂਰ ਕੋਸ਼ਿਸ ਕੀਤੀ ਹੈ। ਕੈਥਰੀਨ ਮੈਂਸਫੀਲਡ ਦੀ ਕਹਾਣੀ 'ਇਕ ਕੱਪ ਚਾਹ' ਅਨੁ. ਭੁਪਿੰਦਰ ਕੌਰ ਪ੍ਰੀਤ ਦੀ ਜਾਨਦਾਰ ਕਹਾਣੀ ਛਪੀ ਹੈ। ਰਾਗ 'ਚ ਛਪੇ ਸ਼ਬਦ ਚਿੱਤਰਾਂ ਦਾ ਆਪਣਾ ਰੰਗ ਹੈ। ਅਣਹੋਇਆਂ ਦੀ ਆਵਾਜ਼ -ਗੁਰਦਿਆਲ ਸਿੰਘ (ਲਖਵਿੰਦਰ ਜੌਹਲ), ਪਾਤਰ ਦੀਆਂ ਪਰਤਾਂ (ਨਿੰਦਰ ਘੁਗਿਆਣਵੀ), ਅੱਗ ਦੀ ਲਾਟ-ਪੈਂਕੀ (ਭਗਵੰਤ ਰਸੂਲਪੁਰੀ), ਅੰਦਰੋਂ ਬਾਹਰੋਂ ਇਕੋ ਜਿਹਾ-ਰਜਿੰਦਰ ਭੋਗਲ (ਬਲਬੀਰ ਪਰਵਾਨਾ), ਜ਼ਾਕਿਰ ਹੁਸੈਨ (ਤਰਸੇਮ ਬਸ਼ਰ), ਬੁਲੰਦ ਕਿਰਦਾਰ ਸ਼ਾਇਰ-ਮਹਿੰਦਰ ਸਾਥੀ (ਅਮਰ ਸੂਫ਼ੀ) ਵੱਖ ਵੱਖ ਪੱਖਾਂ ਨੂੰ ਉਭਾਰਨ ਵਾਲੇ ਸ਼ਬਦ ਚਿੱਤਰ ਹਨ। ਬਲਬੀਰ ਮਾਧੋਪੁਰੀ ਦੇ ਅਣਛਪੇ ਨਾਵਲ ਦਾ ਕਾਂਡ ਕਈ ਪਹਿਲੂਆਂ ਤੋਂ ਨਿਵੇਕਲਾ ਹੈ। ਨਾਵਲ ਦਾ ਧਰਾਤਲ ਕਬਰਾ ਪੁੱਟਣ ਵਾਲੇ ਦੱਖਣ ਦੇ ਨਿਮਨ ਜਾਤੀ ਦੇ ਲੋਕਾਂ ਦੇ ਜੀਵਨ ਯਥਾਰਥ ਨਾਲ ਸਬੰਧਤ ਹੈ। ਅਛੂਤੇ ਵਿਸ਼ੇ ਦਾ ਨਾਵਲ ਕਾਂਡ ਪੜ੍ਹ ਕੇ ਪਾਠਕਾਂ ਅੰਦਰ ਪੂਰਾ ਨਾਵਲ ਪੜ੍ਹਨ ਲਈ ਉਤਸੁਕਤਾ ਪੈਦਾ ਕਰਦਾ ਹੈ। 'ਰਾਗ' ਦੀ ਵਾਰਤਕੀ ਵੀ ਧਿਆਨ ਖਿੱਚਣ ਵਾਲੀ ਹੈ। ਐੱਚ. ਐੱਸ. ਡਿੰਪਲ ਨੇ 'ਪਲੈਜ਼ਰਿਜ਼ਮ ਦੇ ਹਮਾਮ ਵਿੱਚ ਕੌਣ ਕੌਣ ਨੇ ਨੰਗੇ ?' ਬਹਿਸ ਤਲਬ ਮੁੱਦਾ ਉਭਾਰਿਆ ਹੈ। ਡਾ. ਚੰਦਰ ਪ੍ਰਕਾਸ਼ ਦੀ ਲਿਖਤ 'ਪਾਠ-ਪਾਠਕ ਪਸੰਦ' ਪੜ੍ਹ ਕੇ ਉਹਦੀ ਵਿਦਵਿਤਾ ਦੇ ਦੀਦਾਰ ਹੁੰਦੇ ਹਨ। ਨਿਰੰਜਣ ਬੋਹਾ ਨੇ 'ਮੇਰੀ ਪਹਿਲੀ ਮੁਹੱਬਤ ਅਜੇ ਵੀ ਮੇਰੇ ਅੰਦਰ ਸਾਹ ਲੈਂਦੀ ਹੈ' ਸੋਹਣਾ ਬਿਰਤਾਂਤ ਲਿਖਿਆ ਹੈ। ਅਲਫ਼ਾਜ਼ ਨੇ ਆਪਣੇ ਪੱਤਰਕਾਰ ਬਣਨ ਦੇ ਅਨੁਭਵ ਸਾਂਝੇ ਕੀਤੇ ਹਨ। ਜਸਬੀਰ ਕਲਸੀ ਨੇ ਅਮਰਜੀਤ ਕੌਂਕੇ ਦੀ ਮੁਲਾਕਾਤ ਕੀਤੀ ਹੈ। ਜਿਹਦੇ ਵਿੱਚ ਕੌਂਕੇ ਦੇ ਕਈ ਪੱਖਾਂ ਦਾ ਪਤਾ ਲੱਗਦਾ ਹੈ। ਹਰਵਿੰਦਰ ਸਿੰਘ ਦਾ ਗੀਤਕਾਰੀ ਬਾਰੇ ਲੇਖ, ਦਾਰਾ ਢਿੱਲੋਂ ਦਾ 'ਹਰੇ ਇਨਕਲਾਬ ਦਾ ਸਫ਼ਰ ਤੇ ਮਿੱਟੀ ਦੀ ਬਦਲਦੀ ਖ਼ਸਲਤ' ਬਾਰੇ ਲੇਖ, ਲਾਭ ਸਿੰਘ ਉਗੋਕੇ ਦਾ 'ਮੋਬਾਈਲਾਂ ਵਾਲਾ ਲਾਭ' ਆਦਿ ਲੇਖ ਵੀ ਆਪਣੀ ਠੋਸ ਸਪੇਸ ਨਿਰਧਾਰਤ ਕਰਨ ਵਾਲੇ ਹਨ। ਬਲਵਿੰਦਰ ਸੰਧੂ ਨੇ ਜਸਵੰਤ ਜਫ਼ਰ ਦਾ ਸ਼ਬਦ ਚਿੱਤਰ ਲਿਖਿਆ ਹੈ। 'ਸ਼ਾਇਰੀ ਦੇ ਝਰੋਖੇ 'ਚੋਂ' ਤਹਿਤ ਵਿਸ਼ਾਲ, ਗੁਰਪ੍ਰੀਤ, ਸਤਪਾਲ ਭੀਖੀ, ਅੰਮ੍ਰਿਤ ਦੀਵਾਨਾ, ਦਿਓਲ ਪਰਮਜੀਤ, ਨਵਦੀਪ ਸਿੰਘ ਮੁੰਡੀ, ਗੁਰਚਰਨ ਸੱਗੂ, ਨਰਿੰਦਰਪਾਲ ਕੌਰ, ਹਰਦੀਪ ਸੱਭਰਵਾਲ, ਗਗਨ ਮੀਤ, ਜਸ ਪ੍ਰੀਤ, ਕੁਲਵਿੰਦਰ ਚਾਵਲਾ, ਮਨੀਸ਼ ਕੁਮਾਰ ਦੀਆਂ ਕਵਿਤਾਵਾਂ ਛਪੀਆਂ ਹਨ। ਪੁਸਤਕ ਰੀਵਿਊ 'ਚ ਨਿਰੰਜਣ ਬੋਹਾ ਨੇ ਤਲੀਆਂ ਹੇਠਲੀ ਅੱਗ (ਅਜ਼ੀਜ਼ ਸਰੋਏ) ਤੇ, ਡਾ. ਪਰਮਪਾਲ ਸਿੰਘ ਨੇ ਫ਼ਨੀਅਰ (ਦਰਸ਼ਨ ਜੋਗਾ) 'ਤੇ, ਰਾਜਵੰਤ ਰਾਜ ਨੇ ਫ਼ਤਵਿਆਂ ਦੇ ਦੌਰ (ਅਜੈ ਤਨਵੀਰ) 'ਤੇ, ਐੱਚ. ਐੱਸ. ਡਿੰਪਲ ਨੇ ਮਨਦੀਪ ਔਲਖ ਦੀ ਕਵਿਤਾ ਆਦਿ 'ਤੇ ਪੜਚੋਲ ਕੀਤੀ ਹੈ। ਰਾਗ ਦੀ ਸਮੱਗਰੀ ਪੜ੍ਹਨਵਾਲੀ ਹੈ। ਅਮਰੀਕਾ ਬੈਠ ਕੇ ਲੇਖਕਾਂ ਤੱਕ ਪਹੁੰਚ ਕਰਨੀ ਤੇ ਮੈਟਰ ਦੀ ਚੋਣ ਕਰਨੀ ਮੁੱਖ ਸੰਪਾਦਕ ਇੰਦਰਜੀਤ ਪੁਰੇਵਾਲ ਦਾ ਮਿਹਨਤ ਵਾਲਾ ਕੰਮ ਹੈ। ਰਾਗ ਨੇ ਆਪਣੇ ਲੇਖਕਾਂ-ਪਾਠਕਾਂ ਦਾ ਘੇਰਾ ਪਹਿਲਾਂ ਨਾਲੋਂ ਵੱਡਾ ਕੀਤਾ ਹੈ।



ਰਾਗ : ਮੁੱਲ : 200 ਰਪਏ, ਪੰਨੇ : 216, ਮੁੱਖ ਸੰਪਾਦਕ : ਇੰਦਰਜੀਤ ਪੁਰੇਵਾਲ (001-845-702-1886) e-mail: raagmagazine @gmail.com

## ਪਰਵਾਸ : ਬਲਬੀਰ ਕੌਰ ਸੰਘੇੜਾ ਤੇ ਵਿਸ਼ੇਸ਼ ਸਮੱਗਰੀ


ਪਰਵਾਸ ਦਾ ਨਵਾਂ ਅੰਕ ਜੁਲਾਈ-ਸਤੰਬਰ,2025 ਛਪ ਗਿਆ ਹੈ। ਸੰਪਾਦਕੀ ਵਿੱਚ ਇਹ ਟਿੱਪਣੀ ਧਿਆਨ ਦੀ ਮੰਗ ਕਰਦੀ ਹੈ, "ਵਿਦੇਸ਼ਾਂ ਵਿੱਚ ਰਹਿੰਦੇ ਲੇਖਕ ਆਪਣੇ ਜੀਵਨ ਅਨੁਭਵ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਉਂਦੇ ਹੋਏ ਡੂੰਘੀ ਝਾਤ ਪਾਉਣ ਦੇ ਸਮਰੱਥ ਨਹੀਂ ਹੋ ਰਹੇ।" ਹੱਥਲੇ ਅੰਕ ਵਿੱਚ ਡਾ. ਅਕਾਲ ਅੰਮ੍ਰਿਤ ਕੌਰ ਵਲੋਂ ਬਲਬੀਰ ਕੌਰ ਸੰਘੇੜਾ ਦੀ ਕੀਤੀ ਮੁਲਾਕਾਤ ਛਪੀ ਹੈ। ਉਹ ਦੀ ਕਹਾਣੀ 'ਮਨੀ ਗੇਮ' ਤੋਂ ਇਲਾਵਾ ਮੇਜਰ ਮਾਂਗਟ ਤੇ ਨੀਰੂ ਗੁਪਤਾ ਨੇ ਬਲਬੀਰ ਕੌਰ ਸੰਘੇੜਾ ਦੀ ਰਚਨਾ ਤੇ ਜੀਵਨ ਬਾਰੇ ਸੰਵਾਦ ਰਚਾਇਆ ਹੈ। ਲਖਵਿੰਦਰ ਜੌਹਲ ਨੇ ਨਵੇਂ ਸ਼ਾਇਰ ਪ੍ਰਤੀਕ ਸਿੰਘ ਦੀ ਕਵਿਤਾ ਨੂੰ ਸਮਝਿਆ ਹੈ। ਅੰਕ ਵਿੱਚ ਰਾਜ ਲਾਲੀ ਬਟਾਲਾ, ਜ਼ਫ਼ਰ ਅਵਾਨ, ਮਲਵਿੰਦਰ, ਸੁਖਿੰਦਰ, ਪ੍ਰਤੀਕ ਸਿੰਘ, ਪ੍ਰੇਮ ਪਾਲ ਸਿੰਘ, ਸੁਖਪ੍ਰੀਤ ਬੱਡੋਂ ਦੀ ਸ਼ਾਇਰੀ ਛਪੀ ਹੈ। ਪੰਜਾਬ ਵਿਚੋਂ ਪਰਵਾਸ ਕਿਉਂ ਅਤੇ ਕਿਵੇਂ (ਡਾ. ਰਣਜੀਤ ਸਿੰਘ), ਪ੍ਰਦੇਸ ਦੇ ਸਕੂਨ 'ਸਟੀਲ ਸੂਆ ਤੇ ਬੈਕਪੈਕ (ਰਾਜਪਾਲ ਬੋਪਾਰਾਏ) ਪੜ੍ਹਨਯੋਗ ਲੇਖ ਹਨ। ਪਵਿੱਤਰ ਕੌਰ ਮਾਟੀ ਦੀ ਪਰਵਾਸ ਦੇ ਗੰਭੀਰ ਮੁੱਦੇ ਤੇ ਲਿਖੀ ਕਹਾਣੀ 'ਰੌਂਗ ਨੰਬਰ' ਪੁਨਰ ਪ੍ਰਕਾਸ਼ਤ ਕੀਤੀ ਹੈ। ਬਹਿਰ (ਡਾ. ਬਲਜੀਤ ਕੌਰ ਰਿਆੜ), ਹਸਤੀ ਵਿੱਚਲਾ ਚੀਰ (ਤ੍ਰੈਲੋਚਨ ਲੋਚੀ), ਮੌਨ ਦਾ ਅਨੁਵਾਦ (ਬਲਵਿੰਦਰ ਚਾਹਲ) ਪੁਸਤਕਾਂ ਦੀ ਪੜਚੋਲ ਛਪੀ ਹੈ। ਰਣਜੀਤ ਧੀਰ ਨੇ ਸ਼ੇਰ ਜੰਗ ਜਾਂਗਲੀ ਨੂੰ ਚੇਤੇ ਕੀਤਾ ਹੈ। ਅੰਤਲੇ ਸਫ਼ਿਆ ਉੱਤੇ ਸਰਗਰਮੀਆਂ ਛਪੀਆਂ ਹਨ।



ਪਰਵਾਸ ਸਫ਼ੇ :108, ਮੁੱਖ ਸੰਪਾਦਕ: ਡਾ. ਸ. ਪ. ਸਿੰਘ e-mail: sp.singh@ggnkcl.com, ਸੰਪਾਦਕ : ਡਾ. ਤੇਜਿੰਦਰ ਕੌਰ, ਪ੍ਰੋ. ਸ਼ਰਨਜੀਤ ਕੌਰ e-mail: sharanjit.kaur@ggnkcl.com

## ਕਾਵਿਲੋਕ : ਜੁਲਾਈ-ਸਤੰਬਰ,2025

ਕਾਵਿਲੋਕ ਦੇ ਨਵੇਂ ਅੰਕ ਦੀ ਸੰਪਾਦਕੀ ਵਿੱਚ ਸੰਪਾਦਕ ਨੇ ਨਵੇਂ ਸੰਕਲਪਾ ਦੀ ਗੱਲ ਕਰਦਿਆਂ ਲਿਖਿਆ ਹੈ, "ਇਸ ਅੰਕ ਤੋਂ ਅਸੀਂ ਕਾਵਿਲੋਕ ਨੂੰ ਰੈਫ਼ਰੀਡ ਜਰਨਲ ਵਜੋਂ ਵਿਸਥਾਰ ਰਹੇ ਹਨ। ਸਾਹਿਤ ਦੇ ਭਵਿੱਖ ਨੂੰ ਨਿਹਾਰਦਿਆਂ ਬਹੁਤ ਸਾਰੇ ਸਵਾਲ ਉਜਾਗਰ ਹੋ ਰਹੇ ਹਨ।" ਹੱਥਲੇ ਅੰਕ ਵਿੱਚ ਕਵਿਤਾ, ਗੁਰਬਾਣੀ, ਸਭਿਆਚਾਰ, ਕਹਾਣੀ, ਪੁਨਰ ਆਲੋਚਨਾ ਆਦਿ ਨਾਲ ਵੰਨ-ਸੁਵੰਨਤਾ ਪ੍ਰਦਾਨ ਕੀਤੀ ਹੈ। ਅਰਵਿੰਦਰ ਕੌਰ ਕਾਕੜਾ ਨੇ 'ਵਰ੍ਹਿਆਂ ਪਿੱਛੋਂ' (ਵਰਿਆਮ ਸਿੰਘ ਸੰਧੂ), ਜਸਜੀਤ, ਡਾ. ਹਰਭਜਨ ਸਿੰਘ ਭਾਟੀਆ ਤੇ ਨਿਰੰਜਣ ਬੋਹਾ ਨੇ 'ਇਸ ਧਰਤੀ 'ਤੇ ਰਹਿੰਦਿਆਂ' (ਅਮਰਜੀਤ ਕੌਂਕੇ), ਗੁਰਜੀਤ ਕੌਰ ਨੇ 'ਪਿੱਪਲ ਪੱਤੀਆਂ' (ਗੁਰਭਜਨ ਗਿੱਲ), ਸੁਰਜੀਤ ਪਾਤਰ ਦੀ ਸ਼ਾਇਰੀ ਬਾਰੇ ਚਰਨਜੀਤ ਕੌਰ ਨੇ, ਹਰਜਿੰਦਰ ਕੰਗ ਨੇ 'ਗ਼ਜ਼ਲ ਧਮਾਲਾਂ ਪਾਵੇ' (ਤਜੱਮੁਲ ਕਲੀਮ), ਪਰਮਿੰਦਰ ਸਿੰਘ ਸ਼ੌਂਕੀ ਨੇ 'ਹਾਰਟ ਲੈਂਪ' (ਬਾਨੂੰ ਮੁਸ਼ਤਾਕ), ਡਾ. ਹਰਪ੍ਰੀਤ ਕੌਰ ਨੇ ਮੱਖੀਆਂ (ਯਾਂ ਪਾਲ ਸਾਰਤਰ), ਡਾ. ਲਖਵੀਰ ਸਿੰਘ ਨੇ 'ਬਹਿਰ' (ਮਲਵਿੰਦਰ) , ਸਾਧੂ ਸਿੰਘ ਨੇ ਮਲਵਈ ਗਿੱਧਾ ਤੇ ਮਲਵਈ ਜਾਗੋ, ਸੰਦੀਪ ਕੌਰ ਨੇ ਸ਼ੇਖ ਫ਼ਰੀਦ ਦੀ ਬਾਣੀ, ਡਾ. ਲਖਵਿੰਦਰ ਸਿੰਘ ਜੌਹਲ ਨੇ ਸਮਕਾਲੀ ਕਵਿਤਾ ਦਾ ਉੱਤਰ ਪ੍ਰਗਤੀਵਾਦੀ ਪਰਿਪੇਖ, ਸੁਖਵਿੰਦਰ ਸਿੰਘ ਸੰਘਾ ਨੇ ਗੁਰਮੁਖੀ ਲਿਪੀ ਦੀ ਜੁਗਤ ਤੇ ਪੰਜਾਬੀ ਤੇ ਜ਼ਬਾਨ ਸੰਭਾਲ ਕੇ', ਪ੍ਰੋ. ਜਸਪਾਲ ਕੌਰ ਨੇ ਗੁਸਤਾਖ ਹਵਾ (ਸੁਰਿੰਦਰ ਗੀਤ), ਜਸਬੀਰ ਕਲਸੀ ਨੇ ਰਾਵੀ ਦੀਆਂ ਛੱਲਾਂ (ਮੁਖ਼ਤਾਰ ਗਿੱਲ), ਡਾ. ਰੇਸ਼ਮ ਸਿੰਘ ਨੇ 'ਰੁੱਖ ਤੇ ਰਿਸ਼ੀ' (ਹਰਿਭਜਨ ਸਿੰਘ), ਡਾ. ਪਰਮਜੀਤ ਸਿੰਘ ਢੀਂਗਰਾ ਨੇ 'ਪੰਜਾਬੀ ਸਾਹਿਤ ਦੀ ਇਤਿਹਾਸਕਾਰੀ' (ਡਾ. ਹਰਭਜਨ ਸਿੰਘ ਭਾਟੀਆ) ਬਾਰੇ ਵੱਖ-ਵੱਖ ਪੱਖ ਉਭਾਰਦੇ ਮੁੱਲਵਾਨ ਸਮੀਖਿਆ ਲੇਖ ਛਪੇ ਹਨ। ਇਨ੍ਹਾਂ ਤੋਂ ਇਲਾਵਾ ਕੁਝ ਪੁਸਤਕਾਂ ਦੇ ਰੀਵਿਊ ਵੀ ਪ੍ਰਕਾਸ਼ਤ ਕੀਤੇ ਹਨ। ਭਵਿੱਖ ਵਿੱਚ 'ਕਾਵਿਲੋਕ' ਹਰ ਵਿਧਾ ਦਾ ਸਮੀਖਿਆ ਲੇਖ ਛਾਪੇਗਾ।



ਕਾਵਿਲੋਕ ਮੁੱਲ : 50 ਰੁਪਏ, ਸਫ਼ੇ : 116, ਸੰਪਾਦਕ : ਡਾ. ਲਖਵਿੰਦਰ ਸਿੰਘ ਜੌਹਲ (94171-94812, e-mail: kavlok2020 @gmail.com)

---- ਭਗਵੰਤ ਰਸੂਲਪੁਰੀ----



ਪੰਜਾਬੀ ਗ਼ਜ਼ਲ ਦੇ ਖੇਤਰ ’ਚ ਦਾਦਰ ਪੰਡੋਰਵੀ ਤੇਜ਼ੀ ਨਾਲ ਸਥਾਪਤ ਹੋ ਰਿਹਾ ਅਜਿਹਾ ਨਾਂਅ ਹੈ, ਜਿਸ ਨੇ ਨਿਮਨ ਧਿਰਾਂ ਦੀ ਪੀੜ ਤੇ ਦਰਦ ਨੂੰ ਆਪਣੀ ਗ਼ਜ਼ਲ ਵਿੱਚ ਪੇਸ਼ ਕੀਤਾ ਹੈ, ਉਹ ਆਪਣੀ ਗ਼ਜ਼ਲਕਾਰੀ ਵਿੱਚ ਕਿਰਤੀ ਜਮਾਤ ਦੇ ਹੱਕ ਵਿੱਚ ਖੜਦਾ ਹੈ। ਉਹ ਪੰਜਾਬੀ ਗ਼ਜ਼ਲ ਵਿੱਚ ਪਿਛਲੇ ਢਾਈ ਦਹਾਕਿਆਂ ਤੋਂ ਸਰਗਰਮ ਹੈ। ਭਾਵੇਂ ਕਿ ਉਹ ਸਪੇਨ ਦਾ ਪੱਕਾ ਵਸਨੀਕ ਬਣ ਗਿਆ ਹੈ, ਪਰ ਉਹਦੀਆਂ ਗ਼ਜ਼ਲਾਂ ਵਿੱਚ ਪੰਜਾਬੀ ਰਹਿਤਲ ਦਾ ਆਭਾ ਮੰਡਲ ਝਲਕਦਾ ਹੈ। ਸਫ਼ਰ (2004), ਆਲ੍ਹਣਿਆਂ ਦੀ ਚਿੰਤਾ (2011), ਖੰਭਾਂ ਥੱਲੇ ਅੰਬਰ (2023) ਅਤੇ ਪਾਣੀ ’ਤੇ ਤਰਦੀ ਅੱਗ (2023) ਉਸ ਦੇ ਗ਼ਜ਼ਲ ਸੰਗ੍ਰਹਿ ਹਨ। ਮੁੱਢਲੇ ਦੌਰ ਵਿੱਚ ਦਾਦਰ ਅਮਰਜੀਤ ਸਿੰਘ ਸੰਧੂ ਤੇ ਮਹਿੰਦਰ ਸਾਥੀ ਤੋਂ ਗ਼ਜ਼ਲਾਂ ਬਾਰੇ ਇਸਲਾਹ ਲੈਂਦਾ ਰਿਹਾ ਹੈ। ਉਹਦੀ ਸ਼ਾਇਰੀ ਵਿੱਚ ਨਵੀਨਤਾ, ਨਵੇਂ ਅਲੰਕਾਰ ਬਿੰਬ, ਤਸ਼ਬੀਹਾਂ ਤੇ ਸਾਦਗੀ, ਸਰਲਤਾ, ਗਹਿਰ-ਗੰਭੀਰ ਅਰਥਾਂ ਦਾ ਵਰਨਣ ਹੈ। ਗਰੀਬੀ, ਲਚਾਰੀ, ਬੇਰੁਜ਼ਗਾਰੀ, ਮਹਿੰਗਾਈ ਵਰਗੀਆਂ ਸਮੱਸਿਆਵਾਂ ਨੂੰ ਵੀ ਉਹ ਆਪਣੀ ਗ਼ਜ਼ਲ ਵਿੱਚ ਪਰੋਂਦਾ ਹੈ। ਹੁਣ ਤੱਕ ਦਾਦਰ ਨੇ ਅਨੇਕਾਂ ਸ਼ੇਅਰ ਅਜਿਹੇ ਕਹੇ ਹਨ, ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਭਰਵੇਂ ਰੂਪ ’ਚ ਕਬੂਲਿਆ ਗਿਆ ਹੈ।

— ਭਗਵੰਤ ਰਸੂਲਪੁਰੀ

# ਦਾਦਰ ਪੰਡੋਰਵੀ ਦੀਆਂ .ਗ਼ਜ਼ਲਾਂ

ਨੀਲਾ ਅੰਬਰ ਓੜ ਕੇ ਪਿੰਡੇ, ਚੰਨ ਦੀ ਬਿੰਦੀ ਲਾ ਕੇ ਮਿਲਣਾ।
ਪਾਬੰਦੀ ਹੈ ਧਰਤੀ ਉੱਤੇ, ਬੱਦਲਾਂ ਓਹਲੇ ਆ ਕੇ ਮਿਲਣਾ।

ਗੱਲਾਂ ਦੀ ਇਹ ਭੀੜ ਬੇਲੋੜੀ ਪਿੱਛੇ ਪਿੱਛੇ ਆ ਪਹੁੰਚੇਗੀ,
ਮੈਂ ਪਹਿਲਾਂ ਹੀ ਕਹਿ ਦਿੰਦਾ ਹਾਂ, ਝਾਂਜਰ ਨਾ ਛਣਕਾ ਕੇ ਮਿਲਣਾ।

ਦੂਰੀ ਉੱਤੇ ਰਹਿ ਕੇ ਵੀ ਇਹ ਰਿਸ਼ਤਾ ਜੀਵਤ ਰੱਖ ਲਵਾਂਗੇ,
ਦੁਨੀਆ ਨੂੰ ਮਨਜ਼ੂਰ ਨਹੀਂ ਜਦ, ਅਪਣਾ ਨੇੜੇ ਆ ਕੇ ਮਿਲਣਾ।

ਘਰ ਦਾ ਹਰ ਇਕ ਰਿਸ਼ਤਾ ਅੱਜ ਕੱਲ੍ਹ, ਮੇਰੇ ਉੱਤੇ ਨਜ਼ਰਾਂ ਰੱਖਦੈ,
ਮਾਫ਼ ਕਰੀਂ, ਕੁਝ ਮੁਸ਼ਕਿਲ ਹੈ ਨਿਤ, ਵਿੰਗ ਵਲੇਵੇਂ ਪਾ ਕੇ ਮਿਲਣਾ।

ਕੋਸ਼ਿਸ਼ ਕਰਕੇ ਜੀਵਤ ਰੱਖੀਂ, ਤਿਤਲੀ ਦੇ ਖੰਭਾਂ ਦੇ ਰੰਗ ਨੂੰ,
ਮੇਰੇ ਕੋਲੋਂ ਜਰ ਨਈਂ ਹੋਣਾ, ਫੁੱਲਾਂ ਦਾ ਕੁਮਲਾ ਕੇ ਮਿਲਣਾ।

ਅਜਬ ਨੇ ਸ਼ਹਿਰਾਂ ਦੇ ਵਿਗਿਆਨੀ, ਲੋਕਾਂ ਨੂੰ ਸਮਝਾਉਣ ’ਚ ਲੱਗੇ
ਧੁੱਪ ਦੀ ਹਰ ਕਾਤਰ ਨੇ ਘਰ ਨੂੰ, ਰੁੱਖ ਦਾ ਸੀਸ ਕਟਾ ਕੇ ਮਿਲਣਾ।

ਉਹ ਤਾਂ ਰੁਤਬੇ ਦਾ ਹੀ ਸਿਰ ’ਤੇ ਵਾਧੂ ਭਾਰ ਉਠਾਈ ਫਿਰਦੈ,
ਜਦ ਕਿ ਮੇਰੀ ਤਾਂ ਇੱਛਾ ਸੀ, ਰੂਹ ਤੋਂ ਭਾਰ ਹਟਾ ਕੇ ਮਿਲਣਾ।

(2)

ਪੁੱਜੇ ਹਾਂ ਇਸ ਪੜਾਅ ’ਤੇ ਪੌਣਾਂ ਦੇ ਨਾਲ਼ ਰਲ ਕੇ।
ਇਹ ਪੈਰ ਥੱਕ ਗਏ ਸੀ, ਨਿਤ ਰਸਤਿਆਂ ’ਤੇ ਚੱਲ ਕੇ।

ਮੈਂ ਦੇਰ ਤੀਕ ਉਸ ਦੇ ਵਾਅਦੇ ’ਚ ਵਾਸ ਕੀਤਾ,
ਆਖ਼ਿਰ ਸਕੂਨ ਮਿਲਿਆ ਇਸ ਭਰਮ ’ਚੋਂ ਨਿਕਲ ਕੇ।

ਇਸ ਜ਼ਿੰਦਗੀ ਦਾ ਇਕ ਦਿਨ ਕਰਜ਼ਾ ਉਤਾਰ ਦੇਣਾ,
ਲਾਉਣੀ ਹੈ ਮੌਤ ਗਲ਼ ਨੂੰ ਮਹਿੰਦੀ ਦੇ ਵਾਂਗ ਮਲ ਕੇ।

ਖ਼ਾਬਾਂ ਅਧੂਰਿਆਂ ਦੀ ਸੋਚਾਂ ’ਚ ਖਲਬਲੀ ਹੈ,
ਉਪਚਾਰ ਕਰ ਰਹੇ ਹਾਂ ਬਿਸਤਰ ਬਦਲ ਬਦਲ ਕੇ।
ਸ਼ਾਇਦ ਕਿਸੇ ਵੀ ਪਲ ਉਹ ਮਾਰੇ ਆਵਾਜ਼ ਮੈਨੂੰ,
ਇਕ ਆਸ ਬੇਤੁਕੀ ਤੋਂ ਬੈਠੇ ਨਹੀਂ ਸੰਭਲ ਕੇ।

ਮੇਰੇ ਤੋਂ ਬਾਅਦ ਵਿੱਚ ਹੀ ਦਿਸਣਾ ਨਿਖ਼ਾਰ ਮੇਰਾ,
ਮੇਰੇ ਅਕਸ ਨੂੰ ਛੁਪਾ ਕੇ ਬੈਠੇ ਨੇ ਕੁਝ ਧੁੰਦਲਕੇ।

(3)

ਸਮੇਂ ਦੀ ਸੜਕ ਤੋਂ ਯੂ ਟਰਨ ਲੈ ਹੁੰਦਾ ਨਹੀਂ ਹੈ।
ਕੋਈ ਵੀ ਨਕਸ਼ ਬੀਤੇ ਦਾ ਬਦਲ ਸਕਦਾ ਨਹੀਂ ਹੈ।

ਪਿਐ ਚੱਕਰ ਮੇਰੇ ਪੈਰੀਂ ਕੀ ਘੁੰਮਣ ਘੇਰੀਆਂ ਦਾ,
ਸਫ਼ਰ ਤੇ ਹਾਂ ਨਿਰੰਤਰ,ਪਰ ਸਫ਼ਰ ਮੁਕਦਾ ਨਹੀਂ ਹੈ।

ਉਦਾਸੀ ਵਿਚ ਬਦਲਦੇ ਜਾਂਦੇ ਨੇ ਰੰਗੀਨ ਮੰਜ਼ਰ,
ਇਹ ਦਿਲ ਬੁਝਿਆ ਪਿਆ ਹੈ, ਫਿਰ ਵੀ ਦਿਲ ਭਰਦਾ ਨਹੀਂ ਹੈ।

ਨਸਾਂ ਵਿੱਚੋਂ ਅਸੰਖਾਂ ਉਠਦੀਆਂ ਨੇ ਰੋਜ਼ ਚੀਸਾਂ,
ਅਜਬ ਗੱਲ ਹੈ ਕਿ ਪੋਟਾ ਤੱਕ ਵੀ ਦੁਖਦਾ ਨਹੀਂ ਹੈ।

ਹਜ਼ਾਰਾਂ ਸੁਪਨਿਆਂ ਦੇ ਮਹਿਲ ਸਨ ਮੇਰੀ ਨਜ਼ਰ ਵਿਚ,
ਮਗਰ ਹੁਣ ਆਪਣਾ ਸੰਕੇਤ ਵੀ ਮਿਲਦਾ ਨਹੀਂ ਹੈ।
ਭੜੱਕੇ ਮਾਰਦੀ ਹੈ ਘਰ ’ਚ ਬਲਦੀ ਮੋਮਬੱਤੀ,
ਮੇਰੀ ਕਿਸਮਤ ਦਾ ਦੀਵਾ ਵੀ ਅਜੇ ਜਗਦਾ ਨਹੀਂ ਹੈ।

ਜੇ ਅੱਜ ਮਾਂ ਜਿਉਂਦੀ ਹੁੰਦੀ ਕਿਸ ਤਰ੍ਹਾਂ ਗ਼ਮ ਸਹਿਣ ਕਰਦੀ,
ਮੇਰਾ ਪੁੱਤ ਕੰਮ ਤੋਂ ਸਾਲਮ ਘਰੇ ਮੁੜਦਾ ਨਹੀਂ ਹੈ।

(4)

ਮੈਂ ਐਵੇਂ ਪਾਰਾ ਪਾਰਾ ਹੋ ਰਿਹਾ ਸੀ।
ਉਦ੍ਹਾ ਵਧੀਆ ਗੁਜ਼ਾਰਾ ਹੋ ਰਿਹਾ ਸੀ।

ਇਦ੍ਹੇ ਵਿੱਚ ਰੋਂਦੀਆਂ ਸੀ ਰੋਜ਼ ਮੱਛੀਆਂ,
ਸਮੁੰਦਰ ਤਾਂ ਹੀ ਖਾਰਾ ਹੋ ਰਿਹਾ ਸੀ।

ਕਿਨਾਰੇ ਖੁਰਨ ਦੇ ਕੀ ਮਾਇਨੇ ਸਨ,
ਨਦੀ ਦਾ ਜਦ ਪਸਾਰਾ ਹੋ ਰਿਹਾ ਸੀ।

ਹਵਾ ਦੇ ਰੰਗ ਮਿੱਥੇ ਜਾ ਰਹੇ ਸਨ,
ਗਲ਼ਾ ਖ਼ੁਸ਼ਬੂ ਦਾ ਭਾਰਾ ਹੋ ਰਿਹਾ ਸੀ।
ਮੇਰਾ ਕੱਲ੍ਹ ਹੀ ਤਾਂ ਮੇਰੇ ਅੱਜ ਵਿੱਚੋਂ,
ਕਿਤੇ ਪੈਦਾ ਦੁਬਾਰਾ ਹੋ ਰਿਹਾ ਸੀ।

ਜਦੋਂ ਤੁਰਿਆ ਸਾਂ ਇਸ ਬਣਵਾਸ ਉੱਤੇ,
ਮੇਰਾ ਘਰ ਵੀ ਅਵਾਰਾ ਹੋ ਰਿਹਾ ਸੀ।

ਸਿਮਟਦਾ ਜਾ ਰਿਹਾ ਸੀ ਦਿਨ ਬ ਦਿਨ ਮੈਂ,
ਹਾਂ, ਖ਼ਾਬਾਂ ਦਾ ਖਲਾਰਾ ਹੋ ਰਿਹਾ ਸੀ।

ਕਈ ਦਿਨ ਤੋਂ ਗ਼ਜ਼ਲ ਸੀ ਜ਼ਿਹਨ ਅੰਦਰ,
ਸਫ਼ੇ ’ਤੇ ਬਸ ਉਤਾਰਾ ਹੋ ਰਿਹਾ ਸੀ।

(5)

ਬੇਵਜ੍ਹਾ ਹੀ ਬਹਿਸ ਦਾ ਮੁੱਦਾ ਉਠਾ ਲੈਂਦੇ ਨੇ ਲੋਕ।
ਆਪਣੇ ਲੋਹੇ ਨੂੰ ਫਿਰ ਸੋਨਾ ਬਣਾ ਲੈਂਦੇ ਨੇ ਲੋਕ।

ਜਦ ਨਜ਼ਰ ਵਿਚ ਖ਼ੌਫ਼ ਦਾ ਮੰਜ਼ਰ ਨਜ਼ਰ ਆਉਂਦਾ ਦਿਸੇ,
ਝਿਲਮਿਲਾਉਂਦੇ ਖ਼ਾਬ ਪਲਕਾਂ ’ਤੇ ਸਜਾ ਲੈਂਦੇ ਨੇ ਲੋਕ।

ਤੇਲ ਸਾਰਾ ਦੀਵਿਆਂ ’ਚੋਂ ਰੋਜ਼ ਪੀ ਲੈਂਦੀ ਹੈ ਰਾਤ,
ਪਰ ਇਹ ਅਗਲੀ ਸ਼ਾਮ ਫਿਰ ਦੀਵੇ ਜਗਾ ਲੈਂਦੇ ਨੇ ਲੋਕ।

ਇਸ ਨਗਰ ਵਿਚ ਅੱਜਕਲ੍ਹ ਇਹ ਵੀ ਤਾਂ ਹੁੰਦਾ ਹੈ ਕਮਾਲ,
ਖ਼ਾਬ ਗਿਰਵੀ ਰੱਖ ਕੇ ਅੱਖਾਂ ਬਚਾ ਲੈਂਦੇ ਨੇ ਲੋਕ।

ਆਪਣੀ ਆਵਾਰਗੀ ਨੂੰ ਕਰ ਨਹੀਂ ਸਕਦੇ ਸਫ਼ਰ,
ਬੇਵਜ੍ਹਾ ਹੀ ਭਟਕਦੇ ਉਮਰਾਂ ਬਿਤਾ ਲੈਂਦੇ ਨੇ ਲੋਕ।

ਹੁਣ ਇਹ ਵੱਡੇ ਦੁੱਖ ਦੀ ਕਰਦੇ ਨਹੀਂ ਲੰਮੀ ਉਡੀਕ,
ਨਹੁੰ ਵੀ ਲੱਗੇ ਤਾਂ ਉਦੋਂ ਹੰਝੂ ਵਹਾ ਲੈਂਦੇ ਨੇ ਲੋਕ।

ਫਿਰ ਕਿਸੇ ਵੀ ਮੀਲ-ਪੱਥਰ ਦੇ ਨਹੀਂ ਰਹਿੰਦੇ ਮੁਥਾਜ,
ਰਸ਼ਤਿਆਂ ਦੇ, ਜ਼ਿਹਨ ਵਿਚ ਨਕਸ਼ੇ ਬਣਾ ਲੈਂਦੇ ਨੇ ਲੋਕ।

ਸਜਦਿਆਂ ਵਿਚ ਝੁਕਣ ਲੱਗਦੇ ਨੇ ਜਦੋਂ ਇਹ ਖ਼ਾਹ-ਮਖ਼ਾਹ,
ਲੱਕ ਤਾਂ ਝੁਕਦਾ ਹੈ, ਮੱਥਾ ਵੀ ਝੁਕਾ ਲੈਂਦੇ ਨੇ ਲੋਕ।

(6)

ਮੈਂ ਮਸੀਹਾ ਬਣਨ ਦੇ ਇਕਰਾਰ ਤੋਂ ਮੁੱਕਰ ਗਿਆ ਹਾਂ।
ਇਕ ਪਰਿੰਦਾ ਬਣਨ ਦੇ ਇਕਰਾਰ ਤੋਂ ਮੁੱਕਰ ਗਿਆ ਹਾਂ।

ਮੈਂ ਰੁਸਾ ਬੈਠਾ ਹਾਂ ਕਿੰਨੇ ਚਿਹਰਿਆਂ ਨੂੰ ਨੁਕਸ ਦੱਸ ਕੇ,
ਹੁਣ ਮੈਂ ਸ਼ੀਸ਼ਾ ਬਣਨ ਦੇ ਇਕਰਾਰ ਤੋਂ ਮੁੱਕਰ ਗਿਆ ਹਾਂ।

ਮੇਰੇ ਨਿਰਮਲ ਪਾਣੀਆਂ ਤੋਂ ਗੰਦਗੀ ਨਿੱਤ ਢੋਹ ਨਾ ਹੋਵੇ,
ਉਫ਼! ਮੈਂ ਦਰਿਆ ਬਣਨ ਦੇ ਇਕਰਾਰ ਤੋਂ ਮੁੱਕਰ ਗਿਆ ਹਾਂ।

ਜੇ ਤੂੰ ਲੀਕਾਂ ਵਾਹੁੰਣੀਆਂ ਚਾਹੁੰਦਾਂ ਏਂ ਕੇਵਲ ਧਰਤ ਉੱਤੇ,
ਜਾਹ ਮੈਂ ਨਕਸ਼ਾ ਬਣਨ ਦੇ ਇਕਰਾਰ ਤੋਂ ਮੁੱਕਰ ਗਿਆ ਹਾਂ।

ਮੇਰਿਆਂ ਸ਼ਬਦਾਂ ਤੇ ਮੇਰੇ ਜਜ਼ਬਿਆਂ ਅੰਦਰ ਤਣੀ ਹੈ,
ਫ਼ਕਤ ਕਵਿਤਾ ਬਣਨ ਦੇ ਇਕਰਾਰ ਤੋਂ ਮੁੱਕਰ ਗਿਆ ਹਾਂ।

ਮੈਨੂੰ ਹੈ ਮਨਜ਼ੂਰ, ਅਪਣਾ ਝੁਰੜੀਆਂ ਵਾਲਾ ਵੀ ਚਿਹਰਾ,
ਪਰ ਮਖੌਟਾ ਬਣਨ ਦੇ ਇਕਰਾਰ ਤੋਂ ਮੁੱਕਰ ਗਿਆ ਹਾਂ।

ਹੁਣ ਨਦੀ, ਦਰਿਆ, ਸਮੁੰਦਰ, ਝੀਲ, ਝਰਨਾ ਬਣ ਕੇ ਮੁੜਨਾ,
ਤੁਪਕਾ-ਤੁਪਕਾ ਬਣਨ ਦੇ ਇਕਰਾਰ ਤੋਂ ਮੁੱਕਰ ਗਿਆ ਹਾਂ।

ਡੁੱਬਦਾ ਜਾਂਦਾ ਹੈ ਮੇਰਾ ਦਿਲ ਬੇਗਾਨੀ ਝੀਲ ਅੰਦਰ,
ਖਰਿਆ ‘ਕਿਸ ਦਾ’ ਬਣਨ ਦੇ ਇਕਰਾਰ ਤੋਂ ਮੁੱਕਰ ਗਿਆ ਹਾਂ।

(7)

ਉਸ ਨੇ ਦਿਲ ’ਚੋਂ ਅਪਣਾ ਹਿੱਸਾ ਮੰਗ ਲਿਆ।
ਮਤਲਬ! ਉਸ ਨੇ ਦਿਲ ਹੀ ਸਾਰਾ ਮੰਗ ਲਿਆ।

ਸਾਡੇ ਵਕਤ ਦੀ ਹੋਣੀ ਇਹ ਹੈ, ਪੰਛੀ ਨੇ
ਦਾਣਾ-ਫੱਕਾ ਦੇਖ ਕੇ ਪਿੰਜਰਾ ਮੰਗ ਲਿਆ।

ਮੈਂ ਫਿਰ ਕਿੱਦਾਂ ਉਸ ਦੇ ਸਾਹਵੇਂ ਜਾਵਾਂਗਾ,
ਜੇ ਸ਼ੀਸ਼ੇ ਨੇ ਅਸਲੀ ਚਿਹਰਾ ਮੰਗ ਲਿਆ।

ਮੇਰੇ ਅੰਦਰ ਮੱਸਿਆ ਸੀ ਇਕ ਮੁੱਦਤ ਤੋਂ,
ਸੋ ਅੰਬਰ ਦਾ ਟੁੱਟਿਆ ਤਾਰਾ ਮੰਗ ਲਿਆ।

ਹੁਣ ਤੇਰੀ ਆਵਾਜ਼ ਕਿਵੇਂ ਪਹੁੰਚੇ ਉਸ ਤੱਕ,
ਜਿਸ ਦੇ ਲਈ ਤੂੰ ਤਖ਼ਤ ਹੀ ਉੱਚਾ ਮੰਗ ਲਿਆ।

ਮੰਗ ਸਕਦੀ ਸੀ ਹੋਰ ਵੀ ਕੁਝ, ਪਰ ਸਾਡੇ ਲਈ,
ਧਰਤੀ ਨੇ ਸੂਰਜ ਦਾ ਗੇੜਾ ਮੰਗ ਲਿਆ।

ਆਪਣੀ ਵਿੱਤ ਮੁਤਾਬਕ ਚਾਨਣ ਕਰਨਾ ਸੀ,
ਸੂਰਜ ਵੱਸੋਂ ਬਾਹਰ ਸੀ, ਦੀਵਾ ਮੰਗ ਲਿਆ।

**ਸੰਪਰਕ** : 0034602153704

# ਪ੍ਰਭਸ਼ਰਨਦੀਪ ਸਿੰਘ ਦੀ ਪੁਸਤਕ ‘ਦੇਸ਼ ਨਿਕਾਲਾ’ ’ਤੇ ਵਿਚਾਰ-ਗੋਸ਼ਟੀ

**ਸਟਾਕਟਨ**-ਪੰਜਾਬੀ ਸਾਹਿਤ ਸਭਾ ਸਟਾਕਟਨ ਵੱਲੋਂ ਬੀਤੀ 20 ਜੁਲਾਈ ਨੂੰ ਪ੍ਰਭਸ਼ਰਨਦੀਪ ਸਿੰਘ ਦੀ ਕਾਵਿ-ਪੁਸਤਕ ‘ਦੇਸ਼ ਨਿਕਾਲਾ’ ’ਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪ੍ਰਧਾਨ ਹਰਜਿੰਦਰ ਸਿੰਘ ਪੰਧੇਰ ਨੇ ਸਭਾ ਵੱਲੋਂ ਕੀਤੀਆਂ ਹੁਣ ਤੱਕ ਦੀਆਂ ਅਹਿਮ ਪ੍ਰਾਪਤੀਆਂ ’ਤੇ ਚਾਨਣਾ ਪਾਇਆ। ਉਨ੍ਹਾਂ ਨੇ ਆਪਣੇ ਕੁੰਜੀਵਤ ਭਾਸ਼ਨ ਵਿੱਚ ਦੱਸਿਆ ਕਿ ‘ਦੇਸ਼ ਨਿਕਾਲਾ’ ਕਾਵਿ-ਪੁਸਤਕ ਕਵਿਤਾ ਅਤੇ ਕਾਵਿ ਚਿੰਤਨ ਦੋਹਾਂ ਦਾ ਸੁਮੇਲ ਹੈ। ਉਹਨਾਂ ਕਿਹਾ ਕਿ ਪ੍ਰਭਸ਼ਰਨਦੀਪ ਸਿੰਘ ਧਰਮ, ਸਾਹਿਤ, ਫਲਸਫੇ ਅਤੇ ਇਤਿਹਾਸ ਦਾ ਵਿਦਵਾਨ ਹੋਣ ਦੇ ਨਾਲ-ਨਾਲ ਇੱਕ ਸਿਰਜਨਾਤਮਕ ਕਵੀ ਵੀ ਹੈ। ਪ੍ਰੋਫੈਸਰ ਸੁੱਖਪ੍ਰੀਤ ਸਿੰਘ ਸੰਧੂ ਅਨੁਸਾਰ, ‘ਦੇਸ਼ ਨਿਕਾਲਾ’ ਇੱਕ ਡਾਇਸਪੋਰਕ ਅਵਾਜ਼ ਵਜੋਂ ਪੰਜਾਬੀ ਸਾਹਿਤ ਵਿੱਚ ਆਪਣੀ ਮਜ਼ਬੂਤ ਪਛਾਣ ਬਣਾਉਂਦੀ ਹੈ।



ਡਾ. ਗੁਰਪ੍ਰੀਤ ਸਿੰਘ ਵੜੈਚ ਨੇ ਇਸ ਕਾਵਿ-ਸੰਗ੍ਰਹਿ ਨੂੰ ਬੇਗਾਨਗੀ ਦੇ ਅਹਿਸਾਸਾਂ ਨਾਲ ਜੂਝਦੇ ਮਨੁੱਖ ਦੀ ਕਵਿਤਾ ਦੱਸਿਆ । ਡਾ. ਗੁਰਪਾਲ ਸਿੰਘ ਸੰਧੂ ਦੇ ਪਰਚੇ ਵਿੱਚ ਇਸ ਗੱਲ ’ਤੇ ਜ਼ੋਰ ਦਿੱਤਾ ਗਿਆ ਕਿ ਪ੍ਰਭਸ਼ਰਨਦੀਪ ਸਿੰਘ ਦੀ ਕਿਤਾਬ ਸਿਰਜਨਾਤਮਕਤਾ, ਅਲੋਚਨਾ-ਸਿਧਾਂਤ ਅਤੇ ਕਵਿਤਾ ਦੇ ਤਿੰਨ ਕਾਰਜਾਂ ਨੂੰ ਬਰਾਬਰ ਚਲਾਉਂਦੀ ਹੈ, ਜੋ ਕਿ ਇੱਕ ਦੁਰਲੱਭ ਸੁਮੇਲ ਹੈ। ਪ੍ਰੋਫੈਸਰ ਸਵਿੰਦਰ ਸਿੰਘ ਛੀਨਾ ਨੇ ਇਸ ਪੁਸਤਕ ਦੀ ਸਿਧਾਂਤਕ ਪੱਖ ਦੀ ਡੂੰਘਾਈ ਦੀ ਪ੍ਰਸ਼ੰਸਾ ਕੀਤੀ। ਉਹਨਾ ਨੇ ਕਵਿਤਾਵਾਂ ਦੀਆਂ ਉਦਾਹਰਣਾਂ ਦਿੰਦਿਆਂ ਦੱਸਿਆ ਕਿ ਕਵੀ ਅਨੁਭਵੀ ਅਤੇ ਸੁਚੇਤ ਹੈ, ਡਾ. ਹਰਮਿੰਦਰ ਸਿੰਘ ਸੰਧੂ ਨੇ ‘ਦੇਸ਼ ਨਿਕਾਲਾ’ ਨੂੰ ਬੇਗਾਨਗੀ ਦੀ ਭਾਵਨਾ, ਖਾਸ ਤੌਰ ’ਤੇ ਪ੍ਰਵਾਸੀਆਂ ਦੁਆਰਾ ਅਨੁਭਵ ਕੀਤੀ ਜਾਂਦੀ ਬੇਗਾਨਗੀ ਦੀ ਤਰਜਮਾਨੀ ਵਜੋਂ ਦੇਖਿਆ। ਡਾ. ਗੋਬਿੰਦਰ ਸਿੰਘ ਸਮਰਾਓ ਨੇ ‘ਦੇਸ਼ ਨਿਕਾਲਾ’ ਕਿਤਾਬ ਲਿਖਣ ਦੇ ਮਕਸਦ ਬਾਰੇ ਬਹੁਤ ਸਾਰੇ ਪਹਿਲੂਆਂ ਤੋਂ ਸਵਾਲ ਖੜੇ ਕੀਤੇ, ਜਿਨ੍ਹਾਂ ਦਾ ਕਵੀ ਪ੍ਰਭਸ਼ਰਨਦੀਪ ਸਿੰਘ ਨੇ ਵਿਸਥਾਰ ਵਿੱਚ ਜਵਾਬ ਦਿੱਤਾ।

ਪ੍ਰਭਸ਼ਰਨਦੀਪ ਸਿੰਘ ਨੇ ਸਪੱਸ਼ਟ ਕੀਤਾ ਕਿ ਕਿਤਾਬ ਲਿਖਣ ਦਾ ਮੁੱਖ ਮਕਸਦ ਕਾਲ ਅਤੇ ਬੋਲੀ ਵਰਗੇ ਬੁਨਿਆਦੀ ਫਲਸਫਾਨਾ ਸਵਾਲਾਂ ਨੂੰ ਸੰਬੋਧਿਤ ਹੋਣਾ ਸੀ। ਉਨ੍ਹਾਂ ਮੁਤਾਬਕ ਕਾਲ ਦੀ ਸੱਤਾ ਤਹਿਤ ਬੋਲੀ ਰੁਪਾਂਤਰਿਤ ਹੁੰਦੀ ਰਹਿੰਦੀ ਹੈ। ਡਾ. ਗੁਰਿੰਦਰ ਸਿੰਘ ਗਰੇਵਾਲ ਨੇ ਆਪਣੇ ਹੀ ਦੇਸ਼ ਵਿੱਚ ਪੈਦਾ ਹੋਣ ਵਾਲੇ ਬੇਗਾਨਗੀ ਦੇ ਅਹਿਸਾਸਾਂ ਦਾ ਕਾਰਨ ਬਹੁਗਿਣਤੀ ਵੱਲੋਂ ਕੀਤੇ ਜਾ ਰਹੇ ਧਾਰਮਿਕ ਅਤੇ ਹੋਰ ਵਿਤਕਰਿਆਂ ਨੂੰ ਦੱਸਿਆ। ਡਾ. ਅਜੀਤ ਪਾਲ ਸਿੰਘ ਸੰਧੂ ਨੇ ਵੀ ਇਸ ਗੱਲ ਦੀ ਤਾਈਦ ਕੀਤੀ। ਅਖ਼ੀਰ ਵਿੱਚ ਹਰਜਿੰਦਰ ਪੰਧੇਰ ਵੱਲੋਂ ਸਮੂਹ ਸਰੋਤਿਆਂ ਅਤੇ ਵਿਦਵਾਨਾਂ ਦਾ ਧੰਨਵਾਦ ਕੀਤਾ।

# ਸਾਢੇ ਗਿਆਰਾਂ ਹਜ਼ਾਰ

ਵਰਤਾਰਾ

**ਦਵਿੰਦਰ ਮੰਡ (ਡਾ.)**

ਸੰਨ੍ਹ 1993-94 ਦੇ ਇਕ ਦਿਨ ਛੋਟਾ ਭਰਾ ਫਿਰ ਮੂੰਹ ਲਟਕਾਈ ਖੜਾ ਸੀ।

“ਕੀ ਹੋਇਆ?” ਮੈਂ ਕਾਲਜੋਂ ਅਜੇ ਘਰ ਵੜਿਆ ਹੀ ਸਾਂ।

“ਮਾਮਾ ਫੇ ਬੋਤਲ ਮੰਗਦਾ।” ਇੰਗਲੈਂਡ ਵਿਚੋਂ ਆਇਆ ਮੇਰਾ ਛੋਟਾ ਮਾਮਾ ਸਾਡੇ ਲਈ ਬੋਝ ਹੀ ਸੀ। ਉਹਦੀ ਰੋਜ਼ ਪੀਣ ਦੀ ਆਦਤ ਤੋਂ ਮੈਂ ਵੀ ਦੁਖੀ ਸਾਂ।

“ਅਸੀਂ ਕਿਥੋਂ ਰੋਜ਼ ਰੋਜ਼ ਪੈਸੇ ਕੱਢੀਏ।” ਮੈਂ ਵੀ ਕਾਲਜ ਵਿਚ ਅਜੇ ਆਰਜ਼ੀ ਅਧਿਆਪਕ ਨਿਯੁਕਤ ਹੋਇਆ ਸਾਂ। ਮਾਂ ਮੇਰੀ ਸਾਡੇ ਦੋਹਾਂ ਦੇ ਮੂੰਹ ਵੱਲ੍ਹ ਦੇਖ ਰਹੀ ਸੀ। ਫਿਰ ਉਸ ਨੇ ਆਪਣੇ ਬੋਝੇ ਵਿਚੋਂ ਤਹਿ ਲਾਇਆ ਦੋ ਸੌ ਦਾ ਨੋਟ ਕੱਢਿਆ, “ਆਹ ਲਓ ਪੁੱਤ ਮੇਰਾ ਭਰਾ ਸੁਖ ਨਾਲ਼ ਬਾਹਲੈ ਲਾਡਲਾ ਸੀ।” ਮੇਰੇ ਭਾਰਾ ਨੇ ਪੈਸੇ ਫੜੇ ਤੇ ਬਾਹਰ ਠੇਕੇ ਵੱਲ੍ਹ ਨੂੰ ਚਲਾ ਗਿਆ।

ਅੰਦਰ ਕੱਪੜੇ ਬਦਲਦਿਆਂ ਮੈਨੂੰ ਮਾਮੇ ’ਤੇ ਬਹੁਤ ਗੁੱਸਾ ਆਇਆ।

‘ਜੇ ਪੀਣੀ ਤਾਂ ਆਪਣੇ ਪੈਸੇ ਦੀ ਪੀ ਜਾਵੇ।” ਮੇਰੇ ਮਨ ’ਚ ਵਿਚਾਰ ਆਇਆ।

ਅਸਲ ’ਚ ਇੰਗਲੈਂਡ ’ਚ ਮਾਮੇ ਨੇ ਕੋਈ ਡੱਟ ਕੇ ਮਿਹਨਤ ਨਹੀਂ ਸੀ ਕੀਤੀ। ਪਰਿਵਾਰ ਵਿੱਚ ਉਹ ਸਭ ਤੋਂ ਛੋਟਾ ਤੇ ਲਾਡਲਾ ਸੀ। ਨਾਨਾ ਨਾਨੀ ਨੇ ਉਹਨੂੰ ਹਰ ਸੁਖ ਸਹੂਲਤ ਦਿੱਤੀ, ਜਿਸ ਕਰਕੇ ਮਾਨਸਿਕ ਤੌਰ ’ਤੇ ਬਹੁਤੀ ਸੂਝ ਤੋਂ ਖ਼ਾਲੀ ਸੀ। ਵਿਆਹ ਤੋਂ ਬਾਅਦ ਵੀ ਉਹ ਬਹੁਤਾ ਨਾ ਸੁਧਰਿਆ। ਪਤਨੀ ਮਾਨਸਿਕ ਤਣਾਓ ਵਿਚ ਚਲੇ ਗਈ। ਡਾਕਟਰਾਂ ਨੇ ਪਤਨੀ ਦੀ ਦੇਖਭਾਲ ਲਈ ਕੁਝ ਪੈਸੇ ਉਹਨਾਂ ਨੂੰ ਲਗਾ ਦਿੱਤੇ, ਜੋ ਭੱਤਾ ਮਿਲਦਾ ਉਹਦੇ ’ਤੇ ਗੁਜਾਰਾ ਕਰਨ ਲੱਗੇ। ਮੇਰਾ ਬਾਪ ਇਕ ਮਾਨਤਾ ਪ੍ਰਾਪਤ ਸਕੂਲ ਵਿੱਚ ਅਧਿਆਪਕ ਸੀ। ਪਰਿਵਾਰ ਵੱਡਾ ਹੋਣ ਕਰਕੇ ਅਸੀਂ ਵੀ ਹੱਥਲ ਪਰਿਵਾਰ ਵਿੱਚ ਹੀ ਆਉਂਦੇ ਸਾਂ। ਮਾਮਾ ਦੋ ਮਹੀਨੇ ਲਈ ਭਾਰਤ ਆਇਆ ਸੀ। ਉਹਦੀ ਪਤਨੀ ਨੇ ਸਾਨੂੰ ਨੇੜੇ ਹੀ ਇਕ ਚੰਗੀ ਕਲੋਨੀ ’ਚ ਘਰ ਬਣਾਉਣ ਲਈ ਪੈਸੇ ਭੇਜੇ ਸਨ। ਪੈਸੇ ਦਾ ਪ੍ਰਬੰਧ ਪਿਤਾ ਜੀ ਕੋਲ ਸੀ। ਮੇਰਾ ਛੋਟਾ ਭਰਾ ਸੀਮਿੰਟ, ਬੱਜਰੀ, ਰੇਤਾ, ਮਿੱਟੀ ਤੇ ਮਜ਼ਦੂਰ-ਮਿਸਤਰੀਆਂ ਦਾ ਪ੍ਰਬੰਧ ਕਰ ਦਿੰਦਾ ਸੀ। ਬਾਪ ਮੇਰਾ ਹਿਸਾਬ ਨਾਲ ਪੈਸੇ ਦੇ ਦਿੰਦਾ ਸੀ। ਮੇਰੇ ਮਾਮੇ ਦੇ ਦਿਮਾਗ਼ ਵਿੱਚ ਸੀ ਬਈ ਇਹ ਤਾਂ ਸਾਡੇ ਹੀ ਪੈਸੇ ਵਰਤਦੇ ਨੇ। ਇਸ ਕਰਕੇ ਉਹ ਸਾਨੂੰ ਹਮੇਸ਼ਾਂ ਕੋਈ ਨਾ ਕੋਈ ਮੰਗ ਪਾਈ ਰੱਖਦਾ। ਦੂਜੇ ਪਾਸੇ ਸਾਡੇ ਬਾਪ ਵਲੋਂ ਪੜ੍ਹਾਇਆ ਜਾਂਦਾ ਈਮਾਨਦਾਰੀ ਦਾ ਸਬਕ ਸਾਡੇ ਨਾਲ਼ ਨਾਲ਼ ਤੁਰ ਰਿਹਾ ਸੀ। “ਬੇਈਮਾਨੀ ਦਾ ਪੈਸਾ ਹਰ ਹਾਲਤ ’ਚ ਨਿਕਲ਼ ਜਾਂਦਾ ਬੰਦੇ ਨੂੰ ਪਤਾ ਨਹੀਂ ਲੱਗਦੈ, ਪਰਿਵਾਰ ’ਤੇ ਪੈ ਜਾਂਦਾ।”

ਮੇਰਾ ਭਰਾ ਨਵੇਂ ਖ਼ੂਨ ਦਾ ਸੀ ਅਕਸਰ ਘਰ ਵਿੱਚ ਬਖੇੜਾ ਖੜਾ ਕਰ ਲੈਂਦਾ, “ਲੈ ਦੱਸੋ ਤਾਂ ਭਾਪਾ ਜੀ ਕਿੰਨਾ ਕੁ ਈਮਾਨਦਾਰੀ ਨਾਲ ਘੁਲ਼ਦੇ ਰਹਿਣਗੇ, ਮਾਮੇ ਨੇ ਹੱਟਣਾ ਨਹੀਂ ਨਾਲੇ ਕਿੰਨਾ ਚਿਰ ਮਾਮੇ ਦੀ ਕੋਲੋਂ ਸੇਵਾ ਕਰਦੇ ਰਹਾਂਗੇ। ਬਾਪ ਦੀਆਂ ਇਹ ਸਾਰੀਆਂ ਗੱਲਾਂ ਪੁਰਾਣੇ ਖ਼ਿਆਲ ਦੀਆਂ ਨੇ ।” ਫਿਰ ਮਾਤਾ ਜੀ ਦੇ ਆਉਣ ਤੇ ਭਰਾ ਚੁੱਪ ਕਰ ਜਾਂਦਾ।

ਮਾਮੇ ਦੀ ਪੀਣ ਦੀ ਆਦਤ ਵੱਧਦੀ ਹੀ ਜਾਂਦੀ। ਪੀ ਕੇ ਉਹ ਸਾਨੂੰ ਆਪਣੇ ਪੈਸਿਆਂ ਦਾ ਮਿਹਣਾ ਵੀ ਮਾਰ ਦਿੰਦਾ ਸੀ। ਇਕ ਦਿਨ ਮੈਂ ਤਾਏ ਦੇ ਮੁੰਡੇ ਮੋਗ੍ਰੀ ਨੂੰ ਕਹਿ ਇਕ ਦੇਸੀ ਘਰ ਦੀ ਕੱਢੀ ਦਾਰੂ ਦੀ ਕੈਨੀ ਦਾ ਪ੍ਰਬੰਧ ਕਰ ਦਿੱਤਾ। ਇਹ ਕਾਫ਼ੀ ਸਸਤੀ ਸੀ। ਮੇਰਾ ਭਰਾ ਖੁਸ਼ ਹੋ ਗਿਆ। ਕਹਿਣ ਲੱਗਾ, “ਚਲੋ ਦੱਸ ਪੰਦਰਾਂ ਦਿਨ ਦਾ ਟੰਟਾ ਮੁੱਕਾ, ਇਹਦੇ ਨਾਲ ਪੇਟੀ, ਸਿਰੀ ਤੇ ਮਗਜ਼ ਲਿਆ ਦਿਆਂ ਕਰਾਂਗੇ।”

ਉਹੀ ਗੱਲ ਹੋਈ ਮਾਮੇ ਨੂੰ ਚਾਅ ਚੜ੍ਹ ਗਿਆ। ਉਂਝ ਵੀ ਬਦੇਸ਼ਾ ਵਾਲੇ ਦੇਸੀ ਘਰ ਦੀ ਕੱਢੀ ਦੇ ਕਾਫ਼ੀ ਸ਼ੌਕੀਨ ਹੁੰਦੇ ਹਨ।

ਫਿਰ ਇਕ ਦਿਨ ਮੇਰਾ ਭਰਾ ਥੋੜੇ ਚਾਅ ਵਿਚ ਸੀ ਕਹਿਣ ਲੱਗਾ, “ਭਾਅ ਬੁੱਧਵਾਰ, ਨੂੰ ਮਾਮੇ ਦੀ ਕੋਠੀ ਦਾ ਲੈਂਟਰ ਪੈਣਾ, ਲਾ ਲਵਾਂ ਇਹਨੂੰ ਲੈਂਟਰ।”

“ਕਿਥੋਂ? ਕਿਵੇਂ? ਛੱਡ ਪਰ੍ਹਾਂ ਭਾਪੇ ਨੂੰ ਪਤਾ ਲੱਗ ਜਾਣਾ, ਗਾਲਾਂ ਕੱਢੂ।” ਮੈਨੂੰ ਬਾਪ ਦੀ ਈਮਾਨਦਾਰੀ ਵਾਲੇ ਸੁਭਾਅ ਤੋਂ ਡਰ ਲੱਗ ਰਿਹਾ ਸੀ। ਭਰਾ ਨੇ ਮੇਰੀ ਚੁਪ ਨੂੰ ਹਾਂ ਹੀ ਸਮਝਿਆ। ਫਿਰ ਉਹ ਇਕ ਦਿਨ ਲਾਲ ਰੰਗ ਦੀ ਸੰਨ੍ਹੀ ਨਵੀਂ ਘਢਵਾ ਲਿਆਇਆ। ਉਹਨੇ ਸੀਮਿੰਟ ਦੇ ਟਰੱਕ ਵਿਚਲੇ ਬੋਰਿਆਂ ਦੀ ਗਿਣਤੀ ਵਧਾ ਲਈ ਸੀ। ਉਂਝ ਉਹਦੀ ਨੱਠ-ਭੱਜ ਵੀ ਜ਼ਿਆਦਾ ਹੁੰਦੀ ਸੀ। ਹੁਣ ਉਹ ਏਧਰ ਓਧਰ ਸਕੂਟਰੀ ਭਜਾਈ ਫਿਰਦਾ ਸੀ।

ਮੇਰੇ ਪਿਓ ਦੇ ਪੁੱਛਣ ਤੇ ਭਰਾ ਨੇ ਮੇਰਾ ਨਾਂ ਲੈ ਲਿਆ, “ਭਾਅ ਨੂੰ ਕੋਈ ਪਿਛਲਾ ਬਕਾਇਆ ਮਿਲਿਆ ਸੀ, ਸਾਢੇ ਗਿਆਰਾ ਹਜ਼ਾਰ, ਉਹਨੇ ਆਹ ਲੈ ਦਿੱਤੀ।”

ਬਾਪ ਚੁੱਪ ਕਰ ਗਿਆ।

ਦਿਨ ਲੰਘਦੇ ਗਏ। ਮਾਮਾ ਖਾ ਪੀ ਕੇ ਢਿੱਡ ’ਤੇ ਹੱਥ ਫੇਰ ਇੰਗਲੈਂਡ ਨੂੰ ਚਲਾ ਗਿਆ। ਮੇਰਾ ਭਰਾ ਬੀ. ਐੱਡ ਕਰਨ ਲਈ ਸਕੂਟਰੀ ’ਤੇ ਜਾਣ ਲੱਗਾ। ਉਹ ਕਾਫ਼ੀ ਖ਼ੁਸ਼ ਸੀ।

ਸਾਲ ਕੁ ਬਾਅਦ ਮਾਤਾ ਜੀ ਬੀਮਾਰ ਪੈ ਗਏ। ਉਹਨਾਂ ਦੀ ਕਿਡਨੀ ਵਿੱਚ ਪੱਥਰੀ ਸੀ। ਅਸੀਂ ਮਾਂ ਨੂੰ ਜਲੰਧਰ ਦੇ ਚੰਗੇ ਹਸਪਤਾਲ ’ਚ ਲੈ ਗਏ।

“ਇਕ ਕਿਡਨੀ ਪੱਥਰੀਆਂ ਨਾਲ ਖ਼ਤਮ ਹੋ ਚੁੱਕੀ, ਦੂਜੀ ਵਿਚੋਂ ਅਸੀਂ ਪੱਥਰੀ ਕੱਢ ਦਿੱਤੀ। ਉਹ ਪੰਜਾਹ ਪ੍ਰਤੀਸ਼ਤ ਕੰਮ ਕਰਦੀ।” ਡਾ. ਸ਼ਰਮਾ ਨੇ ਮੈਨੂੰ ਤੇ ਮੇਰੇ ਬਾਪ ਨੂੰ ਸਾਹਮਣੇ ਬਿਠਾ ਸਭ ਕੁਝ ਸਮਝਾ ਦਿੱਤਾ।

ਕੁਝ ਦਿਨਾਂ ਬਾਅਦ ਮਾਤਾ ਨੂੰ ਹਸਪਤਾਲ ਵਿਚੋਂ ਛੁੱਟੀ ਮਿਲ ਗਈ। ਮੈਂ ਪੈਸਿਆਂ ਦਾ ਹਿਸਾਬ ਕਰਕੇ ਜਦੋਂ ਬਾਹਰ ਆਇਆ ਤਾਂ ਮੇਰਾ ਭਰਾ ਸਕੂਟਰੀ ਦਾ ਹਾਰਨ ਵਜਾ ਮੇਰਾ ਧਿਆਨ ਆਪਣੇ ਵੱਲ ਖਿੱਚ ਰਿਹਾ ਸੀ।

“ਕਿੰਨੇ ਦਾ ਬਿੱਲ ਬਣਿਆ?” ਭਰਾ ਨੇ ਇਕ ਦਮ ਸਵਾਲ ਕਰ ਦਿੱਤਾ।

ਮੈਂ ਪੂਰੇ ਸਾਢੇ ਗਿਆਰਾਂ ਹਜ਼ਾਰ ਦਾ ਬਿੱਲ ਭਰਾ ਨੂੰ ਫੜਾ ਦਿੱਤਾ। ਮੇਰੇ ਭਰਾ ਨੂੰ ਸੰਨ੍ਹੀ ਦੇ ਬਿੱਲ ਬਾਰੇ ਚੇਤਾ ਨਹੀਂ ਸੀ।

ਮੈਂ ਕਦੇ ਭਰਾ ਹੇਠ ਖੜ੍ਹੀ ਲਾਲ ਰੰਗ ਦੀ ਸਕੂਟਰੀ ਵੱਲ ਦੇਖ ਰਿਹਾ ਸਾਂ ਤੇ ਕਦੇ ਬਾਪ ਦੇ ਈਮਾਨਦਾਰੀ ਵਾਲੇ ਚਿਹਰੇ ਵੱਲ ਨਜ਼ਰ ਮਾਰ ਰਿਹਾ ਸਾਂ।

ਸੰਪਰਕ 99145-65255

ਸਫ਼ਾ 2 ਦੀ ਬਾਕੀ

## ‘ਭਗਵਾਨ’ ਦੀ ਰੱਖਿਆ ਲਈ ਖੇਤੀ ...

ਜਾ ਰਿਹਾ। ਕਿਸਾਨ ਦੇ ਦੁਆਲ਼ੇ ਲਪੇਟ ਹੋਈਆਂ ਖਰਚੇ ਅਤੇ ਕਰਜ਼ੇ ਦੀਆਂ ਜ਼ੰਜੀਰਾਂ ਨੂੰ ਕਾਰਪੋਰੇਟ ਸਿਸਟਮ ਵੱਲੋਂ ਸੁਝਾਏ ਖੇਤੀ ਢੰਗਾਂ ਨਾਲ ਕਦੇ ਵੀ ਨਹੀਂ ਤੋੜਿਆ ਜਾ ਸਕਦਾ।

**? ਅੱਜਕੱਲ੍ਹ 99 ਫੀਸਦੀ ਕਿਸਾਨ ਘਾਟੇ ਦੀ ਖੇਤੀ ਕਰ ਰਹੇ ਹਨ, ਲਟੈਣਾਂ ਨੂੰ ਜੱਫੇ ਪਾ ਰਹੇ ਹਨ।ਕਿਸਾਨਾਂ ਵਿੱਚ ਆਤਮ ਹੱਤਿਆ ਦਾ ਰੁਝਾਨ ਬਹੁਤ ਵਧ ਗਿਆ ਹੈ, ਉਹਨਾਂ ਦਾ ਸਮਾਜਿਕ ਰੁਤਬਾ ਘਟਿਆ ਹੈ, ਉਹ ਆਰਥਿਕ ਮੰਦਹਾਲੀ ਦਾ ਸ਼ਿਕਾਰ ਹਨ, ਮਾਨਸਿਕ ਤਨਾਅ ਹੰਢਾ ਰਹੇ ਹਨ। ਤੁਹਾਡੇ ਅਨੁਸਾਰ ਕਿਸਾਨਾਂ ਨੂੰ ਇਸ ਤ੍ਰਾਸਦੀ ਵਿਚੋਂ ਕਿਵੇਂ ਬਾਹਰ ਕੱਢਿਆ ਜਾ ਸਕਦਾ ਹੈ?**

-ਕਿਸਾਨਾਂ ਨੂੰ ਇਸ ਤ੍ਰਾਸਦੀ ਵਿਚੋਂ ਬਾਹਰ ਕੱਢਣ ਦਾ ਇੱਕੋ ਢੰਗ ਹੈ - ਭਗਵਾਨ ਦੀ ਰੱਖਿਆ ਲਈ ਖੇਤੀ ਸਤਿਸੰਗ ਸੁਣਿਆ ਜਾਵੇ।

ਭਗਵਾਨ ਭਾਵ ਭ+ਗ+ਵ+ਆ+ਨ, ਭੱਭਾ-ਭੂਮੀ ਭਾਵ ਮਿੱਟੀ, ਗੱਗਾ-ਗਗਨ ਭਾਵ ਆਕਾਸ਼, ਵਾਵਾ-ਵਾਯੂ ਭਾਵ ਹਵਾ, ਆ - ਆਗ ਭਾਵ ਅਗਨੀ, ਨੰਨਾ-ਨੀਰ ਭਾਵ ਪਾਣੀ ਦੀ ਰੱਖਿਆ ਲਈ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਖੇਤੀ ਮਾਡਲ ਨੂੰ ਅਮਲ ਵਿੱਚ ਲਿਆਂਦਾ ਜਾਵੇ। ਖੇਤੀ ਕਰਨ ਲਈ ਪੰਜ ਜੀਵਨਦਾਈ ਤੱਤਾਂ ਮਿੱਟੀ, ਹਵਾ, ਆਕਾਸ਼, ਅਗਨੀ ਅਤੇ ਪਾਣੀ ਦੀ ਸਹੀ ਢੰਗ ਨਾਲ ਵਰਤੋਂ ਦੀ ਜਾਂਚ ਸਿੱਖਣਾ ਹੀ ਖੇਤੀ ਸਤਿਸੰਗ ਦਾ ਉਦੇਸ਼ ਹੈ।ਅਸੀਂ ਇਸ ਨੂੰ ਕੁਦਰਤੀ ਖੇਤੀ ਜਾਂ ਜੈਵਿਕ ਖੇਤੀ ਦਾ ਨਾਂਅ ਦਿੰਦੇ ਹਾਂ।ਜੈਵਿਕ ਖੇਤੀ ਹੀ ਕਿਸਾਨਾਂ ਨੂੰ ਇਸ ਮਾਨਸਿਕ ਤ੍ਰਾਸਦੀ ਅਤੇ ਆਰਥਿਕ ਮੰਦਹਾਲੀ ਵਿੱਚੋਂ ਬਾਹਰ ਕੱਢਣ ਦਾ ਇੱਕੋ-ਇੱਕ ਹੱਲ ਹੈ।

**? ਜੈਵਿਕ ਖੇਤੀ ਕੀ ਹੁੰਦੀ ਹੈ।**

-ਜੈਵਿਕ ਖੇਤੀ ਮਾਹਰਾਂ ਦੁਆਰਾ ਸੁਝਾਇਆ ਗਿਆ ਖੇਤੀ ਕਰਨ ਦਾ ਢੰਗ ਹੈ, ਜਿਹੜਾ ਕਿਸਾਨ ਦੀ ਆਰਥਿਕਤਾ ਮਜ਼ਬੂਤ ਕਰਨ, ਸਮਾਜ ਨੂੰ ਸਿਹਤਯਾਬ ਕਰਨ, ਸਾਡੇ ਕੁਦਰਤੀ ਸਾਧਨਾਂ ਨੂੰ ਬਚਾਉਣ ਲਈ ਬਹੁਤ ਲਾਹੇਵੰਦ ਹੈ। ਜੈਵਿਕ ਖੇਤੀ, ਕੁਦਰਤੀ ਸਿਸਟਮ ਅਨੁਸਾਰ ਖਾਦ ਤਿਆਰ ਕਰਕੇ ਜੀਵਨ ਦੇਣ ਵਾਲ਼ੀ ਜ਼ਹਿਰ ਮੁਕਤ ਖੇਤੀ ਉਤਪਾਦਨ ਕਰਨ ਦੀ ਵਿਧੀ ਹੈ। ਬਿਨਾਂ ਕਿਸੇ ਬਣਾਉਟੀ ਰਸਾਇਣ ਦੀ ਵਰਤੋਂ ਕੀਤਿਆਂ ਪੰਜ ਤੱਤਾਂ ਹਵਾ, ਪਾਣੀ, ਮਿੱਟੀ, ਅਗਨੀ, ਅਕਾਸ਼ ਦੀ ਸਹੀ ਢੰਗ ਨਾਲ ਵਰਤੋਂ ਕਰਕੇ ਪੈਦਾ ਕੀਤੀ ਜਾਣ ਵਾਲੀ ਉਪਜ ਨੂੰ ਜੈਵਿਕ ਖੇਤੀ ਕਹਿ ਸਕਦੇ ਹਾਂ।

**? ਕੀ ਜੈਵਿਕ ਖੇਤੀ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਅਪਣਾਏ ਗਏ ਖੇਤੀ ਮਾਡਲ ਦਾ ਹੀ ਆਧੁਨਿਕ ਨਾਂਅ ਕਿਹਾ ਜਾ ਸਕਦਾ ਹੈ।**

-ਜੀ ਬਿਲਕੁਲ, ਮੈਂ ਇਸ ਗੱਲ ਨਾਲ ਸਹਿਮਤ ਹਾਂ। ਸਾਡੀ ਸੰਸਥਾ ਵੱਲੋਂ ਦਿੱਤਾ ਗਿਆ ਨਾਅਰਾ ‘ਗੁਰਬਾਣੀ ਸੇਧਤ ਖੇਤੀ ਦੀ ਗੱਲ, ਕਰ ਦੇਵੇਗੀ ਸਾਰੇ ਮਸਲੇ ਹੱਲ’ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਗੁਰਬਾਣੀ ਜੀਵਨ ਦੇ ਹਰ ਪੱਖ ਦਾ, ਸਹੀ ਢੰਗ ਦੇ ਨਾਲ਼ ਜਵਾਬ ਦੇਣ ਦੇ ਸਮਰੱਥ ਹੈ ਅਤੇ ਤੁਸੀਂ ਵੀ ਉਸ ਵਿੱਚੋਂ ਗੱਲ ਲੈ ਕੇ ਇੱਕ ਗੱਲ ਤੋਰੀ ਹੈ । ਖੇਤੀ ਦਾ ਗੁਰੂ ਨਾਨਕ ਮਾਡਲ ਅੱਜ ਦੇ ਸਮੇਂ ਦਾ ਵੱਡਾ ਸੱਚ ਹੈ। ਗੁਰੂ ਨਾਨਕ ਸਾਹਿਬ ਦੀ ਸੋਚ ਨੂੰ ਸ਼ਤ-ਸ਼ਤ ਨਮਨ ਹੈ। ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸਿਧਾਂਤਾਂ ਉੱਪਰ ਚੱਲ ਕੇ ਅਸੀਂ ਆਪਣਾ ਜੀਵਨ ਸਫ਼ਲ ਕਰ ਸਕਦੇ ਹਾਂ। ਵਧੀਆ ਸਿਹਤਯਾਬ ਸਮਾਜ ਦਾ ਨਿਰਮਾਣ ਕਰ ਸਕਦੇ ਹਾਂ। ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਦੇ ਆਖਰੀ ਸਾਢੇ ਸਤਾਰਾਂ ਸਾਲ ਇਸ ਖੇਤੀ ਦੇ ਕਿੱਤੇ ਵਿੱਚ ਗੁਜ਼ਾਰੇ। ਉਹਨਾਂ ਇਹ ਗੱਲ ਸਮਝਾਈ ਕਿ ਖੇਤੀ ਤੋਂ ਬਿਨਾਂ ਸਾਡਾ ਜੀਵਨ ਚੱਲ ਨਹੀਂ ਸਕਦਾ ਅਤੇ ਸਾਨੂੰ ਖੇਤੀ ਦੇ ਕਿੱਤੇ ਵਿੱਚ ਜ਼ਰੂਰ ਕਾਰਜਸ਼ੀਲ ਹੋਣਾ ਚਾਹੀਦਾ ਹੈ, ਕਿਉਂਕਿ ਇਸ ਤੋਂ ਬਿਨਾਂ ਸਾਡਾ ਸਮਾਜ ਚੱਲ ਨਹੀਂ ਸਕਦਾ। ਜ਼ਰੂਰਤ ਹੈ ਕਿ ਅਸੀਂ ਗੁਰਬਾਣੀ ਤੋਂ ਸੇਧ ਲੈ ਕੇ ਕਾਸ਼ਤਕਾਰੀ ਨੂੰ ਗੁਰਬਾਣੀ ਦੇ ਸਿਧਾਂਤਾਂ ਅਨੁਸਾਰ ਢਾਲੀਏ।

**? ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਕਿਰਤ ਕਰਨ, ਖੇਤੀ ਕਰਨ ਦੀ ਗੱਲ ਕੀਤੀ, ਉਹਨਾਂ ਖ਼ੁਦ ਹੱਥੀਂ ਕੁਦਰਤੀ ਖੇਤੀ ਜਿਸ ਨੂੰ ਆਪ ਜੈਵਿਕ ਖੇਤੀ ਕਹਿ ਰਹੇ ਹੋ, ਅਪਣਾਈ, ਪਰ ਹੁਣ ਕਿਸਾਨ ਹੱਥੀਂ ਖੇਤੀ ਕਰਨ ਦੀ ਥਾਂ ਜ਼ਮੀਨ ਠੇਕੇ ’ਤੇ ਦੇਣ ਨੂੰ ਤਰਜੀਹ ਦੇ ਰਿਹਾ ਹੈ? ਆਪ ਅਨੁਸਾਰ ਖੇਤੀ ਲਾਹੇਵੰਦ ਧੰਦਾ ਨਾ ਰਹਿਣ ਪਿੱਛੇ ਕੀ ਇਹ ਕਾਰਨ ਜ਼ਿੰਮੇਵਾਰ ਹੋ ਸਕਦਾ ਹੈ.**

-ਗੁਰੂ ਨਾਨਕ ਸਾਹਿਬ ਵੱਲੋਂ ‘ਨਾਮ ਜਪੋ, ਕਿਰਤ ਕਰੋ, ਵੰਡ ਛਕੋ’ ਦਾ ਬਹੁਤ ਹੀ ਕਲਿਆਣਕਾਰੀ ਸਿੱਖੀ ਸਿਧਾਂਤ ਦਿੱਤਾ ਗਿਆ ਹੈ। ਹਰ ਇੱਕ ਨੂੰ ਕਿਰਤ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ।ਠੇਕੇ ’ਤੇ ਜ਼ਮੀਨ ਦੇ ਦੇਣਾ, ਆਪ ਕਾਸ਼ਤਕਾਰੀ ਨਾ ਕਰਨਾ, ਠੇਕਾ ਲੈ ਲੈਣਾ ਇਹ ਵੀ ‘ਗਰੀਡ ਰੈਵੋਲਿਊਸ਼ਨ’ ਦੀ ਹੀ ਦੇਣ ਹੈ, ਜਿਹੜੀ ਵੱਧ ਤੋਂ ਵੱਧ ਉਤਪਾਦਨ ਲੈਣ ਲਈ ਨੈਤਿਕ ਅਤੇ ਅਨੈਤਿਕ ਹਰ ਤਰ੍ਹਾਂ ਦੇ ਤਰੀਕੇ ਵਰਤਣ ਨੂੰ ਉਤਸ਼ਾਹਿਤ ਕਰਦੀ ਹੈ। ਨਤੀਜੇ ਵਜੋਂ ਸਾਡਾ ਸਾਰਾ ਇੱਕੋ ਸਿਸਟਮ ਖਰਾਬ ਹੋ ਰਿਹਾ ਹੈ ਅਤੇ ਵਾਤਾਵਰਣ ਪ੍ਰਦੂਸ਼ਿਤ ਹੋ ਗਿਆ ਹੈ। ਇਸ ਪ੍ਰਦੂਸ਼ਿਤ ਵਾਤਾਵਰਨ ਵਿੱਚੋਂ ਜਿਹੜੀ ਉਪਜ ਪੈਦਾ ਹੋ ਰਹੀ ਹੈ, ਉਹ ਜ਼ਹਿਰ ਯੁਕਤ ਪੈਦਾ ਹੋ ਰਹੀ ਹੈ। ਜਦੋਂ ਅਸੀਂ ਕੁਦਰਤ ਦੇ ਅਸੂਲਾਂ ਤੋਂ ਹਟ ਕੇ ਜੀਵਨ ਚਲਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਉਹਦੇ ਵਿੱਚ ਸਾਨੂੰ ਬਹੁਤ ਵੱਡੀਆਂ ਜਿਹੜੀਆਂ ਸਮੱਸਿਆਵਾਂ ਦਰਪੇਸ਼ ਆਉਣਗੀਆਂ ਅਤੇ ਆ ਵੀ ਰਹੀਆਂ ਹਨ।

**? ਰਸਾਇਣਕ ਖੇਤੀ ਅਤੇ ਜੈਵਿਕ ਖੇਤੀ ਦੀ ਸੰਖੇਪ ਵਿੱਚ ਆਪ ਤੁਲਨਾ ਕਿਵੇਂ ਕਰਦੇ ਹੋ।**

-ਦਰਅਸਲ ਹੁਣ ਵੱਡੇ ਕਾਰਪੋਰੇਟ ਘਰਾਣੇ, ਵਪਾਰੀ ਵਰਗ ਇਹ ਚਾਹੁੰਦਾ ਹੈ ਕਿ ਉਹ ਰਸਾਇਣਕ ਖੇਤੀ ਉਪਜਾਂ ਦਾ ਬਦਲ ਜੈਵਿਕ ਖੇਤੀ ਉਤਪਾਦਾਂ ਵਜੋਂ ਪੇਸ਼ ਕਰੇ, ਪ੍ਰੰਤੂ ਕਿਸਾਨਾਂ ਨੂੰ ਇਸ ਤੋਂ ਵੀ ਅੱਗੇ ਦੀ ਸੋਚ ਅਪਣਾਉਣ ਦੀ ਜ਼ਰੂਰਤ ਹੈ, ਉਹ ਸੋਚ ਹੈ ਖੇਤੀ ਦਾ ਕੁਦਰਤੀਕਰਨ। ਕੁਦਰਤ ਨੇ ਜਿਸ ਢੰਗ ਨਾਲ ਜੀਵਨ ਨੂੰ ਬਣਾਇਆ ਅਤੇ ਚਲਾਇਆ ਹੈ, ਉਹਨਾਂ ਅਸੂਲਾਂ ਨੂੰ ਸਮਝ ਕੇ ਭਾਵ ਜੀਵਨਦਾਈ ਪੰਜ ਤੱਤਾਂ ਦਾ ਸਹੀ ਨਿਆਂਪੂਰਨ ਪ੍ਰਬੰਧਨ ਕਰਕੇ, ਕੁਦਰਤ ਦੇ ਵਿਕਸਤ ਕੀਤੇ ਸਿਸਟਮ ਨੂੰ ਸਮਝ ਕੇ, ਇਹਨਾਂ ਨੂੰ ਸਾਂਭਣ ਲਈ ਕਾਰਗਰ ਪ੍ਰਬੰਧ ਕਰਨ ਦੀ ਜ਼ਰੂਰਤ ਹੈ। ਇਸ ਤਰ੍ਹਾਂ ਕਰਨ ਨਾਲ਼ ਕਿਸਾਨਾਂ ਦਾ ਖੇਤੀ ਉੱਪਰ ਹੋਣ ਵਾਲਾ ਖਰਚਾ ਘਟੇਗਾ, ਖੇਤੀ ਲਾਹੇਵੰਦ ਧੰਦਾ ਬਣ ਜਾਵੇਗੀ, ਸਾਡਾ ਭੋਜਨ ਵੀ ਜ਼ਹਿਰ ਮੁਕਤ ਹੋਵੇਗਾ, ਸਾਡਾ ਸਮਾਜ ਖ਼ੁਸ਼ਹਾਲ ਅਤੇ ਤੰਦਰੁਸਤ ਹੋਵੇਗਾ। ਖੇਤੀ ਵਿੱਚ ਰਸਾਇਣਾਂ ਦੀ ਵਰਤੋਂ ਬੰਦ ਕਰ ਦੇਣ ਨਾਲ ਕੋਈ ਨੁਕਸਾਨ ਨਹੀਂ ਹੋਵੇਗਾ। ਰਸਾਇਣਕ ਖੇਤੀ ਵਿੱਚੋਂ ਰਸਾਇਣ ਕੱਢਣ ਨਾਲ ਵੀ ਖੇਤੀ ਨੂੰ ਕੋਈ ਫ਼ਰਕ ਨਹੀਂ ਪੈਂਦਾ, ਉਹ ਖੇਤੀ ਹੀ ਰਹਿੰਦੀ ਹੈ, ਜੰਗਲ ਇਸ ਦੀ ਸਪੱਸ਼ਟ ਉਦਾਹਰਨ ਹਨ, ਪਰ ਕੁਦਰਤੀ ਖੇਤੀ ਵਿੱਚੋਂ ਕੁਦਰਤ ਕੱਢ ਦੇਣ ਨਾਲ ਬਾਕੀ ਕੁਝ ਵੀ ਨਹੀਂ ਬਚਦਾ। ਰਸਾਇਣਕ ਖੇਤੀ ਵਿੱਚੋਂ ਵੀ ਕੁਦਰਤ ਨੂੰ ਬਾਹਰ ਨਹੀਂ ਕੱਢਿਆ ਜਾ ਸਕਦਾ। ਖੇਤੀ ਆਪਣੇ ਆਪ ਵਿੱਚ ਹੀ ਕੁਦਰਤੀ ਹੈ, ਇਸ ਨੂੰ ਕੁਦਰਤੀ ਖੇਤੀ ਕਹਿਣਾ ਵੀ ਗ਼ੈਰ ਜ਼ਰੂਰੀ ਹੀ ਹੈ। ਖੇਤੀ ਦਾ ਕੁਦਰਤੀਕਰਨ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਇਸ ਲੋੜ ਨੂੰ ਸਮਝ ਕੇ ਹੀ ਅਸੀਂ ਖੇਤੀ ਕਿੱਤੇ ਨੂੰ ਪਵਿੱਤਰ, ਉੱਤਮ ਅਤੇ ਲਾਹੇਵੰਦ ਬਣਾ ਸਕਦੇ ਹਾਂ।

**- ਮੁਲਾਕਾਤੀ : ਗੁਰਮੀਤ ਸਿੰਘ ਪਲਾਹੀ, ਕਮਲੇਸ਼ ਸੰਧੂ, ਹਰਜਿੰਦਰ ਨਿਆਣਾ**

ਸਫ਼ਾ 3 ਦੀ ਬਾਕੀ

## ਚਿੱਤਰਕਾਰੀ ਵਿਚ ਸੰਤਾਲੀ ਤੋਂ ਚੁਰਾਸੀ ...

ਚੌਰਸ ਫਰੇਮ ਅੰਦਰ ਸੁੱਖ ਨਾਲ ਨਹੀਂ, ਸਗੋਂ ਬੇਅਰਾਮੀ, ਬੇਬੱਸੀ ਤੇ ਪੀੜਾ ਵਿਚ ਫਸਵੇਂ ਜਿਹੇ ਬੈਠੇ ਹਨ। ਪ੍ਰਮੁੱਖ ਵਿਅਕਤੀ ਦੇ ਬੈਠਣ ਦਾ ਅੰਦਾਜ਼ ਜੋ ਦਰਸ਼ਕ ਨੂੰ ਥੋੜ੍ਹਾ ਬਹੁਤ ਸਮਝ ਆ ਰਿਹਾ ਹੈ, ਜਦ ਕਿ ਬਾਕੀ ਦੋਹਾਂ ਬਾਰੇ ਅੰਦਾਜ਼ਾ ਲਾਉਣਾ ਕਠਿਨ ਜਾਪ ਰਿਹਾ ਹੈ, ਖਾਸ ਕਰਕੇ ਜੋ ਬਿਲਕੁਲ ਪਿੱਛੇ ਹੈ। ਸ਼ੱਕ ਜਿਹਾ ਹੋ ਸਕਦਾ ਹੈ ਕਿ ਕੀ ਇਹ ਰੂਪ ਪੁਰਖ ਦਾ ਹੈ ਜਾਂ ਔਰਤ ਦਾ। ਇਸ ਪਾਤਰ ਦਾ ਸਿਰ ਢਕਿਆ ਹੋਣ ਕਰਕੇ ਕਿਹਾ ਜਾ ਸਕਦਾ ਹੈ ਕਿ ਇਹ ਔਰਤ ਹੈ। ਸਾਡਾ ਧਿਆਨ ਮੋਢਿਆਂ ਉਪਰ ਦੋ ਹੱਥਾਂ ਦੀ ਮਜ਼ਬੂਤ ਪਕੜ ਵੱਲ ਜਾਂਦਾ ਹੈ। ਮੋਢਿਆਂ ਵਾਲੇ ਹੱਥਾਂ ਦੀ ਕੱਸ ਅਸਪੱਸ਼ਟ ਵਿਅਕਤੀ ਨੂੰ ਸਪੱਸ਼ਟਤਾ ਦੇਣ ਦੇ ਇਲਾਵਾ ਉਸ ਦੀ ਜਾਨਦਾਰ ਸ਼ਮੂਲੀਅਤ ਨੂੰ ਉਜਾਗਰ ਕਰ ਰਹੀ ਹੈ।’

ਇਹ ਚਿੱਤਰ ਉਸ ਵਿਆਪਕ ਦੁੱਖ ਨੂੰ ਜ਼ਾਹਰ ਕਰ ਰਿਹਾ ਹੈ, ਜੋ ਵੰਡ ਦੀ ਹਿੰਸਾਤਮਕ ਬਿਰਤੀ ਦਾ ਸਿੱਟਾ ਹੈ। ਗੂੜ੍ਹੇ ਰੰਗ ਦੁੱਖ, ਪੀੜਾ ਨੂੰ ਹੋਰ ਸ਼ਿੱਦਤ ਨਾਲ ਪ੍ਰਗਟਾ ਰਹੇ ਹਨ। ਇਸ ਤ੍ਰਾਸਦੀ ਵਿਚ ਹਰ ਕੋਈ ਗਮਜ਼ਦਾ ਹੈ ਤੇ ਹਰ ਇਕ ਦੀ ਆਪਣੀ ਪੀੜ ਹੈ ਜੋ ਚਿਹਰਿਆਂ ਤੋਂ ਝਲਕ ਰਹੀ ਹੈ। ਇਸ ਚਿੱਤਰ ਦਾ ਵਿਰਲਾਪ ਵੀ ਸਦੀਵੀ ਹੈ ਕਿਉਂਕਿ ਦੁਨੀਆ ਤੋਂ ਦੁੱਖ-ਦਰਦ ਕਦੇ ਵੀ ਮੱਧਮ ਨਹੀਂ ਹੋਏ। ਇਸ ਲਈ ਇਹ ਚਿੱਤਰ ਸਾਡੀਆਂ ਸੰਵੇਦਨਾਵਾਂ ਨੂੰ ਟੁੰਬਦਾ ਹੈ।

ਇਸ ਪ੍ਰਸੰਗ ਵਿਚ ਪ੍ਰੇਮ ਸਿੰਘ ਦੇ ਚਿੱਤਰ ‘ਇਮੇਜ ਆਫ ਸਕਾਰਡ ਸਿਟੀ’ ਦੀ ਗੱਲ ਕੀਤੀ ਜਾ ਸਕਦੀ ਹੈ। ਦਿਖਾਈ ਦੇ ਰਿਹਾ ਰੇਖਾਂਕਣ ਦੇਖਣ ਵਿਚ ਸਧਾਰਨ ਲੱਗਦੀ ਡਰਾਇੰਗ ਹੈ, ਪਰ ਅਸਲ ਵਿਚ ਹੈ ਨਹੀਂ। ਇਸਤਰੀ ਅਕਾਰ ਦਰਸ਼ਕ ਵੱਲ ਪਿੱਠ ਕਰਕੇ ਖੜਾ ਦਿਖਾਈ ਦੇ ਰਿਹਾ ਹੈ। ਜਿਸ ਅੱਗੇ ਖੜਾ ਹੋ ਦੇਖਿਆ ਜਾ ਰਿਹਾ ਹੈ, ਉਹ ਘਰ ਦਾ ਦਰਵਾਜ਼ਾ ਹੈ। ਡਰਾਇੰਗ ਦੱਸਦੀ ਹੈ ਕਿ ਬਾਹਰ ਘੁੱਪ ਹਨੇਰਾ ਹੈ। ਜ਼ਾਹਰ ਹੈ ਦੇਖਣ ਵਾਲੇ ਦੀਆਂ ਅੱਖਾਂ ਦੂਰ-ਦੂਰ ਤਾਂ ਕੀ, ਹੱਥ ਦੋ ਹੱਥ ਤੱਕ ਦੇਖਣ ਤੋਂ ਵੀ ਅਸਮਰੱਥ ਹਨ। ਜੋ ਨਜ਼ਰ ਨਹੀਂ ਆ ਰਿਹਾ, ਉਸ ਨੂੰ ਹਨੇਰੇ ਨੇ ਆਪਣੇ ਅੰਦਰ ਲੁਕਾਇਆ ਹੋਇਆ ਹੈ। ਇਕ ਪਾਸੇ ਹਨੇਰੇ ਦੀ ਆਪਣੀ ਹੋਂਦ ਹੈ, ਦੂਜੇ ਧਰਾਤਲ ਉਪਰ ਉਹ ਰਾਜ ਦੀ ਪ੍ਰਤੀਨਿਧਤਾ ਕਰ ਰਿਹਾ ਹੈ। ਰਾਜ ਆਪਣੀ ਤਰ੍ਹਾਂ ਆਪਣੇ ਆਪ ਨੂੰ, ਆਪਣੀਆਂ ਹਰਕਤਾਂ ਨੂੰ ਲੁਕਾ ਰਿਹਾ ਹੈ, ਹਿੰਸਾ ਕਰਨ ਵਾਲਿਆਂ ਨੂੰ ਸ਼ਰਨ ਦੇ ਰਿਹਾ ਹੈ। ਅੱਗ ਬਲ ਰਹੀ ਹੈ ਪਰ ਲੋਅ ਨਹੀਂ ਬਿਖੇਰ ਰਹੀ। ਅੱਗ ਦੀ ਤਾਸੀਰ ਨੂੰ ਬਦਲਣ ਦਾ ਯਤਨ ਹੈ।’ ਇੰਜ ਸਧਾਰਨ ਜਿਹੇ ਲੱਗ ਰਹੇ ਰੇਖਾਂਕਣ ਵਿਚ ਗੂੜ੍ਹ ਅਰਥ ਭਰੇ ਹੋਏ ਹਨ।

ਅਰਪਨਾ ਕੌਰ ਉੱਘੀ ਪੇਂਟਰ ਹੈ। ਉਹਨੇ ਰੰਗਾਂ ਤੇ ਖਾਕਿਆਂ ਰਾਹੀਂ ਇਕ ਨਵੀਂ ਸ਼ੈਲੀ ਸਿਰਜੀ ਹੈ। ਹੱਥਲੀ ਕਿਤਾਬ ਵਿਚ ਉਹਦਾ ਚਿੱਤਰ ‘ਆਫਟਰ ਦੀ ਮੈਸੇਕਰ’ ਵਿਸ਼ੇਸ਼ ਧਿਆਨ ਖਿੱਚਦਾ ਹੈ। ਇਸ ਦੀ ਵਿਆਖਿਆ ਕਰਦਾ ਲੇਖਕ ਲਿਖਦਾ ਹੈ-‘ਮੈਸੇਕਰ ਸ਼ਬਦ ਦਾ ਅਰਥ ਹੈ- ਬੇਰਹਿਮੀ ਨਾਲ ਕੀਤੀ ਗਈ ਵੱਢ ਟੁੱਕ। ਚਿੱਤਰ ਕਿਸੇ ਵੱਢੇ-ਟੁੱਕੇ ਸਰੀਰ ਦੀ ਬਾਤ ਨਹੀਂ ਪਾਉਂਦਾ। ਸਾਰੇ ਕੈਨਵਸ ’ਤੇ ਲਹੂ ਦੀ ਬੂੰਦ ਤੱਕ ਨਹੀਂ। ਦਰਸ਼ਕ ਨੂੰ ਹੈਰਾਨੀ ਹੋ ਸਕਦੀ ਹੈ ਕਿ ਜ਼ਖ਼ਮ ਦੀ ਗੱਲ ਤਾਂ ਕੀਤੀ ਜਾ ਰਹੀ ਹੈ ਪਰ ਜ਼ਖ਼ਮ ਕਿਤੇ ਦਿਖਾਈ ਨਹੀਂ ਦੇ ਰਿਹਾ। ਮੰਨ ਸਕਦੇ ਹਾਂ ਕਿ ਏਥੇ ਦਿਖਦੇ ਜ਼ਖ਼ਮਾਂ ਦੀ ਬਜਾਏ ਅਦਿਖਦੇ ਜ਼ਖ਼ਮਾਂ ਦੀ ਗੱਲ ਕੀਤੀ ਗਈ ਹੈ। 1984 ਦੇ ਬਣੇ ਇਸ ਦ੍ਰਿਸ਼ ਅੰਦਰ ਚਾਰ ਅਕਾਰ ਹਨ। ਇਕ ਨਿਰਜਿੰਦ ਸਰੀਰ ਖੱਬੇ ਪਾਸਿਓਂ ਦੂਜੇ ਪਾਸੇ ਵੱਲ ਵਹਿੰਦੇ ਪਾਣੀ ਦੇ ਜਲਧਾਰ ਨਾਲ ਵਹਿੰਦਾ ਜਾ ਰਿਹਾ ਹੈ। ਥੋੜ੍ਹਾ ਹਟ ਕੇ ਬੈਠਾ ਦੂਸਰਾ ਵਿਅਕਤੀ ਵਹਿੰਦੇ ਮਨੁੱਖ ਦੇ ਵਿਪਰੀਤ ਦਿਸ਼ਾ ਵੱਲ ਦੇਖ ਰਿਹਾ ਹੈ। ਦੂਰ ਪਰਾਂ ਇਕ ਜੋੜਾ ਆਪਣੀ ਮੌਜ-ਮਸਤੀ ਵਿਚ ਲੀਨ ਹੈ।

ਇਹ ਚਿੱਤਰ ਜਿਸ ਤਰ੍ਹਾਂ ਦੀ ਦੁਖਾਂਤਕ ਸਥਿਤੀ ਨੂੰ ਪੇਸ਼ ਕਰ ਰਿਹਾ ਹੈ, ਉਹਨੂੰ ਆਪਣੀ ਸਿਮਰਤੀ ਵਿਚ ਟਿਕਾ ਕੇ ਇਹਦੇ ਅਰਥ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਚਿੱਤਰ ਵਿਚ ਖੱਬੇ ਤੋਂ ਸੱਜੇ ਵੱਲ ਵਹਿ ਰਿਹਾ ਪਾਣੀ ਧਰਤੀ ਤੇ ਉਸ ਪਾਰ ਅਕਾਸ਼ ਨੂੰ ਚਿਹਨਤ ਕਰ ਰਿਹਾ ਹੈ। ਪ੍ਰਕਿਰਤੀ ਦੀ ਵਿਸ਼ਾਲਤਾ ਇਸ ਨੂੰ ਵੱਖਰੇ ਅਰਥ ਦੇ ਰਹੀ ਹੈ। ਪ੍ਰਕਿਰਤੀ ਦੇ ਤਿੰਨ ਰੂਪ ਪਾਣੀ, ਧਰਤ, ਅਕਾਸ਼ ਤੇ ਇਨ੍ਹਾਂ ਵਿਚ ਪਸਰੀ ਹਵਾ ਦੀ ਅਦਿੱਖ ਚੁੱਪ ਵੀ ਸ਼ਾਮਲ ਹੈ। ਵਿਅਕਤੀ ਦੇ ਵੀ ਤਿੰਨ ਰੂਪ ਮਰਿਆ ਜਾਂ ਮਾਰਿਆ ਗਿਆ, ਜ਼ਿੰਦਗੀ ਜੀਅ ਚੁੱਕਾ ਤੇ ਜ਼ਿੰਦਗੀ ਦੀ ਚਲਾਇਮਾਨਤਾ ਵਿਸ਼ੇਸ਼ ਅਰਥਾਂ ਵਿਚ ਬੱਝੇ ਹੋਏ ਹਨ। ਇਸ ਚਿੱਤਰ ਵਿਚ ਪਾਣੀ ਵਿਸ਼ੇਸ਼ ਚਿੰਨ੍ਹ ਵਜੋਂ ਆਇਆ ਹੈ। ਇਸ ਦੀ ਵਿਆਖਿਆ ਕਰਦੀ ਅਰਪਨਾ ਕੌਰ ਲਿਖਦੀ ਹੈ-‘ਜਦੋਂ ਮੈਂ ਇਹ ਕੰਮ ਸ਼ੁਰੂ ਕੀਤਾ ਤਾਂ ਮੈਨੂੰ ਸਮੇਂ ਤੇ ਮੌਤ ਵਾਸਤੇ ਪ੍ਰਤੀਕ ਦੀ ਲੋੜ ਸੀ। ਕਾਫੀ ਸੋਚ-ਵਿਚਾਰ ਤੋਂ ਬਾਅਦ ਮੈਂ ਪਾਣੀ ਦੀ ਚੋਣ ਕੀਤੀ। ਇਸ ਤਰ੍ਹਾਂ ਇਹ ਦੋ ਵਿਪਰੀਤ ਦਿਸ਼ਾਵਾਂ ਨੂੰ ਛੋਂਹਦਾ ਹੈ- ਜ਼ਿੰਦਗੀ ਤੇ ਮੌਤ। ਇਹ ਵਿਚਾਰ ਪੇਂਟਿੰਗ ਨੂੰ ਖਾਸ ਬਣਾਉਂਦਾ ਹੈ। ਸਤਹੀ ਪੱਧਰ ’ਤੇ ਦੇਖਣ ਨਾਲ ਲਗਦਾ ਹੈ ਧਰਤੀ ਦੋ ਨੀਲੇ ਪ੍ਰਵਾਹਾਂ ਦੇ ਵਿਚ-ਵਿਚਾਲੇ ਹੈ। ਮੂਹਰਲੇ ਪ੍ਰਵਾਹ ਵਿਚ ਮੌਤ ਹੈ ਤੇ ਉਪਰਲਾ ਪ੍ਰਵਾਹ ਜੀਵਨ, ਮੋਹ, ਸੰਗ-ਸਾਥ ਨੂੰ ਉਜਾਗਰ ਕਰਦਾ ਹੈ।’

ਸੁਰਜੀਤ ਅਕਰੇ ਦੀ ਪੇਂਟਿੰਗ ‘ਪਾਸਟ ਮੈਮੋਰੀਜ਼’ ਸਿਆਹ ਦੌਰ ਦੀ ਬਾਤ ਪਾਉਂਦੀ ਹੈ। ਇਹ ਚਿੱਤਰ ਬਹੁ-ਪਰਤੀ ਸ਼ੈਲੀ ਵਾਲਾ ਹੈ। ਇਸ ਵਿਚ ਘਰ ਦੇ ਮੁੱਖ ਕਮਰੇ ਦੇ ਬਾਹਰ ਵੱਲ ਖੁੱਲ੍ਹਦੇ ਦਰਵਾਜ਼ੇ ਦੀ ਚੁਗਾਠ ਦੇ ਆਰ ਪਾਰ ਅੱਠ ਔਰਤਾਂ ਦਾ ਸਮੂਹ ਬੈਠਾ ਹੈ, ਜੋ ਵੱਖ ਵੱਖ ਉਮਰ ਦੀਆਂ ਹਨ। ਸਭ ਤੋਂ ਵਡੇਰੀ ਔਰਤ ਨੇ ਛੋਟੇ ਜਿਹੇ ਬੱਚੇ ਨੂੰ ਚੁਕਿਆ ਹੋਇਆ ਹੈ।ਖੱਬੇ ਪਾਸੇ ਕਤਾਰ ਵਿਚ ਖੜੀਆਂ ਤਿੰਨ ਕੁੜੀਆਂ ਹਮ-ਉਮਰ ਲਗਦੀਆਂ ਹਨ।ਸਫੈਦ ਕੱਪੜਿਆਂ ਵਿਚ ਕੁਰਸੀ ’ਤੇ ਬੈਠੀ ਕੁੜੀ ਵੱਡੀ ਉਮਰ ਦੀ ਲੱਗਦੀ ਹੈ। ਉਹਦੇ ਖੱਬੇ ਪਾਸੇ ਵੱਲ ਬੈਠੀ ਔਰਤ ਅਖਬਾਰ ਪੜ੍ਹ ਰਹੀ ਹੈ। ਉਹਦੀਆਂ ਨਜ਼ਰਾਂ ਕਿਸੇ ਖਾਸ ਖ਼ਬਰ ’ਤੇ ਟਿਕੀਆਂ ਲੱਗ ਰਹੀਆਂ ਹਨ। ਹੋਰ ਕਿਸੇ ਦੀ ਅਖਬਾਰ ਵੱਲ ਨਜ਼ਰ ਨਹੀਂ। ਹੋ ਸਕਦੈ ਅਖਬਾਰ ਉੱਚੀ ਆਵਾਜ਼ ਵਿੱਚ ਪੜ੍ਹ ਕੇ ਸੁਣਾਈ ਜਾ ਰਹੀ ਹੋਵੇ, ਪਰ ਬਾਕੀਆਂ ਵੱਲੋਂ ਕੋਈ ਹੁੰਗਾਰਾ ਨਜ਼ਰ ਨਹੀਂ ਆ ਰਿਹਾ। ਇਸ ਦੇ ਉਪਰ ਸੱਜੀ ਨੁੱਕਰ ਵਿਚ ਬਾਰੀ ਵਿਚੋਂ ਹਰਿਮੰਦਰ ਸਾਹਿਬ ਧੁੰਦਲਾ ਜਿਹਾ ਨਜ਼ਰ ਆ ਰਿਹਾ ਹੈ। ਕੋਲ ਦੋ ਬਜ਼ੁਰਗ ਬੈਠੇ ਹਨ। ਇਸ ਤੋਂ ਇਹ ਪ੍ਰਭਾਵ ਪੈਂਦਾ ਹੈ ਕਿ ਚਿੱਤਰ ਦੀ ਲੋਕੇਸ਼ਨ ਹਰਿਮੰਦਰ ਸਾਹਿਬ ਦੇ ਨੇੜਲੇ ਕਿਸੇ ਘਰ ਦੀ ਹੈ।

ਇਸ ਚਿੱਤਰ ਬਾਰੇ ਸੁਰਜੀਤ ਅਕਰੇ ਲਿਖਦੀ ਹੈ-‘ਦਰਬਾਰ ਸਾਹਿਬ ਨਾਲ ਲਗਾਅ ਬਚਪਨ ਤੋਂ ਹੀ ਹੈ। ਮੈਂ ਏਥੇ ਦੋ ਤਰ੍ਹਾਂ ਦੇ ਮਹੌਲ ਨੂੰ ਪੇਂਟ ਕੀਤਾ ਹੈ। ਇਹਦੇ ਵਿਚ ਇਕ ਫਿੱਗਰ ਹੈ, ਜੋ ਬੀਤੇ ਸਮੇਂ ਬਾਰੇ ਸੋਚ ਰਹੀ ਹੈ। ਉਸ ਦਾ ਸੋਚਵਾਨ ਹੋਣਾ ਸਮੁੱਚੀ ਸਥਿਤੀ ’ਤੇ ਪ੍ਰਸ਼ਨ ਚਿੰਨ੍ਹ ਲਾ ਦੇਂਦਾ ਹੈ। ਕੁਝ ਲੋਕ ਨੇੜ੍ਹੇ ਵਿਚ ਹਨ, ਜੋ ਸਹਿਮੇ ਤੇ ਡਰੇ ਹੋਏ ਹਨ। ਪੰਜਾਬ ਦੀ ਸਮੱਸਿਆ ਰਾਜਨੀਤਕ ਹੈ, ਜਿਸ ਨੂੰ ਕੋਈ ਹੱਥ ਨਹੀਂ ਪਾਉਣਾ ਚਾਹੁੰਦਾ।’

ਅਖੀਰਲੀ ਪੇਂਟਿੰਗ ‘ਸਟਾਰਮਿੰਗ ਆਫ ਗੋਲਡਨ ਟੈਂਪਲ 1984’ ਹੈ, ਜਿਸ ਨੂੰ ਅੰਮ੍ਰਿਤ ਕੌਰ ਤੇ ਰਬਿੰਦਰ ਕੌਰ ਜੌੜੀਆਂ ਭੈਣਾਂ ਨੇ ਸਿਰਜਿਆ ਹੈ। ਉਹ ਸਿੰਘ ਟਵਿਨਜ਼ ਦੇ ਨਾਂਅ ਨਾਲ ਜਾਣੀਆਂ ਜਾਂਦੀਆਂ ਹਨ।

ਇਸ ਰਚਨਾ ਨੂੰ ਸਿਰਜਣ ਲਈ ਉਨ੍ਹਾਂ ਨੇ ਏਰੀਅਲ ਜੁਗਤ ਵਰਤੀ ਹੈ, ਭਾਵ ਉਪਰੋਂ ਬਲਿਊ ਸਟਾਰ ਨੂੰ ਦੇਖਿਆ ਜਾ ਰਿਹਾ ਹੈ। ਇਸ ਬਾਰੇ ਉਨ੍ਹਾਂ ਦਾ ਕਥਨ ਹੈ-‘ਸਾਨੂੰ ਗੁਰੂ ਘਰ ਨਾਲ ਪਿਆਰ ਹੈ, ਪਰ ਅਸੀਂ ਉਸ ਤੋਂ ਦੂਰ ਰਹਿ ਰਹੀਆਂ ਹਾਂ। ਜੋ ਕੁਝ ਵਾਪਰਿਆ, ਅਸੀਂ ਉਸ ਨੂੰ ਅੱਖੀਂ ਨਹੀਂ ਡਿੱਠਾ, ਬਸ ਲੋਕ ਮੂੰਹਾਂ ਤੋਂ ਸੁਣਿਆ। ਵਿਰਾਸਤ ਨੂੰ ਪਿਆਰ ਕਰਨ ਵਾਲਾ ਉਸ ਦਾ ਸੰਹਾਰ ਨਹੀਂ ਦੇਖ ਸਕਦਾ।’

ਪੇਂਟਿੰਗ ਵਿਚ ਭਾਰਤੀ ਫੌਜ ਦੀ ਕਾਫੀ ਨਫਰੀ ਨਜ਼ਰ ਆ ਰਹੀ ਹੈ। ਬਿਲਕੁਲ ਉਪਰ ਵੱਲ ਜਲ੍ਹਿਆਂਵਾਲੇ ਬਾਗ ਦਾ ਸ਼ਹੀਦੀ ਸਮਾਰਕ ਨਜ਼ਰ ਆ ਰਿਹਾ ਹੈ, ਜੋ ਦਰਬਾਰ ਸਾਹਿਬ ਦੇ ਬਿਲਕੁਲ ਨੇੜੇ ਹੈ। ਥੱਲੇ ਖੱਬੇ ਪਾਸੇ ਭਾਰਤੀ ਫੌਜ ਦਾ ਟੈਂਕ ਨਜ਼ਰ ਆ ਰਿਹਾ ਹੈ। ਸਾਰੀ ਪਰਿਕਰਮਾ ਦਾ ਦ੍ਰਿਸ਼ ਬੜਾ ਹੌਲਨਾਕ ਹੈ। ਇਤਿਹਾਸ ਦੇ ਨਾਲ-ਨਾਲ ਵਰਤਮਾਨ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਬਾਬਾ ਦੀਪ ਸਿੰਘ ਦਾ ਤਲੀ ’ਤੇ ਸੀਸ ਤੇ ਹੱਥ ਵਿਚ ਫੜੇ ਖੰਡੇ ਦਾ ਚਿੱਤਰ, ਪਰਿਕਰਮਾ ਵਿਚਲੀ ਮਾਰ-ਕਾਟ, ਖੱਬੇ ਪਾਸੇ ਹੇਠਾਂ ਟੈਂਕ ਉਪਰ ਇੰਦਰਾ ਗਾਂਧੀ ਦਾ ਚਿੱਤਰ ਤੇ ਹੋਰ ਅਨੇਕਾਂ ਵੇਰਵੇ ਇਸ ਚਿੱਤਰ ਨੂੰ ਇਤਿਹਾਸਕ ਦਿੱਖ ਪ੍ਰਦਾਨ ਕਰਦੇ ਹਨ। ਸਰੋਵਰ ਵਿਚ ਲਹੂ ਇਸ ਦੁਖਦਾਈ ਸਾਕੇ ਨੂੰ ਖ਼ੂਨੀ ਰੂਪ ਦੇ ਰਿਹਾ ਹੈ। ਇਸ ਤਰ੍ਹਾਂ ਇਹ ਚਿੱਤਰ ਹਟਵਾਂ ਤੇ ਨਿਵੇਕਲਾ ਹੈ।

ਇਸ ਛੋਟੇ ਜਿਹੇ ਅਧਿਐਨ ਵਿਚ ਅਸੀਂ ਇਨ੍ਹਾਂ ਦੁਖਾਂਤਕ ਚਿੱਤਰਾਂ ਦੇ ਕੁਝ ਵਿਸ਼ੇਸ਼ ਲੱਛਣਾਂ ’ਤੇ ਪੰਛੀ ਝਾਤ ਪਾਉਣ ਦਾ ਉਪਰਾਲਾ ਕੀਤਾ ਹੈ। ਇਨ੍ਹਾਂ ਚਿੱਤਰਾਂ ਦੀ ਵਿਆਖਿਆ ਲੇਖਕ ਨੇ ਬੜੀ ਬਾਰੀਕਬੀਨੀ ਨਾਲ ਕੀਤੀ ਹੈ। ਪੰਜਾਬ ਦੇ ਦੁਖਾਂਤ ਨੂੰ ਚਿੱਤਰ ਕਲਾ ਰਾਹੀਂ ਸਮਝਣ ਦਾ ਇਹ ਖ਼ੂਬਸੂਰਤ ਉਪਰਾਲਾ ਹੈ। ਲੇਖਕ ਵਧਾਈ ਦਾ ਪਾਤਰ ਹੈ ਜਿਸ ਨੇ ਇਸ ਅਣਗੌਲੇ ਖੇਤਰ ਨੂੰ ਡੂੰਘਾਈ ਨਾਲ ਸਮਝਿਆ ਤੇ ਪੇਸ਼ ਕਰਨ ਦਾ ਸਾਰਥਕ ਉਪਰਾਲਾ ਕੀਤਾ ਹੈ।

**ਸੰਪਰਕ**-94173-58120

CENTENARY OF STRUGGLES & SACRIFICES

1925-2025

# 1942 ਦੇ ਲੋਕਨਾਇਕ ਤੇ ਯੂ ਪੀ ਦੇ ਪ੍ਰਸਿੱਧ ਕਮਿਊਨਿਸਟ ਨੇਤਾ : ਸਰਜੂ ਪਾਂਡੇ

ਅਨਿਲ ਰਾਜੀਮਵਾਲੇ

ਅਨੁਵਾਦ : ਐੱਮ ਐੱਸ ਭਾਟੀਆ



ਸਰਜੂ ਪਾਂਡੇ ਯੂਪੀ ਅਤੇ ਹਿੰਦੀ ਭਾਸ਼ੀ ਖੇਤਰ ਵਿੱਚ ਇੱਕ ਦੰਤਕਥਾ, ਕਮਿਊਨਿਸਟ ਲਹਿਰ ਦੇ ਨਿਰਮਾਤਾ, 1942 ਦੇ ਅੰਦੋਲਨ ਦੇ ਨਾਇਕ ਅਤੇ ਇੱਕ ਸ਼ਾਨਦਾਰ ਜਨ ਨੇਤਾ ਸਨ, ਜਿਨ੍ਹਾਂ ਦੀ ਪ੍ਰਸਿੱਧੀ ਘਰ-ਘਰ ਵਿੱਚ ਪਹੁੰਚੀ।

**ਸ਼ੁਰੂਆਤੀ ਜੀਵਨ**

ਸਰਜੂ ਪਾਂਡੇ ਦਾ ਜਨਮ 19 ਨਵੰਬਰ, 1919 ਨੂੰ ਪਿੰਡ ਉਰਹਾਨ, ਡਾਕਖਾਨਾ ਰਾਜਾਪੁਰ ਕਾਟਿਆਨ, ਥਾਣਾ ਕਾਸਿਮਾਬਾਦ, ਯੂਪੀ ਵਿੱਚ ਪਿਤਾ ਦਾ ਸ੍ਰੀ ਮਹਾਵੀਰ ਪਾਂਡੇ ਅਤੇ ਮਾਤਾ ਸ੍ਰੀਮਤੀ ਸੁਰਜੀ ਦੇਵੀ ਦੇ ਘਰ ਹੋਇਆ ਸੀ। ਸਰਜੂ ਤਿੰਨ ਬੱਚਿਆਂ ਵਿੱਚੋਂ ਦੂਜਾ ਸੀ। ਉਹ ਵਿਲੱਖਣ ਸ਼ਖਸੀਅਤ ਦਾ ਮਾਲਕ ਸੀ ਅਤੇ ਸੁਭਾਅ ਦਾ ਬਾਗੀ ਸੀ।

ਸਰਜੂ ਨੇ ਪਿੰਡ ਵਿੱਚ ਹੀ ਪ੍ਰਾਇਮਰੀ ਪੱਧਰ ਦੀ ਪੜ੍ਹਾਈ ਕੀਤੀ ਅਤੇ 1935 ਵਿੱਚ ਕਾਸਿਮਾਬਾਦ ਜੂਨੀਅਰ ਹਾਈ ਸਕੂਲ ਤੋਂ ਮਿਡਲ ਸਕੂਲ ਦੀ ਪੜ੍ਹਾਈ ਉਰਦੂ ਮਾਧਿਅਮ ਵਿੱਚ ਕੀਤੀ। ਅੱਗੇ ਉਸ ਨੇ 1936 ਵਿੱਚ ਹਿੰਦੀ ਮਾਧਿਅਮ ਵਿੱਚ ਪੜ੍ਹਾਈ ਕੀਤੀ ਅਤੇ 1937 ਵਿੱਚ ਉਰਦੂ 'ਆਲਾ' ਦੀਆਂ ਪ੍ਰੀਖਿਆਵਾਂ ਵਿੱਚ ਹਿੱਸਾ ਲਿਆ।

ਸਰਜੂ ਨੂੰ ਰਾਮਾਇਣ, ਮਹਾਂਭਾਰਤ ਅਤੇ ਗੀਤਾ ਬਹੁਤ ਪਸੰਦ ਸੀ। ਉਸ ਨੇ ਮੋਢੇ 'ਤੇ ਇੱਕ ਮੋਟਾ 'ਜਨੇਊ' ਧਾਰਨ ਕੀਤਾ ਹੋਇਆ ਸੀ ਅਤੇ ਉਹ ਗੀਤਾ ਅਤੇ ਰਾਮਾਇਣ 'ਚੋਂ ਸੰਸਕ੍ਰਿਤ ਵਿੱਚ ਸ਼ਲੋਕ ਆਸਾਨੀ ਨਾਲ ਪੜ੍ਹ ਸਕਦਾ ਸੀ। ਇਸ ਨੇ ਉਸ ਨੂੰ ਬਾਅਦ ਵਿੱਚ ਬ੍ਰਿਟਿਸ਼ ਪੁਲਸ ਨੂੰ ਮੂਰਖ ਬਣਾਉਣ ਵਿੱਚ ਮਦਦ ਕੀਤੀ : ਉਹ ਕਿਸੇ ਵੀ ਮੰਦਰ ਵਿੱਚ ਜਾ ਬੈਠਦਾ ਸੀ, ਸੰਸਕ੍ਰਿਤ ਵਿੱਚ ਸ਼ਲੋਕ ਪੜ੍ਹਦਾ ਸੀ, ਲੋਕ ਸੋਚਦੇ ਸਨ ਕਿ ਕੋਈ 'ਗਿਆਨੀ ਬਾਬਾ' ਆਇਆ ਹੈ ਅਤੇ ਅਗਲੇ ਹੀ ਦਿਨ ਗਾਇਬ ਹੋ ਜਾਂਦਾ ਸੀ।

**ਆਜ਼ਾਦੀ ਅੰਦੋਲਨ ਵਿੱਚ**

ਕਾਂਗਰਸ ਨੇ 1936-37 ਵਿੱਚ ਕਾਸਿਮਾਬਾਦ ਵਿੱਚ ਕੌਮੀ ਸੇਵਾ ਦਲ ਦਾ ਆਯੋਜਨ ਕੀਤਾ। ਸਰਜੂ ਪਾਂਡੇ ਵੀ ਇਸ ਵਿਚ ਸ਼ਾਮਲ ਹੋਏ ਅਤੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਉਹਨਾਂ ਨੇ ਬਾਅਦ ਵਿੱਚ 1940 ਵਿੱਚ ਗੰਗੋਲੀ ਸੱਤਿਆਗ੍ਰਹਿ ਵਿੱਚ ਹਿੱਸਾ ਲਿਆ ਅਤੇ 6 ਮਹੀਨੇ ਗਾਜ਼ੀਪੁਰ ਜੇਲ੍ਹ ਵਿੱਚ ਰਹੇ।

**1942 ਦੇ ਭਾਰਤ ਛੱਡੋ ਅੰਦੋਲਨ ਵਿੱਚ**

ਅਗਸਤ 1942 ਦਾ ਭਾਰਤ ਛੱਡੋ ਅੰਦੋਲਨ ਇੱਕ ਮਹਾਨ ਇਤਿਹਾਸਕ ਘਟਨਾ ਸੀ, ਜੋ ਪੂਰੇ ਦੇਸ਼ ਵਿਚ ਫੈਲ ਗਿਆ ਸੀ। ਯੂਪੀ (ਉਸ ਸਮੇਂ ਸੰਯੁਕਤ ਪ੍ਰਾਂਤ) ਅੰਦੋਲਨ ਦਾ ਇੱਕ ਪ੍ਰਮੁੱਖ ਕੇਂਦਰ ਸੀ। ਸਰਜੂ ਪਾਂਡੇ ਨੇ ਇਸ ਵਿੱਚ ਸਰਗਰਮ ਹਿੱਸਾ ਲਿਆ ਅਤੇ ਅੰਦੋਲਨ ਦੀਆਂ ਮੋਹਰੀ ਹਸਤੀਆਂ ਵਿੱਚੋਂ ਇੱਕ ਬਣ ਗਏ ਸੀ। ਉਹ ਆਪਣੇ ਸਾਥੀਆਂ ਜਿਵੇਂ ਕਿ ਰਾਮਾ ਸਿੰਘ ਅਤੇ ਹੋਰਾਂ ਨਾਲ 15 ਅਗਸਤ 1947 ਨੂੰ ਕਾਸਿਮਾਬਾਦ ਪੁਲਸ ਸਟੇਸ਼ਨ ਪਹੁੰਚ ਗਏ, ਜਿੱਥੇ ਉਹਨਾਂ ਨੇ ਸਟੇਸ਼ਨ ਪੁਲਸ ਅਫਸਰ ਨੂੰ ਯੂਨੀਅਨ ਜੈਕ ਉਤਾਰਨ ਅਤੇ ਤਿਰੰਗਾ ਲਹਿਰਾਉਣ ਲਈ ਕਿਹਾ। ਅਫਸਰ ਇੰਚਾਰਜ ਨੇ ਮਜ਼ਾਕ ਵਿੱਚ ਪੁੱਛਿਆ ਕਿ ਕੀ ਪਹਿਲਾਂ ਹੀ ਸਵਰਾਜ ਆ ਗਿਆ ਹੈ?

ਸਰਜੂ ਪਾਂਡੇ ਨੇ ਜਵਾਬ ਵਿਚ ਕਿਹਾ, 'ਕੀ ਤੁਹਾਨੂੰ ਨਹੀਂ ਪਤਾ ਕਿ 'ਸਵਰਾਜ' ਸੱਚਮੁੱਚ ਆ ਗਿਆ ਹੈ? ਆਪਣੀ ਪੱਗ ਉਤਾਰ ਦਿਓ।' ਕ੍ਰਾਂਤੀਕਾਰੀਆਂ ਦੇ ਰਵੱਈਏ ਨੂੰ ਦੇਖ ਕੇ ਪੁਲਸ ਅਫ਼ਸਰ ਡਰ ਗਿਆ ਅਤੇ ਆਤਮ ਸਮਰਪਣ ਕਰ ਦਿੱਤਾ। ਉਸ ਨੇ ਹਥਿਆਰਾਂ ਦੇ ਕਮਰੇ ਦੀਆਂ ਚਾਬੀਆਂ ਵੀ ਸੌਂਪ ਦਿੱਤੀਆਂ। ਸਾਰੇ ਪੁਲਸ ਵਾਲਿਆਂ ਨੂੰ ਆਪਣੀਆਂ ਪੱਗਾਂ ਉਤਾਰਨ ਲਈ ਕਿਹਾ ਗਿਆ। ਫਿਰ ਉਨ੍ਹਾਂ ਨੂੰ ਬੰਨ੍ਹ ਦਿੱਤਾ ਗਿਆ ਅਤੇ ਤਿਰੰਗਾ ਝੰਡਾ ਲਹਿਰਾਇਆ ਗਿਆ। ਉਹ ਸਾਰੇ ਹਥਿਆਰ ਆਪਣੇ ਕਬਜ਼ੇ ਵਿੱਚ ਲੈ ਕੇ ਰਫੂਚੱਕਰ ਹੋ ਗਏ। ਕਾਸਿਮਾਬਾਦ ਪੁਲਸ ਸਟੇਸ਼ਨ 'ਤੇ ਪੂਰੇ ਇੱਕ ਹਫ਼ਤੇ ਤੱਕ ਤਿਰੰਗਾ ਲਹਿਰਾਉਂਦਾ ਰਿਹਾ। ਸਰਜੂ ਪਾਂਡੇ ਨੂੰ ਦੇਖਦੇ ਹੀ ਗੋਲੀ ਮਾਰਨ ਦੇ ਹੁਕਮ ਜਾਰੀ ਕੀਤੇ ਗਏ, ਜਿਸ ਕਰਕੇ ਇਸ ਘਟਨਾ ਦਾ ਹਰ ਜਗ੍ਹਾ ਰੌਲਾ ਪੈ ਗਿਆ। ਸਰਜੂ ਅਤੇ ਉਸ ਦੇ ਸਾਥੀ ਲੰਬੇ ਸਮੇਂ ਤੱਕ ਭੂਮੀਗਤ ਰਹੇ, ਪਿੰਡ ਤੋਂ ਪਿੰਡ ਜਾਂਦੇ ਰਹੇ। ਪਿੰਡ ਵਾਸੀਆਂ ਨੇ ਹਮੇਸ਼ਾ ਉਹਨਾਂ ਦਾ ਸਾਥ ਦਿੱਤਾ। ਪੁਲਸ ਨੇ ਪਿੰਡ ਵਾਸੀਆਂ ਦੇ ਪਰਵਾਰਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ।

ਪੁਲਸ ਉਹਨਾਂ ਦੇ ਦਾਦਾ ਜੀ ਸ੍ਰੀ ਮਹਾਵੀਰ ਪਾਂਡੇ ਦੇ ਘਰ ਆਈ ਅਤੇ ਉਹਨਾਂ ਨੂੰ ਧਮਕੀਆਂ ਦੇਣ ਲੱਗੀ ਅਤੇ ਕੁੱਟਣ ਤੱਕ ਦੀ ਕੋਸ਼ਿਸ਼ ਵੀ ਕੀਤੀ। ਸਰਜੂ ਨੇ ਪੁਲਸ ਨੂੰ ਚੇਤਾਵਨੀ ਦਿੱਤੀ, ਪਰ ਦਾਦਾ ਜੀ ਨੇ ਉਸ ਨੂੰ ਸੁਨੇਹਾ ਭੇਜਿਆ ਕਿ ਪੁਲਸ ਜੋ ਵੀ ਕਰੇ, ਉਸ ਨੂੰ ਗ੍ਰਿਫ਼ਤਾਰ ਨਹੀਂ ਹੋਣਾ ਚਾਹੀਦਾ।

ਕੁਝ ਮਹੀਨਿਆਂ ਬਾਅਦ ਸਰਜੂ ਨੂੰ ਉਸ ਦੇ ਸਾਥੀ ਸ੍ਰੀ ਰਾਮ ਸਿੰਘ ਦੇ ਨਾਲ ਸੁਸੁੰਡੀ ਪਿੰਡ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਗਾਜ਼ੀਪੁਰ, ਬਨਾਰਸ ਅਤੇ ਹੋਰ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ।

ਉਹਨਾਂ ਨਾਲ ਬਹੁਤ ਬੁਰਾ ਅਤੇ ਅਣਮਨੁੱਖੀ ਸਲੂਕ ਕੀਤਾ ਗਿਆ, ਕਈ ਵਾਰ ਤਸੀਹੇ ਦਿੱਤੇ ਗਏ। ਉਹਨਾਂ ਨੂੰ ਇਕਾਂਤ ਵਿੱਚ ਰੱਖਿਆ ਗਿਆ, ਬੇੜੀਆਂ ਪਾ ਦਿੱਤੀਆਂ ਗਈਆ, ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਆਟਾ ਚੱਕੀਆਂ 'ਤੇ ਕੰਮ ਕਰਨ ਲਈ ਮਜਬੂਰ ਕੀਤਾ ਗਿਆ। ਜਦੋਂ ਵੀ ਉਹਨਾਂ ਨੂੰ ਬੇਹੋਸ਼ ਹੋਣ ਤੱਕ ਗੰਨੇ ਨਾਲ ਕੁੱਟਿਆ ਜਾਂਦਾ ਸੀ ਤਾਂ ਉਹ 'ਭਾਰਤ ਮਾਤਾ ਕੀ ਜੈ' ਅਤੇ 'ਵੰਦੇ ਮਾਤਰਮ' ਦੇ ਨਾਅਰੇ ਲਗਾਉਂਦੇ ਸਨ।

ਉਹਨਾਂ ਨੂੰ 42 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ, 80 ਗੰਨੇ ਅਤੇ ਵੱਡੀ ਰਕਮ ਜੁਰਮਾਨੇ ਵਜੋਂ ਲਗਾਈ ਗਈ। ਉਹ ਆਪਣਾ ਕੇਸ ਖੁਦ ਲੜਦੇ ਸਨ ਅਤੇ ਸਾਰੇ ਦੋਸ਼ ਸਵੀਕਾਰ ਕਰਦੇ ਸਨ। ਉਹ ਕਹਿੰਦੇ ਸਨ ਕਿ ਉਹ ਵਿੰਸਟਨ ਚਰਚਿਲ ਨਾਲ ਖੁਦ ਬਹਿਸ ਕਰਨ ਲਈ ਤਿਆਰ ਹਨ! ਉਹ ਕਦੇ ਨਹੀਂ ਡਰਦੇ ਸਨ ਤੇ ਕਹਿੰਦੇ ਸਨ ਕਿ ਵੱਧ ਤੋਂ ਵੱਧ ਉਹਨਾਂ ਨੂੰ ਫਾਂਸੀ ਦਿੱਤੀ ਜਾਵੇਗੀ।

**ਵਿਆਹ ਅਤੇ ਪਰਵਾਰਕ ਮੁਸੀਬਤਾਂ**

ਸਰਜੂ ਪਾਂਡੇ ਦਾ ਵਿਆਹ 1940 ਵਿੱਚ ਹੋਇਆ ਸੀ। ਦਰਅਸਲ ਉਹ ਵਿਆਹ ਨਹੀਂ ਕਰਵਾਉਣਾ ਚਾਹੁੰਦੇ ਸਨ ਅਤੇ ਆਪਣੀ ਪੂਰੀ ਜ਼ਿੰਦਗੀ ਦੇਸ਼ ਨੂੰ ਸਮਰਪਿਤ ਕਰਨਾ ਚਾਹੁੰਦੇ ਸਨ, ਪਰ ਉਹਨਾਂ ਦੇ ਪਿਤਾ ਬਹੁਤ ਜ਼ਿੱਦੀ ਸਨ ਅਤੇ ਇਸ ਲਈ ਸਰਜੂ ਨੂੰ ਉਨ੍ਹਾਂ ਦੀਆਂ ਇੱਛਾਵਾਂ ਅੱਗੇ ਝੁਕਣਾ ਪਿਆ। ਉਹਨਾਂ ਦਾ ਵਿਆਹ ਸਿਕੰਦਰ ਚੱਕ ਦੇ ਸ੍ਰੀ ਭੂਸ਼ਣ ਉਪਾਧਿਆਏ ਦੀ ਧੀ ਰਾਮਰਾਜੀ ਦੇਵੀ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਹਨਾਂ ਦੀ ਮਾਂ ਸਰਜੂ ਦੀ ਗ੍ਰਿਫਤਾਰੀ ਅਤੇ ਹੋਰ ਸਮੱਸਿਆਵਾਂ ਬਾਰੇ ਚਿੰਤਾ ਕਰਦੀ ਰਹੀ।

ਗਾਂਧੀ ਜੀ ਨੇ 1941 ਵਿੱਚ ਗੰਗੋਲੀ ਸੱਤਿਆਗ੍ਰਹਿ ਸ਼ੁਰੂ ਕੀਤਾ। ਸਰਜੂ ਪਾਂਡੇ ਨੇ ਸ਼ਾਮਲ ਹੋਣ ਦਾ ਫੈਸਲਾ ਕੀਤਾ ਅਤੇ ਅਗਲੀ ਸਵੇਰ ਜਾਣ ਲਈ ਤਿਆਰ ਹੋ ਗਏ। ਉਹਨਾਂ ਦੀ ਮਾਂ ਉੱਚੀ-ਉੱਚੀ ਰੋਣ ਲੱਗ ਪਈ, ਉਸ ਨੂੰ ਨਾ ਜਾਣ ਲਈ ਬੇਤਾਬ ਹੋ ਕੇ ਕਹਿਣ ਲੱਗੀ।

ਸਰਜੂ ਨੇ ਹਾਰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਲਈ ਉਸ ਦੀ ਮਾਂ ਨੇ ਮਿੱਟੀ ਦੇ ਤੇਲ ਵਿੱਚ ਭਿੱਜ ਕੇ ਆਪਣੇ ਆਪ ਨੂੰ ਅੱਗ ਲਗਾ ਲਈ। ਭਤੀਜੇ ਰਾਮਲਾਲ ਨੇ ਪਾਣੀ ਸੁੱਟ ਕੇ ਉਸ ਨੂੰ ਬਚਾਇਆ, ਪਰ ਉਹ ਬਹੁਤ ਬੁਰੀ ਤਰ੍ਹਾਂ ਸੜ ਗਈ। ਜਵਾਬ ਵਿੱਚ ਸਰਜੂ ਨੇ ਆਪਣੇ ਪਿਤਾ ਅਤੇ ਭਤੀਜੇ ਨੂੰ ਕਿਹਾ ਕਿ ਉਹ ਅਸਹਿਯੋਗ ਅੰਦੋਲਨ ਦਾ ਹਿੱਸਾ ਹੈ। ਉਹਨਾਂ ਨੇ ਕਿਹਾ, ਮਾਂ ਦੇ ਠੀਕ ਹੋਣ ਤੋਂ ਬਾਅਦ ਉਸ ਨੂੰ ਕਿਹਾ ਜਾਣਾ ਚਾਹੀਦਾ ਹੈ ਕਿ ਅਜਿਹੀ ਮੂਰਖਤਾ ਨਾ ਦੁਹਰਾਵੇ!

ਸਰਜੂ ਪਾਂਡੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਛੇ ਮਹੀਨਿਆਂ ਲਈ ਨਜ਼ਰਬੰਦ ਕਰ ਦਿੱਤਾ ਗਿਆ। ਮਾਂ ਨੇ ਆਪਣੇ-ਆਪ ਨੂੰ ਇਸ ਤਰ੍ਹਾਂ ਦੀ ਜ਼ਿੰਦਗੀ ਵਿੱਚ ਢਾਲ ਲਿਆ ਅਤੇ ਧਾਰਮਿਕ ਪੂਜਾ ਆਦਿ ਵਿੱਚ ਜ਼ਿਆਦਾ ਸਮਾਂ ਬਿਤਾਇਆ। ਉਹ ਆਪਣੇ ਪੁੱਤਰ ਦੀ ਭਲਾਈ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦੀ ਰਹੀ।

**ਕਮਿਊਨਿਜ਼ਮ ਵੱਲ**

ਉਹ ਜੇਲ੍ਹ ਵਿੱਚ ਹੀ ਕਮਿਊਨਿਸਟਾਂ ਦੇ ਸੰਪਰਕ ਵਿੱਚ ਆਏ। ਮਸ਼ਹੂਰ ਕਮਿਊਨਿਸਟ ਰੁਸਤਮ ਸਾਤਿਨ ਅਤੇ ਬੀ.ਕੇ. ਆਜ਼ਾਦ ਕਾਨਪੁਰ ਕੇਂਦਰੀ ਜੇਲ੍ਹ ਵਿੱਚ ਸਨ; ਸਰਜੂ ਉਨ੍ਹਾਂ ਨੂੰ ਮਿਲੇ। ਜੌਨਪੁਰ ਦੇ ਮਸ਼ਹੂਰ ਕਾਂਗਰਸੀ ਨੇਤਾ ਹਰਗੋਵਿੰਦ ਸਿੰਘ ਅਤੇ ਰਊਫ ਜਾਫਰੀ ਜੇਲ੍ਹ ਵਿੱਚ ਦਾਸ ਕੈਪੀਟਲ ਦੀਆਂ ਕਲਾਸਾਂ ਲਾਉਂਦੇ ਸਨ। ਇਸ ਸਭ ਨੇ ਸਰਜੂ ਪਾਂਡੇ ਨੂੰ ਡੂੰਘਾ ਪ੍ਰਭਾਵਿਤ ਕੀਤਾ। ਉਹਨਾਂ ਨੇ ਭਗਤ ਸਿੰਘ ਦੀ ਜੀਵਨੀ ਅਤੇ ਹੋਰ ਸਾਹਿਤ ਵੀ ਪੜ੍ਹਿਆ। ਉਹਨਾਂ ਨੇ ਗਰੀਬਾਂ ਅਤੇ ਮਿਹਨਤਕਸ਼ ਲੋਕਾਂ ਦੇ ਉਥਾਨ ਲਈ ਆਪਣੇ-ਆਪ ਨੂੰ ਸਮਰਪਿਤ ਕਰਨ ਦਾ ਫੈਸਲਾ ਕੀਤਾ।1946 ਵਿੱਚ ਰਿਹਾਈ ਤੋਂ ਬਾਅਦ ਉਹ ਦਲਸ਼੍ਰਿੰਗਾਰ ਦੂਬੇ ਦੇ ਨਾਲ ਕਾਂਗਰਸ ਸੋਸ਼ਲਿਸਟ ਪਾਰਟੀ (ਸੀ ਐੱਸ ਪੀ) ਵਿੱਚ ਸ਼ਾਮਲ ਹੋ ਗਏ।

**ਕਮਿਊਨਿਸਟ ਪਾਰਟੀ ਵਿੱਚ**

ਸਰਜੂ ਪਾਂਡੇ ਹੁਣ ਤੱਕ ਕਮਿਊਨਿਸਟ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਸਨ। ਇੱਕ ਦਿਨ ਉਹ ਕਮਿਊਨਿਸਟ ਪਾਰਟੀ ਦੇ ਦਫ਼ਤਰ ਗਏ ਅਤੇ ਪਾਰਟੀ ਵਿੱਚ ਦਾਖਲ ਹੋਣ ਦੀ ਬੇਨਤੀ ਕੀਤੀ। ਸੀ ਪੀ ਆਈ ਦੇ ਜਨਰਲ ਸਕੱਤਰ ਪੀ ਸੀ ਜੋਸ਼ੀ ਵੀ ਉਸ ਸਮੇਂ ਮੌਜੂਦ ਸਨ। ਉਹਨਾਂ ਨੇ ਪਹਿਲਾਂ ਹੀ ਸਰਜੂ ਬਾਰੇ ਸੁਣਿਆ ਹੋਇਆ ਸੀ। ਜਦੋਂ ਸਰਜੂ ਨੇ ਜੋਸ਼ੀ ਨਾਲ ਆਪਣੀ ਜਾਣ-ਪਛਾਣ ਕਰਵਾਈ, ਤਾਂ ਜੋਸ਼ੀ ਨੇ ਕਿਹਾ ਕਿ ਇਹ ਕੋਈ ਪੁਲਸ ਸਟੇਸ਼ਨ ਨਹੀਂ ਹੈ, ਜਿੱਥੇ ਤੁਸੀਂ ਸ਼ਿਕਾਇਤਾਂ ਦਰਜ ਕਰਵਾ ਸਕਦੇ ਹੋ! ਫਿਰ ਸਰਜੂ ਨੇ ਕਿਹਾ ਕਿ ਜੇਕਰ ਉਸ ਨੂੰ ਮੈਂਬਰਸ਼ਿਪ ਨਹੀਂ ਦਿੱਤੀ ਗਈ ਤਾਂ ਉਹ ਮੌਤ ਤੱਕ ਭੁੱਖ ਹੜਤਾਲ ਕਰੇਗਾ। ਜੋਸ਼ੀ ਅਤੇ ਹੋਰ ਲੋਕ ਇਸ ਫੈਸਲੇ ਦਾ ਸਵਾਗਤ ਕਰਦੇ ਹੋਏ ਦਿਲੋਂ ਹੱਸੇ। ਉਹਨਾਂ ਨੂੰ ਪਾਰਟੀ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਗਈ। ਉਹ ਗਾਜ਼ੀਪੁਰ ਗਏ, ਹਰਪ੍ਰਸਾਦ 'ਕਪਤਾਨ' ਨੂੰ ਮਿਲੇ ਅਤੇ ਉਹਨਾਂ ਨੂੰ ਸੀ ਪੀ ਆਈ ਦੀ ਮੈਂਬਰਸ਼ਿਪ ਦਿੱਤੀ ਗਈ। ਉਨ੍ਹਾਂ ਨੇ ਗਾਜ਼ੀਪੁਰ ਵਿੱਚ ਪਾਰਟੀ ਦਾ ਇੱਕ ਦਫ਼ਤਰ ਖੋਲ੍ਹਿਆ। ਸਰਜੂ ਪਾਂਡੇ ਆਪਣੇ ਸਾਥੀਆਂ ਹਰਪ੍ਰਸਾਦ, ਸੂਰਿਆਨਾਥ ਅਤੇ ਰਾਮ ਨਗੀਨਾ ਰਾਏ ਨਾਲ ਮਿਲ ਕੇ ਪੂਰੇ ਜ਼ਿਲ੍ਹੇ ਵਿੱਚ ਪਾਰਟੀ ਦੀ ਜਥੇਬੰਦੀ ਬਣਾਉਂਦੇ ਗਏ। ਸੂਰਿਆਨਾਥ ਰਾਏ ਇੱਕ ਚੰਗੇ ਗਾਇਕ ਸਨ ਅਤੇ ਉਹ ਅਤੇ ਰਾਮ ਨਗੀਨਾ ਜਨਤਕ ਮੀਟਿੰਗਾਂ ਵਿੱਚ ਗਾਉਂਦੇ ਸਨ, ਜਦੋਂ ਕਿ ਹਰਪ੍ਰਸਾਦ ਅਤੇ ਸਰਜੂ ਭਾਸ਼ਣ ਦਿੰਦੇ ਸਨ। ਸੀ ਪੀ ਆਈ ਬਹੁਤ ਜਲਦੀ ਹੀ ਜ਼ਿਲ੍ਹੇ ਵਿੱਚ ਇੱਕ ਪ੍ਰਮੁੱਖ ਪਾਰਟੀ ਬਣ ਗਈ। ਉਨ੍ਹਾਂ ਨੇ ਗਰੀਬ ਕਿਸਾਨ ਜਨਤਾ ਦੇ ਕਈ ਸੰਘਰਸ਼ਾਂ ਦੀ ਅਗਵਾਈ ਵੀ ਕੀਤੀ।

**ਬੀ ਟੀ ਆਰ ਦੌਰ**

ਜਿਵੇਂ ਕਿ ਸਭ ਜਾਣਦੇ ਹਨ, ਪਾਰਟੀ ਦੇ ਇਤਿਹਾਸ ਵਿੱਚ ਬੀ ਟੀ ਆਰ ਦੌਰ ਸਭ ਤੋਂ ਵੱਧ ਸਵੈ-ਵਿਨਾਸ਼ਕਾਰੀ ਦੌਰ ਸੀ। ਯੂਪੀ ਪਾਰਟੀ ਨੂੰ ਸੰਕੀਰਨ ਸਵੈ-ਵਿਨਾਸ਼ ਦੌਰਾਨ ਬਹੁਤ ਨੁਕਸਾਨ ਝੱਲਣਾ ਪਿਆ। ਯੂਪੀ ਵਿੱਚ ਕਮਿਊਨਿਸਟ ਪਾਰਟੀ ਦੇ ਸਾਰੇ ਸੂਬੇ ਵਿੱਚ ਮਜ਼ਬੂਤ ?ਅਧਾਰ ਸਨ। ਇਸ ਨੇ ਸੀ ਪੀ ਆਈ ਦੇ ਮਹਾਨ ਨੇਤਾ ਪੈਦਾ ਕੀਤੇ, ਜਿਨ੍ਹਾਂ ਵਿੱਚ ਸਰਜੂ ਪਾਂਡੇ ਵੀ ਸ਼ਾਮਲ ਸਨ।

ਉਹ ਇਸ ਸਮੇਂ ਕਿਸਾਨਾਂ ਵਿੱਚ ਕੰਮ ਕਰ ਰਹੇ ਸਨ। ਉਹਨਾਂ ਨੂੰ ਰੂਪੋਸ਼ ਹੋਣਾ ਪਿਆ। ਉਹਨਾਂ ਦੇ ਘਰ 'ਤੇ ਪੁਲਸ ਦੁਆਰਾ ਕਈ ਵਾਰ ਹਮਲਾ ਕੀਤਾ ਗਿਆ ਅਤੇ ਜਾਇਦਾਦ ਜ਼ਬਤ ਕੀਤੀ ਗਈ। ਜਗੀਰੂ ਅਤੇ ਪ੍ਰਸ਼ਾਸਨਕ ਜ਼ੁਲਮ ਬਹੁਤ ਤਿੱਖਾ ਸੀ।

**ਛੀਛੋਰ ਕਾਂਡ, 1949**

ਛੀਛੋਰ ਰਤਨਪੁਰਾ ਦੇ ਉੱਤਰ ਵੱਲ ਇੱਕ ਛੋਟਾ ਜਿਹਾ ਪਿੰਡ ਹੈ, ਜਿੱਥੇ ਕਦੀ ਅਵਧ ਸਿੰਘ ਨਾਮਕ ਇੱਕ ਜਗੀਰਦਾਰ ਪਿੰਡ 'ਤੇ ਰਾਜ ਕਰਦਾ ਸੀ। ਉਹ ਬਹੁਤ ਹੀ ਜ਼ਾਲਮ ਜ਼ਿਮੀਂਦਾਰ ਸੀ। ਕਮਿਊਨਿਸਟ ਪਾਰਟੀ ਨੇ ਉਸ ਦੇ ਵਿਰੁੱਧ ਇੱਕ ਵੱਡੀ ਲਹਿਰ ਚਲਾਈ। ਪੁਲਸ ਇੱਕ ਵਾਰ ਇੱਕ ਕਮਿਊਨਿਸਟ ਪਰਵਾਰ ਦੇ ਘਰ ਵਿੱਚ ਦਾਖਲ ਹੋਈ ਅਤੇ ਇੱਕ ਕਮਿਊਨਿਸਟ ਕੁੜੀ ਨਾਲ ਅਤੇ ਉਸ ਦੇ ਨਵਜੰਮੇ ਬੱਚੇ ਨਾਲ ਬਦਸਲੂਕੀ ਕੀਤੀ। ਉਹ ਸਰਜੂ ਪਾਂਡੇ ਅਤੇ ਜੈ ਬਹਾਦਰ ਸਿੰਘ ਦਾ ਪਤਾ ਲਗਾਉਣਾ ਚਾਹੁੰਦੇ ਸਨ, ਜਿਸ ਨੂੰ ਕੁੜੀ ਨਹੀਂ ਜਾਣਦੀ ਸੀ ਅਤੇ ਨਾ ਹੀ ਸਮਝਦੀ ਸੀ। ਉਸ ਦੀ ਨਵਜੰਮੀ ਬੱਚੀ ਨਾਲ ਬੇਰਹਿਮੀ ਨਾਲ ਸਲੂਕ ਕੀਤਾ ਗਿਆ ਅਤੇ ਫਿਰ ਬੇਹੋਸ਼ ਕਰਨ ਲਈ ਪੈਰਾਂ ਹੇਠ ਕੁਚਲਿਆ ਗਿਆ। ਕੁੜੀ ਨੂੰ ਬੁਰੀ ਤਰ੍ਹਾਂ ਲੱਤਾਂ ਮਾਰੀਆਂ ਗਈਆਂ। ਵਾਪਸੀ 'ਤੇ ਕੁੜੀ ਦੇ ਪਿਤਾ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ ਗਿਆ, ਇੱਕ ਦਰੱਖਤ ਨਾਲ ਬੰਨ੍ਹ ਦਿੱਤਾ ਗਿਆ ਅਤੇ ਉਸ ਦੀ ਭੈਣ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਸਰਜੂ ਪਾਂਡੇ ਅਤੇ ਜੈ ਬਹਾਦਰ ਸਿੰਘ ਨੇ ਅਵਧ ਸਿੰਘ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਗੁਪਤ ਮੀਟਿੰਗ ਕੀਤੀ ਅਤੇ ਆਪਣੀ ਕਾਰਵਾਈ ਦਾ ਤਰੀਕਾ ਬਣਾਇਆ। ਪਿੰਡ ਵਾਸੀਆਂ ਦੀ ਇੱਕ ਵੱਡੀ ਭੀੜ ਨੇ ਰਾਮ ਨਾਰਾਇਣ ਗੁਪਤਾ ਦੀ ਅਗਵਾਈ ਹੇਠ ਕਮਿਊਨਿਸਟ ਕਾਡਰਾਂ ਦੀ ਅਗਵਾਈ ਵਿੱਚ ਅਵਧ ਦੇ ਘਰ ਨੂੰ ਘੇਰ ਲਿਆ। ਉਨ੍ਹਾਂ ਨੇ ਉਸ ਦੇ ਪਰਵਾਰ ਦੇ ਕੁਝ ਮੈਂਬਰਾਂ ਨੂੰ ਮਾਰ ਦਿੱਤਾ। ਘਰ ਸਾੜ ਦਿੱਤਾ ਗਿਆ।

ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਜ਼ਿਮੀਂਦਾਰ ਵਿਰੋਧੀ ਸੰਘਰਸ਼ ਹੋਏ। ਉਨ੍ਹਾਂ ਵਿੱਚੋਂ ਪਾਲੀ ਦੇ ਜਗੀਰਦਾਰਾਂ ਸੂਰਜ ਸਿੰਘ ਅਤੇ ਰਾਜਰਾਈ 'ਤੇ ਹਮਲੇ ਅਤੇ ਲੋਕਾਂ ਦੁਆਰਾ ਉਨ੍ਹਾਂ ਦੀ ਕੁੱਟਮਾਰ ਜ਼ਿਕਰਯੋਗ ਸੀ।

**ਸੁਭਾਸ਼ ਮੁਖਰਜੀ ਦੀ ਸ਼ਹਾਦਤ**

ਸੂਬਾਈ ਖੇਤ ਮਜ਼ਦੂਰ ਸਭਾ ਨੇ 26 ਜਨਵਰੀ, 1950 ਨੂੰ ਕੁਡਵਾ ਮਾਨਿਕਪੁਰ ਵਿੱਚ ਇੱਕ ਜਲੂਸ ਕੱਢਿਆ। ਇਹ ਇੱਕ ਸੂਬਾ ਪੱਧਰੀ ਜਲੂਸ ਸੀ। ਵੱਡੀ ਗਿਣਤੀ ਵਿੱਚ ਔਰਤਾਂ ਨੇ ਹਿੱਸਾ ਲਿਆ। ਸਰਜੂ ਪਾਂਡੇ, ਜੈ ਬਹਾਦਰ ਸਿੰਘ ਅਤੇ ਬੈਜਨਾਥ ਸ਼ਰਮਾ ਇਲਾਕੇ ਵਿੱਚ ਕਿਸਾਨ ਅੰਦੋਲਨ ਦੇ ਮੋਹਰੀ ਆਗੂ ਸਨ। ਪਾਰਟੀ ਕੇਂਦਰ ਤੋਂ ਐਸ ਜੀ ਸਰਦੇਸਾਈ ਵੀ ਆਏ ਸਨ।

ਇੱਕ ਪਾਸੇ ਤੋਂ ਮੁੱਖ ਤੌਰ 'ਤੇ ਔਰਤਾਂ ਦੀ ਇੱਕ ਵੱਡੀ ਟੁਕੜੀ ਪਹੁੰਚੀ, ਜਿਸ ਦੀ ਅਗਵਾਈ ਵਿਦਿਆਰਥੀ ਨੇਤਾ ਸੁਭਾਸ਼ ਮੁਖਰਜੀ ਕਰ ਰਹੇ ਸਨ। ਪੁਲਸ ਨੇ ਸੋਚਿਆ ਕਿ ਉਨ੍ਹਾਂ ਨੂੰ ਘੇਰ ਲਿਆ ਜਾਵੇਗਾ ਅਤੇ ਲੋਕਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਵੇਗੀ, ਜਿਨ੍ਹਾਂ ਨੇ ਨਹੀਂ ਸੁਣੀ। ਉਨ੍ਹਾਂ ਨੂੰ ਗੋਲੀ ਚਲਾਉਣ ਦੀ ਚੇਤਾਵਨੀ ਦਿੱਤੀ ਗਈ, ਪਰ ਕੋਈ ਫਾਇਦਾ ਨਹੀਂ ਹੋਇਆ। ਪੁਲਸ ਨੇ ਅੰਨ੍ਹੇਵਾਹ ਗੋਲੀਬਾਰੀ ਸ਼ੁਰੂ ਕਰ ਦਿੱਤੀ ਅਤੇ ਬਹੁਤ ਸਾਰੇ ਲੋਕ ਜ਼ਖਮੀ ਹੋ ਗਏ। ਸੁਭਾਸ਼ ਦੀ ਛਾਤੀ ਵਿੱਚ ਗੋਲੀ ਲੱਗ ਕੇ ਉਸ ਦੇ ਸਰੀਰ ਵਿੱਚ ਵੜ ਗਈ ਅਤੇ ਦੂਜੇ ਪਾਸੇ ਤੋਂ ਬਾਹਰ ਆ ਗਈ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੁਵੰਸ਼ਾ ਨੂੰ ਵੀ ਟੱਕਰ ਲੱਗੀ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮਰਾਚੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਪੁਲਸ ਮੌਕੇ ਤੋਂ ਭੱਜ ਗਈ। ਜੈ ਬਹਾਦੁਰ, ਸਰਜੂ ਪਾਂਡੇ, ਝਾਰਖੰਡੇ ਰਾਏ ਅਤੇ ਕਈ ਹੋਰਾਂ ਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਗਈ।

**ਕਿਸਾਨ ਆਗੂ ਵਜੋਂ**

ਡਾ. ਜ਼ੈਡ.ਏ. ਅਹਿਮਦ ਆਪਣੀਆਂ ਯਾਦਾਂ ਵਿੱਚ ਲਿਖਦੇ ਹਨ ਕਿ ਸਰਜੂ ਪਾਂਡੇ ਗਾਜ਼ੀਪੁਰ ਅਤੇ ਯੂਪੀ ਦੇ ਇੱਕ ਸਤਿਕਾਰਯੋਗ ਅਤੇ ਪ੍ਰਭਾਵਸ਼ਾਲੀ ਕਿਸਾਨ ਆਗੂ ਸਨ, ਖਾਸ ਕਰਕੇ ਪੂਰਬੀ ਯੂਪੀ ਵਿੱਚ। ਜ਼ੈਡ.ਏ. ਅਹਿਮਦ, ਜੈ ਬਹਾਦੁਰ ਸਿੰਘ ਅਤੇ ਸਰਜੂ ਪਾਂਡੇ ਕਿਸਾਨ ਅੰਦੋਲਨ ਦਾ 'ਤ੍ਰਿਏਕ' ਸਨ। ਇਸ ਸਮੂਹ ਨੇ ਯੂਪੀ ਵਿੱਚ ਕਿਸਾਨ ਅੰਦੋਲਨ ਦੀ ਨੀਂਹ ਰੱਖੀ। ਡਾ. ਅਹਿਮਦ ਕਹਿੰਦੇ ਹਨ ਕਿ ਸਰਜੂ ਪਾਂਡੇ ਯੂਪੀ ਦੇ ਲੋਕਾਂ ਲਈ ਇੱਕ ਦੇਵਤਾ ਵਾਂਗ ਸਨ। ਉਨ੍ਹਾਂ ਦਾ ਨਾਂਅ ਲੋਕਾਂ ਨੂੰ ਮੀਟਿੰਗਾਂ ਲਈ ਖਿੱਚਦਾ ਸੀ। ਜੇਕਰ ਉਹ ਨਹੀਂ ਆਉਂਦੇ ਸਨ ਤਾਂ ਲੋਕ ਬਹੁਤ ਨਿਰਾਸ਼ ਹੁੰਦੇ ਸਨ।

**ਵਿਧਾਨ ਸਭਾ ਵਿੱਚ ਦਾਖਲ ਹੋਣਾ**

ਸਰਜੂ ਪਾਂਡੇ ਨੂੰ 1956 ਦੇ ਅੰਤ ਵਿੱਚ ਪੈਰੋਲ 'ਤੇ ਰਿਹਾਅ ਕਰ ਦਿੱਤਾ ਗਿਆ ਸੀ। ਪਾਰਟੀ ਨੇ ਉਨ੍ਹਾਂ ਨੂੰ ਚੋਣਾਂ ਲੜਨ ਲਈ ਕਿਹਾ। ਉਹ ਸਿਰਫ਼ ਰਾਜ ਵਿਧਾਨ ਸਭਾ ਲਈ ਲੜਨਾ ਚਾਹੁੰਦੇ ਸਨ। ਪੱਬਰ ਰਾਮ ਅਤੇ ਰਾਜਨਾਥ ਸਿੰਘ ਨੇ ਉਨ੍ਹਾਂ ਨੂੰ ਰਾਸਰਾ ਤੋਂ ਲੋਕ ਸਭਾ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਮਜਬੂਰ ਕੀਤਾ, ਜੋ ਕਿ ਇਨਕਲਾਬੀ ਸਮਾਜਵਾਦੀ ਪਾਰਟੀ (ਆਰ ਐੱਸ ਪੀ) ਦੇ ਪ੍ਰਭਾਵ ਹੇਠ ਸਨ। 800 ਰੁਪਏ ਵਿੱਚ ਇੱਕ ਸ਼ੈਵਰਲੇਟ ਕਾਰ ਖਰੀਦੀ ਗਈ! ਯਾਸੀਨ, ਇੱਕ ਸਰਕਾਰੀ ਨੌਕਰ, ਆਪਣੀ ਨੌਕਰੀ ਛੱਡ ਕੇ ਸਰਜੂ ਪਾਂਡੇ ਦਾ ਡਰਾਈਵਰ ਬਣ ਗਿਆ। ਕਾਂਗਰਸ ਦੇ ਸ਼ੌਕਤੁੱਲਾ ਅੰਸਾਰੀ ਲੋਕ ਸਭਾ ਚੋਣਾਂ ਸਰਜੂ ਪਾਂਡੇ ਤੋਂ ਭਾਰੀ ਫ਼ਰਕ ਨਾਲ ਹਾਰ ਗਏ, ਇੱਥੋਂ ਤੱਕ ਕਿ ਉਨ੍ਹਾਂ ਦੀ ਜ਼ਮਾਨਤ ਵੀ ਜ਼ਬਤ ਹੋ ਗਈ। ਮੁਸਲਮਾਨਾਂ ਨੇ ਪਾਂਡੇ ਜੀ ਨੂੰ ਭਾਰੀ ਵੋਟਾਂ ਦਿੱਤੀਆਂ। ਪਾਂਡੇ ਜੀ ਵਿਧਾਨ ਸਭਾ ਲਈ ਵੀ ਚੁਣੇ ਗਏ ਸਨ, ਜਿੱਥੋਂ ਉਨ੍ਹਾਂ ਨੇ ਲੋਕ ਸਭਾ ਲਈ ਚੁਣੇ ਜਾਣ 'ਤੇ ਅਸਤੀਫਾ ਦੇ ਦਿੱਤਾ। ਪੰਡਿਤ ਨਹਿਰੂ ਇਸ ਅਚਾਨਕ ਨਤੀਜੇ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਲੋਕ ਸਭਾ ਵਿੱਚ ਪਾਂਡੇ ਜੀ ਦਾ ਨਿੱਘਾ ਸਵਾਗਤ ਕੀਤਾ।

ਪੰਡਿਤ ਨਹਿਰੂ ਨੇ ਸਰਜੂ ਪਾਂਡੇ ਨੂੰ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ, ਪਰ ਪਾਂਡੇ ਜੀ ਨੇ ਨਿਮਰਤਾ ਨਾਲ ਇਨਕਾਰ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਸਾਡਾ ਦੇਸ਼ ਜ਼ਰੂਰ ਅੰਗਰੇਜ਼ਾਂ ਤੋਂ ਆਜ਼ਾਦ ਹੋ ਗਿਆ, ਪਰ ਹਰ ਕਿਸੇ ਨੂੰ ਅਸਲ ਆਜ਼ਾਦੀ ਨਹੀਂ ਮਿਲੀ; ਇਸ ਲਈ ਮੈਂ ਕਮਿਊਨਿਸਟ ਪਾਰਟੀ ਲਈ ਕੰਮ ਕਰਦੇ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਗਰੀਬ ਲੋਕਾਂ ਲਈ ਕੰਮ ਕਰਾਂਗਾ। ਨਹਿਰੂ ਮੁਸਕਰਾਇਆ ਅਤੇ ਉਹਨਾਂ ਨੂੰ ਥਪਥਪਾਇਆ।

ਸਰਜੂ ਪਾਂਡੇ ਨੇ 1957, 1962, 1967 ਅਤੇ 1971 ਵਿੱਚ ਲੋਕ ਸਭਾ ਦੀਆਂ ਚੋਣਾਂ ਜਿੱਤੀਆਂ। ਉਹ 1977 ਵਿੱਚ ਹਾਰ ਗਏ। ਉਨ੍ਹਾਂ ਨੂੰ ਸਾਰੇ ਮੰਤਰੀਆਂ ਸਮੇਤ ਧਿਆਨ ਨਾਲ ਸੁਣਿਆ ਜਾਂਦਾ ਸੀ।

ਉਹ 1982 ਵਿੱਚ ਯੂਪੀ ਵਿਧਾਨ ਪ੍ਰੀਸ਼ਦ ਲਈ ਬਿਨਾਂ ਵਿਰੋਧ ਚੁਣੇ ਗਏ ਸਨ।

**ਘਰ-ਘਰ ਵਿੱਚ ਜਾਣਿਆ ਜਾਣ ਵਾਲਾ ਨਾਂਅ**

ਸਰਜੂ ਪਾਂਡੇ ਦਾ ਨਾਂਅ ਘਰ-ਘਰ ਵਿੱਚ ਪ੍ਰਸਿੱਧ ਸੀ ਅਤੇ ਹਰ ਕੋਈ ਉਹਨਾਂ ਨੂੰ ਜਾਣਦਾ ਅਤੇ ਸਤਿਕਾਰਦਾ ਸੀ। ਉਹ ਕਿਸੇ ਵੀ ਸਮੇਂ ਕਿਤੇ ਵੀ ਜਾ ਸਕਦੇ ਸਨ ਅਤੇ ਕਿਸੇ ਨੂੰ ਵੀ ਮਿਲ ਸਕਦੇ ਸਨ। ਲੋਕ ਆਪਣੀਆਂ ਸਮੱਸਿਆਵਾਂ ਦੱਸਣ ਲਈ ਉਹਨਾਂ ਕੋਲ ਆਉਂਦੇ ਸਨ।

ਉਹ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਉਨ੍ਹਾਂ ਦੇ ਨੇਤਾਵਾਂ ਵਿਚ ਬਹੁਤ ਮਸ਼ਹੂਰ ਅਤੇ ਬਹੁਤ ਸਤਿਕਾਰਯੋਗ ਸਨ। ਸ੍ਰੀਮਤੀ ਇੰਦਰਾ ਗਾਂਧੀ, ਅਟਲ ਬਿਹਾਰੀ ਵਾਜਪਾਈ, ਚੰਦਰਸ਼ੇਖਰ ਅਤੇ ਹੋਰ ਬਹੁਤ ਸਾਰੇ ਲੋਕਾਂ ਦੁਆਰਾ ਉਹਨਾਂ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਸੀ ਅਤੇ ਬੇਸ਼ੱਕ ਪੰਡਿਤ ਜਵਾਹਰ ਲਾਲ ਨਹਿਰੂ ਦੁਆਰਾ ਵੀ। ਇੰਦਰਾ ਗਾਂਧੀ ਉਹਨਾਂ ਦੇ ਪਰਵਾਰਕ ਮੈਂਬਰਾਂ ਤੋਂ ਵੀ ਜਾਣੂ ਸੀ। ਇੱਕ ਇਨਕਲਾਬੀ ਹੋਣ ਕਰਕੇ ਉਹ ਉਹਨਾਂ ਦਾ ਸਤਿਕਾਰ ਕਰਦੀ ਸੀ, ਜਿਸ ਦੇ ਪਿੱਛੇ ਇਨਕਲਾਬੀ ਗਤੀਵਿਧੀਆਂ ਦਾ ਇੱਕ ਮਹਾਨ ਇਤਿਹਾਸ ਸੀ।

ਵਾਜਪਾਈ ਉਹਨਾਂ ਦਾ ਬਹੁਤ ਸਤਿਕਾਰ ਕਰਦੇ ਸਨ। ਪਾਂਡੇ ਜੀ ਧਾਰਾ 370 ਨੂੰ ਖਤਮ ਕਰਨ ਦੇ ਸਮਰਥਕ ਸਨ ਅਤੇ ਵਾਜਪਾਈ ਨੇ ਕਿਹਾ ਕਿ ਸਿਰਫ ਪਾਂਡੇ ਜੀ ਹੀ ਅਜਿਹਾ ਬੋਲਣ ਦੀ ਹਿੰਮਤ ਕਰ ਸਕਦੇ ਸਨ।

ਸਰਜੂ ਪਾਂਡੇ ਨੂੰ ਰਾਹੀ ਮਾਸੂਮ ਰਜ਼ਾ ਦੁਆਰਾ ਲਿਖੇ ਨਾਵਲ 'ਅੱਧਾ ਗਾਓਂ' ਵਿੱਚ ਇੱਕ ਇਨਕਲਾਬੀ ਪਾਤਰ ਵਜੋਂ ਵੀ ਦਰਸਾਇਆ ਗਿਆ ਹੈ।

**ਸੂਬਾ ਪਾਰਟੀ ਸਕੱਤਰ ਵਜੋਂ**

ਸਰਜੂ ਪਾਂਡੇ ਨੂੰ 1978 ਵਿੱਚ ਯੂਪੀ ਪਾਰਟੀ ਦਾ ਸਕੱਤਰ ਚੁਣਿਆ ਗਿਆ, ਜੋ 1985 ਤੱਕ ਇਸ ਅਹੁਦੇ 'ਤੇ ਰਹੇ। ਉਨ੍ਹਾਂ ਦਾ ਪੁੱਤਰ ਭਾਨੂ ਪ੍ਰਕਾਸ਼ (ਹੁਣ ਡਾ. ਭਾਨੂ ਪ੍ਰਕਾਸ਼, ਮੁੰਬਈ ਵਿੱਚ ਕੰਮ ਕਰ ਰਿਹਾ ਹੈ) ਲਖਨਊ ਵਿੱਚ ਉਨ੍ਹਾਂ ਦੀ ਦੇਖਭਾਲ ਕਰਦਾ ਸੀ। ਉਹ ਇੱਕ ਸਫਲ ਸਕੱਤਰ ਸੀ।

ਉਨ੍ਹਾਂ ਦੀ ਅਗਵਾਈ ਹੇਠ ਕਈ ਮਹੱਤਵਪੂਰਨ ਜ਼ਿਲ੍ਹਾ ਪਾਰਟੀ ਦਫ਼ਤਰ ਬਣਾਏ ਗਏ ਸਨ। 'ਭਾਰਦਵਾਜ ਭਵਨ' ਗਾਜ਼ੀਪੁਰ ਵਿੱਚ ਬਣਾਇਆ ਗਿਆ, ਜੋ ਇੱਕ ਵਧੀਆ ਇਮਾਰਤ ਸੀ।ਪਾਰਟੀ ਦਫ਼ਤਰ ਮਰਦਾਹ ਅਤੇ ਕਾਸਿਮਾਬਾਦ ਵਿੱਚ ਵੀ ਬਣਾਏ ਗਏ ਸਨ। ਉਹ 1940 ਦੇ ਦਹਾਕੇ ਵਿੱਚ ਪੋਲਿਟ ਬਿਊਰੋ ਮੈਂਬਰ ਆਰ ਡੀ ਭਾਰਦਵਾਜ ਦੇ ਬਹੁਤ ਨੇੜੇ ਸਨ।

ਉਹ 1978 ਵਿੱਚ ਸੀ ਪੀ ਆਈ ਦੀ ਕੇਂਦਰੀ ਕਾਰਜਕਾਰੀ ਕਮੇਟੀ (ਸੀ ਈ ਸੀ) ਲਈ ਵੀ ਚੁਣੇ ਗਏ ਸਨ ਅਤੇ ਆਪਣੇ ਅੰਤ ਤੱਕ ਇਸੇ ਤਰ੍ਹਾਂ ਰਹੇ।

**ਦਿਲ ਦਾ ਦੌਰਾ ਅਤੇ ਮੌਤ**

ਸਰਜੂ ਪਾਂਡੇ ਨੂੰ 1988 ਵਿੱਚ ਦਿਲ ਦਾ ਦੌਰਾ ਪਿਆ, ਜੋ ਦੂਜਾ ਦੌਰਾ ਸੀ। ਉਹ ਉਸ ਸਮੇਂ ਲਖਨਊ ਵਿੱਚ ਸਨ। ਬਾਅਦ ਵਿੱਚ ਉਨ੍ਹਾਂ ਨੂੰ ਗਾਜ਼ੀਪੁਰ ਤਬਦੀਲ ਕਰ ਦਿੱਤਾ ਗਿਆ। ਅਟਲ ਬਿਹਾਰੀ ਵਾਜਪਾਈ ਨੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ; ਦੋਵੇਂ ਇੱਕ-ਦੂਜੇ ਨੂੰ ਗਰਮਜੋਸ਼ੀ ਨਾਲ ਮਿਲੇ। ਉਨ੍ਹਾਂ ਨੂੰ ਇਲਾਜ ਲਈ ਸੋਵੀਅਤ ਰੂਸ ਭੇਜਿਆ ਗਿਆ। 25 ਅਗਸਤ, 1989 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਉਨ੍ਹਾਂ ਦੀ ਦੇਹ ਨੂੰ ਨਵੀਂ ਦਿੱਲੀ ਦੇ ਅਜੋਏ ਭਵਨ ਅਤੇ ਫਿਰ ਗਾਜ਼ੀਪੁਰ ਲਿਆਂਦਾ ਗਿਆ।ਇੱਕ ਵਿਸ਼ਾਲ ਵਰਗ ਅਤੇ ਵੱਡੀ ਗਿਣਤੀ ਵਿੱਚ ਆਮ ਲੋਕਾਂ ਨੇ ਸੋਗ ਮਨਾਇਆ। ਉਨ੍ਹਾਂ ਦਾ ਸਰਕਾਰੀ ਸਨਮਾਨ ਨਾਲ ਅੰਤਿਮ ਸੰਸਕਾਰ ਕੀਤਾ ਗਿਆ। ਯੂਪੀ ਦੇ ਤਤਕਾਲੀ ਮੁੱਖ ਮੰਤਰੀ ਸ੍ਰੀ ਮੁਲਾਇਮ ਸਿੰਘ ਯਾਦਵ ਨੇ 1991 ਵਿੱਚ ਗਾਜ਼ੀਪੁਰ ਵਿੱਚ ਉਨ੍ਹਾਂ ਦੀ ਮੂਰਤੀ ਸਥਾਪਤ ਕਰਵਾਈ। ਉਹ ਸਰਜੂ ਪਾਂਡੇ ਦੇ ਬਹੁਤ ਪਿਆਰੇ ਸਨ। ਯੂਪੀ ਦੇ ਤਤਕਾਲੀ ਮੁੱਖ ਮੰਤਰੀ ਐੱਨ ਡੀ ਤਿਵਾੜੀ ਨੇ ਸ਼ੋਕ ਪ੍ਰਗਟ ਕੀਤਾ। ਉਹ ਨਾ ਸਿਰਫ਼ ਉਨ੍ਹਾਂ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਏ ਬਲਕਿ ਤਾਬੂਤ ਨੂੰ ਵੀ ਮੋਢਾ ਦਿੱਤਾ। ਸਰਜੂ ਪਾਂਡੇ ਦਾ ਅੰਤਿਮ ਸੰਸਕਾਰ ਅਤੇ ਮੀਟਿੰਗਾਂ ਬੇਮਿਸਾਲ ਘਟਨਾਵਾਂ ਸਨ, ਜਿਨ੍ਹਾਂ ਵਿੱਚ ਲੱਖਾਂ ਲੋਕਾਂ ਅਤੇ ਸੰਗਠਨਾਂ ਦੇ ਇੱਕ ਵਿਸ਼ਾਲ ਵਰਗ ਨੇ ਹਿੱਸਾ ਲਿਆ।

*(ਲੇਖਕ ਸਰਜੂ ਪਾਂਡੇ ਦੇ ਪੁੱਤਰ ਡਾ. ਭਾਨੂ ਪ੍ਰਕਾਸ਼ ਪਾਂਡੇ ਅਤੇ ਕੁਝ ਹੋਰ ਲੋਕਾਂ ਦਾ ਜੀਵਨੀ ਲਈ ਵੇਰਵਿਆਂ ਦਾ ਯੋਗਦਾਨ ਪਾਉਣ ਲਈ ਧੰਨਵਾਦੀ ਹੈ।ਕੁਝ ਹੋਰ ਸਮੱਗਰੀ ਵੀ ਇਕੱਠੀ ਕੀਤੀ ਗਈ ਹੈ।)*

# ਬਾਲ ਕੋਨਾ

## ਕੋਸ਼ਿਸ਼ ਤਾਂ ਕਰੀਏ....

ਇੱਕ ਵਾਰ ਦੀ ਗੱਲ ਹੈ। ਦੂਰ ਪਿੰਡ ਵਿੱਚ ਇੱਕ ਲੜਕਾ ਰਹਿੰਦਾ ਸੀ। ਉਸ ਦਾ ਨਾਂਅ ਸੀ ਭੀਰੂ। ਭੀਰੂ ਪੜ੍ਹਨ ਵਿੱਚ ਕਾਫ਼ੀ ਹੁਸ਼ਿਆਰ ਤਾਂ ਸੀ ਹੀ, ਪਰ ਬੜਾ ਬੁੱਧੀਮਾਨ ਅਤੇ ਚਤੁਰ ਵੀ ਸੀ। ਬਰਸਾਤ ਦਾ ਮੌਸਮ ਆਇਆ ਤਾਂ ਭੀਰੂ ਨੇ ਸਭ ਦੇ ਭਲੇ ਦੇ ਲਈ ਆਪਣੇ ਸਕੂਲ, ਆਪਣੇ ਘਰ, ਆਪਣੇ ਖੇਤਾਂ, ਆਪਣੇ ਆਲ਼ੇ-ਦੁਆਲ਼ੇ ਤੇ ਦੂਰ-ਦੁਰਾਡੇ ਜੰਗਲਾਂ ਤੇ ਪਹਾੜਾਂ ਵਿੱਚ ਪੌਦੇ ਲਗਾਉਣੇ ਆਰੰਭ ਕੀਤੇ। ਉਸ ਦੇ ਨਾਲ਼ ਦੇ ਦੋਸਤਾਂ ਨੇ ਉਸ ਦਾ ਮਜ਼ਾਕ ਉਡਾਉਣਾ ਸ਼ੁਰੂ ਕਰ ਦਿੱਤਾ ਤੇ ਉਸ ਨੂੰ ਚੰਗਾ-ਮੰਦਾ ਕਿਹਾ, ਉਸ ਦੀ ਖਿੱਲੀ ਉਡਾਈ, ਪਰ ਭੀਰੂ ਨੂੰ ਆਪਣੀ ਨਿਸ਼ਕਾਮ ਮਿਹਨਤ ਅਤੇ ਪਰਮਾਤਮਾ 'ਤੇ ਪੂਰਾ ਭਰੋਸਾ ਸੀ। ਉਸ ਨੂੰ ਪੂਰਾ ਯਕੀਨ ਸੀ ਕਿ ਇਹਨਾਂ ਪੌਦਿਆਂ ਦੀ ਉਹ ਸੰਭਾਲ ਕਰੇਗਾ ਤੇ ਇਹ ਪੌਦੇ ਇੱਕ ਦਿਨ ਜ਼ਰੂਰ ਵਾਤਾਵਰਨ, ਪੰਛੀਆਂ ਤੇ ਜੰਗਲੀ ਜਾਨਵਰਾਂ ਲਈ ਲਾਭਦਾਇਕ ਹੋਣਗੇ। ਸਮਾਂ ਬੀਤਦਾ ਗਿਆ। ਭੀਰੂ ਨੇ ਲਗਾਏ ਹੋਏ ਪੌਦਿਆਂ ਦੀ ਸੱਚੇ ਦਿਲੋਂ ਸੇਵਾ ਕੀਤੀ ਤੇ ਉਹਨਾਂ ਦੀ ਸੰਭਾਲ ਕੀਤੀ। ਉਹ ਗਰਮੀ ਦੇ ਮੌਸਮ ਵਿੱਚ ਵੀ ਪੌਦਿਆਂ ਨੂੰ ਪਾਣੀ ਪਾਉਂਦਾ ਰਿਹਾ। ਹੌਲੀ-ਹੌਲੀ ਉਸ ਦੇ ਲਗਾਏ ਪੌਦੇ ਵੱਡੇ ਹੋ ਗਏ। ਇਹਨਾਂ ਨੂੰ ਫਲ਼ ਲੱਗਣੇ ਅਰੰਭ ਹੋ ਗਏ। ਪੰਛੀ ਉਹਨਾਂ 'ਤੇ ਆਲ੍ਹਣੇ ਪਾਉਣ ਲੱਗੇ। ਇੱਕ ਦਿਨ ਭੀਰੂ ਦੀ ਕੋਸ਼ਿਸ਼ ਰੰਗ ਲਿਆਈ। ਉਸ ਵੱਲੋਂ ਕੀਤੇ ਚੰਗੇ ਕੰਮਾਂ ਦੇ ਲਈ ਉਸ ਨੂੰ ਸਨਮਾਨ ਮਿਲਿਆ। ਜਿਹੜੇ ਲੋਕ ਉਸ ਦਾ ਮਜ਼ਾਕ ਉਡਾਉਂਦੇ ਸਨ, ਉਸ ਦੀ ਵਿਰੋਧਤਾ ਕਰਦੇ ਸਨ, ਹੁਣ ਉਹ ਸ਼ਰਮਿੰਦਾ ਸਨ ਤੇ ਉਹ ਅੱਜ ਵੀਰੂ ਨੂੰ ਵਧਾਈ ਦੇ ਰਹੇ ਸਨ। ਉਹਨਾਂ ਨੇ ਭੀਰੂ ਕੋਲੋਂ ਮਾਫੀ ਵੀ ਮੰਗੀ, ਪਰ ਭੀਰੂ ਨੇ ਕਿਹਾ, 'ਨਹੀਂ ! ਮੇਰੇ ਦੋਸਤੋ ! ਭਾਵੇਂ ਮੇਰਾ ਕਿਸੇ ਨੇ ਮਜ਼ਾਕ ਉਡਾਇਆ, ਮੇਰੀ ਖਿੱਲੀ ਉਡਾਈ ਤੇ ਮੇਰੀ ਬਿਨਾਂ ਵਜ੍ਹਾ ਵਿਰੋਧਤਾ ਕੀਤੀ, ਪਰ ਮੈਨੂੰ ਪਤਾ ਸੀ ਕਿ ਮੈਂ ਚੰਗੇ ਤੇ ਪਰਉਪਕਾਰੀ ਕੰਮ ਕਰਦਾ ਹਾਂ ਤੇ ਕਰਦਾ ਰਹਾਂਗਾ; ਭਾਵੇਂ ਕੋਈ ਮੇਰੀ ਵਿਰੋਧਤਾ ਕਰੇ, ਭਾਵੇਂ ਮੇਰੀ ਕੋਈ ਇੱਜ਼ਤ ਨਾ ਕਰੇ, ਭਾਵੇਂ ਮੈਨੂੰ ਕੋਈ ਸ਼ਾਬਾਸ਼ ਨਾ ਦੇਵੇ; ਕਿਉਂਕਿ ਪਰਮਾਤਮਾ ਤਾਂ ਸਭ ਦੇਖ ਹੀ ਰਿਹਾ ਹੈ ਤੇ ਕੁਦਰਤ ਸਾਡੇ ਹਰ ਕਰਮ ਦਾ ਸਾਨੂੰ ਫ਼ਲ਼ ਜ਼ਰੂਰ ਹੀ ਦਿੰਦੀ ਹੈ।' ਭੀਰੂ ਦੀਆਂ ਇਹ ਗੱਲਾਂ ਸੁਣ ਕੇ ਹੁਣ ਉਸ ਦੇ ਦੋਸਤ ਬਹੁਤ ਸ਼ਰਮਿੰਦਾ ਸਨ। ਭੀਰੂ ਨੇ ਉਹਨਾਂ ਦੋਸਤਾਂ ਨੂੰ ਮਾਫ ਕਰ ਦਿੱਤਾ ਸੀ।

**ਸਿੱਖਿਆ** : ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਪਰਉਪਕਾਰ ਭਾਵਨਾ ਨਾਲ਼ ਚੰਗੇ ਕੰਮ ਕਰਦੇ ਰਹਿਣਾ ਚਾਹੀਦਾ ਹੈ, ਭਾਵੇਂ ਕੋਈ ਸਾਡੀ ਸਿਫਤ ਕਰੇ ਜਾਂ ਨਾ ਕਰੇ। ਭਾਵੇਂ ਕੋਈ ਸਾਡੀ ਵਿਰੋਧਤਾ ਕਰੇ, ਪਰ ਸਾਨੂੰ ਚੰਗੀ ਕੋਸ਼ਿਸ਼ ਜ਼ਰੂਰ ਕਰਦੇ ਰਹਿਣਾ ਚਾਹੀਦਾ ਹੈ, ਕਿਉਂਕਿ ਕੋਸ਼ਿਸ਼ ਕਰਨ ਵਾਲ਼ੇ ਹੀ ਇੱਕ ਦਿਨ ਮੰਜ਼ਲਾਂ ਸਰ ਕਰਦੇ ਨੇ।

**- ਮਾਸਟਰ ਸੰਜੀਵ ਧਰਮਾਣੀ**

## ਮਾਂ

ਮੇਰੀ ਦੁਨੀਆਂ ਮੇਰੀ ਮਾਂ,
ਦੁਨੀਆਂ ਦੀ ਹਰ ਮਾਂ ਹੈ ਪਿਆਰੀ
ਕੀ-ਕੀ ਦੱਸਾਂ ਉਸਦੇ ਬਾਰੇ
ਉਸਦੀ ਤਾਂ ਹਰ ਗੱਲ ਹੈ ਨਿਆਰੀ
ਬਚਪਨ ਤੋਂ ਹੁਣ ਤੱਕ ਜਦ ਮਾਰਾ ਝਾਤੀ
ਉਸ ਨੇ ਮੇਰੇ ਤੋਂ ਬੱਸ ਖੁਸ਼ੀ ਹੀ ਵਾਰੀ
ਪਰ ਮੇਰੀ ਮਾਂ, ਹੁਣ ਤੈਥੋਂ ਜਿੰਦ ਵਾਰਨ ਦੀ ਮੇਰੀ ਵਾਰੀ
ਬਿਨ ਦੱਸਿਆਂ ਹੀ ਤੂੰ ਸਭ ਕੁੱਝ ਜਾਣੇ
ਹਾਏ ਨੂੰ ਤਾਂ ਰੱਬ ਤੋਂ ਵੀ ਬਾਜੀ ਮਾਰੀ
ਤੇਰੇ ਪਰਾਂ ਤੋਂ ਮੈਂ ਉਡਣਾ ਸਿੱਖਿਆ
ਹੁਣ ਥੱਕ ਨਾ, ਬੱਸ ਤੂੰ ਮੇਰੇ ਪਰਾਂ ਤੋਂ ਮਾਰ ਉਡਾਰੀ
ਹਰ ਰਿਸ਼ਤਾ ਸਾਇਦ ਦੇਵੇ ਧੋਖਾ
ਪਰ ਤੇਰੀ ਤਾਂ ਬੜੀ ਪ੍ਰੀਤ ਪਿਆਰੀ
ਕਾਸ਼ ਮੈਂ ਤੇਰਾ ਪੁੱਤ ਹੁੰਦਾ
ਤੇਰੇ ਕੋਲ ਰਹਿੰਦੀ ਉਮਰੇ ਸਾਰੀ
ਰੱਬਾ ਮੇਰੀ ਮਾਂ ਨੂੰ ਲੰਮੀਆਂ ਉਮਰਾਂ ਬਖਸ਼
ਉਸਦੇ ਸਾਹਾਂ ਨਾਲ ਮੇਰੇ ਸ਼ਾਹ ਦੀ ਸਾਂਝੇਦਾਰੀ।
ਜਨਮ ਦਿਨ ਮੁਬਾਰਕ ਮੇਰੀ ਪਿਆਰੀ ਮਾਂ!
ਤੇਰੇ ਤੋਂ ਬਿਨਾਂ ਮੇਰੀ ਜ਼ਿੰਦਗੀ ਹੈ ਅਧੂਰੀ।

**- ਡਾ. ਰੁਬੀਨਾ ਸਚਦੇਵਾ, ਫਰੀਦਕੋਟ**

## ਕੁਝ ਝੂਠੇ ਸੱਚ

ਪਿਆਰੇ ਦੋਸਤੋ, ਮੈਨੂੰ ਸਾਇੰਸ ਪੜ੍ਹਾਉਂਦੇ ਹੁਣ 24 ਸਾਲ ਹੋ ਚੁੱਕੇ ਹਨ, ਪਰ ਮੈਂ ਬਚਪਨ ਤੋਂ ਅਜਿਹੀਆਂ ਗੱਲਾਂ ਸੁਣਦੀ ਜਾਂ ਪੜ੍ਹਦੀ ਆ ਰਹੀ ਹਾਂ, ਜਿਨ੍ਹਾਂ ਨੂੰ ਸੁਣ ਕੇ ਸਾਨੂੰ ਕੁਝ ਵੀ ਗਲਤ ਮਹਿਸੂਸ ਨਹੀਂ ਹੁੰਦਾ ਜਾਂ ਫਿਰ ਅਸੀਂ ਉਸ ਗੱਲ ਨੂੰ ਸਹੀ ਮੰਨ ਲੈਂਦੇ ਹਾਂ। ਆਓ ਤੁਹਾਡੇ ਨਾਲ ਸਮਾਜ ਵਿੱਚ ਕੁਝ ਵਿਗਿਆਨਕ ਤੌਰ 'ਤੇ ਝੂਠੇ ਸੱਚਾਂ 'ਤੇ ਚਾਨਣ ਪਾਈਏ।

ਚੀਨ ਦੀ ਮਹਾਨ ਕੰਧ ਪੁਲਾੜ ਤੋਂ ਦਿਖਾਈ ਦੇਣ ਵਾਲੀ ਇੱਕੋ-ਇੱਕ ਮਨੁੱਖ ਦੁਆਰਾ ਬਣਾਈ ਗਈ ਵਸਤੂ ਹੈ: ਇਹ ਗਲਤ ਹੈ, ਜਦੋਂ ਕਿ ਮਹਾਨ ਕੰਧ ਵੱਡੀ ਹੈ, ਇਹ ਪੁਲਾੜ ਤੋਂ ਨੰਗੀ ਅੱਖ ਨਾਲ ਆਸਾਨੀ ਨਾਲ ਦਿਖਾਈ ਨਹੀਂ ਦਿੰਦੀ ਅਤੇ ਅਕਸਰ ਨਦੀਆਂ ਜਾਂ ਸੜਕਾਂ ਵਰਗੀਆਂ ਹੋਰ ਰੇਖਿਕ ਵਿਸ਼ੇਸ਼ਤਾਵਾਂ ਨਾਲ ਉਲਝ ਜਾਂਦੀ ਹੈ।

ਇਹ ਇੱਕ ਆਮ ਧਾਰਨਾ ਹੈ ਕਿ ਸ਼ੇਵ ਕਰਨ ਤੋਂ ਬਾਅਦ ਵਾਲ ਵਾਪਸ ਸੰਘਣੇ ਹੋ ਜਾਂਦੇ ਹਨ, ਪਰ ਮੇਰੇ ਪਿਆਰੇ ਦੋਸਤੋ, ਇਹ ਇੱਕ ਮਿੱਥ ਹੈ। ਸ਼ੇਵ ਕਰਨ ਨਾਲ ਵਾਲਾਂ ਦੇ ਸ਼ਾਫਟ ਨੂੰ ਇੱਕ ਧੁੰਦਲੇ ਕੋਣ 'ਤੇ ਕੱਟਿਆ ਜਾਂਦਾ ਹੈ, ਜਿਸ ਨਾਲ ਇਹ ਵਾਪਸ ਵਧਣ 'ਤੇ ਸੰਘਣੇ ਜਾਂ ਗੂੜ੍ਹੇ ਦਿਖਾਈ ਦਿੰਦੇ ਹਨ, ਪਰ ਅਸਲ ਵਾਲਾਂ ਦਾ ਵਾਧਾ ਸ਼ੇਵ ਕਰਨ ਨਾਲ ਪ੍ਰਭਾਵਿਤ ਨਹੀਂ ਹੁੰਦਾ।

ਮੈਂ ਬਚਪਨ ਤੋਂ ਇਹੀ ਸੋਚਦੀ ਰਹੀ ਸੀ ਕਿ ਪੁਲਾੜ ਵਿੱਚ ਗੁਰੂਤਾ ਸ਼ਕਤੀ ਜ਼ੀਰੋ ਹੈ ਅਤੇ ਪੁਲਾੜ ਯਾਤਰੀ ਭਾਰਹੀਣ ਦਿਖਾਈ ਦਿੰਦੇ ਹਨ, ਇਹ ਧਰਤੀ ਦੁਆਲੇ ਲਗਾਤਾਰ ਡਿੱਗਣ ਦੀ ਸਥਿਤੀ ਕਾਰਨ ਹੁੰਦਾ ਹੈ, ਨਾ ਕਿ ਗੁਰੂਤਾ ਸ਼ਕਤੀ ਦੀ ਅਣਹੋਂਦ ਕਾਰਨ। ਗੁਰੂਤਾ ਸ਼ਕਤੀ ਬ੍ਰਹਿਮੰਡ ਵਿੱਚ ਹਰ ਜਗ੍ਹਾ ਮੌਜੂਦ ਹੈ।

ਲੋਕਾਂ ਵਿੱਚ ਇਹ ਇੱਕ ਆਮ ਮਿੱਥ ਹੈ ਕਿ ਤੁਹਾਡੀ ਜੀਭ ਦੇ ਵੱਖ-ਵੱਖ ਹਿੱਸੇ ਵੱਖ-ਵੱਖ ਸੁਆਦਾਂ ਦਾ ਪਤਾ ਲਗਾਉਂਦੇ ਹਨ, ਜਦੋਂ ਕਿ ਜੀਭ ਦੇ ਵੱਖ-ਵੱਖ ਖੇਤਰਾਂ ਵਿੱਚ ਕੁਝ ਖਾਸ ਸੁਆਦਾਂ ਪ੍ਰਤੀ ਵੱਖੋ-ਵੱਖਰੀ ਸੰਵੇਦਨਸ਼ੀਲਤਾ ਹੁੰਦੀ ਹੈ, ਸਾਰੇ ਸੁਆਦ ਸੰਵੇਦਕ ਪੂਰੀ ਜੀਭ ਦੀ ਸਤ੍ਹਾ 'ਤੇ ਮੌਜੂਦ ਹੁੰਦੇ ਹਨ, ਖਾਸ ਖੇਤਰਾਂ ਵਿੱਚ ਸਥਾਨਿਤ ਨਹੀਂ ਹੁੰਦੇ।

ਬਚਪਨ ਵਿੱਚ ਮੈਂ ਰਾਤ ਦੇ ਅਸਮਾਨ ਵਿੱਚ ਧਰੂ ਤਾਰੇ ਨੂੰ ਸਭ ਤੋਂ ਚਮਕੀਲਾ ਤਾਰਾ ਸਮਝਦੀ ਸੀ, ਪਰ ਪਿਆਰੇ



ਦੋਸਤੋ ਇਸ ਵਿੱਚ ਸਚਾਈ ਨਹੀਂ ਹੈ, ਇੱਥੇ ਮੈਂ ਤੁਹਾਨੂੰ ਦੱਸਣਾ ਚਾਹਾਂਗੀ ਕਿ ਇਸ ਦੇ ਨੇੜਲੀ ਖੇਤੀ ਸਪਤ ਰਿਸ਼ੀ ਜਾਂ ਮੰਜੀ ਦੇ ਸਾਰੇ ਤਾਰੇ ਇਸ ਧਰੁਵ ਤਾਰੇ ਤੋਂ ਵੱਧ ਚਮਕੀਲੇ ਹਨ।

ਮੈਂ ਵਿਗਿਆਨ ਦੀ ਅਧਿਆਪਕਾ ਹਾਂ ਅਤੇ ਮੈਂ ਦੇਖਿਆ ਹੈ ਕਿ ਬਹੁਤ ਸਾਰੇ ਵਿਦਿਆਰਥੀ ਇਹ ਮੰਨਦੇ ਹਨ ਕਿ ਕੱਚ ਇੱਕ ਹੌਲੀ-ਹੌਲੀ ਚੱਲਣ ਵਾਲਾ ਤਰਲ ਹੈ, ਪਰ ਮੇਰੇ ਪਿਆਰੇ ਦੋਸਤੋ ਸ਼ੀਸ਼ਾ ਇੱਕ ਅਮੋਰਫਸ ਠੋਸ ਹੈ, ਤਰਲ ਨਹੀਂ। ਇਹ ਸਮੇਂ ਦੇ ਨਾਲ ਤਰਲ ਵਾਂਗ ਨਹੀਂ ਵਗਦਾ। ਮੈਂ ਵਿਗਿਆਨਕ ਤੌਰ 'ਤੇ ਉਨ੍ਹਾਂ ਦੇ ਮਿੱਥ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇੱਕ ਹੋਰ ਮਿੱਥ ਜੋ ਕਿ ਬਹੁਤ ਵੱਧਚਲਿਤ ਹੈ, ਉਹ ਇਹ ਹੈ ਕਿ ਹਨੇਰੀ ਰਾਤ ਵਿੱਚ ਅਸੀਂ ਲੱਖਾਂ ਤਾਰੇ ਦੇਖਦੇ ਹਾਂ, ਪਰ ਇੱਥੇ ਮੈਂ ਦੱਸਣਾ ਚਾਹਾਂਗੀ ਕਿ ਚਾਹੇ ਜੋ ਮਰਜ਼ੀ ਹੋ ਜਾਵੇ, ਤੁਸੀਂ ਵੱਧ ਤੋਂ ਵੱਧ 5 ਤਾਰੇ ਹੀ ਦੇਖ ਸਕਦੇ ਹੋ ਅਤੇ ਇੰਨੇ ਹਜ਼ਾਰਾਂ ਤਾਰਾਂ ਤਾਰਿਆਂ ਨੂੰ ਦੇਖਣ ਲਈ ਵੀ ਤੁਹਾਨੂੰ ਕਿਸੇ ਪ੍ਰਦੂਸ਼ਣ ਰਹਿਤ ਜਗ੍ਹਾ 'ਤੇ ਜਾ ਕੇ ਮੱਸਿਆ ਦੀ ਸਾਫ ਰਾਤ ਦਾ ਇੰਤਜ਼ਾਰ ਕਰਨਾ ਹੋਵੇਗਾ ਅਤੇ ਜੇਕਰ ਪੂਰਨਮਾਸ਼ੀ ਦੀ ਰਾਤ ਹੋਏ ਤਾਂ ਕੁਝ ਸੌ ਤਾਰੇ ਹੀ ਦੇਖ ਸਕੋਗੇ।

ਮੈਂ ਕਈ ਵਾਰ ਦੇਖਿਆ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਕਹਿੰਦੇ ਹਨ ਕਿ ਉਹ ਆਪਣੇ ਦਿਮਾਗ ਦਾ ਸਿਰਫ਼ 10 ਫੀਸਦੀ ਹੀ ਵਰਤ ਰਹੇ ਹਨ। ਇਹ ਧਾਰਨਾ, ਜੋ ਕਈ ਵਾਰ ਅਣਵਰਤੀ ਮਾਨਸਿਕ ਸਮਰੱਥਾ ਦਾ ਸੁਝਾਅ ਦਿੰਦੀ ਹੈ, ਗਲਤ ਹੈ। ਖੋਜ ਲਗਾਤਾਰ ਦਰਸਾਉਂਦੀ ਹੈ ਕਿ ਲੋਕ ਆਪਣੇ ਦਿਮਾਗ ਦੇ ਲੱਗਭੱਗ ਸਾਰੇ ਹਿੱਸਿਆਂ ਦੀ ਵਰਤੋਂ ਕਰਦੇ ਹਨ, ਹਾਲਾਂਕਿ ਵੱਖ-ਵੱਖ ਖੇਤਰ ਹੱਥ ਵਿੱਚ ਕੰਮ ਦੇ ਅਧਾਰ 'ਤੇ ਵੱਖ-ਵੱਖ ਸਮੇਂ 'ਤੇ ਕਿਰਿਆਸ਼ੀਲ ਰਹਿੰਦੇ ਹਨ।

ਜਾਂਦੇ-ਜਾਂਦੇ ਚਮਗਿੱਦੜ ਨੂੰ ਅਸੀਂ ਅੰਨ੍ਹੇ ਸਮਝਦੇ ਹਾਂ, ਪਰ ਸੱਚਾਈ ਇਹ ਹੈ ਕਿ ਉਹ ਹਨੇਰੇ ਵਿੱਚ ਇਨਸਾਨ ਤੋਂ ਵੀ ਵਧੀਆ ਤਰੀਕੇ ਨਾਲ ਦੇਖ ਸਕਦੇ ਹਨ। ਇਹ ਉਦਾਹਰਣਾਂ ਸਾਡੇ ਆਲੇ ਦੁਆਲੇ ਦੀ ਦੁਨੀਆ ਦੀ ਵਧੇਰੇ ਸਹੀ ਸਮਝ ਲਈ ਵਿਆਪਕ ਤੌਰ 'ਤੇ ਪ੍ਰਚਲਿਤ ਵਿਸ਼ਵਾਸਾਂ 'ਤੇ ਸਵਾਲ ਉਠਾਉਣ ਅਤੇ ਸਬੂਤ-ਅਧਾਰਤ ਜਾਣਕਾਰੀ 'ਤੇ ਭਰੋਸਾ ਕਰਨ ਦੀ ਮਹੱਤਤਾ ਨੂੰ ਉਜਾਗਰ ਕਰਦੀਆਂ ਹਨ।

**- ਸ਼ੈਫੀ ਮੱਕੜ**

ਮੋਬਾ. 98555-60303